ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 27 | 13 July 2022 to 19 July 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਆਪ ਸਰਕਾਰ ਪੰਜਾਬੀਆਂ ਦੇ ਅੰਦੋਲਨ ਅੱਗੇ ਝੁਕੀ

## ✪ ਸਰਕਾਰ ਨੇ ਮੱਤੇਵਾੜਾ ਟੈਕਸਟਾਈਲ ਪ੍ਰਾਜੈਕਟ ਕੀਤਾ ਰੱਦ ✪ ਸਮਾਜਿਕ ਸੰਸਥਾਵਾਂ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਤੋਂ ਬਾਅਦ ਸਰਕਾਰ ਨੇ ਕੀਤਾ ਐਲਾਨ ✪ ਦਰਿਆਵਾਂ ਦੇ ਕੰਢੇ 'ਤੇ ਕੋਈ ਵੀ ਇੰਡਸਟਰੀ ਨਹੀਂ ਲਗਾਈ ਜਾਵੇਗੀ : ਭਗਵੰਤ ਮਾਨ

ਲੁਧਿਆਣਾ ਜ਼ਿਲੇ ਦੇ ਮੱਤੇਵਾੜਾ ਦੇ ਜੰਗਲਾਂ ਵਿੱਚ ਸਤਲੁਜ ਦਰਿਆ ਕੰਢੇ 950 ਏਕੜ ਵਿਚ ਸਥਾਪਿਤ ਕੀਤੇ ਜਾਣ ਵਾਲੇ ਟੈਕਸਟਾਈਲ ਪਾਰਕ ਪ੍ਰਾਜੈਕਟ ਦਾ ਪੰਜਾਬ ਦੇ ਵਾਤਾਵਰਨ ਪ੍ਰੇਮੀਆਂ ਵੱਲੋਂ ਵਿਰੋਧ ਕੀਤੇ ਜਾਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਪ੍ਰਾਜੈਕਟ ਨੂੰ ਰੱਦ ਕਰ ਦਿੱਤਾ ਹੈ। ਉਨਾਂ ਕਿਹਾ ਕਿ ਸੂਬੇ ਦੇ ਜੰਗਲਾਂ ਤੇ ਬਹੁਮੁੱਲੇ ਜਲ ਸਰੋਤਾਂ ਨੂੰ ਬਚਾਉਣ ਲਈ ਮੱਤੇਵਾੜਾ ਦੇ ਜੰਗਲਾਂ ਨੇੜੇ ਤਜਵੀਜ਼ਤ ਥਾਂ ਉਤੇ ਕੋਈ ਸਨਅਤੀ ਇਕਾਈ ਨਹੀਂ ਲੱਗੇਗੀ। ਮੁੱਖ ਮੰਤਰੀ ਨੇ ਪ੍ਰਾਜੈਕਟ ਰੱਦ ਕਰਨ ਦਾ ਫ਼ੈਸਲਾ ਮੱਤੇਵਾੜਾ ਜੰਗਲਾਂ ਨੂੰ ਬਚਾਉਣ ਲਈ ਸੰਘਰਸ਼ ਕਰ ਰਹੀ ਜਨਤਕ ਐਕਸ਼ਨ ਕਮੇਟੀ ਨਾਲ ਚੰਡੀਗੜ ਵਿਚ ਅੱਜ ਕੀਤੀ ਗਈ ਮੀਟਿੰਗ ਤੋਂ ਬਾਅਦ ਕੀਤਾ। ਮੁੱਖ ਮੰਤਰੀ ਨੇ ਵੀਡੀਓ ਜਾਰੀ ਕਰਦਿਆਂ ਕਿਹਾ, 'ਮੈਂ ਸਪੱਸ਼ਟ ਤੌਰ 'ਤੇ ਦੱਸਣਾ ਚਾਹੁੰਦਾ ਹਾਂ ਕਿ ਨਾ ਸਿਰਫ਼ ਮੱਤੇਵਾੜਾ, ਸਗੋਂ ਸੂਬਾ ਸਰਕਾਰ ਪੰਜਾਬ ਦੇ ਕਿਸੇ ਵੀ ਦਰਿਆ ਦੇ ਕੰਢੇ 'ਤੇ ਕੋਈ ਸਨਅਤ ਲਾਉਣ ਦੀ ਇਜਾਜ਼ਤ ਨਹੀਂ ਦੇਵੇਗੀ ਤਾਂ ਜੋ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ।' ਉਨਾਂ ਅਫ਼ਸੋਸ ਪ੍ਰਗਟ ਕੀਤਾ ਕਿ ਸਾਬਕਾ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਵੱਲੋਂ ਬਣਾਏ ਇਸ ਪ੍ਰਾਜੈਕਟ ਦੇ ਸਾਰੇ ਪੱਖਾਂ ਨੂੰ ਘੋਖੇ ਬਗੈਰ ਇਕ ਹਜ਼ਾਰ ਏਕੜ ਜਗਾ ਵਿੱਚ ਟੈਕਸਟਾਈਲ ਪਾਰਕ ਸਥਾਪਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ। ਉਨਾਂ ਕਿਹਾ ਕਿ ਇਸ ਪ੍ਰਾਜੈਕਟ ਨਾਲ ਸੂਬੇ ਦੇ ਵਾਤਾਵਰਨ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਕੈਪਟਨ ਸਰਕਾਰ ਨੇ ਪੂਰੀ ਤਰਾਂ ਨਜ਼ਰਅੰਦਾਜ਼ ਕੀਤਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਮੱਤੇਵਾੜਾ ਵਿਚ ਪ੍ਰਾਜੈਕਟ ਲਈ ਨਾ ਸਿਰਫ਼ ਦਰੱਖਤ ਵੱਢੇ ਜਾਣਗੇ, ਸਗੋਂ ਦਰਿਆਈ ਪਾਣੀ ਵਿੱਚ ਵੱਡੇ ਪੱਧਰ ਉਤੇ ਪ੍ਰਦੂਸ਼ਣ ਵੀ ਫੈਲੇਗਾ, ਜਿਹੜਾ ਇਸ ਖਿੱਤੇ ਵਿੱਚ ਜੰਗਲੀ ਜੀਵਨ ਦੇ ਨਾਲ-ਨਾਲ




ਮਨੁੱਖੀ ਜੀਵਨ ਲਈ ਵੀ ਘਾਤਕ ਸਿੱਧ ਹੋਵੇਗਾ। ਉਨਾਂ ਕਿਹਾ ਕਿ ਵਾਤਾਵਰਨ ਤੇ ਮਨੁੱਖੀ ਜੀਵਨ 'ਤੇ ਪ੍ਰਾਜੈਕਟ ਦੇ ਮਾੜੇ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਸੂਬਾ ਸਰਕਾਰ ਨੇ ਸਨਅਤੀ ਇਕਾਈ ਨਾ ਲਗਾਉਣ ਦਾ ਫ਼ੈਸਲਾ ਕੀਤਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਟੈਕਸਟਾਈਲ ਪਾਰਕ ਲਈ ਕਿਸੇ ਹੋਰ ਥਾਂ 'ਤੇ ਜ਼ਮੀਨ ਦੇਣ ਲਈ ਤਿਆਰ ਹੈ ਪਰ ਸ਼ਰਤ ਹੈ ਕਿ ਇਸ ਨਾਲ ਸੂਬੇ ਦਾ ਪਾਣੀ ਪ੍ਰਦੂਸ਼ਿਤ ਨਾ ਹੋਵੇ।

ਦੱਸਣਯੋਗ ਹੈ ਕਿ ਮੱਤੇਵਾੜਾ ਵਿਚ 950 ਏਕੜ ਥਾਂ 'ਤੇ ਟੈਕਸਟਾਈਲ ਪਾਰਕ ਬਣਾਉਣ ਲਈ ਜੰਗਲ ਨੂੰ ਤਬਾਹ ਕੀਤਾ ਜਾ ਰਿਹਾ ਸੀ। ਜੰਗਲ ਬਚਾਉਣ ਲਈ ਸਿਆਸੀ, ਸਮਾਜਿਕ ਅਤੇ ਵਾਤਾਵਰਨ ਪ੍ਰੇਮੀਆਂ ਨੇ ਬੀਤੇ ਦਿਨੀਂ ਮੱਤੇਵਾੜਾ 'ਚ ਵੱਡਾ ਇਕੱਠ ਕੀਤਾ ਸੀ। ਵਾਤਾਵਰਨ ਪ੍ਰੇਮੀਆਂ ਨੇ ਇਸ ਪ੍ਰਾਜੈਕਟ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਸੀ ਕਿ ਪ੍ਰਾਜੈਕਟ ਨਾਲ ਜੰਗਲੀ ਇਲਾਕੇ ਦਾ ਖਾਤਮਾ ਹੋ ਜਾਵੇਗਾ ਅਤੇ ਇੰਡਸਟਰੀਆਂ ਦੇ ਗੰਦੇ ਪਾਣੀ ਨਾਲ ਸਤਲੁਜ ਦਾ ਪਾਣੀ ਵੀ ਗੰਧਲਾ ਹੋ ਜਾਵੇਗਾ।

### ਕੀ ਹੈ ਇਹ ਪ੍ਰੋਜੈਕਟ

ਲੁਧਿਆਣਾ ਵਿੱਚ ਇੱਕ ਟੈਕਸਟਾਈਲ ਪਾਰਕ ਨੂੰ ਸਥਾਪਿਤ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਸੀ, ਜਿਸਦਾ ਨਾਮ ਹੈ ਪੀਐੱਮ ਮਿੱਤਰਾ ਸਕੀਮ ਮਤਲਬ ਮੈਗਾ ਇੰਟੇਗਰਲ ਟੈਕਸਟਾਈਲ ਰੀਜਨ ਐਂਡ ਅਪੈਰਲ ਪਾਰਕ।ਇਸ ਸਕੀਮ ਤਹਿਤ ਦੁਨੀਆਂ ਦੇ ਨਕਸ਼ੇ 'ਤੇ ਟੈਕਸਟਾਈਲ ਇੰਡਸਟਰੀ ਦੇ ਤੌਰ 'ਤੇ ਭਾਰਤ ਨੂੰ ਖੜਾ ਕਰਨ ਦਾ ਮੰਤਵ ਹੈ।ਕੇਂਦਰ ਸਰਕਾਰ ਦੀ ਮਿਨੀਸਟਰੀ ਆਫ ਟੈਕਸਟਾਈਲ ਦੀ ਪੂਰੇ ਭਾਰਤ ਵਿੱਚ ਅਜਿਹੇ ਸੱਤ ਪਾਰਕ ਸਥਾਪਿਤ ਕਰਨ ਦੀ ਯੋਜਨਾ ਹੈ। ਲੁਧਿਆਣਾ ਵਿੱਚ ਸਥਾਪਿਤ ਕੀਤਾ ਜਾ ਰਿਹਾ ਟੈਕਸਟਾਈਲ ਪਾਰਕ ਇਸੇ ਸਕੀਮ ਦਾ ਹਿੱਸਾ ਸੀ। ਇਸ ਪ੍ਰੋਜੈਕਟ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੋਹਾਂ ਵੱਲੋਂ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਸੀ।

ਇਸ ਲਈ 1000 ਏਕੜ ਜ਼ਮੀਨ ਦੀ ਨਿਸ਼ਾਨਦੇਹੀ ਮੱਤੇਵਾੜਾ ਜੰਗਲ ਅਤੇ ਸਤਲੁਜ ਦਰਿਆ ਦੇ ਨੇੜੇ ਕੀਤੀ ਗਈ ਸੀ। ਵਿਧਾਨ ਸਭਾ ਵਿੱਚ ਪੰਜਾਬ ਦੇ ਸੀਐੱਮ ਭਗਵੰਤ ਮਾਨ ਨੇ ਦੱਸਿਆ ਸੀ ਕਿ ਇਸ ਪ੍ਰੋਜੈਕਟ ਲਈ 957.39 ਏਕੜ ਜ਼ਮੀਨ ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ ਨੇ ਐਕੁਆਇਰ ਕਰ ਲਈ ਹੈ ਬਾਕੀ ਸਫ਼ਾ 31 'ਤੇ

## ਮੱਤੇਵਾੜਾ ਜੰਗਲ ਦੀ ਕਹਾਣੀ ਤੇ ਸਾਡਾ ਸੰਘਰਸ਼

ਅੱਜ ਤੋਂ 2 ਸਾਲ ਪਹਿਲਾਂ ਕੋਵਿਡ ਦਾ ਦੌਰ ਸੀ ਜਦੋਂ ਇੱਕ ਦਮ ਕੈਪਟਨ ਸਰਕਾਰ ਨੇ ਪੰਚਾਇਤੀ ਜਮੀਨਾਂ ਦੱਬਣ ਦਾ ਫ਼ਰਮਾਨ ਸੁਣਾ ਦਿੱਤਾ ਤਾਂ ਪਤਾ ਲੱਗਾ ਕੇ ਮੱਤੇਵਾੜਾ ਜੰਗਲ ਕੋਲ ਸਰਕਾਰ ਸਨਯਤ ਲਗਾਉਣ ਲੱਗੀ ਹੈ ਤਾਂ ਸਤਲੁਜ ਅਤੇ ਜੰਗਲ ਕਰਕੇ ਇੱਕਦਮ ਧੱਕਾ ਲੱਗਾ। ਮੇਰਾ ਆੜੀ ਵਿਕਰਮ ਕਾਲੀਆਂ ਅੱਜ ਕੱਲ ਕੈਨੇਡਾ ਦੀ ਧਰਤੀ 'ਤੇ ਰਹਿੰਦਾ ਹੈ, ਜਦੋਂ ਪੰਜਾਬ ਸੀ ਤਾਂ ਅਸੀਂ ਹਰੇਕ ਐਤਵਾਰ ਇਸ ਜੰਗਲ ਜਾਂ ਦਰਿਆ ਦੇ ਕੰਢੇ ਜਾਂਦੇ ਹੁੰਦੇ ਸਾਂ। ਸੋ ਇਸ ਦਰਿਆ ਨਾਲ ਪੁਰਾਣਾ ਜਾਣਕਾਰ ਹੋਣ ਕਾਰਨ ਇਸ ਥਾਂ ਨਾਲ ਸਾਡਾ ਇੱਕ ਰਿਸ਼ਤਾ ਜਿਹਾ ਸੀ ਮਨ ਵਿੱਚ ਗੁੱਸਾ ਸੀ। ਮੈਂ ਅਗਲੇ ਹੀ ਦਿਨ ਦਰਿਆ ਤੇ ਪੁੱਜ ਗਿਆ, ਸਾਰਾ ਵੇਰਵਾ ਲਿਆ, ਜਗਬਾਣੀ ਲਈ ਹਰਪ੍ਰੀਤ ਸਿੰਘ ਕਾਹਲੋਂ ਅਤੇ ਸਰਬਜੀਤ ਕੋਲੋਂ ਕਹਾਣੀ ਕਰਵਾਈ, ਉਸੇ ਦੌਰਾਨ ਪਤਾ ਲੱਗਾ ਕੇ ਜਮੀਨ ਜੰਗਲ ਦੇ ਨਾਲ ਲੱਗਦੇ ਪਿੰਡਾਂ ਦੀ ਦੱਬੀ ਜਾ ਰਹੀ ਹੈ। ਉਸਤੋਂ ਬਾਅਦ ਉਨਾਂ ਪਿੰਡਾਂ ਦਾ ਦੌਰਾ ਕੀਤਾ। ਫੇਰ ਪਤਾ ਲੱਗਾ ਕੇ ਪਿੰਡ ਸੇਖੋਵਾਲ ਦੀ 416 ਕਿੱਲੇ ਜਮੀਨ ਦੱਬੀ ਜਾ ਰਹੀ ਹੈ । ਪਤਾ ਲੱਗਾ ਕੇ ਸਾਰਾ ਪਿੰਡ ਮਾਝੇ ਦੇ ਰੰਘਰੇਟੇ ਸਿੱਖਾਂ ਦਾ ਹੈ। ਪੰਚਾਇਤ ਦੇ ਨਾਮ ਇਨਾਂ 36 ਸਾਲ ਕੇਸ ਲੜ ਕੇ ਜਮੀਨ ਲਵਾਈ ਸੀ। ਮਾਹਤੜ ਜਿਹੇ ਬੰਦੇ ਪਰ ਪੂਰਨ ਤੌਰ ਤੇ ਸਿੱਖ, ਕਈਂ ਘਰਾਂ ਨੂੰ ਦਰਵਾਜੇ ਵੀ ਨਹੀਂ ਸੀ, ਪਿੰਡ ਘੁੰਮਿਆ ਤਾਂ ਦੇਖਿਆ ਕੇ ਇੱਕ ਬਾੜੇ ਵਿੱਚ ਇੱਕ ਸੋਹਣੀ ਜਿਹੀ ਛੰਨ ਕੇਰਲਾ ਸਟਾਈਲ ਦੀ ਪਈ ਹੋਈ ਸੀ। ਮੈਂ ਪੁੱਛਿਆ ਕੇ ਇਹ ਕਿਸਨੇ ਬਣਵਾਈ ਹੈ ਤਾਂ ਉਸ ਬਾੜੇ ਦੇ ਮਾਲਕ ਨੇ ਦੱਸਿਆ ਕੇ ਇਹ ਚਰਚ ਸੀ। ਇਸਾਈ ਪ੍ਰਚਾਰਕ ਕੇਰਲਾ ਤੋਂ ਆ ਕੇ ਕਈ ਸਾਲ ਪ੍ਰਚਾਰ ਕਰਦੇ ਰਹੇ ਪਰ ਕੋਈ ਤਬਦੀਲ ਨਹੀਂ ਹੋਇਆ। ਇੱਥੇ ਜੋਰ ਜੂਰ ਲਗਾ ਕੇ ਅਖੀਰ ਇਹ ਥਾਂ ਪਿੰਡ ਦੇ ਕਿਸੇ ਬੰਦੇ ਨੂੰ ਸਸਤੇ ਭਾਅ ਸਿਰ ਹੀ ਵੇਚ ਗਏ। ਇਸ ਪਿੰਡ ਤੋਂ 2 ਕਿਲੋਮੀਟਰ ਬਾਹਰ ਮਾਛੀਆਂ ਕੋਲ ਸੜਕ 'ਤੇ ਹੁਣ ਪਿਛਲੇ ਕੁਝ ਸਾਲਾਂ ਵਿੱਚ ਨਵੀਂ ਚਰਚ ਖੁੱਲੀ ਹੈ। ਹਰੇਕ ਐਤਵਾਰ ਇਲਾਕੇ ਦੇ ਕਾਫੀ ਟੱਬਰ ਹੁਣ ਪ੍ਰਮੇਸ਼ਵਰ ਦੀ ਕ੍ਰਿਪਾ ਲੈਣ ਜਾਂਦੇ ਹਨ, ਪਰ ਇਸ ਪਿੰਡ ਵਿੱਚ ਅਜਿਹਾ ਕੋਈ ਨਹੀਂ ਹੈ ਤਾਂ ਇਹ ਦੇਖ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਦਿਲੋਂ ਭੈੜੀ ਜਿਹੀ ਗਾਲ਼ ਕੱਢੀ। ਭੁਪਿੰਦਰ ਸਿੰਘ ਬਾਰੇ ਜਿੰਨਾਂ ਮਰਜੀ ਮਾੜਾ ਸੁਣੀ ਜਾਈਏ ਪਰ ਪੰਥਕ ਹਿੱਤਾਂ ਲਈ ਉਹ ਚੰਗਾ ਸੀ, ਦਿਲੋਂ ਗਾਲ਼ ਨਿਕਲੀ ਕੇ ਭੂਪੇ ਦੇ ਨਾਮ ਦੀ ਜਿਹੜੀ ਥੋੜੀ ਵੀ ਕੁੱਝ ਚੱਜ ਦੀ ਗੱਲ ਸੀ ਉਸਨੂੰ ਇਸਨੇ ਦਾਗ ਲਗਾ ਦਿੱਤਾ। ਮੈਂ ਇਸਕੋਰਟ ਫਾਰਮ ਅਤੇ ਭੁੱਜ ਦੇ ਸਿੱਖਾਂ ਦਾ ਉਜਾੜਾ ਪੜਿਆ ਹੈ। ਸਿੱਖ ਲਾਮਬੰਦ ਕਿਵੇਂ ਹੋ ਜਾਂਦੇ ਨੇ, ਉਹ ਵੀ ਦੇਖਿਆ ਹੈ, ਤਾਂ ਮਨ ਵਿੱਚ ਆਇਆ ਕਿ ਇਹ ਲੋਕ ਜੇਕਰ ਇਥੇ ਮਜਦੂਰ ਬਣ ਗਏ ਤਾਂ ਕੋਈ ਪਾਦਰੀ ਇਨਾਂ ਨੂੰ ਹੱਕਣ ਜਰੂਰ ਆਵੇਗਾ। ਸੋ ਮਨ ਵਿੱਚ ਧਾਰ ਲਿਆ ਕਿ ਇਹ ਜਮੀਨ ਨਹੀਂ ਜਾਣ ਦੇਣੀ। ਪੰਥ ਦਾ 400 ਜੀਅ ਜੇਕਰ ਇਸ ਜਮੀਨ ਤੋਂ ਰੋਟੀ ਖਾਂਦਾ ਹੈ ਤਾਂ ਮਾੜਾ ਕੀ ਹੈ। ਰੱਬ ਅੱਗੇ ਅਰਦਾਸ ਕੀਤੀ ਕਿ ਸਾਡੇ ਪੱਲੇ ਕੁੱਝ ਵੀ ਨਹੀਂ ਹੈ, ਪਰ ਇਹ ਆਪਣੇ ਭਾਈ ਉੱਜੜਨ ਨਹੀਂ ਦੇਣੇ। ਪਰ ਕਰਤੂਤ ਸਾਡੇ ਪੱਲੇ ਕੁੱਝ ਨਹੀਂ ਹੈ, ਮਹਾਰਾਜ ਦੀ ਅਜਿਹੀ ਕ੍ਰਿਪਾ ਹੋਈ ਕਿ ਸਾਨੂੰ ਲੋਕ ਮਿਲਦੇ ਗਏ, ਅਦਾਲਤੀ ਕੇਸ ਵੀ ਹਾਈ ਕੋਰਟ ਤੱਕ ਲੱਗ ਗਏ, ਮਤੇ ਵੀ ਪਵਾਏ, ਖਰਚਾ ਕਰਨ ਲਈ ਵੀ ਰੱਬ ਨੇ ਸਮੇਂ ਸਮੇਂ ਤੇ ਤੰਗੀ ਵਿੱਚ ਪ੍ਰਬੰਧ ਕਰ ਦਿੱਤਾ, ਲੋਕ ਆਵਾਜ਼ ਵੀ ਸੁਣਦੇ ਗਏ, ਰਾਜਨੀਤਕ ਲੋਕਾਂ ਤੱਕ ਵੀ ਲਾਮਬੰਦੀ ਚਲਦੀ ਗਈ, ਰੌਲਾ ਪਵਾਉਣ ਵਿੱਚ ਕਾਮਯਾਬ ਰਹੇ, ਜੇਕਰ ਦੇਖਿਆ ਜਾਵੇ ਤਾਂ ਸਾਡੀ ਕਰਤੂਤ ਕੋਈ ਖਾਸ ਨਹੀਂ ਸੀ, ਕੈਪਟਨ ਬਾਹਰ ਹੋਇਆ ਤਾਂ ਆਪਣੀ ਅਰਦਾਸ ਸਫਲ ਲੱਗੀ ਕਿ ਨਸਲਾਂ ਦਾ ਭਵਿੱਖ ਅਤੇ ਰਿਜਕ ਵੇਚਣ ਚਲਾ ਸੀ। ਅਖੀਰ ਅੱਜ ਸਰਕਾਰ ਮੰਨ ਗਈ। ਜੇਕਰ ਦੇਖਿਆ ਜਾਵੇ ਤਾਂ ਇਹ ਰੱਬੀ ਤਾਕਤ ਹੀ ਸੀ ਜਿਹੜੀ ਸਾਡੇ ਵਰਗੇ ਮਾਮੂਲੀ ਜਿਹੇ ਲੋਕਾਂ ਲਈ ਅੱਗੇ ਰਸਤੇ ਬਣਾਉਂਦੀ ਰਹੀ।

ਮੋਹਾਲੀ ਸੋਹਾਨਾ ਸਾਬ ਮਹੀਨੇ ਵਿੱਚ ਇੱਕ ਅੱਧੀ ਵਾਰ ਹਾਜ਼ਰੀ ਲਗਾ ਆਈ ਦੀ ਹੈ, ਕਿਸੇ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸ਼ਹੀਦਾਂ ਸਿੰਘਾਂ ਅੱਗੇ ਸੀਸ ਝੁਕਾ ਆਈਦਾ ਹੈ। ਪੰਥ ਦੀਆਂ ਜੜਾਂ ਬਹੁਤ ਡੂੰਘੀਆਂ ਹਨ, ਅਸੀਂ ਤਾਂ ਰੁੱਖਾਂ ਦੇ ਪੱਤਿਆਂ ਵਰਗੇ ਹੀ ਹਾਂ, ਜਿਹੜੇ ਉਗਦੇ ਅਤੇ ਸੁੱਕ ਕੇ ਝੜਦੇ ਰਹਿੰਦੇ ਹਨ। ਪੰਥ ਵਿਸ਼ਾਲ ਹੈ, ਮਹਾਰਾਜ ਹਰ ਵੇਲੇ ਰਾਖੀ ਕਰਦਾ ਹੈ। ਅੱਜ ਮਹੀਨਾ ਵਾਰ ਫੇਰ ਸੋਹਾਣਾ ਸਾਬ ਹਾਜ਼ਰੀ ਭਰੀ, ਸ਼ਹੀਦਾਂ ਸਿੰਘਾਂ ਦਾ ਸ਼ੁਕਰਾਨਾ ਕੀਤਾ, ਮੁੜ ਆਪਣੇ ਕੰਮੀਂ ਪੈ ਗਏ। ਤਕਰੀਬਨ 100 ਤੋਂ ਉੱਪਰ ਮਿੱਤਰਾਂ ਸੱਜਣਾਂ ਦੇ ਸੁਨੇਹੇ ਆਏ ਕਿ ਆਪਣਾ ਖਿਆਲ ਰੱਖ। ਉਨਾਂ ਦੀਆਂ ਫਿਕਰਾਂ ਸੁਣ ਕੇ ਸਾਰਾ ਪੰਜਾਬ ਆਪਣਾ ਕੁਨਬਾ ਲੱਗਦਾ ਹੈ। ਬਾਕੀ ਮਹਾਰਾਜ ਨੇ ਜਿੰਨੇ ਸਾਹ ਦਿੱਤੇ ਹਨ ਓਨੇ ਹੀ ਭੁਗਤ ਕੇ ਜਾਣੇ ਨੇ, ਨਿਤ ਦੇ ਕੰਮਾਂ-ਕਾਰਾਂ ਵਿੱਚ ਅਸੀਂ ਸੌ ਤਰਾਂ ਦੀਆਂ ਬੇਈਮਾਨੀਆਂ ਵਿੱਚ ਨਿਕਲਣ ਵਾਲੇ, ਰੋਜ਼ੀ ਰੋਟੀ ਪਿੱਛੇ ਕਈ ਤਰਾਂ ਦੇ ਪਾਪੜ ਵੇਲਦੇ ਹਾਂ। ਪਰ ਰੱਬ ਅੱਗੇ ਇਹੋ ਅਰਦਾਸ ਰਹਿੰਦੀ ਹੈ ਕਿ ਕਦੀ ਅਜਿਹਾ ਲਾਲਚ ਨਾ ਜਗਾ ਦੇਵੀਂ ਕਿ ਕੌਮਾਂ ਦਾ ਭਵਿੱਖ ਹੀ ਵੇਚਣ ਦੇ ਸੌਦਾਗਰ ਨਾ ਬਣ ਜਾਈਏ।

**ਗੰਗਵੀਰ ਰਾਠੌਰ**

## ਕੈਪਟਨ ਨੇ ਮੱਤੇਵਾੜਾ ਪ੍ਰਾਜੈਕਟ ਰੱਦ ਹੋਣ 'ਤੇ ਅਫਸੋਸ ਜਤਾਇਆ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੱਤੇਵਾੜਾ ਟੈਕਸਟਾਈਲ ਪਾਰਕ ਪ੍ਰਾਜੈਕਟ ਰੱਦ ਕੀਤੇ ਜਾਣ 'ਤੇ ਅਫਸੋਸ ਜ਼ਾਹਰ ਕੀਤਾ ਤੇ ਇਸ ਨੂੰ ਸਭ ਤੋਂ ਪਿਛਾਖੜੀ ਅਤੇ ਤੰਗ ਨਜ਼ਰੀਏ ਵਾਲਾ ਫ਼ੈਸਲਾ ਕਰਾਰ ਦਿੱਤਾ ਹੈ। ਉਨਾਂ ਕਿਹਾ ਕਿ ਟੈਕਸਟਾਈਲ ਪਾਰਕ ਮੱਤੇਵਾੜਾ ਜੰਗਲੀ ਖੇਤਰ ਦੇ ਅੰਦਰ ਨਹੀਂ ਆਉਣਾ ਸੀ, ਸਗੋਂ ਇਸ ਤੋਂ ਬਾਹਰ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੰਯੁਕਤ ਰਾਸ਼ਟਰ ਦੇ ਦਿਸ਼ਾ-ਨਿਰਦੇਸ਼ਾਂ ਤੇ ਵਾਤਾਵਰਨ ਦੀਆਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਣ ਤੋਂ ਬਾਅਦ ਪਾਰਕ ਨੂੰ ਮਨਜ਼ੂਰੀ ਦਿੱਤੀ ਸੀ।

## ਮੋਗਾ ਦੇ ਸਿੱਖ ਵਿਗਿਆਨੀ ਦੇ ਨਾਂ 'ਤੇ ਡਾਕ ਟਿਕਟ ਜਾਰੀ



**ਨਿਹਾਲ ਸਿੰਘ ਵਾਲਾ/ਏ.ਟੀ.ਨਿਊਜ਼ :-** ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) 'ਚ ਤਾਇਨਾਤ ਮੋਗਾ ਦੇ ਰਾਕੇਟ ਵਿਗਿਆਨੀ ਹਰਜੀਤ ਸਿੰਘ ਦੇ ਨਾਂ 'ਤੇ ਭਾਰਤ ਸਰਕਾਰ ਨੇ ਡਾਕ ਟਿਕਟ ਜਾਰੀ ਕੀਤਾ ਹੈ। ਇਹ ਡਾਕ ਟਿਕਟ ਇਸਰੋ ਨੇ ਸਰਕਾਰ ਕੋਲੋਂ ਜਾਰੀ ਕਰਵਾਇਆ ਹੈ। ਜ਼ਿਕਰਯੋਗ ਹੈ ਕਿ ਹਰਜੀਤ ਸਿੰਘ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਵਿੱਚ ਸਾਲ 2007 ਤੋਂ ਬਤੌਰ ਰਾਕੇਟ ਵਿਗਿਆਨੀ ਖੋਜ ਕਾਰਜ ਕਰ ਰਿਹਾ ਹੈ। ਇਸਰੋ ਨੇ ਉਸ ਨੂੰ ਸਾਲ 2017 ਵਿੱਚ 'ਟੀਮ ਐਕਸੀਲੈਂਸ' ਐਵਾਰਡ ਦਿੱਤਾ ਸੀ। ਇਸ ਤੋਂ ਇਲਾਵਾ ਵਿਗਿਆਨ ਦੇ ਖੇਤਰ ਵਿੱਚ ਅਹਿਮ ਪ੍ਰਾਪਤੀਆਂ ਬਦਲੇ 2018 ਦਾ 'ਯੰਗ ਸਾਇੰਟਿਸਟ' ਐਵਾਰਡ ਵੀ ਉਸ ਦੀ ਝੋਲੀ ਪਿਆ ਸੀ। ਹੁਣ ਹਰਜੀਤ ਸਿੰਘ ਦੀ ਫੋਟੋ ਵਾਲਾ ਪੰਜ ਰੁਪਏ ਵਾਲਾ ਡਾਕ ਟਿਕਟ ਜਾਰੀ ਕੀਤਾ ਗਿਆ ਹੈ। ਇਸ ਸਨਮਾਨ ਨੂੰ ਪ੍ਰਾਪਤ ਕਰਨ ਪਿੱਛੋਂ ਹਰਜੀਤ ਸਿੰਘ ਨੇ ਦੱਸਿਆ ਕਿ ਉਹ ਸਨਮਾਨ ਮਿਲਣ ਤੋਂ ਬਾਅਦ ਹੋਰ ਮਿਹਨਤ ਕਰੇਗਾ। ਹਰਜੀਤ ਸਿੰਘ ਦੇ ਪਿਤਾ ਸੁਰਿੰਦਰ ਸਿੰਘ ਮੀਨੀਆਂ ਤੇ ਮਾਤਾ ਗੁਰਸ਼ਰਨ ਕੌਰ ਨੇ ਆਪਣੇ ਲੜਕੇ ਦੀ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਉਹ ਵਿਗਿਆਨ ਦੇ ਖੇਤਰ ਵਿੱਚ ਹੋਰ ਮੱਲਾਂ ਮਾਰੇਗਾ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**






**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਬੀਸੀ ਸਰਕਾਰ ਵੱਲੋਂ ਸੰਤ ਤੇਜਾ ਸਿੰਘ ਦਿਹਾੜੇ ਬਾਰੇ ਐਲਾਨਨਾਮਾ

## ਕੈਨੇਡਾ ਦੀਆਂ ਸਿੱਖ ਸੰਗਤਾਂ ਵੱਲੋਂ ਯਾਦਗਾਰੀ ਸਮਾਗਮ

**ਕੈਨੇਡਾ/ਡਾ. ਗੁਰਵਿੰਦਰ ਸਿੰਘ :** ਕੈਨੇਡਾ ਵਿਚ ਬੀਸੀ ਸਰਕਾਰ ਵੱਲੋਂ ਪਹਿਲੀ ਜੁਲਾਈ ਨੂੰ ਸੰਤ ਤੇਜਾ ਸਿੰਘ ਦਿਹਾੜੇ ਵਜੋਂ ਘੋਸ਼ਿਤ ਕੀਤਾ ਗਿਆ ਹੈ। ਇਸ ਸੰਬੰਧ ਵਿਚ ਕੈਨੇਡਾ ਦੀਆਂ ਸਮੂਹ ਸਿੱਖ ਸੰਗਤਾਂ ਵੱਲੋਂ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ-ਡੈਲਟਾ ਵਿਖੇ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ 'ਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਦਿਹਾੜੇ ਦਾ ਐਲਾਨਨਾਮਾ ਸਰੀ ਗਰੀਨ ਟਿੰਬਰ ਦੀ ਵਿਧਾਇਕਾ ਅਤੇ ਨਸਲਵਾਦ ਵਿਰੋਧੀ ਮਾਮਲਿਆਂ ਦੀ ਸੰਸਦੀ ਸਕੱਤਰ ਬੀਬੀ ਰਚਨਾ ਸਿੰਘ, ਸਮਾਗਮ ਦੇ ਬੁਲਾਰੇ ਡਾ. ਗੁਰਵਿੰਦਰ ਸਿੰਘ, ਅਕਾਲ ਅਕੈਡਮੀ ਸੰਸਥਾਵਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਭਾਈ ਅਵਤਾਰ ਸਿੰਘ ਗਿੱਲ ਅਤੇ ਡਾ. ਪਰਗਟ ਸਿੰਘ ਭੁਰਜੀ ਆਦਿ ਵੱਲੋਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਨੂੰ ਸੌਂਪਿਆ ਗਿਆ। ਸੰਗਤਾਂ ਨੂੰ ਸੰਬੋਧਨ ਕਰਦਿਆਂ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਕੈਨੇਡਾ ਵਿੱਚ ਸੰਤ ਤੇਜਾ ਸਿੰਘ ਦਿਹਾੜੇ ਦਾ ਐਲਾਨਨਾਮਾ ਪ੍ਰਬੰਧਕੀ ਕਮੇਟੀ ਅਤੇ ਸੰਸਥਾਵਾਂ ਵੱਲੋਂ ਵੱਧ ਤੋਂ ਵੱਧ ਵੰਡਿਆ ਜਾਣਾ ਚਾਹੀਦਾ ਹੈ ਤਾਂ ਕਿ ਸੰਤ ਤੇਜਾ ਸਿੰਘ ਦੀ ਇਤਿਹਾਸਕ ਦੇਣ ਤੋਂ ਨੌਜਵਾਨ ਪੀੜੀ ਅਤੇ ਹੋਰ ਭਾਈਚਾਰੇ ਭਾਵਪੂਰਤ ਢੰਗ ਨਾਲ ਜਾਣੂ ਹੋ ਸਕਣ। ਵਿਧਾਇਕਾ ਬੀਬੀ ਰਚਨਾ ਸਿੰਘ ਨੇ ਕਿਹਾ ਕਿ ਜਿਸ ਵਿਧਾਨ ਸਭਾ ਵੱਲੋਂ ਇਹ ਐਲਾਨਨਾਮਾ ਜਾਰੀ ਕੀਤਾ ਗਿਆ, ਕਦੇ ਉੱਥੇ ਵੀ ਨਸਲਵਾਦ ਸੀ, ਪਰ ਅੱਜ ਮਾਣ ਵਾਲੀ ਗੱਲ ਹੈ ਕਿ ਇਤਿਹਾਸਕ ਮੋੜਾ ਆਇਆ ਹੈ, ਜਿਸ ਦਾ ਮਾਣ ਸੰਤ ਤੇਜਾ ਸਿੰਘ ਜੀ ਦੀ ਦੇਣ ਨੂੰ ਜਾਂਦਾ ਹੈ। ਭਾਈ ਅਵਤਾਰ ਸਿੰਘ ਗਿੱਲ ਨੇ ਕਿਹਾ ਕਿ ਸੰਤ ਤੇਜਾ ਸਿੰਘ ਜੀ ਸਦਕਾ ਹੀ ਕੈਨੇਡਾ ਵਿੱਚ ਸਾਡੇ ਭਾਈਚਾਰੇ ਦੀਆਂ ਜੜ੍ਹਾਂ ਲੱਗੀਆਂ ਹਨ। ਉਨਾਂ ਅਕਾਲ ਅਕੈਡਮੀ ਬੜੂ ਸਾਹਿਬ ਦੇ ਪਲੇਟਫਾਰਮ 'ਤੇ ਸੈਂਕੜੇ ਵਿੱਦਿਅਕ ਸੰਸਥਾਵਾਂ ਰਾਹੀਂ ਦੇਸ਼- ਵਿਦੇਸ਼ ਵਿੱਚ ਹੋ ਰਹੀਆਂ ਇਤਿਹਾਸਕ ਸੇਵਾਵਾਂ ਅਤੇ ਵਡਮੁੱਲੀ ਦੇਣ ਦਾ ਜ਼ਿਕਰ ਕੀਤਾ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ



ਭਾਈ ਹਰਦੀਪ ਸਿੰਘ ਨਿੱਝਰ ਨੇ ਬੁਲਾਰਿਆਂ ਵੱਲੋਂ ਦਿੱਤੇ ਸੁਝਾਅ ਨੂੰ ਉਸਾਰੂ ਦੱਸਿਆ ਅਤੇ ਗੁਰੂ ਸਾਹਿਬ ਵੱਲੋਂ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ। ਡਾ. ਪਰਗਟ ਸਿੰਘ ਭੁਰਜੀ ਨੇ ਪ੍ਰਬੰਧਕਾਂ ਅਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਤ ਤੇਜਾ ਸਿੰਘ ਜੀ ਦੇ ਜੀਵਨ ਬਾਰੇ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ। ਭਾਈ ਗੁਰਮੀਤ ਸਿੰਘ ਤੂਰ ਨੇ ਸਮਾਗਮ ਦਾ ਸੰਚਾਲਨ ਕੀਤਾ। ਇਸ ਮੌਕੇ 'ਤੇ ਕਥਾ ਕੀਰਤਨ ਅਤੇ ਢਾਡੀ ਵਾਰਾਂ ਰਾਹੀਂ ਹਾਜ਼ਰੀਆਂ ਲਵਾਈਆਂ ਗਈਆਂ ਅਤੇ ਸੰਤ ਤੇਜਾ ਸਿੰਘ ਜੀ ਬਾਰੇ ਜਾਣਕਾਰੀ ਭਰਪੂਰ ਪ੍ਰਦਰਸ਼ਨੀ ਲਗਾਈ ਗਈ।

ਪ੍ਰਿੰਸੀਪਲ ਸੰਤ ਤੇਜਾ ਸਿੰਘ ਮਸਤੂਆਣਾ ਦੇ ਜੀਵਨ ਸਫਰ 'ਤੇ ਨਜ਼ਰ ਮਾਰਿਆਂ ਜਾਣਕਾਰੀ ਮਿਲਦੀ ਹੈ ਕਿ ਆਪ ਦਾ ਜਨਮ 14 ਮਈ 1877 ਨੂੰ ਗੁੱਜਰਾਂਵਾਲਾ, ਪੰਜਾਬ (ਅੱਜ ਕੱਲ ਪਾਕਿਸਤਾਨ) ਵਿਖੇ ਹੋਇਆ। ਕੈਨੇਡਾ ਵਿਖੇ ਖਾਲਸਾ ਦੀਵਾਨ ਸੁਸਾਇਟੀ ਦੇ ਸੰਵਿਧਾਨ ਦੀ ਸਿਰਜਣਾ ਤੋਂ ਇਲਾਵਾ ਨਸਲਵਾਦ ਦੇ ਵਿਰੁੱਧ ਆਵਾਜ਼ ਉਠਾਉਣ ਅਤੇ ਧਰਮ ਦੇ ਨਾਲ-ਨਾਲ ਅਜ਼ਾਦੀ ਦੀ ਲਹਿਰ ਵਿੱਚ ਯੋਗਦਾਨ ਰਿਹਾ ਤੇ ਗ਼ਦਰ ਲਹਿਰ ਨੂੰ ਪ੍ਰਫੁਲਤ ਕੀਤਾ। 1906 ਤੋਂ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਤੋਂ ਉੱਚ ਵਿੱਦਿਆ ਹਾਸਲ ਕੀਤੀ ਅਤੇ ਕੈਨੇਡਾ, ਅਮਰੀਕਾ ਇੰਗਲੈਂਡ ਵਿੱਚ ਗੁਰਦੁਆਰਿਆਂ ਦੀ ਸਿਰਜਣਾ ਕੀਤੀ। ਪ੍ਰਿੰਸੀਪਲ ਸੰਤ ਤੇਜਾ ਸਿੰਘ ਜੀ ਦੀ ਧਾਰਮਿਕ ਵਿੱਦਿਅਕ ਸਮਾਜਿਕ ਅਤੇ ਰਾਜਨੀਤਕ ਪੱਖੋਂ ਮਹਾਨ ਦੇਣ ਹੈ। ਜੇਕਰ ਇਤਿਹਾਸ ਪੜੀਏ ਤਾਂ ਪਤਾ ਲੱਗਦਾ ਹੈ ਕਿ ਕੈਨੇਡਾ ਵਸਦੇ ਭਾਰਤੀ ਮੂਲ ਦੇ ਲੋਕਾਂ ਨੂੰ ਇੱਥੋਂ ਕੱਢ ਕੇ ਹਾਂਡੂਰਸ ਭੇਜਣ ਤੱਕ ਦੀਆਂ ਸਾਰੀਆਂ ਧੱਕੇਸ਼ਾਹੀਆਂ ਨੂੰ ਰੋਕਣ ਲਈ, ਉਨਾਂ ਵਡਮੁੱਲਾ ਯੋਗਦਾਨ ਪਾਇਆ। ਕੈਨੇਡਾ ਵਿੱਚ ਪਹਿਲੀ ਵਾਰ ਅੰਮ੍ਰਿਤ ਸੰਚਾਰ ਤੋਂ ਲੈ ਕੇ, ਇਥੇ ਗੁਰੂ ਨਾਨਕ ਸਾਹਿਬ ਦੇ ਨਾਂ ਤੇ ਮਾਈਨਿੰਗ ਕੰਪਨੀ ਸਥਾਪਿਤ ਕਰਨ, ਇੱਥੇ ਸਿੱਖ ਯੂਨੀਵਰਸਿਟੀ ਕਾਇਮ ਕਰਨ ਦੀ ਮਹਾਨ ਵਲਵਲੇ ਮਨ ਵਿੱਚ ਰੱਖਣ ਅਤੇ ਅਣਗਿਣਤ ਹੋਰ ਉਪਰਾਲੇ ਕਰਨ ਸਬੰਧੀ ਪ੍ਰਿੰਸੀਪਲ ਸਾਹਿਬ ਦੇ ਖ਼ਿਆਲ ਸਨ। 3 ਜੁਲਾਈ 1965 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ।



Canada
Province of British Columbia
A Proclamation

ELIZABETH THE SECOND, by the Grace of God, of the United Kingdom, Canada and Her other Realms and Territories, Queen, Head of the Commonwealth, Defender of the Faith

To all to whom these presents shall come – Greeting

WHEREAS the diverse cultural, ethnic, racial and religious heritage of British Columbians is a fundamental characteristic of British Columbian society and contributes greatly to life in this province, and

WHEREAS Sikhs have been an influential and impactful part of British Columbia since the turn of the 19th century, and they have endured many hardships while contributing to the growth and success of the province, and

WHEREAS Sant Teja Singh was a humanitarian, scholar and tireless advocate for Sikhs in Canada who dedicated his life to challenging inequality, fighting for a just society and serving without discrimination in accordance with the tenets of Sikhism, and

WHEREAS the government of British Columbia honours the history and culture of Sikhs in British Columbia, and

WHEREAS July 1 is recognized and celebrated as Sant Teja Singh Day by Sikh communities in British Columbia;

NOW KNOW YE THAT We do by these presents proclaim and declare that July 1, 2022, shall be known as

"Sant Teja Singh Day"

in the Province of British Columbia.

IN TESTIMONY WHEREOF, We have caused these Our Letters to be made Patent and the Great Seal of Our Province of British Columbia to be hereunto affixed.

WITNESS, The Honourable Janet Austin, Lieutenant Governor of Our Province of British Columbia, in Our City of Victoria, in Our Province, this twenty-ninth day of June, two thousand twenty-two and in the seventy-first year of Our Reign.

BY COMMAND.

ਪ੍ਰਿੰਸੀਪਲ ਸੰਤ ਤੇਜਾ ਸਿੰਘ ਜੀ ਦੀ ਗ਼ਦਰ ਲਹਿਰ ਨੂੰ ਪ੍ਰਫੁਲਤ ਕਰਨ ਵਿੱਚ ਵਡਮੁੱਲੀ ਭੂਮਿਕਾ ਸੀ, ਪਰ ਦੁੱਖ ਦੀ ਗੱਲ ਇਹ ਹੈ ਕਿ ਇਤਿਹਾਸਕਾਰਾਂ ਨੇ ਇਸ ਪੱਖੋਂ ਇਮਾਨਦਾਰਾਨਾ ਪਹੁੰਚ ਨਾਲ ਖੋਜ ਕਾਰਜ ਨਹੀਂ ਕੀਤੀ। ਉਨਾਂ ਦੀ ਬਹੁਪੱਖੀ ਅਤੇ ਵੱਡਮੁੱਲੀ ਸ਼ਖ਼ਸੀਅਤ ਦੁਆਰਾ ਕੈਨੇਡਾ ਲਈ ਇਤਿਹਾਸਕ ਦੇਣ ਬਾਰੇ ਬੀਸੀ ਸਰਕਾਰ ਵੱਲੋਂ ਜਾਰੀ ਕੀਤਾ ਐਲਾਨਨਾਮਾ ਅਤੇ ਸੰਤ ਤੇਜਾ ਸਿੰਘ ਦਿਹਾੜਾ ਮਨਾਇਆ ਜਾਣਾ ਸ਼ਲਾਘਾਯੋਗ ਕਦਮ ਹੈ ਅਤੇ ਇਸ ਦਾ ਭਰਪੂਰ ਪ੍ਰਚਾਰ ਕੀਤਾ ਜਾਣਾ ਬਣਦਾ ਹੈ।

# ਸ੍ਰੀਲੰਕਾ ਦਾ ਸੰਕਟ ਡੂੰਘਾ

## ਰਾਸ਼ਟਰਪਤੀ ਗੋਟਾਬਾਇਆ ਰਾਜਪਕਸ਼ੇ ਫੌਜੀ ਜੈੱਟ ਵਿਚ ਮੁਲਕ ਛੱਡਕੇ ਫਰਾਰ



**ਕੋਲੰਬੋ/ਏ.ਟੀ.ਨਿਊਜ਼:-** ਸ੍ਰੀਲੰਕਾ ਦੇ ਰਾਸ਼ਟਰਪਤੀ ਗੋਟਾਬਾਇਆ ਰਾਜਪਕਸ਼ੇ ਦੇਸ਼ ਵਿੱਚ ਵਿਆਪਕ ਵਿੱਤੀ ਸੰਕਟ ਅਤੇ ਜਾਰੀ ਧਰਨੇ-ਮੁਜਾਹਰਿਆਂ ਦੇ ਦੌਰਾਨ ਇੱਕ ਮਿਲਟਰੀ ਜੈੱਟ ਵਿੱਚ ਦੇਸ ਛੱਡ ਕੇ ਭੱਜ ਗਏ ਹਨ। ਰਾਜਾਪਾਕਸ਼ੇ ਦੇ ਦੇਸ਼ ਛੱਡਣ ਨਾਲ ਦੇਸ਼ ਦੀ ਸੱਤਾ ਉੱਪਰ ਕਈ ਦਹਾਕਿਆਂ ਤੱਕ ਕਾਬਜ਼ ਰਹੇ ਰਾਜਪਕਸ਼ੇ 'ਰਾਜ' ਪਰਿਵਾਰ ਦਾ ਅੰਤ ਹੋ ਗਿਆ ਹੈ। ਲੰਘੇ ਸ਼ਨਿੱਚਰਵਾਰ ਨੂੰ ਵਧੀ ਹੋਈ ਮਹਿੰਗਾਈ ਅਤੇ ਆਰਥਿਕ ਸੰਕਟ ਦੇ ਵਿਰੋਧ ਵਿੱਚ ਵੱਡੀ ਗਿਣਤੀ ਲੋਕ ਰਾਸ਼ਟਰਪਤੀ ਭਵਨ ਵਿੱਚ ਦਾਖਲ ਹੋ ਗਏ ਸਨ। ਰਾਜਪਕਸ਼ੇ ਉਦੋਂ ਤੋਂ ਹੀ ਆਪਣੀ ਜਾਨ ਬਚਾਉਂਦੇ ਲੁਕਦੇ ਫਿਰ ਰਹੇ ਸਨ।ਉਨਾਂ ਦੇ ਭਰਾ ਸਾਬਕਾ ਵਿੱਤ ਮੰਤਰੀ ਬਾਸਿਲ ਰਾਜਪਕਸ਼ੇ ਵੀ ਦੇਸ਼ ਛੱਡ ਕੇ ਅਮਰੀਕਾ ਚਲੇ ਗਏ ਹਨ। ਜਿਵੇਂ ਹੀ ਰਾਸ਼ਟਰਪਤੀ ਦੇ ਭੱਜਣ ਦੀ ਖ਼ਬਰ ਫੈਲੀ ਤਾਂ ਰਾਜਪਕਸ਼ੇ ਪਰਿਵਾਰ ਦੇ ਸ਼ਾਸਨ ਖਿਲਾਫ਼ ਜਾਰੀ ਪ੍ਰਦਰਸ਼ਨ ਦੀ ਮੁੱਖ ਥਾਂ ਗਾਲੇ ਫੇਸ ਗਰੀਨ ਵਿੱਚ ਪ੍ਰਦਰਸ਼ਨਕਾਰੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ, ਜਸ਼ਨ ਮਨਾਏ ਜਾਣ ਲੱਗੇ।

ਸ੍ਰੀਲੰਕਾ ਵਾਸੀ ਦੇਸ ਦੀ ਅਜ਼ਾਦੀ ਤੋਂ ਬਾਅਦ ਆਏ ਸਭ ਤੋਂ ਵੱਡੇ ਸਿਆਸੀ ਸੰਕਟ ਲਈ ਸਰਕਾਰ ਦੀਆਂ ਨੀਤੀਆਂ ਅਤੇ ਭ੍ਰਿਸ਼ਟਾਚਾਰ ਨੂੰ ਜ਼ਿੰਮੇਵਾਰ ਮੰਨਦੇ ਹਨ। ਸਰਕਾਰ ਜਿਸ ਉੱਪਰ ਕਈ ਦਹਾਕਿਆਂ ਤੋਂ ਦੋ ਭਰਾਵਾਂ ਦੇ ਰਾਜਪਕਸ਼ੇ ਪਰਿਵਾਰ ਦਾ ਦਬਦਬਾ ਹੈ। ਸ੍ਰੀਲੰਕਾ ਵਾਸੀ ਪਿਛਲੇ ਕਈ ਮਹੀਨਿਆਂ ਤੋਂ ਜ਼ਿੰਦਗੀਆਂ ਦੀਆਂ ਬੁਨਿਆਦੀ ਲੋੜਾਂ ਲਈ ਸੰਘਰਸ਼ ਕਰ ਰਹੇ ਹਨ। ਮਹਿੰਗਾਈ ਪਿਛਲੇ 70 ਸਾਲਾਂ ਦੇ ਸਭ ਤੋਂ ਉੱਚੇ ਪੱਧਰ ਉੱਪਰ ਹੈ।

# ਪਿਛਲੇ ਦਿਨੀਂ ਸਿੱਖ ਬੰਦੇ ਵੱਲੋਂ ਫਰਾਡ ਸਬੰਧੀ ਆਈਆਂ ਤਸਵੀਰਾਂ ਦੀ ਅਸਲ ਸਚਾਈ ਖੁਦ ਕੀਤੀ ਬਿਆਨ

## 'ਰਾਜ ਕਿਸ਼ਨਪੁਰਾ ਨੇ ਦੱਸੀ ਅਸਲ ਸਚਾਈ'

**ਫਰਿਜ਼ਨੋ, ਕੈਲੀਫੋਰਨੀਆ/ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ :-** ਬੀਤੇ ਦਿਨੀਂ ਫਰਿਜ਼ਨੋ ਦੇ ਕੁਝ ਕੁ ਟੀ. ਵੀ. ਚੈਨਲਾਂ, ਰੇਡੀਓ ਸਟੇਸ਼ਨਾਂ ਅਤੇ ਸੋਸ਼ਲ ਮੀਡੀਏ 'ਤੇ ਸਰਗਰਮ ਕੁਝ ਕੁ ਸੱਜਣਾਂ ਨੇ ਇੱਕ ਖ਼ਬਰ ਬੜੇ ਜੋਸ਼ੋ ਖਰੋਸ਼ ਨਾਲ ਸਮੁੱਚੇ ਭਾਈਚਾਰੇ ਵਿੱਚ ਲਿਆਂਦੀ। ਇਸ ਖ਼ਬਰ ਵਿੱਚ ਇਹ ਵਿਖਾਇਆ ਗਿਆ ਕਿ ਕਿਵੇਂ ਪੱਗੜੀਧਾਰੀ ਸਿੱਖ ਬੰਦੇ ਨੇ ਬਜ਼ੁਰਗ ਗੋਰੀ ਮਾਤਾ ਕੋਲੋਂ 9000 ਡਾਲਰ ਦੀ ਠੱਗੀ ਮਾਰੀ ਹੈ। ਉਸ ਨੇ ਦਸਤਾਰ ਬੰਨੀ ਹੋਈ ਹੈ। ਬੇਸ਼ੱਕ ਮੂੰਹ 'ਤੇ ਲੱਗੇ ਫੇਸਮਸਕ ਕਰਕੇ ਪੂਰੀ ਪਹਿਚਾਣ ਨਹੀਂ ਹੁੰਦੀ। ਜਦੋਂ ਇਹ ਵੀਡੀਓ ਉਸ ਸਿੱਖ ਇਨਸਾਨ ਤੱਕ ਪਹੁੰਚੀ, ਜੋ ਖੁਦ ਵੀਡੀਓ ਵਿੱਚ ਵਿਖਾਈ ਦੇ ਰਿਹਾ ਹੈ ਤਾਂ ਉਸਦੇ ਮਨ ਨੂੰ ਬਹੁਤ ਠੇਸ ਪਹੁੰਚੀ। ਇਸ ਉਪਰੰਤ ਉਸਨੇ ਤੁਰੰਤ 'ਮਾਛੀਕੇ ਐਂਡ ਧਾਲੀਆਂ ਮੀਡੀਆ ਅਮਰੀਕਾ' ਨਾਲ ਸੰਪਰਕ ਕਰਕੇ ਆਪਣੀ ਪੱਖ ਦੀ ਸਾਰੀ ਗੱਲ ਸਪੱਸ਼ਟ ਕਰਦੇ ਹੋਏ ਲੱਗੇ ਝੂਠੇ ਇਲਜ਼ਾਮਾਂ ਨੂੰ ਨਾਕਾਰਿਆ, ਜਿਸ ਸੰਬੰਧੀ ਪੱਤਰਕਾਰ ਨੀਟਾ ਮਾਛੀਕੇ ਨਾਲ ਸੰਪਰਕ ਕਰਕੇ ਇਸ ਸਿੱਖ ਆਦਮੀ ਨੇ ਜਿਸ ਦਾ ਨਾਮ ਰਾਜ ਕਿਸ਼ਨਪੁਰਾ ਹੈ, ਦੱਸਿਆ ਕਿ ਉਹ ਫਰਿਜ਼ਨੋ ਵਿਖੇ ਪਿਛਲੇ ਪੰਜ ਸਾਲ ਤੋਂ ਰਹਿ ਰਿਹਾ ਹੈ ਅਤੇ ਉਹ ਇੱਕ ਟੈਕਸੀ ਡਰਾਈਵਰ ਹੈ। ਉਸ ਸਾਰੀ ਦਾਸਤਾਂ ਦੱਸਦੇ ਹੋਏ ਕਿਹਾ ਕਿ ਉਸਨੂੰ ਕਾਲ ਆਉਂਦੀ ਹੈ ਅਤੇ ਦੱਸਿਆ



*ਪੱਤਰਕਾਰ ਨੀਟਾ ਮਾਛੀਕੇ ਨਾਲ ਗੱਲਬਾਤ ਕਰਨ ਸਮੇਂ ਰਾਜ ਕਿਸ਼ਨਪੁਰਾ।*

ਜਾਂਦਾ ਹੈ ਕਿ ਮੇਰੀ ਮਾਤਾ ਨੂੰ ਬੈਂਕ ਦੇ ਏ. ਟੀ. ਐਮ. ਮਸ਼ੀਨ ਤੱਕ ਰਾਈਡ ਚਾਹੀਦੀ ਹੈ। ਡਰਾਈਵਰ ਰਾਜ ਕਿਸ਼ਨਪੁਰਾ ਮਾਤਾ ਨੂੰ ਰਾਈਡ ਦਿੰਦਾ ਹੈ ਅਤੇ ਉਹਦੀ ਹਰ ਪੱਖ ਤੋਂ ਮੱਦਦ ਕਰਦਾ ਹੈ। ਇਕ ਟੈਕਸੀ ਡਰਾਈਵਰ ਹੋਣ ਕਰਕੇ ਉਹ ਬਜ਼ੁਰਗ ਮਾਤਾ ਨੂੰ ਉਸ ਦੇ ਕਹੇ ਮੁਤਾਬਕ ਆਪਣੀ ਕਾਰ ਰਾਹੀਂ ਪਹੁੰਚਾਉਂਦਾ ਹੈ। ਅੰਤ ਮਾਤਾ ਉਸਨੂੰ 85 ਡਾਲਰ ਭਾੜਾ ਅਤੇ 15 ਡਾਲਰ ਬਖ਼ਸ਼ੀਸ਼ ਜਾਂ ਟਿਪ ਦਿੰਦੀ ਹੈ। ਇਸ ਤਰਾਂ ਉਹ ਉਸ ਨੂੰ ਕੁਲ ਪੂਰੀ ਸਰਵਿਸ ਦੇ 100 ਡਾਲਰ ਦੇ ਕੇ ਘਰ ਨੂੰ ਤੋਰਦੀ ਹੈ। ਅਸਲੀਅਤ ਵਿੱਚ ਉਹ ਬਜ਼ੁਰਗ ਮਾਤਾ ਕਿਸੇ ਹੈਕਰ (ਠੱਗ) ਦੇ ਕਹੇ ਅਨੁਸਾਰ ਡਰਦੀ ਹੋਈ ਸਭ ਕਰ ਰਹੀ ਹੁੰਦੀ ਹੈ। ਜਿਸ ਦਾ ਬਾਅਦ ਵਿੱਚ ਪਤਾ ਲੱਗਾ ਕਿ ਕੋਈ ਹੈਕਰ ਮਾਤਾ ਨਾਲ ਫਰੌਡ ਕਰ ਗਿਆ।

ਪਰ ਲੋਕਲ ਮੀਡੀਏ ਨੇ ਬਿਨਾਂ ਸਚਾਈ ਜਾਣੇ ਲੱਗੇ ਸਕਿਊਰਟੀ ਕੈਮਰਿਆਂ ਦੀ ਵੀਡੀਓ ਦੇ ਆਧਾਰ 'ਤੇ ਰਾਜ ਕਿਸ਼ਨਪੁਰਾ ਦੀ ਫੋਟੋ ਨੂੰ ਹੈਕਰ ਸਮਝ ਸੋਸ਼ਲ ਮੀਡੀਏ 'ਤੇ ਵੱਡੀ ਪੱਧਰ 'ਤੇ ਵਾਇਰਲ ਕੀਤਾ । ਜਦੋਂ ਰਾਜ ਕਿਸ਼ਨਪੁਰਾ ਨੂੰ ਇਸ ਵਾਇਰਲ ਵੀਡੀਓ ਬਾਰੇ ਪਤਾ ਲੱਗਿਆ ਤਾਂ ਖੁਦ ਉਹ ਫਰਿਜ਼ਨੋ ਪੁਲਿਸ ਸਟੇਸ਼ਨ ਗਿਆ। ਜਿੱਥੇ ਜਾ ਕੇ ਸਬੰਧਤ ਪੁਲਿਸ ਅਫਸਰ ਨਾਲ ਗੱਲਬਾਤ ਕਰਕੇ, ਉਨਾਂ ਇਸ ਕੇਸ ਵਿੱਚੋਂ ਆਪਣਾ ਨਾਮ ਕਲੀਅਰ ਕਰਵਾਉਂਦੇ ਹੋਏ ਆਪਣੀ ਸਾਰੀ ਅਸਲ ਕਹਾਣੀ ਦੱਸੀ। ਇਸ ਸਾਰੀ ਗੱਲਬਾਤ ਕਰਦੇ ਹੋਏ ਰਾਜ ਕਿਸ਼ਨਪੁਰਾ ਨੇ ਉਨਾਂ ਮੀਡੀਏ ਵਾਲੇ ਸੱਜਣਾਂ ਨੂੰ ਅਪੀਲ ਕੀਤੀ ਕਿ ਬਿਨਾਂ ਸਚਾਈ ਜਾਣੇ ਕਿਸੇ ਦੀ ਇਸ ਤਰੀਕੇ ਨਾਲ ਖਿੱਲੀ ਨਹੀਂ ਉਡਾਉਣੀ ਚਾਹੀਦੀ। ਅਜਿਹਾ ਕਰਦੇ ਹੋਏ

ਬਾਕੀ ਸਫ਼ਾ 31 'ਤੇ

# ਸ੍ਰੀਲੰਕਾ ਦੀ ਆਰਥਿਕ ਮੰਦਹਾਲੀ ਤੋਂ ਤੰਗ ਲੋਕਾਂ ਵੱਲੋਂ ਰਾਸ਼ਟਰਪਤੀ ਭਵਨ 'ਤੇ ਕਬਜ਼ਾ

## ✪ ਪ੍ਰਧਾਨ ਮੰਤਰੀ ਵਿਕਰਮਸਿੰਘੇ ਦੀ ਨਿੱਜੀ ਰਿਹਾਇਸ਼ ਨੂੰ ਲਗਾਈ ਅੱਗ ✪ 13 ਜੁਲਾਈ ਨੂੰ ਰਾਸ਼ਟਰਪਤੀ ਗੋਟਾਬਾਯਾ ਵਲੋਂ ਅਸਤੀਫਾ ਦੇਣ ਤੋਂ ਬਾਅਦ ਆਰਜ਼ੀ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲੇਗਾ ਸਪੀਕਰ

**ਕੋਲੰਬੋ/ਏ.ਟੀ.ਨਿਊਜ਼ :-** ਸ੍ਰੀਲੰਕਾ ਵਿਚ ਆਰਥਿਕ ਮੰਦਹਾਲੀ ਤੋਂ ਤੰਗ ਲੋਕਾਂ ਦਾ ਗੁੱਸਾ ਵਿਰਾਟ ਰੂਪ ਧਾਰਨ ਕਰ ਗਿਆ। ਲੋਕਾਂ ਵਲੋਂ ਰਾਸ਼ਟਰਪਤੀ ਭਵਨ 'ਤੇ ਕਬਜਾ ਕਰ ਲਿਆ ਗਿਆ ਅਤੇ ਪ੍ਰਧਾਨ ਮੰਤਰੀ ਵਿਰਕਮਸਿੰਘੇ ਦੀ ਨਿੱਜੀ ਰਿਹਾਇਸ਼ ਨੂੰ ਵੀ ਅੱਗ ਲਗਾ ਦਿੱਤੀ। ਇਸ ਸਾਰੇ ਘਟਨਾਕ੍ਰਮ ਦੇ ਚਲਦਿਆਂ ਸ੍ਰੀਲੰਕਾ ਦੇ ਰਾਸ਼ਟਰਪਤੀ ਗੋਟਾਬਾਯਾ ਰਾਜਪਕਸਾ 13 ਜੁਲਾਈ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਸ੍ਰੀਲੰਕਾ ਦੀ ਸੰਸਦ ਸਪੀਕਰ ਮਹਿੰਦਾ ਯਪਾ ਅਭੈਵਰਧਨੇ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਰਨਿਲ ਵਿਕਰਮਾਸਿੰਘੇ ਵੀ ਪਹਿਲਾਂ ਹੀ ਅਸਤੀਫ਼ਾ ਦੇਣ ਦੀ ਪੇਸ਼ਕਸ਼ ਕਰ ਚੁੱਕੇ ਹਨ। ਇਸ ਤੋਂ ਪਹਿਲਾਂ ਸ੍ਰੀਲੰਕਾ 'ਚ ਆਰਥਿਕ ਮੰਦਹਾਲੀ ਤੋਂ ਸਤਾਏ ਲੋਕ ਪ੍ਰਦਰਸ਼ਨ ਕਰਦੇ ਹੋਏ ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਦੇ ਘਰ ਦਾਖਲ ਹੋ ਗਏ। ਪ੍ਰਦਰਸ਼ਨਕਾਰੀ ਰਾਸ਼ਟਰਪਤੀ ਤੋਂ ਅਸਤੀਫੇ ਦੀ ਮੰਗ ਕਰ ਰਹੇ ਸਨ। ਇਨਾਂ ਨੂੰ ਖ਼ਿੰਡਾਉਣ ਲਈ ਪੁਲਿਸ ਨੇ ਸਖ਼ਤੀ ਵੀ ਵਰਤੀ। ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਤੇ ਫੌਜ ਨੇ ਜਲ ਤੋਪਾਂ ਤੇ ਅੱਥਰੂ ਗੈਸ ਦੀ ਵਰਤੋਂ ਕੀਤੀ ਪਰ ਲੋਕ ਸਾਰੇ ਬੈਰੀਕੇਡ ਤੋੜ ਕੇ ਰਾਸ਼ਟਰਪਤੀ ਭਵਨ ਵਿਚ ਦਾਖਲ ਹੋ ਗਏ। ਇਸੇ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਮੰਤਰੀ ਵਿਕਰਮਸਿੰਘੇ ਦੀ ਨਿੱਜੀ ਰਿਹਾਇਸ਼ ਨੂੰ ਵੀ ਅੱਗ ਲਾ ਦਿੱਤੀ। ਪੁਲਿਸ ਤੇ ਲੋਕਾਂ ਵਿਚਾਲੇ ਝੜਪਾਂ ਵਿਚਾਲੇ ਘੱਟੋ-ਘੱਟ 30 ਜਖਮੀ ਵਿਅਕਤੀਆਂ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਫ਼ੌਜ ਅਤੇ ਪੁਲਿਸ ਦੇ ਤਾਇਨਾਤ ਕੀਤੇ ਦਸਤੇ ਬੇਵੱਸ ਹੋ ਕੇ ਰਹਿ ਗਏ। ਰਾਸ਼ਟਰਪਤੀ ਗੋਟਾਬਾਯਾ ਰਾਜਪਕਸਾ ਨੂੰ ਰਾਸ਼ਟਰਪਤੀ ਭਵਨ ਛੱਡ ਕੇ ਸ੍ਰੀਲੰਕਾ ਦੀ ਜਲ ਸੈਨਾ ਦੇ ਜਹਾਜ਼ ਵਿਚ



ਸ਼ਰਨ ਲੈਣੀ ਪਈ। ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਨੂੰ ਵੀ ਸੁਰੱਖਿਅਤ ਥਾਂ 'ਤੇ ਰੱਖਿਆ ਗਿਆ ਹੈ। ਇਸੇ ਦੌਰਾਨ ਸ੍ਰੀਲੰਕਾ ਦਾ ਸਿਆਸੀ ਸੰਕਟ ਸੁਲਝਾਉਣ ਲਈ ਵੱਖ ਵੱਖ ਪਾਰਟੀਆਂ ਨੇ ਸਪੀਕਰ ਮਹਿੰਦਾ ਯਪਾ ਅਬੇਯਵਰਦਨਾ ਨੂੰ ਆਰਜ਼ੀ ਤੌਰ 'ਤੇ ਰਾਸ਼ਟਰਪਤੀ ਨਿਯੁਕਤ ਕਰਨ ਦਾ ਫ਼ੈਸਲਾ ਲਿਆ ਗਿਆ। ਕਾਨੂੰਨਘਾੜੇ ਦੁਲਾਸ ਅਲਾਪੱਰੁਮਾ ਨੇ ਟਵੀਟ ਕਰਕੇ ਦੱਸਿਆ ਕਿ ਆਗੂਆਂ ਨੇ ਸੰਸਦ ਦਾ ਇਜਲਾਸ ਇਕ ਹਫ਼ਤੇ ਅੰਦਰ ਸੱਦਣ 'ਤੇ ਸਹਿਮਤੀ ਪ੍ਰਗਟਾਈ ਹੈ ਤਾਂ ਜੋ ਬਹੁਮਤ ਨਾਲ ਨਵੇਂ ਰਾਸ਼ਟਰਪਤੀ ਦੀ ਚੋਣ ਕੀਤੀ ਜਾ ਸਕੇ।

ਜਿਕਰਯੋਗ ਹੈ ਕਿ ਸ੍ਰੀਲੰਕਾ ਕਈ ਮਹੀਨਿਆਂ ਤੋਂ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ ਵਿਚ ਭੋਜਨ, ਡੀਜ਼ਲ, ਪੈਟਰੋਲ, ਦਵਾਈਆਂ ਆਦਿ ਦੀ ਵੱਡੀ ਥੁੜ ਹੈ। ਮਹਿੰਗਾਈ ਸਿਖ਼ਰ 'ਤੇ ਹੈ। ਵਿਦੇਸ਼ੀ ਕਰੰਸੀ ਦੇ ਭੰਡਾਰ ਖਾਲੀ ਹੋ ਚੁੱਕੇ ਹਨ ਅਤੇ ਦੇਸ਼ ਦੀਵਾਲੀਆ ਹੋਣ ਦੇ ਕੰਢੇ ਹੈ। ਸ੍ਰੀਲੰਕਾ 'ਤੇ ਇਕੱਲੇ ਚੀਨ ਦਾ 3.5 ਬਿਲੀਅਨ ਡਾਲਰ ਦਾ ਕਰਜ਼ਾ ਹੈ ਜਦੋਂਕਿ ਵਿਸ਼ਵ ਪੱਧਰ 'ਤੇ ਪੈਸਾ ਲਾਉਣ ਵਾਲੇ ਫੰਡਾਂ ਦਾ ਕਰਜ਼ਾ ਕਈ ਗੁਣਾ ਵੱਧ ਹੈ, ਅਜਿਹੇ ਫੰਡਾਂ ਦੇ ਪ੍ਰਬੰਧਕਾਂ ਨੇ ਹੋਰ ਕਰਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸ੍ਰੀਲੰਕਾ ਦਾ ਅਰਥਚਾਰਾ ਚੀਨ ਨਾਲ ਡੂੰਘੀ ਤਰਾਂ ਜੁੜਿਆ ਹੋਇਆ ਹੈ। ਕਰਜ਼ਾ ਦੇਣ ਵਾਲੇ ਵੱਡੇ ਅਦਾਰਿਆਂ ਦਾ ਕਹਿਣਾ ਹੈ ਕਿ ਉਹ ਤਦ ਤਕ ਹੋਰ ਕਰਜ਼ਾ ਨਹੀਂ ਦੇਣਗੇ ਜਦੋਂ ਤਕ ਚੀਨ ਉਨਾਂ ਕਰਜ਼ਿਆਂ ਦੀ ਵਾਪਸੀ ਦੀ ਗਾਰੰਟੀ ਨਹੀਂ ਦਿੰਦਾ। ਵਿੱਤੀ ਮਾਹਿਰਾਂ ਅਨੁਸਾਰ ਸ੍ਰੀਲੰਕਾ ਕੋਲ ਕੌਮਾਂਤਰੀ ਮੁਦਰਾ ਕੋਸ਼ ਨਾਲ ਸਮਝੌਤਾ ਕਰਨ ਤੋਂ ਬਿਨਾ ਕੋਈ ਹੋਰ ਰਾਹ ਨਹੀਂ ਹੈ ਪਰ ਦੇਸ਼ ਦੀ ਸਿਆਸੀ ਅਸਥਿਰਤਾ ਕਾਰਨ ਅਜਿਹਾ ਸਮਝੌਤਾ ਕਰਨਾ ਵੀ ਮੁਸ਼ਕਿਲ ਹੋ ਸਕਦਾ ਹੈ।

**ਰਾਜਪਕਸਾ ਪਰਿਵਾਰ ਕਈ ਦਹਾਕਿਆਂ ਤੋਂ ਸੱਤਾ 'ਤੇ ਕਾਬਜ਼ ਰਿਹਾ ਅਤੇ ਪਰਿਵਾਰ 'ਤੇ ਰਿਸ਼ਵਤਖ਼ੋਰੀ, ਪਰਿਵਾਰਵਾਦ ਨੂੰ ਵਧਾਉਣ ਅਤੇ ਹਿੰਸਾ ਕਰਨ ਦੇ ਇਲਜ਼ਾਮ ਲੱਗਦੇ ਰਹੇ ਹਨ। ਮੌਜੂਦਾ ਸੰਕਟ ਦੇ ਤਿੰਨ ਮੁੱਖ ਕਾਰਨ ਹਨ : 2019 ਵਿਚ ਟੈਕਸਾਂ ਵਿਚ ਵੱਡੀ ਛੋਟ ਦੇਣਾ, ਕੋਵਿਡ-19 ਦੀ ਮਹਾਮਾਰੀ ਅਤੇ 2021 ਵਿਚ ਖੇਤੀਬਾੜੀ ਸਿਰਫ਼ ਜੈਵਿਕ ਢੰਗ ਨਾਲ ਕਰਨ ਦਾ ਫ਼ੈਸਲਾ। ਖੇਤੀਬਾੜੀ ਖੇਤਰ ਵਿਚ ਕੀਤੇ ਗਏ ਫ਼ੈਸਲੇ ਕਾਰਨ 2021 ਵਿਚ ਝੋਨੇ ਦਾ ਝਾੜ ਬਹੁਤ ਜ਼ਿਆਦਾ ਘਟਿਆ ਅਤੇ ਦੇਸ਼ ਨੂੰ ਕਰੋੜਾਂ ਰੁਪਏ ਦਾ ਅਨਾਜ ਦਰਾਮਦ ਕਰਨਾ ਪਿਆ। ਖੇਤੀਬਾੜੀ ਨੂੰ ਮੁੜ ਲੀਹ 'ਤੇ ਲਿਆਉਣ ਲਈ ਵਿਸ਼ਵ ਬੈਂਕ ਤੋਂ 700 ਮਿਲੀਅਨ ਡਾਲਰ ਦਾ ਕਰਜ਼ਾ ਲਿਆ ਗਿਆ ਹੈ। ਅਜਿਹੀ ਨਾਜ਼ੁਕ ਸਥਿਤੀ ਵਿਚ ਸਾਰੀਆਂ ਪਾਰਟੀਆਂ ਦੀ ਸਾਂਝੀ ਸਰਕਾਰ ਸਿਆਸੀ ਮਜਬੂਰੀ ਹੈ ਪਰ ਆਰਥਿਕ ਅਸਥਿਰਤਾ ਅਤੇ ਅਰਾਜਕਤਾ ਨਾਲ ਸਿੱਝਣਾ ਇੰਨਾ ਸੌਖਾ ਕੰਮ ਨਹੀਂ ਹੈ। ਸ੍ਰੀਲੰਕਾ ਦੀ ਸਿਆਸਤ ਕਈ ਦਹਾਕਿਆਂ ਤੋਂ ਧਾਰਮਿਕ ਕੱਟੜਤਾ ਦਾ ਸ਼ਿਕਾਰ ਰਹੀ ਹੈ। ਸਿਆਸੀ ਜਮਾਤ, ਜਿਸ ਵਿਚ ਰਾਜਪਕਸਾ ਅਤੇ ਕੁਝ ਹੋਰ ਪਰਿਵਾਰਾਂ ਦਾ ਦਬਦਬਾ ਹੈ, ਧਾਰਮਿਕ ਕੱਟੜਤਾ ਦੀ ਅੱਗ 'ਤੇ ਸਿਆਸੀ ਰੋਟੀਆਂ ਸੇਕਦੀ ਰਹੀ ਹੈ। ਹਾਲਾਤ ਸੁਧਾਰਨ ਲਈ ਕੌਮਾਂਤਰੀ ਭਾਈਚਾਰੇ ਦਾ ਦਖ਼ਲ ਜ਼ਰੂਰੀ ਹੈ। ਇਸ ਸਮੇਂ ਤਰਜੀਹ ਸਰਕਾਰ ਬਣਾਉਣ ਅਤੇ ਅਮਨ ਕਾਇਮ ਕਰਨ ਨੂੰ ਦੇਣੀ ਚਾਹੀਦੀ ਹੈ। ਸ੍ਰੀਲੰਕਾ ਦੀ ਸੈਨਾ ਦੇ ਮੁਖੀ ਨੇ ਵੀ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਸਰਕਾਰ ਬਣਾਉਣਾ ਇਸ ਲਈ ਜ਼ਰੂਰੀ ਹੈ ਕਿ ਸਰਕਾਰ ਦੀ ਅਣਹੋਂਦ ਵਿਚ ਆਮ ਨਾਗਰਿਕਾਂ ਕੋਲ ਕੋਈ ਹੱਕ ਨਹੀਂ ਬਚਦੇ, ਉਨਾਂ ਨੂੰ ਹੱਕ-ਵਿਹੂਣੀ ਅਲਪ ਜ਼ਿੰਦਗੀ ਵੱਲ ਧੱਕਿਆ ਜਾਂਦਾ ਹੈ ਅਤੇ ਲੁਟੇਰੇ ਹਾਵੀ ਹੋ ਜਾਂਦੇ ਹਨ। ਕੌਮਾਂਤਰੀ ਸਹਾਇਤਾ ਪਹੁੰਚਾਉਣ ਲਈ ਵੀ ਅੰਤਰਿਮ ਸਰਕਾਰ ਬਣਾਉਣਾ ਜ਼ਰੂਰੀ ਹੈ।**

# ਬਾਈਡਨ ਦੇ ਪੁੱਤਰ ਨੇ ਪੰਜ ਮਹੀਨੇ ਵਿਚ 'ਦੇਹ ਵਪਾਰ' 'ਤੇ ਉਡਾਏ ਲੱਖਾਂ ਰੁਪਏ, ਚੱਲ ਸਕਦੈ ਮੁਕੱਦਮਾ

**ਵਾਸ਼ਿੰਗਟਨ/ਏ.ਟੀ.ਨਿਊਜ਼ :-** ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਦਾ ਪੁੱਤ ਹੰਟਰ ਬਾਈਡਨ ਆਪਣੇ ਸਕੈਂਡਲ ਕਾਰਨ ਸੁਰਖੀਆਂ ਵਿਚ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਉਸ ਦੇ ਘਪਲੇ ਉਸ ਨੂੰ ਹੋਰ ਵੀ ਘੇਰ ਰਹੇ ਹਨ। ਹੁਣ ਖ਼ਬਰਾਂ ਆ ਰਹੀਆਂ ਹਨ ਕਿ ਕੇਂਦਰੀ ਜਾਂਚ ਏਜੰਸੀਆਂ ਹੰਟਰ 'ਤੇ ਦੇਹ ਵਪਾਰ ਦਾ ਮੁਕੱਦਮਾ ਚਲਾ ਸਕਦੀਆਂ ਹਨ। ਅਜਿਹਾ ਇਸ ਲਈ ਕਿਉਂਕਿ ਕੁਝ ਦਸਤਾਵੇਜ਼ ਸਾਹਮਣੇ ਆਏ ਹਨ, ਜਿਨਾਂ ਤੋਂ ਪਤਾ ਲੱਗਾ ਹੈ ਕਿ ਹੰਟਰ ਬਾਈਡਨ ਨੇ ਪੰਜ ਮਹੀਨਿਆਂ ਵਿਚ ਐਸਕਾਰਟਸ 'ਤੇ 30 ਹਜ਼ਾਰ ਡਾਲਰ ਜਾਂ ਲਗਭਗ 24 ਲੱਖ ਰੁਪਏ ਖਰਚ ਕੀਤੇ ਹਨ। ਡੇਲੀ ਮੇਲ ਦੀ ਰਿਪੋਰਟ ਮੁਤਾਬਕ ਇਹ ਘਟਨਾ ਉਸ ਸਮੇਂ ਸਾਹਮਣੇ ਆਈ ਜਦੋਂ ਹੰਟਰ ਨੇ ਇੱਕ ਯੂਕ੍ਰੇਨੀ ਔਰਤ ਦਾ ਚੈੱਕ ਕੱਟ ਕੇ ਦਿੱਤਾ। ਬੈਂਕਾਂ ਨੇ ਇਸ ਲੈਣ-ਦੇਣ ਨੂੰ ਸ਼ੱਕੀ ਗਤੀਵਿਧੀ ਵਜੋਂ ਰੈੱਡ ਫਲੈਗ ਕੀਤਾ ਸੀ। ਜੇਪੀ ਮੋਰਗਨ ਚੇਜ਼ ਨੇ ਇੱਕ ਸ਼ੱਕੀ ਗਤੀਵਿਧੀ ਦੀ ਰਿਪੋਰਟ ਦਰਜ ਕੀਤੀ, ਜਿਸ ਵਿੱਚ ਫਲੋਰੀਡਾ ਅਤੇ ਨਿਊਯਾਰਕ ਸਥਿਤ ਏਕਾਟੇਰੀਨਾ ਮੋਰੇਵਾ ਨੇ ਹੰਟਰ ਦੀ ਕੰਪਨੀ ਤੋਂ ਹਜ਼ਾਰਾਂ ਡਾਲਰ ਪ੍ਰਾਪਤ ਕੀਤੇ, ਜਿਸ ਤੋਂ ਬਾਅਦ ਉਸ ਤੋਂ ਪੁੱਛਗਿੱਛ ਕੀਤੀ ਗਈ। ਇਸ ਤੋਂ ਇਲਾਵਾ ਉਹ ਕਥਿਤ ਤੌਰ 'ਤੇ ਉਨਾਂ ਔਰਤਾਂ ਤੋਂ ਵੀ ਪੈਸੇ ਲੈਂਦਾ ਸੀ,



ਜਿਨਾਂ ਨੂੰ ਹੰਟਰ ਨੇ ਸੈਕਸ ਲਈ ਬੁਲਾਇਆ ਸੀ।

**ਰਾਸ਼ਟਰਪਤੀ ਬਾਈਡਨ ਦੁਆਰਾ ਭੇਜੇ ਗਏ ਪੈਸੇ ਨਾਲ ਕੀਤਾ ਭੁਗਤਾਨ**

ਜਾਣਕਾਰੀ ਮੁਤਾਬਕ ਮੋਰੇਵਾ 'ਗਰਲਫ੍ਰੈਂਡ ਐਕਸਪੀਰੀਅੰਸ' ਲਈ ਇਕ ਵੈੱਬਸਾਈਟ ਚਲਾਉਂਦੀ ਹੈ, ਜਿਸ ਵਿਚ 20 ਸਾਲ ਜਾਂ ਇਸ ਤੋਂ ਘੱਟ ਉਮਰ ਦੀਆਂ ਕੁੜੀਆਂ ਸੈਕਸ ਲਈ ਉਪਲਬਧ ਹੁੰਦੀਆਂ ਹਨ। ਹੰਟਰ ਦੇ ਆਈਫੋਨ ਤੋਂ ਅਜਿਹੇ ਟੈਕਸਟ ਮਿਲੇ ਹਨ ਜਿਸ ਨਾਲ ਪਤਾ ਚੱਲਦਾ ਹੈ ਕਿ ਉਸਨੇ ਮੋਰੇਵਾ ਨੂੰ ਚੈੱਕ ਆਪਣੇ ਹੱਥ ਨਾਲ ਕੱਟ ਕੇ ਦਿੱਤਾ। ਇਹ ਚੈੱਕ ਹੰਟਰ ਨੇ ਮੈਡੀਕਲ ਸਰਵਿਸ ਲਈ ਦਿੱਤਾ ਸੀ। ਮਾਮਲਾ ਹੋਰ ਵੀ ਵਿਗੜ ਗਿਆ ਕਿਉਂਕਿ ਮੋਰੇਵਾ ਨੂੰ ਕੁਝ ਭੁਗਤਾਨ ਹੰਟਰ ਦੇ ਪਿਤਾ ਰਾਸ਼ਟਰਪਤੀ ਜੋਅ ਬਾਈਡਨ ਦੁਆਰਾ ਕੁਝ ਘੰਟੇ ਪਹਿਲਾਂ ਆਪਣੇ ਪੁੱਤਰ ਨੂੰ ਪੈਸੇ ਭੇਜਣ ਤੋਂ ਬਾਅਦ ਆਏ ਸਨ।

**ਡਰਗੱਜ਼ ਨਾਲ ਦਿਸਿਆ ਵੀਡੀਓ**

ਨਵੰਬਰ 2018 ਅਤੇ ਮਾਰਚ 20 19 ਦੇ ਵਿਚਕਾਰ ਹੰਟਰ ਨੇ ਲਗਭਗ ਇੱਕ ਐਸਕਾਰਟ 'ਤੇ 30 ਹਜ਼ਾਰ ਡਾਲਰ ਉਡਾਏ। ਇੱਥੇ ਕਈ ਫੋਟੋਆਂ ਅਤੇ ਵੀਡੀਓਜ਼ ਵੀ ਹਨ ਜੋ ਹੰਟਰ ਕੁੜੀਆਂ ਨੂੰ ਇਕ ਰਾਜ ਤੋਂ ਦੂਜੇ ਰਾਜ ਵਿੱਚ ਲਿਜਾਂਦੇ ਦਿਖਾਉਂਦੇ ਹਨ, ਜੋ ਇੱਕ ਸੰਭਾਵੀ ਸੰਘੀ ਅਪਰਾਧ ਹੈ। ਇਸ ਤੋਂ ਇਲਾਵਾ ਹੰਟਰ ਬਾਈਡਨ ਦੀ ਇਕ ਵੀਡੀਓ ਵੀ ਸਾਹਮਣੇ ਆਈ ਹੈ ਜਿਸ ਵਿਚ ਉਹ ਪੱਥਰ ਵਰਗੀ ਮਸ਼ੀਨ 'ਤੇ ਡਰੱਗਜ਼ ਰੱਖ ਕੇ ਤੋਲ ਰਿਹਾ ਹੈ। ਬਹੁਤ ਸਾਰੇ ਲੋਕਾਂ ਨੇ ਰਾਸ਼ਟਰਪਤੀ ਬਾਈਡਨ ਦਾ ਇੱਕ ਸਾਲ ਪੁਰਾਣਾ ਵੀਡੀਓ ਦਿਖਾ ਕੇ ਪ੍ਰਤੀਕਿਰਿਆ ਦਿੱਤੀ, ਜਿਸ ਵਿੱਚ ਉਹ ਮੰਗ ਕਰ ਰਹੇ ਸਨ ਕਿ ਜਿਸ ਕਿਸੇ ਕੋਲ ਵੀ ਥੋੜੀ ਮਾਤਰਾ ਵਿੱਚ ਡਰੱਗਜ਼ ਹੈ, ਉਸ ਨੂੰ ਜੇਲ ਭੇਜਿਆ ਜਾਣਾ ਚਾਹੀਦਾ ਹੈ।

# ਸਾਕਾ ਪੰਜਾ ਸਾਹਿਬ ਸ਼ਤਾਬਦੀ ਮੌਕੇ ਯਾਦਗਾਰੀ ਸਿੱਕਾ ਤੇ ਡਾਕ ਟਿਕਟ ਕਰੇਗੀ ਜਾਰੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਯਾਦਗਾਰੀ ਸਿੱਕਾ, ਡਾਕ ਟਿਕਟ, ਲਿਫਾਫਾ ਅਤੇ ਇਕ ਲੋਗੋ ਜਾਰੀ ਕਰਨ ਦੀ ਯੋਜਨਾ ਬਣਾਈ ਗਈ ਹੈ। ਕਮੇਟੀ ਵੱਲੋਂ ਪਾਕਿਸਤਾਨ ਸਥਿਤ ਗੁਰਦੁਆਰਾ ਪੰਜਾ ਸਾਹਿਬ ਵਿਖੇ ਇਹ ਚੀਜ਼ਾਂ ਜਾਰੀ ਕੀਤੀਆਂ ਜਾਣਗੀਆਂ। ਪਹਿਲਾਂ ਮਨਾਈਆਂ ਸ਼ਤਾਬਦੀਆਂ ਵਾਂਗ ਇਸ ਸ਼ਤਾਬਦੀ ਮੌਕੇ ਵੀ ਸ਼੍ਰੋਮਣੀ ਕਮੇਟੀ ਵੱਡੇ ਪੱਧਰ 'ਤੇ ਸਮਾਗਮ ਕਰਨਾ ਚਾਹੁੰਦੀ ਹੈ। ਇਸ ਤੋਂ ਪਹਿਲਾਂ 2019 ਵਿੱਚ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੀਤੇ ਸ਼ਤਾਬਦੀ ਸਮਾਗਮ ਦੌਰਾਨ ਵੀ ਯਾਦਗਾਰੀ ਸਿੱਕੇ ਜਾਰੀ ਕੀਤੇ ਗਏ ਸਨ। ਜਾਣਕਾਰੀ ਅਨੁਸਾਰ ਇਸ ਵਾਰ ਇਹ ਯਾਦਗਾਰੀ ਸਿੱਕੇ ਸੋਨੇ ਤੇ ਚਾਂਦੀ ਦੀ ਥਾਂ ਤਾਂਬੇ ਦੇ ਤਿਆਰ ਕੀਤੇ ਜਾਣਗੇ ਤਾਂ ਜੋ ਹਰੇਕ ਵਿਅਕਤੀ ਆਸਾਨੀ ਨਾਲ ਇਨਾਂ ਨੂੰ ਖਰੀਦ ਸਕੇ। ਸ਼ਤਾਬਦੀ ਸਮਾਗਮ ਪਾਕਿਸਤਾਨ ਵਿੱਚ ਕਰਵਾਉਣ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਾਕਿ ਸਰਕਾਰ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤੇ ਛੇਤੀ ਹੀ ਇੱਕ ਵਫ਼ਦ ਪ੍ਰੋਗਰਾਮਾਂ ਦੀ ਰੂਪ-ਰੇਖਾ ਤੈਅ ਕਰਨ ਵਾਸਤੇ ਪਾਕਿਸਤਾਨ ਭੇਜਿਆ ਜਾਵੇਗਾ। ਇਸ ਸ਼ਤਾਬਦੀ ਸਬੰਧੀ ਮੁੱਖ ਸਮਾਗਮ 30 ਅਕਤੂਬਰ ਨੂੰ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਵਿੱਚ ਕਰਵਾਉਣ ਦੀ ਯੋਜਨਾ ਹੈ। ਸਮਾਗਮ ਦੀਆਂ ਤਿਆਰੀਆਂ ਸਬੰਧੀ ਪਾਕਿ ਜਾਣ ਵਾਲੇ ਸਿੱਖ ਵਫ਼ਦ ਵਿੱਚ ਸ਼ਾਮਲ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਜਾਇਬ ਸਿੰਘ ਅਭਿਆਸੀ ਨੇ ਦੱਸਿਆ ਕਿ ਇਸ ਸਬੰਧ ਵਿਚ ਪਾਕਿਸਤਾਨ ਸਰਕਾਰ ਵੱਲੋਂ ਹੁੰਗਾਰੇ ਦੀ ਉਡੀਕ ਕੀਤੀ ਜਾ ਰਹੀ ਹੈ। ਉਨਾਂ ਦੱਸਿਆ ਕਿ 28 ਅਕਤੂਬਰ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਅਖੰਡ ਪਾਠ ਆਰੰਭ ਕਰਨ ਤੇ 30 ਅਕਤੂਬਰ ਨੂੰ ਭੋਗ ਪਾਉਣ ਦੀ ਯੋਜਨਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਪੰਜਾਬ ਵਿਧਾਨ ਸਭਾ ’ਚ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਬਾਰੇ ਬੋਲਣ ਲਈ ਸਮਾਂ ਨਾ ਦੇਣਾ ਵੀ ਇੱਕ ਬੇਅਦਬੀ : ਐਮਪੀ ਪ੍ਰੀਤ ਕੌਰ ਗਿੱਲ

## ਫਤਿਹਗੜ੍ਹ ਸਾਹਿਬ ਦੀ ਧਰਤੀ ’ਤੇ 17 ਤਰੀਕ ਨੂੰ ਹੋ ਰਹੇ ‘ਬੇਅਦਬੀ ਇਜਲਾਸ’ ਵਿਚ ਭਰਵੀਂ ਹਾਜ਼ਰੀ ਭਰੀ ਜਾਏ, ਜਿਸਦਾ ਅਸੀਂ ਸਮਰਥਨ ਕਰਦੇ ਹਾਂ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ** :- ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਹੋ ਰਹੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਤੋਂ ਦੁਨੀਆ ਭਰ ਵਿੱਚ ਵੱਸਦੇ ਸਿੱਖ, ਜਿੱਥੇ ਪਹਿਲਾਂ ਹੀ ਬੇਹੱਦ ਦੁਖੀ ਹਨ, ਉਥੇ ਪੰਜਾਬ ਵਿਧਾਨ ਸਭਾ ਦੇ ਇੱਕ ਹਫ਼ਤਾ ਚੱਲੇ ਬਜਟ ਸੈਸ਼ਨ ਵਿੱਚ ਬੇਅਦਬੀਆਂ ਬਾਰੇ ਚਰਚਾ ਕਰਨ ਲਈ 10 ਮਿੰਟ ਦਾ ਸਮਾਂ ਵੀ ਨਾ ਦੇ ਕੇ, ਸੰਗਤਾਂ ਦੇ ਜ਼ਖਮਾਂ ’ਤੇ ਲੂਣ ਛਿੜਕਿਆ ਗਿਆ ਹੈ। ਇਹ ਵਿਚਾਰ ਇੰਗਲੈਂਡ ਦੀ ਪਹਿਲੀ ਮਹਿਲਾ ਸਿੱਖ ਐਮਪੀ ਪ੍ਰੀਤ ਕੌਰ ਗਿੱਲ ਨੇ ਪੱਤਰਕਾਰਾਂ ਨੂੰ ਜਾਰੀ ਕੀਤਾ ਆਪਣੇ ਬਿਆਨ ਵਿਚ ਸਾਂਝੇ ਕੀਤੇ। ਉਨਾਂ ਕਿਹਾ ਯੂ.ਕੇ. ਵਿੱਚ ਵਾਸਦੇ ਸਿੱਖ, ਹਾਊਸ ਦੀ ਇਸ ਕਾਰਵਾਈ ਤੋਂ ਬਹੁਤ ਪ੍ਰੇਸ਼ਾਨ ਹਨ ਅਤੇ ਇਸ ਨੂੰ ਇਕ ਹੋਰ ਬੇਅਦਬੀ ਦੇ ਰੂਪ ’ਚ ਦੇਖ ਰਹੇ ਹਨ। ਜਦਕਿ ਇੰਗਲੈਂਡ ਸਮੇਤ ਅੱਜ ਦੁਨੀਆ ਦੇ ਕਈ ਵਿਕਸਿਤ ਦੇਸ਼ਾਂ ਦੀਆਂ ਪਾਰਲੀਮੈਂਟਾਂ ’ਚ ਸਿੱਖ ਮਸਲੇ ਅਕਸਰ ਵਿਚਾਰੇ ਜਾਂਦੇ ਹਨ ਅਤੇ ਸਿੱਖਾਂ ਲਈ ਕਈ ਮਤੇ ਪਾਸ ਕੀਤੇ ਜਾਂਦੇ ਹਨ, ਦੂਜੇ ਪਾਸੇ ਸਿੱਖੀ ਦੀ ਜਨਮ ਭੂਮੀ ਪੰਜਾਬ ਦੀ ਵਿਧਾਨ ਸਭਾ ਇਹ ਵਰਤਾਰਾ ਸਭ ਨੂੰ ਹੈਰਾਨ ਕਰਨ ਵਾਲਾ ਹੈ। ਉਨਾਂ ਕਿਹਾ ਭਗਵੰਤ ਮਾਨ ਲਈ ਕਿੰਨਾ ਚੰਗਾ ਹੁੰਦਾ ਕਿ ਉਹ ਖੁਦ ਇਹ ਪ੍ਰਸਤਾਵ ਲੈ ਕੇ ਆਉਂਦੇ, ਸਾਰਾ ਹਾਊਸ ਇਸ ਤੇ ਚਰਚਾ ਕਰਕੇ ਇਨਾਂ ਬੇਅਦਬੀਆਂ ਨੂੰ ਰੋਕਣ ਲਈ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਂਦਾ। ਅਜਿਹਾ ਕਰਕੇ ਉਹ ਚੋਣਾਂ ਦੌਰਾਨ ਪੰਜਾਬੀਆਂ ਨਾਲ ਕੀਤੇ ਆਪਣੇ ਵਾਅਦੇ ਪੂਰਾ ਕਰ ਰਹੇ ਹੁੰਦੇ। ਇਸ ਮੌਕੇ ਐਮਪੀ ਗਿੱਲ ਨੇ ਕਿਹਾ ਇਸ ਗੰਭੀਰ ਮਸਲੇ ਨੂੰ ਦੁਨੀਆ ਭਰ ਦੇ ਸਿੱਖਾਂ ਦੇ ਸਾਹਮਣੇ ਲਿਆਉਣ ਲਈ



ਅਤੇ ਪੰਜਾਬ ਵਿਧਾਨ ਸਭਾ ਨੂੰ ਉਨਾਂ ਦੀ ਗਲਤੀ ਦਾ ਅਹਿਸਾਸ ਕਰਾਉਣ ਲਈ, ਸ੍ਰੀ ਫਤਿਹਗੜ੍ਹ ਸਾਹਿਬ ਦੀ ਧਰਤੀ ਤੇ 17 ਤਰੀਕ ਨੂੰ ਹੋ ਰਿਹਾ ‘ਬੇਅਦਬੀ ਇਜਲਾਸ’ ਅੱਠੇ ਪਹਿਰ ਟਹਿਲ ਸੇਵਾ ਲਹਿਰ ਦਾ ਸਹੀ ਸਮੇਂ ਤੇ ਚੁੱਕਿਆ ਗਿਆ ਇਕ ਸਾਰਥਿਕ ਕਦਮ ਹੈ, ਜਿਸਦਾ ਅਸੀਂ ਸਮਰਥਨ ਕਰਦੇ ਹਾਂ। ਪੰਜਾਬ ਦੇ ਸਾਰੇ ਵਿਧਾਇਕਾਂ ਨੂੰ ਸ਼ਹੀਦਾਂ ਦੀ ਪਵਿੱਤਰ ਧਰਤੀ ਤੇ ਪਹੁੰਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਾਨ ਤੇ ਨਿਰੰਤਰ ਹੋ ਰਹੇ ਇਨਾਂ ਹਮਲਿਆਂ ਨੂੰ ਪੱਕੇ ਤੌਰ ’ਤੇ ਰੋਕਣ ਲਈ ਦ੍ਰਿੜਤਾ ਵਾਲਾ ਫੈਸਲਾ ਲੈਣਾ ਚਾਹੀਦਾ ਹੈ। ਇਸ ਪੂਰੇ ਮਾਮਲੇ ਨੂੰ ਖਾਲਸਾਈ ਜਜ਼ਬੇ ਨਾਲ ਡਟਕੇ ਸਰਕਾਰ ਸਾਹਮਣੇ ਰੱਖਣ ਲਈ ਉਨਾਂ ਭਾਈ ਗੁਰਪ੍ਰੀਤ ਸਿੰਘ ਦੇ ਉਧਮ ਦੀ ਸਲਾਹੁਣਾ ਕੀਤੀ, ਨਾਲ ਹੀ ਪੰਜਾਬ ਅਤੇ ਨਾਲ ਲਗਦੇ ਸੂਬਿਆਂ ਦੀ ਸੰਗਤ ਨੂੰ ਵੱਡੀ ਗਿਣਤੀ ’ਚ ਬੇਅਦਬੀ ਇਜਲਾਸ ਵਿੱਚ ਪਹੁੰਚਣ ਦੀ ਅਪੀਲ ਵੀ ਕੀਤੀ।

# ਸਿੱਖ ਜਥੇਬੰਦੀਆਂ ਅੱਗੇ ਝੁਕੀ ਪੰਜਾਬ ਸਰਕਾਰ

## ਸੰਤ ਭਿੰਡਰਾਂਵਾਲੇ ਤੇ ਭਾਈ ਹਵਾਰਾ ਦੀਆਂ ਤਸਵੀਰਾਂ ਹਟਾਉਣ ਵਾਲਾ ਹੁਕਮ ਲਿਆ ਵਾਪਸ

**ਜਲੰਧਰ/ਏ.ਟੀ.ਨਿਊਜ਼** :- ਸਰਕਾਰੀ ਬੱਸਾਂ ਤੋਂ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਦੀਆਂ ਤਸਵੀਰਾਂ ਹਟਾਉਣ ਦਾ ਦਿੱਤਾ ਹੁਕਮ ਪੰਜਾਬ ਸਰਕਾਰ ਵੱਲੋਂ ਵਾਪਸ ਲੈ ਲਿਆ ਹੈ। ਦਰਅਸਲ ਪਿਛਲੇ ਦਿਨੀਂ ਦਲ ਖਾਲਸਾ ਨਾਲ ਜੁੜੇ ਸੈਂਕੜੇ ਨੌਜਵਾਨਾਂ ਨੇ ਜਲੰਧਰ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਭਾਈ ਜਗਤਾਰ ਸਿੰਘ ਹਵਾਰਾ ਦੀਆਂ ਤਸਵੀਰਾਂ ਉਤਾਰਨ ਦੇ ਵਿਰੋਧ ਵਿਚ ਰੋਸ ਮਾਰਚ ਕਰ ਕੇ ਪੀਆਰਟੀਸੀ ਨੂੰ ਇਹ ਹੁਕਮ ਵਾਪਸ ਲੈਣ ਦੀ ਚਿਤਾਵਨੀ ਦਿੱਤੀ ਸੀ।




ਦਲ ਖਾਲਸਾ ਤੇ ਹੋਰ ਸਿੱਖ ਜਥੇਬੰਦੀਆਂ ਦੇ ਦਬਾਅ ਨੂੰ ਦੇਖਦਿਆਂ ਪੀਆਰਟੀਸੀ ਨੇ ਸਰਕਾਰੀ ਬੱਸਾਂ ਤੋਂ ਸੰਤ ਭਿੰਡਰਾਵਾਲਾ ਤੇ ਭਾਈ ਜਗਤਾਰ ਸਿੰਘ ਹਵਾਰਾ ਦੀਆਂ ਤਸਵੀਰਾਂ ਹਟਾਉਣ ਦੇ ਆਪਣੇ ਪੁਰਾਣੇ ਹੁਕਮ ਵਾਪਸ ਲੈ ਲਏ ਹਨ। ਪਾਰਟੀ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਦੱਸਿਆ ਕਿ ਬਠਿੰਡਾ ਜ਼ੋਨ ਵੱਲੋਂ ਮਿਲੇ ਪੱਤਰ ’ਚ ਪੀਆਰਟੀਸੀ ਨੇ ਸਵੀਕਾਰ ਕੀਤਾ ਹੈ ਕਿ ਸਿੱਖ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਹਟਾਉਣ ਦੇ ਉਨਾਂ ਦੇ ਪਿਛਲੇ ਹੁਕਮਾਂ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਉਨਾਂ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਅੱਗੇ ਤੋਂ ਪ੍ਰਸ਼ਾਸਨ ਇਸ ਗੱਲ ਦਾ ਧਿਆਨ ਰੱਖੇ ਕਿ ਕੋਈ ਵੀ ਅਜਿਹਾ ਨੋਟਿਸ ਜਾਰੀ ਨਾ ਕੀਤਾ ਜਾਵੇ, ਜਿਸ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੋਵੇ।

# ਭਾਜਪਾ ਦੇ ਅੱਤਵਾਦੀਆਂ ਨਾਲ ਸੰਬੰਧਾਂ ਦੇ ਲੱਗੇ ਦੋਸ਼, ਸੁਖਪਾਲ ਖਹਿਰਾ ਨੇ ਕਿਹਾ ਜਾਂਚ ਹੋਵੇ

**ਜੰਮੂ/ਏ.ਟੀ.ਨਿਊਜ਼** :- ਪੰਜਾਬ ਦੇ ਵਿਧਾਇਕ ਤੇ ਕਾਂਗਰਸ ਦੇ ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ ਨੇ ਭਾਜਪਾ ਦੇ ਅੱਤਵਾਦੀਆਂ ਨਾਲ ਤਾਰ ਜੁੜਨ ਦੇ ਦੋਸ਼ ਲਗਾ ਕੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਖਹਿਰਾ ਨੇ ਕੇਂਦਰ ਸਰਕਾਰ ’ਤੇ ਦੋਸ਼ ਲਾਇਆ ਕਿ ਸੀਬੀਆਈ, ਈਡੀ ਸਮੇਤ ਜਾਂਚ ਏਜੰਸੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਮੋਦੀ ਸਰਕਾਰ ਕਾਂਗਰਸ ਮੁਕਤ ਨਹੀਂ, ਬਲਕਿ ਵਿਰੋਧੀ ਧਿਰ ਮੁਕਤ ਭਾਰਤ ਦੇ ਏਜੰਡੇ ’ਤੇ ਕੰਮ ਕਰ ਰਹੀ ਹੈ। ਖਹਿਰਾ ਨੇ ਕਿਹਾ ਕਿ ਜਾਂਚ ਏਜੰਸੀਆਂ ਨੂੰ ਅੱਠ ਸਾਲਾਂ ’ਚ ਭਾਜਪਾ ਆਗੂਆਂ ਵਿਚ ਕੋਈ ਬੁਰਾਈ ਦਿਖਾਈ ਨਹੀਂ ਦਿੱਤੀ। ਇਹ ਦੇਸ਼ ਦੇ ਲੋਕਤੰਤਰ ਲਈ ਖਤਰਾ ਹੈ। ਕਾਂਗਰਸ ਦਹਿਸ਼ਤ ਤੇ ਸਿਆਸਤ ਦੇ ਹੱਕ ਵਿਚ ਕਦੇ ਨਹੀਂ ਰਹੀ। ਜਿਸ ਤਰਾਂ ਨਾਲ ਇਕ ਦੇ ਬਾਅਦ ਇਕ ਘਟਨਾਵਾਂ ’ਚ ਲਗਾਤਾਰ ਅੱਤਵਾਦੀਆਂ ਤੇ ਅਪਰਾਧੀਆਂ ਦੇ ਤਾਰ ਭਾਜਪਾ ਨਾਲ ਜੁੜੇ ਮਿਲੇ ਹਨ। ਅਜਿਹੇ ਵਿਚ ਸਵਾਲ ਪੁੱਛਣਾ ਜ਼ਰੂਰੀ ਹੋ ਜਾਂਦਾ



ਹੈ। ਪਿਛਲੇ ਦਿਨੀਂ ਰਾਜਸਥਾਨ ਦੇ ਉਦੈਪੁਰ ’ਚ ਕਨਈਆ ਲਾਲ ਦੀ ਹੱਤਿਆ ਵਿਚ ਸ਼ਾਮਲ ਇਕ ਮੁਲਜ਼ਮ ਮੁਹੰਮਦ ਰਿਆਜ਼ ਭਾਜਪਾ ਦਾ ਵਰਕਰ ਨਿਕਲਿਆ। ਰਿਆਸੀ ’ਵਿਚ ਪਿੰਡ ਦੇ ਲੋਕਾਂ ਵਲੋਂ ਫੜੇ ਗਏ ਲਸ਼ਕਰ-ਏ-ਤੋਇਬਾ ਦੇ ਦੋ ਅੱਤਵਾਦੀਆਂ ਵਿਚੋਂ ਤਾਲਿਬ ਹੁਸੈਨ ਸ਼ਾਹ ਭਾਜਪਾ ਦਾ ਅਹੁਦੇਦਾਰ ਨਿਕਲਿਆ। ਉਨਾਂ ਦੋਸ਼ ਲਾਇਆ ਕਿ ਸਾਲ 2020 ਵਿਚ ਜੰਮੂ ਕਸ਼ਮੀਰ ’ਚ ਅੱਤਵਾਦੀਆਂ ਨੂੰ ਹਥਿਆਰ ਮੁਹੱਈਆ ਕਰਾਉਣ ਦੇ ਦੋਸ਼ ਵਿਚ ਭਾਜਪਾ ਦੇ ਸਾਬਕਾ ਆਗੂ ਤੇ ਸਰਪੰਚ ਤਾਰਿਕ ਅਹਿਮਦ ਮੀਰ ਨੂੰ ਗ੍ਰਿਫ਼ਤਾਰ ਕੀਤਾ ਸੀ। ਅੱਤਵਾਦੀ ਮਸੂਦ ਅਜ਼ਹਰ ਨੂੰ ਵੀ ਭਾਜਪਾ ਸਰਕਾਰ ਨੇ ਛੱਡਿਆ ਸੀ, ਜਿਸ ਤੋਂ ਬਾਅਦ ਉਸ ਨੇ ਦੇਸ਼ ਵਿਚ ਕਈ ਅੱਤਵਾਦੀ ਵਾਰਦਾਤਾਂ ਨੂੰ ਅੰਜਾਮ ਦਿੱਤਾ। ਪੁਲਵਾਮਾ ਵਿਚ 2000 ਕਿੱਲੋ ਆਰਡੀਐਕਸ ਕਿਵੇਂ ਪਹੁੰਚਿਆ, ਇਸ ਦਾ ਜਵਾਬ ਹਾਲੇ ਤੱਕ ਦੇਸ਼ ਨੂੰ ਨਹੀਂ ਮਿਲਿਆ। ਇਸ ਦੀ ਜਾਂਚ ਹਾਲੇ ਤੱਕ ਕਿਉਂ ਨਹੀਂ ਹੋਈ, ਇਹ ਵੀ ਇਕ ਸਵਾਲ ਹੈ।

# ਪੰਜਾਬੀ ਗਾਣਿਆਂ ਤੋਂ ਡਰਨ ਲੱਗੀ ਮੋਦੀ ਸਰਕਾਰ

## ✪ ਯੂ-ਟਿਊਬ ਵੱਲੋਂ ਭਾਰਤ ਵਿਚ ਕੰਵਰ ਗਰੇਵਾਲ ਦੇ ਗੀਤ ‘ਰਿਹਾਈ’ ਉੱਤੇ ਪਾਬੰਦੀ ✪ ਕਿਸਾਨ ਅੰਦੋਲਨ ਤੋਂ ਬਾਅਦ ਪੰਜਾਬੀ ਗਾਇਕਾਂ ਦੇ ਗੀਤਾਂ ’ਤੇ ਰੱਖੀ ਜਾ ਰਹੀ ਹੈ ਖਾਸ ਨਜ਼ਰ

**ਚੰਡੀਗੜ੍ਹ/ਏ.ਟੀ.ਨਿਊਜ਼** :- ਪੰਜਾਬੀ ਗਾਇਕ ਕੰਵਰ ਗਰੇਵਾਲ ਦੇ ਗੀਤ ‘ਰਿਹਾਈ’ ਨੂੰ ਯੂ-ਟਿਊਬ ਨੇ ਭਾਰਤ ਵਿੱਚ ਸਰੋਤਿਆਂ ਦੀ ਪਹੁੰਚ ਤੋਂ ਦੂਰ ਕਰ ਦਿੱਤਾ ਹੈ। ਯੂ-ਟਿਊਬ ਵੱਲੋਂ ਇਹ ਕਦਮ ਭਾਰਤ ਸਰਕਾਰ ਦੇ ਇਤਰਾਜ਼ ਤੋਂ ਬਾਅਦ ਉਠਾਇਆ ਗਿਆ ਹੈ। ਸੂਫੀ ਗਾਇਕ ਵਜੋਂ ਮਸ਼ਹੂਰ ਕੰਵਰ ਗਰੇਵਾਲ ਨੇ ਆਪਣੇ ਨਵੇਂ ਰਿਲੀਜ਼ ਹੋਏ ਗੀਤ ‘ਰਿਹਾਈ’ ਰਾਹੀਂ ਦੇਸ਼ ਦੀਆਂ ਵੱਖ-ਵੱਖ ਜੇਲਾਂ ਵਿੱਚ ਬੰਦ ਸਿੱਖ



ਕੈਦੀਆਂ ਦੀ ਰਿਹਾਈ ਦੀ ਆਵਾਜ਼ ਬੁਲੰਦ ਕੀਤੀ ਸੀ। ਇਸ ਗੀਤ ਰਾਹੀਂ ਗਾਇਕ ਨੇ ਕੇਂਦਰ ਸਰਕਾਰ ਵੱਲ ਇਸ਼ਾਰਾ ਕਰਦਿਆਂ ਤਿੱਖੀਆਂ ਟਿੱਪਣੀਆਂ ਵੀ ਕੀਤੀਆਂ ਸਨ। ਯੂ-ਟਿਊਬ ਵੱਲੋਂ ਪੰਜਾਬੀ ਗਾਇਕਾਂ ਦੇ ਗੀਤਾਂ ਨੂੰ ਭਾਰਤ ਵਿੱਚ ਲੋਕਾਂ ਦੀ ਪਹੁੰਚ ਤੋਂ ਦੂਰ ਕੀਤੇ ਜਾਣ ਜਾਂ ਭਾਰਤ ਵਿੱਚ ਪਾਬੰਦੀ ਲਗਾਏ ਜਾਣ ਦਾ ਇਹ ਦੂਜਾ ਮਾਮਲਾ ਹੈ। ਕੰਵਰ ਗਰੇਵਾਲ ਦਾ ਇਹ ਗੀਤ ਕੁਝ ਦਿਨ ਪਹਿਲਾਂ ਹੀ ਰਿਲੀਜ਼ ਹੋਇਆ ਸੀ ਅਤੇ ਰਿਲੀਜ਼ ਹੁੰਦਿਆਂ ਹੀ ਭਾਰਤ ਸਰਕਾਰ ਦੀਆਂ ਏਜੰਸੀਆਂ ਦੀ ਨਿਗਰਾਨੀ ਹੇਠ ਆ ਗਿਆ। ਭਾਰਤ ਸਰਕਾਰ ਵਿਚਲੇ ਸੂਤਰਾਂ ਦਾ ਕਹਿਣਾ ਹੈ ਕਿ ਇਸ ਤਰਾਂ ਦੇ ਗੀਤਾਂ ਨਾਲ ਸਮਾਜ ਵਿਚ ਤਣਾਅ ਪੈਦਾ ਹੋ ਸਕਦਾ ਹੈ। ਇਸ ਤੋਂ ਪਹਿਲਾਂ ਮਰਹੂਮ ਗਾਇਕ ਦਾ ਗੀਤ ‘ਐੱਸਵਾਈਐੱਲ’ ਰਿਲੀਜ਼ ਹੋਣ ਦੇ ਕੁਝ ਦਿਨਾਂ ਬਾਅਦ ਹੀ ਭਾਰਤ ਵਿੱਚ ਬੰਦ ਕਰ ਦਿੱਤਾ ਗਿਆ ਸੀ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਭਾਰਤ ਸਰਕਾਰ ਦੇ ਸੂਚਨਾ ਤੇ ਤਕਨਾਲੋਜੀ ਮੰਤਰਾਲੇ ਵੱਲੋਂ ਪੰਜਾਬੀ ਗਾਇਕਾਂ ਦੇ ਗੀਤਾਂ ਦੀ ਅਕਸਰ ਸਮੀਖਿਆ ਕੀਤੀ ਜਾਂਦੀ ਹੈ। ਖਾਸ ਕਰ ਕੇ ਕਿਸਾਨ ਅੰਦੋਲਨ ਤੋਂ ਬਾਅਦ ਤਾਂ ਪੰਜਾਬੀ ਗਾਇਕਾਂ ਦੇ ਗੀਤਾਂ ’ਤੇ ਖਾਸ ਨਜ਼ਰ ਰੱਖੀ ਜਾ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦਿਆਂ ਕੰਵਰ ਗਰੇਵਾਲ ਵੱਲੋਂ ਗਾਏ ਗੀਤ ‘ਰਿਹਾਈ’ ’ਤੇ ਪਾਬੰਦੀ ਲਗਾਉਣ ਦੇ ਫੈਸਲੇ ਨੂੰ ਬੇਹੱਦ ਮੰਦਭਾਗਾ ਕਰਾਰ ਦਿੱਤਾ। ਉਨਾਂ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਕਿ ਉਹ ਨਾਗਰਿਕਾਂ ਦੇ ਬੋਲਣ ਦੇ ਅਧਿਕਾਰ ਦੇ ਨਾਲ-ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਆਪਣਾ ਫ਼ੈਸਲਾ ਵਾਪਸ ਲਵੇ। ਬਾਦਲ ਨੇ ਕਿਹਾ ਕਿ ਸੰਸਦ ਦੇ ਆਉਂਦੇ ਸੈਸ਼ਨ ਵਿੱਚ ਇਹ ਮਾਮਲਾ ਚੁੱਕਿਆ ਜਾਵੇਗਾ।

# ਜਥੇਦਾਰ ਧਾਮੀ ਨੇ ਸਿੱਖ ਯੂਥ ਨੂੰ ਸਿੱਖ ਸ਼ਸਤਰ ਵਿੱਦਿਆ ਨਾਲ ਜੁੜਨ ਦਾ ਦਿੱਤਾ ਸੱਦਾ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ ਪੀਰੀ ਦਿਵਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸ਼ਸਤਰ ਵਿੱਦਿਆ ਗਤਕਾ ਨੂੰ ਪ੍ਰਫੁੱਲਤ ਕਰਨ ਦੀ ਅਰਦਾਸ ਉਪਰੰਤ ਰਸਮੀ ਸ਼ੁਰੂਆਤ ਕੀਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਹਰਿਮੰਦਰ ਸਾਹਿਬ ਘੰਟਾ ਘਰ ਦੇ ਬਾਹਰ ਬਣੇ ਪਲਾਜ਼ਾ ਵਿਖੇ ਵੱਖ-ਵੱਖ ਗੱਤਕਾ ਅਖਾੜਿਆਂ ਦੀਆਂ ਟੀਮਾਂ ਨੇ ਗੱਤਕੇ ਦੇ ਜੌਹਰ ਦਿਖਾਏ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਹਰਿਮੰਦਰ ਸਾਹਿਬ ਘੰਟਾ ਘਰ ਦੇ ਬਾਹਰ ਬਣੇ ਪਲਾਜ਼ਾ ਵਿਖੇ ਵੱਖ-ਵੱਖ ਗੱਤਕਾ ਅਖਾੜਿਆਂ ਦੀਆਂ ਟੀਮਾਂ ਨੇ ਗੱਤਕੇ ਦੇ ਜੌਹਰ ਦਿਖਾਏ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿਥੇ ਸਾਨੂੰ ਗੁਰਬਾਣੀ, ਸਿਮਰਨ ਰਾਹੀਂ ਰੂਹਾਨੀਅਤ ਤੌਰ 'ਤੇ ਬਲਵਾਨ ਹੋਣ ਲਈ ਪ੍ਰੇਰਿਆ, ਉਥੇ ਹੀ ਸਰੀਰਕ ਤੇ ਰਾਜਸੀ ਤੌਰ 'ਤੇ ਤਗੜੇ ਹੋਣ ਅਤੇ ਸ਼ਸਤਰ ਕਲਾ 'ਚ ਨਿਪੁੰਨ ਹੋਣ ਲਈ ਵੀ ਕਿਹਾ। ਉਨਾਂ ਨੌਜਵਾਨਾਂ ਤੇ ਬੱਚੇ-ਬੱਚੀਆਂ ਨੂੰ ਸ਼ਸਤਰ ਵਿੱਦਿਆ ਨਾਲ ਜੁੜਨ ਤੇ ਅਭਿਆਸ ਕਰਨ ਦੀ ਪ੍ਰੇਰਣਾ ਵੀ ਕੀਤੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੇ ਸਿਧਾਂਤ ਨੂੰ ਸਮਰਪਿਤ ਦੋ ਕਿਰਪਾਨਾਂ ਪਹਿਨ ਕੇ ਸਿੱਖਾਂ ਲਈ ਪਾਤਸ਼ਾਹੀ ਜੀਵਨ ਦੀ ਮਿਸਾਲ ਦਿੱਤੀ। ਉਨਾਂ ਕਿਹਾ ਕਿ ਛੇਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਚੰਗੇ ਘੋੜੇ ਅਤੇ ਸ਼ਸਤਰ ਭੇਟ ਕਰਨ ਲਈ ਹੁਕਮ ਕੀਤੇ ਤੇ ਸ਼ਸਤਰ ਵਿੱਦਿਆ ਵਿੱਚ ਨਿਪੁੰਨ ਕੀਤਾ। ਉਨਾਂ ਕਿਹਾ ਕਿ ਸਿੱਖ ਸ਼ਸਤਰ ਕਲਾ ਗੱਤਕਾ ਆਤਮ ਰੱਖਿਆ ਦੇ ਨਾਲ-ਨਾਲ ਚੜ ਕੇ ਆਏ ਦੁਸ਼ਮਣ ਨਾਲ ਟਾਕਰੇ ਲਈ ਵੀ ਸਹਾਈ ਹੁੰਦਾ ਹੈ। ਉਨਾਂ ਨੌਜਵਾਨੀ ਨੂੰ ਸਿੱਖ ਸ਼ਸਤਰ ਕਲਾ ਗੱਤਕੇ ਨਾਲ ਜੁੜਨ ਦੀ ਅਪੀਲ ਕੀਤੀ।



ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗੱਤਕਾ ਫੈਡਰੇਸ਼ਨਾਂ, ਐਸੋਸੀਏਸ਼ਨਾਂ ਅਤੇ ਅਖਾੜਿਆਂ ਦੇ ਨੁਮਾਇੰਦਿਆਂ ਨਾਲ ਇਕੱਤਰਤਾ ਕੀਤੀ ਤੇ ਸਿੱਖ ਸ਼ਸਤਰ ਵਿੱਦਿਆ ਗੱਤਕਾ ਨੂੰ ਪ੍ਰਫੁੱਲਤ ਕਰਨ ਲਈ ਸਹਿਯੋਗ ਕਰਨ ਲਈ ਪ੍ਰੇਰਿਆ। ਗੁਰਚਰਨ ਸਿੰਘ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ, ਗੁਰਤੇਜ ਸਿੰਘ ਸ਼੍ਰੋਮਣੀ ਗੱਤਕਾ ਫੈਡਰੇਸ਼ਨ ਆਫ ਇੰਡੀਆ, ਹਰਚਰਨ ਸਿੰਘ ਭੁੱਲਰ ਤੇ ਬਲਜਿੰਦਰ ਸਿੰਘ ਗੱਤਕਾ ਫੈਡਰੇਸ਼ਨ ਆਫ ਇੰਡੀਆ, ਰਾਜਿੰਦਰ ਸਿੰਘ ਪੰਜਾਬ ਗੱਤਕਾ ਐਸੋਸੀਏਸ਼ਨ, ਰਵਿੰਦਰ ਸਿੰਘ ਗੱਤਕਾ ਐਸੋਸੀਏਸ਼ਨ ਆਫ ਜੰਮੂ ਕਸ਼ਮੀਰ, ਗੁਰਚਰਨ ਸਿੰਘ ਪੁਰਾਤਨ ਸਿੱਖ ਸ਼ਾਸਤਰ ਵਿੱਦਿਆ ਕੈਬਨਿਟ ਦਿੱਲੀ, ਮਨਜੀਤ ਸਿੰਘ ਸਿੱਖ ਸ਼ਸਤਰ ਵਿੱਦਿਆ ਕਾਊਂਸਲ, ਜ਼ੋਰਾਵਰ ਸਿੰਘ ਗੱਤਕਾ ਐਸੋਸੀਏਸ਼ਨ ਦਿੱਲੀ ਸਮੇਤ ਵੱਖ-ਵੱਖ ਗੱਤਕਾ ਅਖਾੜਿਆਂ ਦੇ ਨੁਮਾਇੰਦੇ ਸ਼ਾਮਲ ਹੋਏ।

### ਕੀ ਹੈ ਮੀਰੀ ਪੀਰੀ ਇਤਿਹਾਸ ?

ਜਦ ਪੰਜਵੇਂ ਸਿੱਖ ਗੁਰੂ ਸ੍ਰੀ ਗੁਰੂ ਅਰਜੁਨ ਦੇਵ ਜੀ ਨੂੰ ਉਸ ਸਮੇਂ ਦੀ ਮੁਗ਼ਲ ਹਕੂਮਤ ਵੱਲੋਂ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ ਤਾਂ ਗੁਰੂ ਜੀ ਨੇ ਆਪਣੇ ਅੰਤਲੇ ਵਕਤ ਆਪਣੇ ਸਪੁੱਤਰ ਹਰਿਗੋਬਿੰਦ ਨੂੰ ਸਿੱਖਾਂ ਦੇ ਹੱਥ ਸੁਨੇਹਾ ਭੇਜਦਿਆਂ ਕਿਹਾ ਸੀ ਕਿ ਹੁਣ ਸਿੱਖੀ ਨੂੰ ਬਚਾਉਣ ਅਤੇ ਇਸ ਦੇ ਵਿਕਾਸ ਲਈ ਧਾਰਮਿਕ ਅਤੇ ਅਧਿਆਤਮਿਕ ਕਿਰਿਆ ਦੇ ਨਾਲ-ਨਾਲ ਜ਼ੁਲਮ ਦਾ ਜ਼ੁਲਮ ਨਾਲ ਟਾਕਰਾ ਕਰਨ ਦਾ ਸਮਾਂ ਆ ਗਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉਸ ਸਮੇਂ ਗਿਆਰਾਂ ਸਾਲਾਂ ਦੇ ਸਨ। ਪਿਤਾ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਲਾਹੌਰ ਦੀ ਜੇਲ ਵਿੱਚੋਂ ਸੁਨੇਹਾ ਭੇਜਦਿਆਂ ਕਿਹਾ, 'ਪੁੱਤਰ ਹਰਿਗੋਬਿੰਦ, ਜ਼ੁਲਮ ਦਾ ਟਾਕਰਾ ਕਰਨ ਲਈ ਜਥਾ ਸ਼ਕਤੀ ਆਪਣੀ ਹਥਿਆਰਬੰਦ ਫ਼ੌਜ ਤਿਆਰ ਕਰੋ।'

ਫਿਰ ਜਦੋਂ 11 ਜੂਨ 1606 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਛੇਵੇਂ ਸਿੱਖ ਗੁਰੂ ਵਜੋਂ ਗੁਰਗੱਦੀ ਸੰਭਾਲੀ ਤਾਂ ਪਿਤਾ ਦੀ ਸਿੱਖਿਆ ਉਤੇ ਅਮਲ ਕਰਦਿਆਂ ਦੋ ਤਲਵਾਰਾਂ ਮੰਗਵਾਈਆਂ ਅਤੇ ਪਹਿਨੀਆਂ। ਉਸ ਵੇਲੇ ਗੁਰੂ ਜੀ ਨੇ ਕਿਹਾ ਕਿ ਇਨਾਂ ਦੋਹਾਂ ਤਲਵਾਰਾਂ ਵਿਚੋਂ ਇਕ ਤਲਵਾਰ ਜ਼ਾਲਮ ਦੇ ਜ਼ੁਲਮ ਦਾ ਤਾਕਤ ਨਾਲ ਟਾਕਰਾ ਕਰਨ ਲਈ ਹੈ ਅਤੇ ਦੂਜੀ ਧਰਮ ਅਤੇ ਅਧਿਆਤਮਿਕਤਾ ਦੀ ਸੁਰੱਖਿਆ ਲਈ ਸਵੈ-ਨਿਯੰਤਰਣ ਨੂੰ ਹਮੇਸ਼ਾ ਯਾਦ ਰੱਖਣ ਲਈ ਹੈ। ਭਾਵ ਇਕ ਤਲਵਾਰ ਦੁਨਿਆਵੀ ਸ਼ਕਤੀ ਦਾ ਚਿੰਨ ਹੈ ਅਤੇ ਦੂਸਰੀ ਅਧਿਆਤਮਿਕ ਸ਼ਕਤੀ ਦਾ ਚਿੰਨ ਹੈ। ਇਨਾਂ ਦੋਹਾਂ ਤਲਵਾਰਾਂ ਨੂੰ ਮੀਰੀ ਤੇ ਪੀਰੀ ਦਾ ਨਾਂ ਦਿੱਤਾ ਗਿਆ। 'ਮੀਰੀ' ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਅਮੀਰ' ਤੋਂ ਫਾਰਸੀ ਵਿਚ ਆਏ ਸ਼ਬਦ 'ਮੀਰ' ਤੋਂ ਲਿਆ ਗਿਆ ਹੈ। ਅਰਬੀ ਭਾਸ਼ਾ ਵਿਚ ਅਮੀਰ ਸ਼ਬਦ ਨੂੰ ਅ-ਮੀਰ ਕਰਕੇ ਬੋਲਿਆ ਜਾਂਦਾ ਹੈ ਜਿਸ ਦਾ ਮਤਲਬ ਹੈ-ਗਵਰਨਰ, ਕਮਾਂਡਰ, ਹਾਕਮ, ਮੁਖੀਆ, ਸਰਦਾਰ ਆਦਿ। ਇਹ ਸ਼ਬਦ ਦੁਨਿਆਵੀ ਤਾਕਤ ਜਾਂ ਪਦਾਰਥਕ ਤਾਕਤ ਜਾਂ ਸਿਆਸੀ ਤਾਕਤ ਨੂੰ ਪ੍ਰਗਟਾਉਂਦਾ ਹੈ। 'ਪੀਰੀ' ਸ਼ਬਦ ਧਾਰਮਿਕ ਜਾਂ ਅਧਿਆਤਮਿਕ ਆਗੂਆਂ ਲਈ ਵਰਤਿਆ ਜਾਂਦਾ ਹੈ ਜਿਵੇਂ ਚਰਚ ਦਾ ਪਾਦਰੀ, ਮਸਜਿਦ ਦਾ ਕਾਜ਼ੀ, ਕਿਸੇ ਮਜ਼ਾਰ ਦਾ ਗੱਦੀਨਸ਼ੀਨ, ਕਿਸੇ ਫਿਰਕੇ ਦਾ ਸੰਤ ਆਦਿ। ਉਂਝ ਵੇਖਿਆ ਜਾਵੇ ਤਾਂ ਇਹ ਸ਼ਬਦ ਵੀ ਇਕ ਤਰਾਂ ਨਾਲ ਪਦਾਰਥਕ ਜਾਂ ਸਿਆਸੀ ਸ਼ਕਤੀ ਨੂੰ ਹੀ ਜ਼ਾਹਿਰ ਕਰਦਾ ਹੈ। ਪੀਰੀ ਸ਼ਬਦ ਵੀ ਫਾਰਸੀ ਦੇ ਸ਼ਬਦ 'ਪੀਰ' ਤੋਂ ਲਿਆ ਗਿਆ ਹੈ ਜਿਸ ਦਾ ਮਤਲਬ ਹੈ-ਸੰਤ, ਪਵਿੱਤਰ ਵਿਅਕਤੀ, ਅਧਿਆਤਮਿਕ ਆਗੂ ਜਾਂ ਧਾਰਮਿਕ/ ਅਧਿਆਤਮਿਕ ਸੰਸਥਾ ਦਾ ਮੁਖੀਆ। ਇੰਝ ਗੁਰੂ ਜੀ ਨੇ ਆਪਣੀਆਂ ਦੋਹਾਂ ਤਲਵਾਰਾਂ ਨੂੰ ਮੀਰੀ ਤੇ ਪੀਰੀ ਦਾ ਨਾਂ ਦਿੱਤਾ। ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਮੀਰੀ-ਪੀਰੀ ਦਾ ਪਹਿਲਾ ਸੰਸਥਾਨ ਹੈ। ਜਦ ਗੁਰੂ ਜੀ ਹਰਿਮੰਦਰ ਸਾਹਿਬ ਵਿਚ ਜਾਂਦੇ ਸਨ ਤਾਂ ਉਹ ਇਕ ਸੰਤ ਹੁੰਦੇ ਸਨ ਅਤੇ ਜਦ ਉਹ ਸ਼ਪੀ ਅਕਾਲ ਤਖਤ ਦੀ ਫਸੀਲ ਉਤੇ ਬੈਠਦੇ ਸਨ ਤਾਂ ਉਹ ਇਕ ਰਾਜੇ ਵਾਂਗ ਹੁੰਦੇ ਸਨ। ਭਾਵ ਗੁਰੂ ਜੀ ਸੰਤ ਤੇ ਸਿਪਾਹੀ ਦਾ ਇਕ ਸੱਚਾ ਸੁਮੇਲ ਸਨ। ਮੀਰੀ-ਪੀਰੀ ਦਾ ਦੂਸਰਾ ਸੰਸਥਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਅਸਥਾਨ ਪਿੰਡ 'ਗੁਰੂ ਕੀ ਵਡਾਲੀ' ਅੰਮ੍ਰਿਤਸਰ ਸਾਹਿਬ ਵਿਚ ਹੈ ਜਿਸ ਦਾ ਨਾਂ ਹੈ ਮੀਰੀ-ਪੀਰੀ ਅਕਾਦਮੀ ਜਿਸ ਦੀ ਸਥਾਪਨਾ ਭਾਈ ਸਾਹਿਬ ਹਰਭਜਨ ਸਿੰਘ ਖ਼ਾਲਸਾ ਯੋਗੀ ਵੱਲੋਂ ਸੰਨ 1997 ਵਿਚ ਕੀਤੀ ਗਈ ਸੀ। ਇਸ ਅਕਾਦਮੀ ਦੀ ਸਿੱਖਿਆ ਨੂੰ ਕੈਂਬਿਰਜ ਯੂਨੀਵਰਸਟੀ ਦੇ ਕੌਮਾਂਤਰੀ ਇਮਤਿਹਾਨਾਂ ਵਜੋਂ ਮਾਨਤਾ ਪ੍ਰਾਪਤ ਹੈ।

# ਮਾਮਲਾ ਸਿੱਖ ਬੀਬੀ ਨੂੰ ਕੜਾ ਪਾ ਕੇ ਪ੍ਰੀਖਿਆ ਵਿਚ ਬੈਠਣ ਤੋਂ ਰੋਕਣ ਦਾ, ਹਾਈਕੋਰਟ ਨੇ ਕਿਹਾ 'ਨਾ ਸਹਾਰਨਯੋਗ'

**ਨਵੀਂ ਦਿੱਲੀ/ਏ.ਟੀ.ਨਿਊਜ਼**:- ਦਿੱਲੀ ਹਾਈ ਕੋਰਟ ਨੇ ਇਕ ਸਿੱਖ ਔਰਤ ਨੂੰ ਕੜਾ ਪਾ ਕੇ ਪ੍ਰੀਖਿਆ ਵਿਚ ਬੈਠਣ ਤੋਂ ਰੋਕੇ ਜਾਣ ਨੂੰ 'ਨਾ ਸਹਾਰਨਯੋਗ' ਕਰਾਰ ਦਿੱਤਾ। ਉਕਤ ਔਰਤ ਉਮੀਦਵਾਰ ਸਮੇਂ ਤੋਂ ਪਹਿਲਾਂ ਹੀ ਪ੍ਰੀਖਿਆ ਕੇਂਦਰ 'ਤੇ ਪਹੁੰਚ ਗਈ ਸੀ ਪਰ ਜਦੋਂ ਤੱਕ ਉਸ ਨੇ ਆਪਣਾ ਕੜਾ ਨਹੀਂ ਉਤਾਰਿਆ, ਉਸ ਨੂੰ ਮੁਕਾਬਲਾ ਪ੍ਰੀਖਿਆ ਵਿਚ ਬੈਠਣ ਦੀ ਆਗਿਆ ਨਹੀਂ ਦਿੱਤੀ ਗਈ। ਪਟੀਸ਼ਨਕਰਤਾ, ਜਿਸ ਨੇ ਉਸ ਨੂੰ ਪੀਜੀਟੀ-ਇਕਨਾਮਿਕਸ (ਮਹਿਲਾ) ਪ੍ਰੀਖਿਆ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਨ ਨੂੰ ਚੁਣੌਤੀ ਦਿੱਤੀ ਸੀ, ਨੇ ਦਲੀਲ ਦਿੱਤੀ ਕਿ ਅਧਿਕਾਰੀਆਂ ਦੀ ਕਾਰਵਾਈ ਨੂੰ ਉਨਾਂ ਦੇ ਬਚਾਅ ਦੇ ਆਧਾਰ 'ਤੇ ਬਰਕਰਾਰ ਨਹੀਂ ਰੱਖਿਆ ਜਾ ਸਕਦਾ ਕਿ ਪਹਿਲਾਂ ਹੀ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਕਿ ਕੜਾ ਜਾਂ ਕਿਰਪਾਨ ਪਹਿਨਣ ਦੇ ਚਾਹਵਾਨ ਉਮੀਦਵਾਰ ਰਿਪੋਰਟਿੰਗ ਸਮੇਂ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ ਵਿਚ ਪਹੁੰਚਣ, ਕਿਉਂਕਿ ਅਜਿਹੀ ਸੂਚਨਾ ਇਮਤਿਹਾਨ ਤੋਂ ਦੋ ਦਿਨ ਬਾਅਦ ਜਾਰੀ ਕੀਤੀ ਗਈ ਸੀ । ਜਸਟਿਸ ਰੇਖਾ ਪੱਲੀ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗਾ ਹੈ ਕਿ ਦਿੱਲੀ ਸੁਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ (ਡੀ.ਐਸ.ਐਸ.ਐਸ.ਬੀ.) ਵਰਗੀ ਸੰਸਥਾ, ਜੋ ਕਿ ਵੱਡੀ ਗਿਣਤੀ ਸਿੱਖ ਉਮੀਦਵਾਰਾਂ ਨਾਲ ਨਿਯਮਿਤ ਤੌਰ 'ਤੇ ਪ੍ਰੀਖਿਆਵਾਂ ਕਰਵਾਉਂਦੀ ਹੈ, ਨੇ ਉਮੀਦਵਾਰਾਂ ਨੂੰ ਸੂਚਿਤ ਕਰਨ ਲਈ ਸਮੇਂ ਸਿਰ ਕਾਰਵਾਈ ਨਹੀਂ ਕੀਤੀ। ਅਦਾਲਤ ਨੇ ਕਿਹਾ ਕਿ ਉਨਾਂ ਨੂੰ ਉਮੀਦ ਹੈ ਕਿ ਹੋਰ ਸਾਰੀਆਂ ਭਰਤੀ ਏਜੰਸੀਆਂ ਵੀ ਪ੍ਰੀਖਿਆਵਾਂ ਕਰਵਾਉਣ ਤੋਂ ਪਹਿਲਾਂ ਇਸ ਸਬੰਧ ਵਿਚ ਢੁਕਵੇਂ ਕਦਮ ਚੁੱਕਣਗੀਆਂ।

# ਅਦਾਲਤ ਵਿੱਚ ਚਲਾਨ ਪੇਸ਼ ਨਾ ਹੋਣ ਕਾਰਨ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਰੁਕੀ

**ਫ਼ਰੀਦਕੋਟ/ਏ.ਟੀ.ਨਿਊਜ਼** :- ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿੱਚ ਬਹਿਬਲ ਗੋਲੀ ਕਾਂਡ ਵਿੱਚ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਹੋਣ ਸਬੰਧੀ ਸੁਣਵਾਈ ਹੋਣੀ ਸੀ ਪਰ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਵੱਲੋਂ ਅਦਾਲਤ ਵਿੱਚ ਚਲਾਨ ਪੇਸ਼ ਨਾ ਕਰਨ ਕਰਕੇ ਬਹਿਬਲ ਗੋਲੀ ਕਾਂਡ ਦੀ ਵੀ ਸੁਣਵਾਈ ਨਹੀਂ ਹੋ ਸਕੀ। ਦੱਸਣਯੋਗ ਹੈ ਕਿ 6 ਜੁਲਾਈ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫ਼ਰੀਦਕੋਟ ਦੀ ਅਦਾਲਤ ਨੂੰ ਆਦੇਸ਼ ਦਿੱਤੇ ਸਨ ਕਿ ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਇਕੱਠਿਆਂ ਕੀਤੀ ਜਾਵੇ। ਏਡੀਜੀਪੀ ਐੱਲਕੇ ਯਾਦਵ ਦੀ ਅਗਵਾਈ ਵਿੱਚ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਹੋ ਰਹੀ ਹੈ ਪਰ ਇਸ ਟੀਮ ਨੇ ਅਜੇ ਤੱਕ ਅਦਾਲਤ ਵਿੱਚ ਚਲਾਨ ਪੇਸ਼ ਨਹੀਂ ਕੀਤਾ। ਫ਼ਰੀਦਕੋਟ ਦੀ ਅਦਾਲਤ ਨੇ ਇਹ ਸਾਰੀ ਪ੍ਰਕਿਰਿਆ 20 ਅਗਸਤ ਤੋਂ ਪਹਿਲਾਂ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਹਨ। ਸੁਣਵਾਈ ਦੌਰਾਨ ਸਾਬਕਾ ਡੀਜੀਪੀ ਸੁਮੇਧ ਸੈਣੀ ਤੋਂ ਇਲਾਵਾ ਬਾਕੀ ਸਾਰੇ ਮੁਲਜ਼ਮ ਅਦਾਲਤ ਵਿੱਚ ਹਾਜ਼ਰ ਸਨ। ਸੁਮੇਧ ਸੈਣੀ ਨੇ ਸਿਹਤ ਖਰਾਬ ਹੋਣ ਦਾ ਹਵਾਲਾ ਦਿੰਦਿਆਂ ਨਿੱਜੀ ਤੌਰ 'ਤੇ ਪੇਸ਼ ਹੋਣ ਤੋਂ ਛੋਟ ਲਈ ਅਦਾਲਤ ਵਿੱਚ ਅਰਜ਼ੀ ਦਿੱਤੀ ਸੀ ਜਿਸ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ ਹੈ। ਦੂਜੇ ਪਾਸੇ ਪੰਜਾਬ ਦੇ ਐਡਵੋਕੇਟ ਜਰਨਲ ਅਨਮੋਲ ਰਤਨ ਸਿੱਧੂ ਨੇ ਕਿਹਾ ਕਿ ਉਨਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਪਾ ਕੇ ਅਦਾਲਤ ਤੋਂ ਪੁੱਛਿਆ ਹੈ ਕਿ ਬਹਿਬਲ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਇਕੱਠਿਆਂ ਹੀ ਕੀਤੀ ਜਾਣੀ ਹੈ ਜਾਂ ਅਦਾਲਤ ਇਸ ਨੂੰ ਵੱਖ ਵੱਖ ਤਰੀਕਾਂ 'ਤੇ ਵੀ ਸੁਣ ਸਕਦੀ ਹੈ। ਉਨਾਂ ਕਿਹਾ ਕਿ ਬਹਿਬਲ ਗੋਲੀ ਕਾਂਡ ਵਿੱਚ ਪਹਿਲਾਂ ਹੀ 9 ਚਲਾਨ ਸੁਣਵਾਈ ਲਈ ਅਦਾਲਤ ਵਿੱਚ ਪੇਸ਼ ਹੋ ਚੁੱਕੇ ਹਨ ਜਦਕਿ ਕੋਟਕਪੂਰਾ ਗੋਲੀ ਕਾਂਡ ਵਿੱਚ ਚਲਾਨ ਅਜੇ ਤੱਕ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਵੀ ਪੇਸ਼ ਨਹੀਂ ਹੋਇਆ। ਉਨਾਂ ਕਿਹਾ ਕਿ ਅਗਲੇ ਇੱਕ ਹਫ਼ਤੇ ਅੰਦਰ ਅਦਾਲਤ ਫ਼ੈਸਲੇ ਤੇ ਹਦਾਇਤਾਂ ਬਾਰੇ ਸਪੱਸ਼ਟ ਕਰ ਦੇਵੇਗੀ ਅਤੇ ਉਸ ਤੋਂ ਬਾਅਦ ਪੜਤਾਲ ਟੀਮਾਂ ਆਪਣਾ ਕੰਮ ਮੁਕੰਮਲ ਕਰ ਲੈਣਗੀਆਂ।

# ਬਹਿਬਲ ਇਨਸਾਫ਼ ਮੋਰਚੇ ਨੇ ਸਰਕਾਰ ਨੂੰ ਦਿੱਤਾ 15 ਦਿਨ ਦਾ ਅਲਟੀਮੇਟਮ



ਬਹਿਬਲ ਮੋਰਚਾ ਸਥਾਨ 'ਤੇ ਧਰਨਾਕਾਰੀਆਂ ਨਾਲ ਗੱਲਬਾਤ ਕਰਦੀ ਐਡਵੋਕੇਟ ਜਨਰਲ ਦੀ ਵਕੀਲਾਂ ਦੀ ਟੀਮ।

**ਬਰਗਾੜੀ/ਏ.ਟੀ.ਨਿਊਜ਼** :- ਕਰੀਬ 7 ਮਹੀਨੇ ਤੋਂ ਬੇਅਦਬੀ ਅਤੇ ਗੋਲੀਕਾਂਡ ਦੇ ਇਨਸਾਫ਼ ਲਈ ਬਹਿਬਲ ਕਲਾਂ ਵਿਖੇ ਭਾਈ ਸੁਖਰਾਜ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਚੱਲ ਰਹੇ ਇਨਸਾਫ਼ ਮੋਰਚੇ ਵਲੋਂ ਇਨਸਾਫ਼ ਲਈ ਸਰਕਾਰ ਨੂੰ ਤਿੰਨ ਮਹੀਨੇ ਦਾ ਸਮਾਂ ਦਿੱਤਾ ਸੀ, ਜੋ ਬੀਤੇ ਦਿਨੀਂ ਖ਼ਤਮ ਹੋ ਗਿਆ। ਸਰਕਾਰ ਵਲੋਂ ਭੇਜੀ ਐਡਵੋਕੇਟ ਜਨਰਲ ਦੀ ਵਕੀਲਾਂ ਦੀ ਟੀਮ ਨੇ ਮੋਰਚੇ 'ਚ ਪਹੁੰਚ ਕੇ ਦੱਸਿਆ ਕਿ ਉਨਾਂ ਇਕ ਹਫ਼ਤੇ ਦੀ ਲਗਾਤਾਰ ਸੁਣਵਾਈ ਉਪਰੰਤ ਗੋਲੀਕਾਂਡ ਦੇ ਕਥਿਤ ਦੋਸ਼ੀਆਂ ਵਲੋਂ ਹਾਈਕੋਰਟ ਵਿਚ ਪਾਈਆਂ ਪਟੀਸ਼ਨਾਂ ਖਾਰਜ ਕਰਵਾ ਦਿੱਤੀਆਂ ਹਨ। ਟੀਮ ਨੇ ਅਦਾਲਤੀ ਕਾਰਵਾਈ ਲਈ 15 ਦਿਨ ਦਾ ਸਮਾਂ ਹੋਰ ਮੰਗਿਆ, ਜਿਸ 'ਤੇ ਵਿਚਾਰ ਚਰਚਾ ਤੋਂ ਬਾਅਦ ਸੰਗਤਾਂ ਨੇ ਸਰਕਾਰ ਨੂੰ 15 ਦਿਨ ਦਾ ਹੋਰ ਸਮਾਂ ਦੇਣ ਦਾ ਫ਼ੈਸਲਾ ਕੀਤਾ। ਨਾਲ ਹੀ ਇਹ ਫ਼ੈਸਲਾ ਕੀਤਾ ਕਿ ਮੋਰਚੇ ਦੀ ਇਕ ਕਮੇਟੀ ਬਣਾਈ ਜਾਵੇਗੀ ਜੋ ਪੂਰੇ ਪੰਜਾਬ ਅਤੇ ਦੇਸ਼ ਦੀਆਂ ਸਿੱਖ ਜਥੇਬੰਦੀਆਂ ਨੂੰ ਮਿਲ ਕੇ 15 ਦਿਨ ਬਾਅਦ ਸ਼ੁਰੂ ਕੀਤੇ ਜਾਣ ਵਾਲੇ ਵੱਡੇ ਸੰਘਰਸ਼ ਦੀ ਰਣਨੀਤੀ ਉਲੀਕਣ ਅਤੇ ਇਸ ਸੰਘਰਸ਼ ਵਿਚ ਸ਼ਮੂਲੀਅਤ ਕਰਨ ਲਈ ਬੇਨਤੀ ਕਰੇਗੀ। ਇਸ ਮੌਕੇ ਭਾਈ ਸਾਧੂ ਸਿੰਘ, ਸੁਖਜੀਤ ਸਿੰਘ ਖੋਸਾ, ਗੁਰਪ੍ਰੀਤ ਸਿੰਘ ਖਾਲਸਾ, ਹਰਪ੍ਰੀਤ ਸਿੰਘ ਮਖੂ, ਬਾਬਾ ਬਖਸੀਸ਼ ਸਿੰਘ, ਬਾਬਾ ਹਰਦੀਪ ਸਿੰਘ ਮਹਿਰਾਜ, ਜਥੇਬੰਦੀ ਵਾਰਿਸ ਪੰਜਾਬ, ਸਤਿਕਾਰ ਕਮੇਟੀ, ਕਿਸਾਨ ਯੂਨੀਅਨਾਂ, ਕਿਸਾਨ ਮਜਦੂਰ ਸੰਘਰਸ਼ ਕਮੇਟੀ ਆਦਿ ਦੇ ਨੁਮਾਇੰਦੇ ਹਾਜ਼ਰ ਸਨ।

# ਫਾਈਰਿੰਗ ਮਾਮਲੇ 'ਚ ਐਸਆਈਟੀ ਦੇ ਸਾਹਮਣੇ ਪੇਸ਼ ਨਾ ਹੋਏ ਸੁਮੇਧ ਸੈਣੀ

**ਚੰਡੀਗੜ/ਏ.ਟੀ.ਨਿਊਜ਼** :- ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਕੋਟਕਪੂਰਾ ਪੁਲਿਸ ਫਾਇਰਿੰਗ ਮਾਮਲੇ ਦੀ ਜਾਂਚ ਕਰ ਰਹੀ ਐਸ.ਆਈ.ਟੀ. ਦੇ ਸਾਹਮਣੇ ਪੇਸ਼ ਨਹੀਂ ਹੋਏ। ਐਸ.ਆਈ.ਟੀ. ਨੇ ਉਨਾਂ ਨੂੰ ਜਾਂਚ ਵਿਚ ਹਿੱਸਾ ਲੈਣ ਲਈ ਤਲਬ ਕੀਤਾ ਸੀ ਪਰ ਸੈਣੀ ਨੇ ਨਵੀਂ ਦਿੱਲੀ ਵਿਚ ਇਕ ਅਦਾਲਤੀ ਮਾਮਲੇ 'ਚ ਰੁੱਝੇ ਹੋਣ ਦਾ ਹਵਾਲਾ ਦਿੰਦੇ ਹੋਏ ਸ਼ੁੱਕਰਵਾਰ ਨੂੰ ਹਾਜ਼ਰ ਹੋਣ 'ਚ ਅਸਮਰਥਾ ਪ੍ਰਗਟ ਕੀਤੀ। ਏ.ਡੀ.ਜੀ.ਪੀ ਐਲ.ਕੇ ਯਾਦਵ ਦੀ ਅਗਵਾਈ ਵਾਲੀ ਐਸ.ਆਈ.ਟੀ ਨੇ ਸੁਮੇਧ ਸੈਣੀ ਨੂੰ ਚੰਡੀਗੜ ਸਥਿਤ ਪੰਜਾਬ ਪੁਲਿਸ ਆਫ਼ੀਸਰ ਇੰਸਟੀਚਿਊਟ ਵਿਚ ਸਵੇਰੇ 10:30 'ਤੇ ਪੇਸ਼ ਹੋਣ ਦੇ ਲਈ ਸੰਮਨ ਭੇਜਿਆ ਸੀ, ਪਰ ਸੈਣੀ ਨੇ ਇਕ ਪੱਤਰ ਭੇਜ ਕੇ ਨਵੀਂ ਦਿੱਲੀ ਵਿਚ ਅਦਾਲਤੀ ਤਾਰੀਖ਼ ਦੇ ਕਾਰਨ ਐਸ.ਆਈ.ਟੀ ਦੇ ਸਾਹਮਣੇ ਪੇਸ਼ ਹੋਣ ਲਈ ਤਿੰਨ ਹਫ਼ਤਿਆਂ ਦਾ ਸਮਾਂ ਮੰਗਿਆ ਹੈ।

# ਧਰਮ ਸੰਕਟ ਵਿਚ ਫਸੇ ਅਕਾਲੀ ਦਲ ਨੂੰ ਨਵਾਂ ਪ੍ਰਧਾਨ ਲੱਭਣਾ ਹੋਇਆ ਮੁਸ਼ਕਿਲ

## ✪ ਪਾਰਟੀ ਦੇ ਨਵੇਂ ਪ੍ਰਧਾਨ ਲਈ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਬਲਵਿੰਦਰ ਸਿੰਘ ਭੂੰਦੜ ਅਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਚਰਚਾ ਛਿੜੀ ✪ ਕਾਂਗਰਸ ਤੇ 'ਆਪ' ਨੇ ਅਕਾਲੀ ਦਲ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ : ਧਾਮੀ

**ਦਰਪਣ ਝੂਠ ਨਹੀਂ ਬੋਲਦਾ**

ਲੋਕ ਸਭਾ ਚੋਣਾਂ ਤੋਂ ਬਾਅਦ ਹੁਣ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬ) ਦੀ ਬਣੀ ਸਥਿਤੀ ਉੱਤੇ ਵਿਚਾਰ ਕਰਨ ਲਈ ਬਣਾਈ ਝੂੰਦਾਂ ਕਮੇਟੀ ਵਲੋਂ ਬੇਸ਼ੱਕ ਆਪਣੀ ਰਿਪੋਰਟ ਪਿਛਲੇ ਮਹੀਨੇ ਸੌਂਪ ਦਿੱਤੀ ਗਈ ਸੀ ਅਤੇ ਉਸ ਉੱਤੇ ਗੈਰ ਰਸਮੀ ਵਿਚਾਰ ਵਟਾਂਦਰਾ ਵੀ ਹੋ ਚੁੱਕਾ ਹੈ ਪਰ ਪਾਰਟੀ ਹਾਈਕਮਾਨ ਨੇ ਇਸ ਰਿਪੋਰਟ ਉੱਤੇ ਅਜੇ ਤੱਕ ਕੋਈ ਰਸਮੀ ਵਿਚਾਰ ਨਹੀਂ ਕੀਤਾ। ਰਿਪੋਰਟ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਹੇਠਲੇ ਪੱਧਰ ਦੇ ਵਰਕਰ ਪਾਰਟੀ ਲੀਡਰਸ਼ਿਪ ਵਿਚ ਬਦਲਾਅ ਚਾਹੁੰਦੇ ਹਨ। ਪਾਰਟੀ ਲੀਡਰਸ਼ਿਪ ਦਾ ਕਹਿਣਾ ਹੈ ਕਿ ਸ. ਸੁਖਬੀਰ ਸਿੰਘ ਬਾਦਲ ਅਹੁਦਾ ਛੱਡਣ ਨੂੰ ਤਿਆਰ ਹਨ ਪਰ ਉਨਾਂ ਦੀ ਥਾਂ ਜਿਸ ਨੂੰ ਪ੍ਰਧਾਨ ਬਣਾਇਆ ਜਾਵੇ ਉਸ ਦੀ ਸਖਸ਼ੀਅਤ ਉੱਚੀ ਅਤੇ ਸੁੱਚੀ ਹੋਣੀ ਚਾਹੀਦੀ ਹੈ ਅਤੇ ਉਹ ਇਸ ਕਾਬਲ ਹੋਣਾ ਚਾਹੀਦਾ ਹੈ ਕਿ ਪਾਰਟੀ ਨੂੰ ਲੱਗੇ ਖੋਰੇ ਕਾਰਨ ਹੋਏ ਨੁਕਸਾਨ ਦੀ ਪੂਰਤੀ ਕਰ ਸਕੇ। ਸੂਤਰਾਂ ਅਨੁਸਾਰ ਕੁਝ ਨਾਵਾਂ ਉੱਤੇ ਵਿਚਾਰ ਵੀ ਕੀਤਾ ਗਿਆ ਹੈ ਪਰ ਪ੍ਰਧਾਨਗੀ ਲਈ ਅਜੇ ਤੱਕ ਕਿਸੇ ਨੂੰ ਯੋਗ ਨਹੀਂ ਸਮਝਿਆ ਗਿਆ। ਸ਼੍ਰੋਮਣੀ ਅਕਾਲੀ ਦਲ ਨੂੰ ਭਾਜਪਾ ਨਾਲੋਂ ਟੁੱਟ ਕੇ ਜੋ ਨੁਕਸਾਨ ਹੋਇਆ ਹੈ ਉਸ ਪ੍ਰਤੀ ਵੀ ਪਾਰਟੀ ਵਿਚ ਚਿੰਤਨ ਚੱਲ ਰਿਹਾ ਹੈ। ਮਾਲਵਾ ਖੇਤਰ ਦੇ ਘੱਟੋ-ਘੱਟ 20 ਵਿਧਾਨ ਸਭਾ ਹਲਕੇ ਅਜਿਹੇ ਹਨ ਜਿਨਾਂ ਉੱਤੇ ਢੀਂਡਸਾ ਗਰੁੱਪ (ਸ਼੍ਰੋਮਣੀ ਅਕਾਲੀ ਦਲ (ਸ) ਦਾ ਏਨਾ ਕੁ ਪ੍ਰਭਾਵ ਹੈ ਕਿ ਉਸ ਦੀ ਪਾਰਟੀ ਦੇ ਉਮੀਦਵਾਰ ਜਿੱਤਣ ਜਾਂ ਨਾ ਜਿੱਤਣ ਪਰ ਅਕਾਲੀ ਦਲ (ਬ) ਦੇ ਉਮੀਦਵਾਰਾਂ ਨੂੰ ਹਰਾਉਣ ਦੀ ਸਮਰੱਥਾ ਰੱਖਦੇ ਹਨ। ਇਸ ਮੁੱਦੇ ਉੱਤੇ ਵੀ ਪਾਰਟੀ ਵਿਚ ਮੰਥਨ ਚੱਲ ਰਿਹਾ ਹੈ।ਕੁੱਝ ਆਗੂ ਢੀਂਡਸਾ ਗਰੁੱਪ ਨੂੰ ਪਾਰਟੀ ਵਿਚ ਸ਼ਾਮਿਲ ਕਰਨ ਲਈ ਦਲੀਲਾਂ ਵੀ ਦੇ ਰਹੇ ਹਨ ਪਰ ਢੀਂਡਸਾ ਗਰੁੱਪ ਦੀ ਮੁੱਖ ਸ਼ਰਤ ਪਾਰਟੀ ਤੋਂ ਬਾਦਲ ਪਰਿਵਾਰ ਨੂੰ ਅਲਾਹਿਦਾ ਕਰਨ ਦੀ ਹੈ।ਪਾਰਟੀ ਲੀਡਰਸ਼ਿਪ ਵਿਚ ਇਹ ਵੀ ਵਿਚਾਰ ਚੱਲ ਰਿਹਾ ਹੈ ਕਿ ਪੰਥਕ ਏਕਤਾ ਦੇ ਨਾਂਅ ਉੱਤੇ ਪਾਰਟੀ ਦੀ ਪ੍ਰਧਾਨਗੀ ਕਿਸੇ ਹੋਰ ਨੂੰ ਸੌਂਪ ਦਿੱਤੀ ਜਾਵੇ।ਇਸ ਨਾਲ ਪਾਰਟੀ ਵਿਚ ਸਰਗਰਮੀ ਪੈਦਾ ਹੋਵੇਗੀ ਅਤੇ ਢੀਂਡਸਾ ਗਰੁੱਪ ਦੀ ਸ਼ਰਤ ਵੀ ਪੂਰੀ ਹੋ ਜਾਵੇਗੀ ਬੇਸ਼ੱਕ ਪਾਰਟੀ ਅਸਿੱਧੇ ਤੌਰ ਉੱਤੇ ਬਾਦਲ ਪਰਿਵਾਰ ਦੀ ਅਗਵਾਈ ਹੀ ਲੈਂਦੀ ਰਹੇ ਅਤੇ ਕੁੱਝ ਸਮਾਂ ਬੀਤਣ ਬਾਅਦ ਪਾਰਟੀ ਦੀ ਵਾਂਗਡੋਰ ਮੁੜ ਬਾਦਲ ਪਰਿਵਾਰ ਦੇ ਹਵਾਲੇ ਕਰ ਦਿੱਤੀ ਜਾਵੇ। ਇਨਾਂ ਸੂਤਰਾਂ ਅਨੁਸਾਰ ਪਾਰਟੀ ਵਿਚ ਇਸ ਸਥਿਤੀ ਨਾਲ ਨਿਪਟਣ ਲਈ ਕੁਝ ਚਿਹਰਿਆਂ ਬਾਰੇ ਅੰਦਰੂਨੀ ਤੌਰ ਉੱਤੇ ਵਿਚਾਰ ਚੱਲ ਰਹੀ ਹੈ ਜਿਨਾਂ ਵਿਚ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਬਲਵਿੰਦਰ ਸਿੰਘ ਭੂੰਦੜ ਅਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੱਸੇ ਜਾਂਦੇ ਹਨ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਰਟੀ ਦੇ ਧਾਰਮਿਕ ਅਤੇ ਸਿਆਸੀ ਵਿੰਗ ਵੱਖ-ਵੱਖ ਹੋਣੇ ਚਾਹੀਦੇ ਹਨ। ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਸਿਰਫ ਧਰਮ ਦੇ ਪ੍ਰਚਾਰ ਵੱਲ ਧਿਆਨ ਦੇਣ ਲਈ ਕਿਹਾ ਜਾ ਸਕਦਾ ਹੈ। ਪਾਰਟੀ ਦੇ ਜੱਥੇਬੰਦਕ ਢਾਂਚੇ ਵਿਚ ਜ਼ਿਲਾ ਪੱਧਰੀ ਜਾਂ ਇਸ ਤੋਂ ਉੱਪਰ ਦੇ ਅਹੁੱਦਿਆਂ ਉੱਪਰ ਬੈਠੇ ਆਗੂਆਂ ਦਾ ਪੁਰਾਣਾ ਮਾਨ ਸਨਮਾਨ ਬਹਾਲ ਕਰਨ ਦੀ ਗੱਲ ਕਹੀ ਗਈ ਹੈ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਉਨਾਂ ਦੇ ਸਾਥੀ, ਐਸ.ਪੀ.ਐਸ. ਪਰਮਾਰ ਦੀ ਅਗਵਾਈ ਵਾਲੀ ਸਿੱਟ ਦੀ ਰਿਪੋਰਟ ਤੋਂ ਬਹੁਤ ਖੁਸ਼ ਅਤੇ ਉਤਸ਼ਾਹਿਤ ਹਨ। ਅਕਾਲੀ ਦਲ ਦੀ ਪ੍ਰਚਾਰ ਮਸ਼ੀਨਰੀ ਤੇ ਉਨਾਂ ਦੇ ਵਫ਼ਾਦਾਰ ਬਹੁਤ ਜ਼ੋਰ-ਸ਼ੋਰ ਨਾਲ ਇਸ ਰਿਪੋਰਟ ਨੂੰ ਬਾਦਲ ਪਰਿਵਾਰ ਲਈ 'ਕਲੀਨ ਚਿੱਟ' ਕਰਾਰ ਦੇ ਰਹੇ ਹਨ। ਹਾਲਾਂਕਿ ਵਿਰੋਧੀ ਪਾਰਟੀਆਂ 'ਆਪ' ਤੇ ਕਾਂਗਰਸ ਨੇ ਅਤੇ ਖ਼ਾਸ ਕਰਕੇ ਭਗਵੰਤ ਮਾਨ ਨੇ ਤਾਂ ਸਤੰਬਰ 2018 ਵਿਚ ਸਪੱਸ਼ਟ ਬਿਆਨ ਦਿੱਤਾ ਸੀ ਕਿ ਸੂਬੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਰਵਾਈ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਬਾਦਲ ਪਰਿਵਾਰ ਨੂੰ 2015 ਦੀਆਂ ਬੇਅਦਬੀ ਦੀਆਂ ਘਟਨਾਵਾਂ ਲਈ ਦੋਸ਼ੀ ਠਹਿਰਾਇਆ ਸੀ। ਹੋਰ ਵੀ ਕਈ ਰਾਜਨੇਤਾਵਾਂ ਨੇ ਇਸ ਨਾਲ ਮਿਲਦੇ-ਜੁਲਦੇ ਇਲਜ਼ਾਮ ਲਾਏ ਸਨ, ਜਿਨਾਂ ਵਿਚ 'ਆਪ' ਮੁਖੀ ਅਰਵਿੰਦ ਕੇਜਰੀਵਾਲ ਵੀ ਸ਼ਾਮਿਲ ਸਨ।ਹੁਣ ਇਸ ਰਿਪੋਰਟ ਤੋਂ ਬਾਅਦ ਇਨਾਂ ਵਿਚੋਂ ਕੁਝ 'ਤੇ ਅਕਾਲੀ ਦਲ ਹੱਤਕ ਇੱਜ਼ਤ ਦੇ ਕੇਸ ਕਰਨ ਦੀਆਂ ਤਿਆਰੀਆਂ ਵੀ ਕਰ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ, ਪਰ ਵਾਹਿਗੁਰੂ ਨੇ ਅਕਾਲੀ ਦਲ ਨੂੰ ਇਸ ਘਟਨਾਕ੍ਰਮ ਵਿੱਚੋਂ ਬਾਹਰ ਕੱਢਿਆ ਹੈ। ਉਨਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਕਿਹਾ ਗਿਆ ਸੀ ਕਿ ਬੇਅਦਬੀਆਂ ਦੀ ਪੜਤਾਲ ਸੀਬੀਆਈ ਕਰੇ ਤੇ ਕਾਂਗਰਸ ਸਰਕਾਰ ਵੇਲੇ ਉਨਾਂ ਆਪਣੀ ਸਿਟ ਬਣਾ ਲਈ। ਉਨਾਂ ਕਿਹਾ ਕਿ ਮਗਰੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਤਾਂ ਹਾਈ ਕੋਰਟ ਦੇ ਹੁਕਮਾਂ ਮੁਤਾਬਕ ਮੁੜ ਸਿਟ ਬਣਾਈ ਗਈ, ਪਰ ਇਸ ਪੜਤਾਲ ਵਿੱਚ ਵੀ ਅਕਾਲੀ ਦਲ ਨੂੰ ਬੇਕਸੂਰ ਦੱਸਿਆ ਗਿਆ। ਧਾਮੀ ਨੇ ਕਿਹਾ ਕਿ ਦੋਵੇਂ ਪਾਰਟੀਆਂ ਵੱਲੋਂ ਸਿਰਫ਼ ਬਾਦਲਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਤੇ ਬੀਤੇ ਸੱਤ ਸਾਲਾਂ ਵਿੱਚ ਸਾਰਾ ਜ਼ੋਰ ਸਿਰਫ਼ ਅਦਾਲੀ ਦਲ ਨੂੰ ਭੰਡਣ ਵਿੱਚ ਲਗਾਇਆ ਗਿਆ ਜਦਕਿ ਸਾਰੀਆਂ ਜਾਂਚ ਕਮੇਟੀਆਂ ਵੱਲੋਂ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਬੇਕਸੂਰ ਦੱਸਿਆ ਗਿਆ ਹੈ। ਜਿਸ ਤਰਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਰਿਪੋਰਟ ਜਾਰੀ ਕੀਤੀ ਹੈ, ਉਹ ਵੀ ਚਰਚਾ ਦਾ ਵਿਸ਼ਾ ਹੈ ਤੇ ਕਈ ਸਵਾਲ ਵੀ ਖੜੇ ਕਰਦਾ ਹੈ। ਪੰਥਕ ਹਲਕਿਆਂ ਵਿਚ ਆਪ ਸਰਕਾਰ ਦਾ ਵਿਰੋਧ ਪਾਇਆ ਜਾ ਰਿਹਾ ਕਿ ਉਹ ਬੇਅਦਬੀ ਦੇ ਕੇਸ ਵਿਚ ਬਾਦਲਾਂ ਨੂੰ ਮਾਫ ਕਰ ਰਹੀ ਹੈ। ਜਾਪਦਾ ਨਹੀਂ ਕਿ ਅਕਾਲੀ ਦਲ ਅਤੇ ਬਾਦਲ ਪਰਿਵਾਰ ਏਨੇ ਨਾਲ ਹੀ ਸਿੱਖ ਮਾਨਸਿਕਤਾ ਵਿਚ ਫਿਰ ਪ੍ਰਵਾਨ ਹੋ ਜਾਏਗਾ। ਕਿਉਂਕਿ ਅਕਾਲੀ ਦਲ 'ਤੇ ਜਿਹੜੇ ਇਲਜ਼ਾਮ ਲਗਦੇ ਹਨ, ਉਨਾਂ ਵਿਚੋਂ ਬਹੁਤ ਸਾਰੇ ਅਜੇ ਵੀ ਜਵਾਬ ਮੰਗਦੇ ਹਨ। ਪਹਿਲਾ ਇਲਜ਼ਾਮ ਤਾਂ ਇਹ ਹੈ ਕਿ ਉਨਾਂ ਦੇ ਰਾਜ ਵਿਚ ਕਥਿਤ ਤੌਰ 'ਤੇ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਫੜਨ ਵਿਚ ਵਰਤੀ ਗਈ ਲਾਪ੍ਰਵਾਹੀ, ਲਾਪ੍ਰਵਾਹੀ ਹੀ ਸੀ ਜਾਂ ਇਹ ਡੇਰਾ ਪ੍ਰੇਮੀਆਂ ਨੂੰ ਬਚਾਉਣ ਦੀ ਕੋਈ ਕੋਸ਼ਿਸ਼ ਸੀ? ਫਿਰ ਬੇਅਦਬੀ ਦੀਆਂ ਘਟਨਾਵਾਂ ਖਿਲਾਫ਼ ਪ੍ਰਦਰਸ਼ਨ ਕਰਨ ਵਾਲਿਆਂ 'ਤੇ ਗੋਲੀ ਜਿਸ ਵਿਚ 2 ਸਿੰਘ ਸ਼ਹੀਦ ਹੋ ਗਏ, ਅਕਾਲੀ ਦਲ ਦੇ ਰਾਜ ਵਿਚ ਚੱਲੀ ਸੀ। ਪਰ ਉਸ ਵੇਲੇ ਲੰਮੇ ਵਿਰੋਧ ਦੇ ਬਾਵਜੂਦ ਇਸ ਸੰਬੰਧੀ ਕੋਈ ਕਾਰਵਾਈ ਨਹੀਂ ਹੋਈ।



ਜਦੋਂ ਕਿ ਇਹ ਲਗਭਗ ਸਪੱਸ਼ਟ ਹੋ ਚੁੱਕਾ ਸੀ ਕਿ ਬੇਅਦਬੀ ਪਿੱਛੇ ਡੇਰਾ ਸਿਰਸਾ ਨਾਲ ਸੰਬੰਧਿਤ ਲੋਕ ਸ਼ਾਮਲ ਸਨ। ਫਿਰ ਜਿਸ ਤਰਾਂ ਡੇਰਾ ਸਿਰਸਾ ਮੁਖੀ ਨੂੰ ਸ੍ਰੀ ਅਕਾਲ ਤਖ਼ਤ ਤੋਂ ਮੁਆਫ਼ੀ ਦਿੱਤੀ ਗਈ ਤੇ ਬਾਅਦ ਵਿਚ ਸਿੱਖ ਸੰਗਤਾਂ ਦੇ ਵਿਰੋਧ ਕਾਰਨ ਦਿੱਤੀ ਮੁਆਫ਼ੀ ਵਾਪਸ ਲੈਣੀ ਪਈ ਤੇ ਉਸ ਬਾਰੇ ਜੋ ਇਲਜ਼ਾਮ ਲੱਗੇ ਕਿ ਇਹ ਸਭ ਰਾਜ ਸੱਤਾ ਦੇ ਹੁਕਮਾਂ 'ਤੇ ਹੋਇਆ, ਨੇ ਵੀ ਅਕਾਲੀ ਦਲ ਨੂੰ ਕਟਹਿਰੇ ਵਿਚ ਹੀ ਖੜਾ ਕੀਤਾ ਸੀ। ਪਰ ਅਕਾਲ ਤਖ਼ਤ ਦੇ ਹੁਕਮਨਾਮੇ ਦੇ ਖਿਲਾਫ਼ ਜਾਂਦਿਆਂ ਅਕਾਲੀ ਦਲ ਵਲੋਂ 2017 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਜਿਸ ਤਰਾਂ ਡੇਰਾ ਸਿਰਸਾ ਤੋਂ ਮਦਦ ਲਈ ਗਈ ਅਤੇ ਜਿਵੇਂ ਵਹੀਰਾਂ ਘੱਤ ਕੇ ਅਕਾਲੀ ਉਮੀਦਵਾਰ ਸਥਾਨਕ ਡੇਰਿਆਂ ਵਿਚ ਪੁੱਜੇ, ਉਸ ਨੇ ਵੀ ਸਿੱਖਾਂ ਨੂੰ ਅਕਾਲੀ ਦਲ ਤੋਂ ਦੂਰ ਕੀਤਾ। ਹਾਲਾਂਕਿ ਕਾਂਗਰਸ, 'ਆਪ' ਤੇ ਭਾਜਪਾ ਉਮੀਦਵਾਰ ਵੀ ਡੇਰਾ ਸਿਰਸਾ ਦੇ ਡੇਰਿਆਂ ਵਿਚ ਗਏ ਸਨ ਪਰ ਲੋਕਾਂ ਨੂੰ ਮੁੱਖ ਇਤਰਾਜ਼ ਅਕਾਲੀ ਦਲ 'ਤੇ ਹੀ ਸੀ, ਕਿਉਂਕਿ ਅਕਾਲੀ ਦਲ ਦੀ ਗੱਲ ਉਨਾਂ ਤੋਂ ਬਹੁਤ ਵੱਖਰੀ ਹੈ। ਬੇਸ਼ੱਕ ਬਹੁਤ ਬਾਅਦ ਵਿਚ ਅਕਾਲੀ ਨੇਤਾਵਾਂ ਨੇ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਅਸਿੱਧੇ ਢੰਗ ਨਾਲ ਮੁਆਫ਼ੀ ਵੀ ਮੰਗੀ ਤੇ ਸਜ਼ਾ ਵੀ ਭੁਗਤੀ ਪਰ ਇਹ ਸਭ ਕੁਝ ਜਿਸ ਤਰਾਂ ਕੀਤਾ ਗਿਆ, ਉਸ ਨੇ ਵੀ ਅਕਾਲੀ ਦਲ ਦੀ ਸਾਖ਼ ਸਿੱਖਾਂ ਵਿਚ ਬਹਾਲ ਨਹੀਂ ਕੀਤੀ। ਅਸਲ ਵਿਚ ਅਕਾਲੀ ਦਲ ਦੀ ਸਾਖ਼ ਸਿੱਖਾਂ ਵਿਚ ਉਸ ਵੇਲੇ ਤੋਂ ਹੀ ਡਿੱਗਣੀ ਸ਼ੁਰੂ ਹੋ ਗਈ ਸੀ ਜਦੋਂ ਅਜਿਹੇ ਪੁਲਿਸ ਅਫ਼ਸਰ, ਜਿਨਾਂ 'ਤੇ 10 ਸਾਲ ਦੇ ਕਾਲੇ ਦੌਰ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਤੇ ਧੱਕਿਆਂ ਦੇ ਇਲਜ਼ਾਮ ਲੱਗੇ ਸਨ, ਵਿਰੁੱਧ ਜਾਂਚ ਦੀ ਬਜਾਏ ਉਨਾਂ ਨੂੰ ਵੱਡੇ ਅਹੁਦਿਆਂ 'ਤੇ ਬਿਠਾ ਦਿੱਤਾ ਗਿਆ ਸੀ। ਜਦੋਂ ਕਿ ਸਿੱਖ ਮਾਨਸਿਕਤਾ ਉਨਾਂ ਨੂੰ ਆਪਣਾ ਦੁਸ਼ਮਣ ਸਮਝ ਰਹੀ ਸੀ।

ਭਾਵੇਂ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਇਕ ਲਾ-ਮਿਸਾਲ ਜਿੱਤ ਦਿੱਤੀ ਹੈ। ਪਰ ਸਿੱਖ ਮਾਨਸਿਕਤਾ ਅਜੇ ਵੀ ਜ਼ਖ਼ਮੀ ਹੈ। ਸਿੱਖਾਂ ਨੂੰ ਆਪਣੀ ਅਗਵਾਈ ਕਰਨ ਵਾਲਾ ਅਜੇ ਵੀ ਕੋਈ ਨਹੀਂ ਦਿਖ ਰਿਹਾ। ਸਿਮਰਨਜੀਤ ਸਿੰਘ ਮਾਨ ਦੀ ਜਿੱਤ ਵਿਚ ਭਾਵੇਂ ਹੋਰ ਕਿੰਨੇ ਵੀ ਸਹਾਇਕ ਕਾਰਨ ਹੋਣ ਪਰ ਸਭ ਤੋਂ ਵੱਡਾ ਕਾਰਨ ਤਾਂ ਸਿੱਖੀ ਸੋਚ ਦਾ ਉਭਾਰ ਹੀ ਹੈ। ਲੋਕਾਂ ਨੇ ਰਵਾਇਤੀ ਪਾਰਟੀਆਂ ਨੂੰ ਇਕ ਵਾਰ ਫੇਰ ਰੱਦ ਕੀਤਾ ਹੈ ਪਰ 'ਆਪ' ਦੇ 3 ਮਹੀਨਿਆਂ ਦੇ ਰਾਜ 'ਤੇ ਨਿਰਾਸ਼ਾ ਦਾ ਵੀ ਪ੍ਰਗਟਾਵਾ ਕੀਤਾ ਹੈ। ਦੀਪ ਸਿੱਧੂ ਦੀ ਮੌਤ ਤੇ ਸਿੱਧੂ ਮੂਸੇਵਾਲੇ ਦੇ ਕਤਲ ਨੇ ਵੀ ਸਿੱਖੀ ਪ੍ਰਭਾਵ ਨੂੰ ਉਭਾਰਿਆ ਹੈ। ਅਜਿਹੀ ਹਾਲਤ ਵਿਚ ਪੰਜਾਬ ਵਿਚ ਕਿਸੇ ਸਿੱਖ ਨੁਮਾਇੰਦਾ ਜਮਾਤ ਦੀ ਘਾਟ ਦਾ ਖਲਾਅ ਅਜੇ ਵੀ ਭਰਿਆ ਨਹੀਂ ਭਾਵੇਂ ਸਿਮਰਨਜੀਤ ਸਿੰਘ ਮਾਨ ਜਿੱਤ ਵੀ ਚੁੱਕੇ ਹਨ। ਪੰਥਕ ਸਿਆਸਤ ਦੇ ਮਾਹਿਰ ਮੰਨਦੇ ਹਨ ਕਿ ਜੇ ਅਕਾਲੀ ਦਲ ਚਾਹੁੰਦਾ ਹੈ ਕਿ ਉਹ ਫਿਰ ਤੋਂ ਪੰਜਾਬ ਵਿਚ ਆਪਣੀ ਥਾਂ ਬਣਾਵੇ ਤਾਂ ਉਸ ਨੂੰ ਸਿੱਖ ਮਾਨਸਿਕਤਾ ਵਿਚ ਉਸ ਪ੍ਰਤੀ ਉਪਜੀ ਉਪਰਾਮਤਾ ਤੇ ਬੇਵਿਸ਼ਵਾਸੀ ਖ਼ਤਮ ਕਰਨੀ ਪਵੇਗੀ, ਜੋ ਸੌਖਾ ਕੰਮ ਨਹੀਂ। ਇਸ ਲਈ ਨਵੀਂ ਲੀਡਰਸ਼ਿਪ ਤੇ ਪੰਜਾਬ ਪਖੀ ਖ਼ੁਦਮੁਖਤਿਆਰੀ ਏਜੰਡੇ ਦੀ ਸਿਰਜਣਾ ਕਰਨੀ ਪਵੇਗੀ।

### ਡੀਐਮਕੇ ਸਰਕਾਰ ਵਲੋਂ ਖੁਦਮੁਖਤਿਆਰੀ ਦੀ ਮੰਗ

ਮਨਮੋਹਨ ਸਿੰਘ ਸਰਕਾਰ ਵਿਚ ਕੇਂਦਰੀ ਮੰਤਰੀ ਰਹੇ ਅਤੇ ਤਾਮਿਲਨਾਡੂ ਵਿਚ ਡੀ ਐਮ ਕੇ ਪਾਰਟੀ ਦੀ ਸਰਕਾਰ ਦੇ ਸੀਨੀਅਰ ਆਗੂ ਏ ਰਾਜਾ ਨੇ ਕੇਂਦਰ ਦੀ ਭਾਜਪਾ ਸਰਕਾਰ ਕੋਲੋ ਮੰਗ ਕੀਤੀ ਹੈ ਕਿ ਸੂਬੇ ਨੂੰ ਖੁਦਮੁਖਤਿਆਰੀ ਦਿੱਤੀ ਜਾਏ ਨਹੀਂ ਤੇ ਪਾਰਟੀ ਦੇਸ਼ ਨਾਲੋਂ ਅਡ ਹੋਣ ਬਾਰੇ ਸੋਚਣ ਲਈ ਮਜਬੂਰ ਹੋਵੇਗੀ। ਮਹਾਰਾਸ਼ਟਰ ਵਿਚ ਸ਼ਿਵ ਸੈਨਾ ਸਰਕਾਰ ਦੇ ਹੋਏ ਹਸ਼ਰ ਨੂੰ ਵੇਖ ਕੇ ਪਾਰਟੀ ਇਹ ਮੰਗ ਕਰਨ ਲਈ ਮਜਬੂਰ ਹੋਈ ਜਾਪਦੀ ਹੈ। ਡੀ ਐਮ ਕੇ 1963 ਤੋਂ ਪਹਿਲਾਂ ਵੀ ਤਾਮਿਲਨਾਡੂ ਦੀ ਅਜਾਦੀ ਦੀ ਮੰਗ ਕਰਦੀ ਰਹੀ ਹੈ।

ਮੋਦੀਕੇ ਜਿਉਂ ਜਿਉਂ ਸੂਬਿਆਂ ਉਤੇ ਕੇਂਦਰ ਦਾ ਸ਼ਿਕੰਜਾ ਕਸਦੇ ਜਾ ਰਹੇ ਹਨ, ਤਿਉਂ ਤਿਉਂ ਸੂਬਿਆਂ ਵਿਚ ਕੇਂਦਰ ਸਰਕਾਰ ਪ੍ਰਤੀ ਬੇਭਰੋਸਗੀ ਵਧਦੀ ਜਾ ਰਹੀ ਹੈ। ਮੋਦੀਕਿਆਂ ਦਾ ਹੈਦਰਾਬਾਦ ਵਿਚ ਜਾ ਕੇ ਸੂਬਾ ਸਰਕਾਰ ਨੂੰ ਭਰੋਸੇ ਵਿਚ ਲਏ ਬਿਨਾਂ ਖਰੂਦ ਪਾਉਣਾ ਮੁਖ ਮੰਤਰੀ ਨੂੰ ਗਵਾਰਾ ਨਹੀਂ ਹੋਇਆ। ਮੁਖ ਮੰਤਰੀ ਨੇ ਪ੍ਰਧਾਨ ਮੰਤਰੀ ਦਾ ਸੂਬੇ ਵਿਚ ਆਉਣ ਉਤੇ ਉਸਦਾ ਸਵਾਗਤ ਤੇ ਕੀ ਕਰਨਾ ਸੀ ਬਲਕਿ ਉਸ ਨੂੰ ਮਿਲਣਾ ਵੀ ਪਸੰਦ ਨਹੀਂ ਕੀਤਾ।

ਇਸੇ ਕਰ ਕੇ ਮੋਦੀ ਭਗਤ ਅਖਬਾਰ 'ਟਾਈਮਜ ਆਫ ਇੰਡੀਆ' ਨੇ ਅੱਜ ਦੀ ਆਪਣੀ ਮੁਖ ਸੰਪਾਦਕੀ 'ਕੋਲਕਤਾ ਟੂ ਹੈਦਰਾਬਾਦ' ਵਿਚ ਅਗਲੇ ਸਾਲ ਤਿੰਲਗਾਨਾ ਸੂਬੇ ਦੀਆਂ ਹੋਣ ਵਾਲੀਆ ਵਿਧਾਨ ਸਭਾ ਚੋਣਾਂ ਵਿਚ ਮੋਦੀਕਿਆਂ ਦਾ ਹਸ਼ਰ ਬੰਗਾਲ ਵਾਲਾ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਹੈ। ਉਸ ਨੇ ਇਹ ਵੀ ਸਪੱਸ਼ਟ ਕੀਤਾ ਹੈ, ਕਿ ਜਿਹੜੀਆਂ ਗਲਤੀਆਂ ਭਾਜਪਾ ਨੇ ਬੰਗਾਲ ਵਿਚ ਕੀਤੀਆਂ ਸਨ, ਓਹੀ ਗਲਤੀਆਂ ਉਹ ਤਿਲੰਗਾਨਾ ਵਿਚ ਦੁਹਰਾ ਰਹੀ ਹੈ। ਕੇਜਰੀਵਾਲ ਭਗਤਾਂ ਨੂੰ ਸੁਚੇਤ ਹੋਣ ਦੀ ਲੋੜ ਹੈ।

## ਅਮਰੀਕੀ ਅਧਿਕਾਰੀ ਰਸ਼ਾਦ ਹੁਸੈਨ ਅਨੁਸਾਰ- ਭਾਰਤ ਵਿਚ ਵੱਡੇ ਕਤਲੇਆਮ ਦਾ ਖ਼ਤਰਾ




ਰਸ਼ਾਦ ਹੁਸੈਨ, ਜੋ ਧਾਰਮਿਕ ਅਜ਼ਾਦੀ ਬਾਰੇ ਅਮਰੀਕੀ ਰਾਸ਼ਟਰਪਤੀ ਦੇ ਸਲਾਹਕਾਰ ਹਨ, ਨੇ ਬੀਤੇ ਦਿਨੀਂ ਚੇਤਾਵਨੀ ਦਿੱਤੀ ਸੀ ਕਿ ਭਾਰਤ ਵਿੱਚ ਵੱਡੇ ਕਤਲੇਆਮ ਦਾ ਖਤਰਾ ਹੈ। ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਲਈ, ਇੱਕ ਸ਼ੁਰੂਆਤੀ ਚੇਤਾਵਨੀ ਪ੍ਰੋਜੈਕਟ ਨੇ ਸਮੂਹਿਕ ਕਤਲੇਆਮ ਦੇ ਖਤਰੇ ਨੂੰ ਲੈ ਕੇ ਭਾਰਤ ਨੂੰ ਦੁਨੀਆ ਵਿੱਚ ਦੂਜੇ ਨੰਬਰ 'ਤੇ ਰੱਖਿਆ ਹੈ।

ਹਿੰਦੁਸਤਾਨ ਟਾਈਮਜ਼ ਦੀ ਖ਼ਬਰ ਮੁਤਾਬਕ, ਰਸ਼ਾਦ ਨੇ ਭਾਰਤ ਵਿੱਚ ਧਾਰਮਿਕ ਘੱਟ-ਗਿਣਤੀਆਂ ਦੇ ਅਧਿਕਾਰਾਂ ਨੂੰ ਖਤਰੇ ਵਿੱਚ ਪਾਉਣ ਵਾਲੀ 'ਸਮੱਗਰੀ' ਦੇ ਇੱਕ ਸਮੂਹ ਨੂੰ ਵੀ ਸੂਚੀਬੱਧ ਕੀਤਾ।

ਭਾਰਤ ਵਿਚ ਨਾਗਰਿਕਤਾ (ਸੋਧ) ਕਾਨੂੰਨ ਅਤੇ 'ਕਤਲੇਆਮ ਦੇ ਸੱਦਿਆਂ' ਬਾਰੇ ਗੱਲ ਕਰਦਿਆਂ ਉਨਾਂ ਕਿਹਾ, 'ਚਰਚਾਂ 'ਤੇ ਹਮਲੇ ਹੋਏ ਹਨ, ਘਰਾਂ ਨੂੰ ਢਾਹਿਆ ਗਿਆ ਹੈ, ਹਿਜਾਬ 'ਤੇ ਪਾਬੰਦੀ ਲਗਾਈ ਗਈ, ਇਸ ਤਰਾਂ ਇਸ ਤਰਾਂ ਦੀ ਬਿਆਨਬਾਜ਼ੀ ਖੁੱਲੇਆਮ ਵਰਤੀ ਜਾ ਰਹੀ ਹੈ ਜੋ ਲੋਕਾਂ ਲਈ ਬਹੁਤ ਹੱਦ ਤੱਕ ਅਣਮਨੁੱਖੀ ਹੈ, ਇੱਕ ਮੰਤਰੀ ਨੇ ਮੁਸਲਮਾਨਾਂ ਨੂੰ ਸਿਉਂਕ ਤੱਕ ਕਹਿ ਦਿੱਤਾ।' ਉਨਾਂ ਕਿਹਾ ਕਿ ਅਮਰੀਕਾ ਆਪਣੀਆਂ ਚਿੰਤਾਵਾਂ ਬਾਰੇ ਭਾਰਤ ਨਾਲ ਸਿੱਧੀ ਗੱਲ ਕਰ ਰਿਹਾ ਹੈ।

ਹੁਸੈਨ ਦੇ ਦਫਤਰ ਵੱਲੋਂ ਹਾਲ ਹੀ ਵਿਚ ਇੱਕ ਰਿਪੋਰਟ ਵੀ ਤਿਆਰ ਕੀਤੀ ਗਈ ਹੈ ਜਿਸ ਵਿਚ 'ਭਾਰਤ 'ਚ ਲੋਕਾਂ ਅਤੇ ਧਾਰਮਿਕ ਅਸਥਾਨਾਂ ਉੱਪਰ ਵੱਧ ਰਹੇ ਹਮਲਿਆਂ' ਬਾਰੇ ਚਿੰਤਾ ਪ੍ਰਗਟਾਈ ਗਈ ਹੈ।

ਹਾਲਾਂਕਿ, ਭਾਰਤ ਨੇ ਅਧਿਕਾਰੀਆਂ ਦੀਆਂ ਟਿੱਪਣੀਆਂ ਨੂੰ 'ਗਲਤ ਜਾਣਕਾਰੀ' ਕਹਿੰਦੇ ਹੋਏ ਇਸ ਰਿਪੋਰਟ ਨੂੰ ਖਾਰਿਜ ਕਰ ਦਿੱਤਾ। ਭਾਰਤ ਵੱਲੋਂ ਕਿਹਾ ਗਿਆ ਕਿ ਇਹ ਮੰਦਭਾਗਾ ਸੀ ਕਿ 'ਅੰਤਰਰਾਸ਼ਟਰੀ ਸਬੰਧਾਂ ਵਿੱਚ ਵੋਟ ਬੈਂਕ ਦੀ ਰਾਜਨੀਤੀ' ਕੀਤੀ ਜਾ ਰਹੀ ਸੀ। ਭਾਰਤ ਨੇ ਅਮਰੀਕਾ ਨੂੰ 'ਪ੍ਰੇਰਿਤ ਜਾਣਕਾਰੀਆਂ ਅਤੇ ਪੱਖਪਾਤੀ ਵਿਚਾਰਾਂ' 'ਤੇ ਆਧਾਰਿਤ ਮੁਲਾਂਕਣ ਨਾ ਕਰਨ ਦੀ ਅਪੀਲ ਕੀਤੀ।

# ਸਿੱਧੇ ਤੌਰ ’ਤੇ ਪੰਜਾਬ ਦੀ ਕਮਾਨ ਰਾਘਵ ਚੱਢਾ ਦੇ ਹੱਥ

## ਰਾਘਵ ਚੱਢਾ ਪਹਿਲਾਂ ਹੀ ਪੰਜਾਬ ਦੇ ਅਸਲ ਮੁੱਖ ਮੰਤਰੀ ਸਨ: ਰਾਜਾ ਵੜਿੰਗ



**ਸਰਬਜੀਤ ਕੌਰ ਸਰਬ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਸੂਬਾ ਸਰਕਾਰ ਦੀ ਸਲਾਹਕਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਮੁੱਖ ਮੰਤਰੀ ਅਨੁਸਾਰ ਰਾਘਵ ਚੱਢਾ ‘ਆਪ’ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਦੀ ਧਾਰਨਾਵਾਂ ਅਤੇ ਉਨਾਂ ਨੂੰ ਲਾਗੂ ਕਰਨ ਦੀ ਨਿਗਰਾਨੀ ਕਰਨਗੇ ਅਤੇ ਵਿੱਤ ਦੇ ਮਾਮਲਿਆਂ ’ਤੇ ਸਰਕਾਰ ਨੂੰ ਸਲਾਹ ਦੇਣਗੇ।

ਮੁੱਖ ਮੰਤਰੀ ਦਫ਼ਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਚੱਢਾ ਇੱਕ ਚਾਰਟਰਡ ਅਕਾਊਂਟੈਂਟ ਹਨ ਅਤੇ ਦੁਨੀਆਂ ਦੀਆਂ ਕੁਝ ਵੱਡੀਆਂ ਕਾਰਪੋਰੇਟ ਫਰਮਾਂ ਨਾਲ ਕੰਮ ਕਰਦੇ ਰਹੇ ਹਨ। ਉਹ ਦਿੱਲੀ ਦੇ ਵਿੱਤ ਮੰਤਰੀ ਮਨੀਸ਼ ਸਿਸੋਦੀਆ ਦੇ ਵਿੱਤੀ ਸਲਾਹਕਾਰ ਵਜੋਂ ਵੀ ਕੰਮ ਕਰ ਚੁੱਕੇ ਹਨ। ਬਿਆਨ ਵਿੱਚ ਕਿਹਾ ਗਿਆ ਹੈ, ‘ਉਸਦੀਆਂ ਸਖ਼ਤ ਕੋਸ਼ਿਸ਼ਾਂ ਨੇ ਦਿੱਲੀ ਨੂੰ ਇੱਕ ਮਾਲੀਆ ਸਰਪਲੱਸ ਰਾਜ ਬਣਾਉਣ ਵਿੱਚ ਮਦਦ ਕੀਤੀ ਅਤੇ ਇਸ ਤਰਾਂ ਇਸ ਨੂੰ ਉੱਚ ਆਰਥਿਕ ਵਿਕਾਸ ਦੇ ਰਾਹ ’ਤੇ ਲਿਆਉਣ ਵਿੱਚ ਮਦਦ ਕੀਤੀ,’ ਬਿਆਨ ਵਿੱਚ ਕਿਹਾ ਗਿਆ ਕਿ ਉਹ ਪੰਜਾਬ ਵਰਗੇ ਕਰਜ਼ੇ ਦੇ ਬੋਝ ਵਾਲੇ ਸੂਬੇ ਲਈ ਇੱਕ ਸੰਪਤੀ ਹੋਵੇਗਾ।

ਪੰਜਾਬ ਸਰਕਾਰ ਵੱਲੋਂ ਉੱਚ ਪੱਧਰੀ ਸਲਾਹਕਾਰ ਕਮੇਟੀ ਬਣਾਉਣ ਮਗਰੋਂ ਹੀ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਇਸ ਕਮੇਟੀ ਦਾ ਚੇਅਰਮੈਨ ਲਾਇਆ ਗਿਆ ਹੈ। ਇਸ ਕਮੇਟੀ ਵਿਚ ਤਿੰਨ ਮੈਂਬਰ ਹੋਣਗੇ ਅਤੇ ਰਾਘਵ ਚੱਢਾ ਇਸਦੇ ਚੇਅਰਮੈਨ ਹੋਣਗੇ। ਸਰਕਾਰ ਦਾ ਦਾਅਵਾ ਹੈ ਕਿ ਇਸ ਕਮੇਟੀ ਤੋਂ ਜਨਤਕ ਮਹੱਤਵ ਨਾਲ ਸਬੰਧਤ ਪ੍ਰਸ਼ਾਸਕੀ ਮੁੱਦਿਆਂ ਉੱਤੇ ਸਲਾਹ ਲਈ ਜਾਵੇਗੀ। ਸੂਬੇ ਦੇ ਨਵ-ਨਿਯੁਕਤ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਵੱਲੋਂ ਕਮੇਟੀ ਦੇ ਗਠਨ ਸਬੰਧੀ ਬੁੱਧਵਾਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਇਸ ਕਮੇਟੀ ਨੂੰ ਲੈ ਕੇ ਭਗਵੰਤ ਮਾਨ ਸਰਕਾਰ ਮੁੜ ਘਿਰ ਗਈ ਹੈ।ਵਿਰੋਧੀ ਨੇ ਇਸ ਨਿਯੁਕਤੀ ਮਗਰੋਂ ਤਿੱਖਾ ਹਮਲਾ ਬੋਲਿਆ ਹੈ।

### ਚੱਢਾ ਪਹਿਲਾਂ ਹੀ ਪੰਜਾਬ ਦੇ ਅਸਲ ਮੁੱਖ ਮੰਤਰੀ ਸਨ : ਰਾਜਾ ਵੜਿੰਗ

ਦੂਜੇ ਪਾਸੇ ਵਿਰੋਧੀ ਪੱਖ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਤੇ ਰਾਜਾ ਵੜਿੰਗ ਨੇ ਰਾਜ ਸਰਕਾਰ ਦੀ ਸਲਾਹਕਾਰ ਕਮੇਟੀ ਦੇ ਚੇਅਰਮੈਨ ਵਜੋਂ ਰਾਘਵ ਚੱਢਾ ਦੀ ਨਿਯੁਕਤੀ ਨੂੰ ਲੈ ਕੇ ਆਮ ਆਦਮੀ ਪਾਰਟੀ (ਆਪ) ਦੀ ਲੀਡਰਸ਼ਿਪ ਦੀ ਤੁਲਨਾ ਬ੍ਰਿਟਿਸ਼ ਸਾਮਰਾਜ ਨਾਲ ਕੀਤੀ ਹੈ। ‘ਆਪ’ ਦੇ ਇਸ ਕਦਮ ਦੀ ਆਲੋਚਨਾ ਕਰਦਿਆਂ ਉਨਾਂ ਕਿਹਾ, ‘ਇਹ ਮੈਨੂੰ ਉਨਾਂ ਦਿਨਾਂ ਦੀ ਯਾਦ ਦਿਵਾਉਂਦਾ ਹੈ ਜਦੋਂ ਬ੍ਰਿਟਿਸ਼ ਸਮਰਾਟ ਆਪਣੇ ਹਿੱਤਾਂ ਦੀ ਰਾਖੀ ਅਤੇ ਸੁਰੱਖਿਆ ਲਈ ਭਾਰਤ ਵਿੱਚ ਇੱਕ ਵਾਇਸਰਾਏ ਨਿਯੁਕਤ ਕਰਦਾ ਸੀ।’ ਉਨਾਂ ਕਿਹਾ, ‘ਚੱਢਾ ਬਾਦਸ਼ਾਹ ਅਰਵਿੰਦ ਕੇਜਰੀਵਾਲ ਦੁਆਰਾ ਨਿਯੁਕਤ ਨਵਾਂ ਵਾਇਸਰਾਏ ਹੈ ਜਿਸ ਵਿੱਚ ਭਗਵੰਤ ਮਾਨ ਇੱਕ ਆਗਿਆਕਾਰੀ ਅਤੇ ਅਧੀਨ ਜਾਲਮ ਵਜੋਂ ਕੰਮ ਕਰ ਰਹੇ ਹਨ।’ ‘ਭਗਵੰਤ ਮਾਨ ਨਾਲੋਂ ਸੁਪਰ ਸੀਐਮ ਬਣਨ ਦਾ ਚੱਢਾ ਦਾ ਅਨੁਭਵ ਕੀ ਹੈ ?’ ਉਸਨੇ ਇੱਕ ਸਖ਼ਤ ਸ਼ਬਦਾਂ ਵਿੱਚ ਪੁੱਛਿਆ, ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਹਰ ਸਮੇਂ ਦੇ ਮਹਾਨ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਦੀ ਧਰਤੀ ਪੰਜਾਬ ਉੱਤੇ ਹੁਣ ਸ਼ਾਸਨ ਦਾ ਕੋਈ ਤਜਰਬਾ ਨਾ ਹੋਣ ਵਾਲੇ ਇੱਕ ਬਾਹਰਲੇ ਦਰਜੇ ਦਾ ਰਾਜ ਹੋਵੇਗਾ ਅਤੇ ਉਹ ਵੀ ਜਦੋਂ ਸਾਡੇ ਕੋਲ ਪਹਿਲਾਂ ਹੀ ਹੈ। ਇੱਥੇ ਲੋਕਤੰਤਰੀ ਢੰਗ ਨਾਲ ਚੁਣੀ ਗਈ ਸਰਕਾਰ ਹੈ। ਉਨਾਂ ਕਿਹਾ ਕਿ ਜਿਸ ਤਰਾਂ ‘ਆਪ’ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਰਗੇ ਰਾਜਾਂ ਵਿਚ ਆਪਣਾ ਪ੍ਰਚਾਰ ਕਰਨ ਲਈ ਪੰਜਾਬ ਦੇ ਵਸੀਲਿਆਂ ਦੀ ਦੁਰਵਰਤੋਂ ਕਰ ਰਹੀ ਹੈ ਤੇ ਸਰੋਤਾਂ ਦਾ ਸ਼ੋਸ਼ਣ ਕਰ ਰਹੀ ਹੈ। ‘ਪੰਜਾਬ ਸਰਕਾਰ ਨੂੰ ਸਲਾਹ ਦੇਣ ਵਾਲੀ ਸਲਾਹਕਾਰ ਕਮੇਟੀ ਦੀ ਅਗਵਾਈ ਕਰਨ ਲਈ ਚੱਢਾ ਦੀ ਸਥਿਤੀ ਕੀ ਹੈ ?’ ਉਨਾਂ ਸਵਾਲ ਕੀਤਾ ਕਿ ਜਦੋਂ ਮੁੱਖ ਮੰਤਰੀ ਵਾਲੀ ਚੁਣੀ ਹੋਈ ਸਰਕਾਰ ਹੋਵੇ ਅਤੇ ਵਿਧਾਨ ਸਭਾ ਨੂੰ ਜਵਾਬਦੇਹ ਮੰਤਰੀ ਮੰਡਲ ਹੋਵੇ ਤਾਂ ਗੈਰ-ਸੰਵਿਧਾਨਕ ਅਥਾਰਟੀਆਂ ਦੇ ਨਾਲ ਗੈਰ-ਸੰਵਿਧਾਨਕ ਸੰਸਥਾਵਾਂ ਗਠਿਤ ਕਰਨ ਦਾ ਕੀ ਮਤਲਬ ਹੈ ?

ਰਾਜਾ ਵੜਿੰਗ ਨੇ ਕਿਹਾ ਕਿ ਚੱਢਾ ਪਹਿਲਾਂ ਹੀ ਪੰਜਾਬ ਦੇ ਅਸਲ ਮੁੱਖ ਮੰਤਰੀ ਸਨ। ਹੁਣ ਉਸ ਨੂੰ ‘ਕਾਨੂੰਨੀ’ ਅਥਾਰਟੀ ਦਿੱਤੀ ਗਈ ਹੈ ਜੋ ਕਿ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਤੌਰ ’ਤੇ ਹੈ। ਉਨਾਂ ਕਿਹਾ ਕਿ ਕਾਂਗਰਸ ਪਾਰਟੀ ਸਹੀ ਸਾਬਤ ਹੋਈ ਹੈ ਕਿਉਂਕਿ ਉਹ ਪਹਿਲੇ ਦਿਨ ਤੋਂ ਕਹਿੰਦੀ ਆ ਰਹੀ ਹੈ ਕਿ ਭਗਵੰਤ ਮਾਨ ਸਿਰਫ਼ ਰਬੜ ਦੀ ਮੋਹਰ ਵਾਂਗ ਹੋਵੇਗਾ ਅਤੇ



ਅਸਲ ਅਧਿਕਾਰ ਕੇਜਰੀਵਾਲ ਕੋਲ ਹੋਵੇਗਾ ਅਤੇ ਉਹ ਹੁਣ ਚੱਢਾ ਰਾਹੀਂ ਕਰ ਰਿਹਾ ਹੈ। ‘ਅਸੀਂ ਸੋਚਿਆ ਸੀ ਕਿ ‘ਆਪ’ ਲੀਡਰਸ਼ਿਪ ਨੇ ਸੰਗਰੂਰ ਵਿੱਚ ਆਪਣਾ ਸਬਕ ਚੰਗੀ ਤਰਾਂ ਸਿੱਖ ਲਿਆ ਹੋਵੇਗਾ, ਪਰ ਉਨਾਂ ਨੇ ਸਪੱਸ਼ਟ ਤੌਰ ’ਤੇ ਅਜਿਹਾ ਨਹੀਂ ਕੀਤਾ ਅਤੇ ਜੇਕਰ ਉਨਾਂ ਨੇ ਕੋਈ ਸਬਕ ਸਿੱਖ ਲਿਆ ਹੁੰਦਾ ਤਾਂ ਉਹ ਸੂਬੇ ਦੀ ਸਰਕਾਰ ਦੀ ਅਗਵਾਈ ਕਰਨ ਅਤੇ ਮੁੱਖ ਮੰਤਰੀ ਨੂੰ ਧੱਕਾ ਦੇਣ ਲਈ ਕੋਈ ਤਜਰਬਾ ਨਾ ਰੱਖਣ ਵਾਲੇ ਕਿਸੇ ਬਾਹਰੀ ਵਿਅਕਤੀ ਨੂੰ ਨਿਯੁਕਤ ਨਾ ਕਰਦੇ।

### ਰਾਘਵ ਚੱਢਾ ਨੂੰ ਪੰਜਾਬ ਦਾ ਸੁਪਰ CM : ਧਰਮਵੀਰ ਗਾਂਧੀ

ਇਸ ’ਤੇ ਧਰਮਵੀਰ ਗਾਂਧੀ ਨੇ ਕਿਹਾ, ‘ਪੰਜਾਬ ਦੇ ਮੁੱਖ ਮੰਤਰੀ ਦੇ ਖੰਭ ਪੂਰੀ ਤਰਾਂ ਕੁਤਰ ਦਿੱਤੇ ਗਏ ਹਨ। ਰਾਘਵ ਚੱਢਾ ਨੂੰ ਪੰਜਾਬ ਦਾ ਸੁਪਰ CM ਬਣਾ ਦਿੱਤਾ ਗਿਆ ਹੈ। ਮੈਂ ਹੈਰਾਨ ਹਾਂ ਕਿ ਭਗਤ ਸਿੰਘ ਦੀ ਗੱਲ ਕਰਨ ਵਾਲਾ ਪੰਜਾਬ ਦਾ ਕਾਗਜੀ ਮੁੱਖ ਮੰਤਰੀ ਭਗਵੰਤ ਮਾਨ ਚੁੱਪ ਕਿਉਂ ਹੈ ? ਭਗਵੰਤ ਮਾਨ ਜੀ, ਭਗਤ ਸਿੰਘ ਐਦਾਂ ਗੁਲਾਮੀ ਨੀਂ ਸੀ ਕਰਦਾ। ਪੰਜਾਬ ਸਰਕਾਰ ਦਾ ਬੇਹੱਦ ਸ਼ਰਮਨਾਕ ਫੈਸਲਾ ਸ਼੍ਰੋਮਣੀ ਅਕਾਲੀ ਦਲ ਦੀ ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ, ‘ਪੰਜਾਬ ਅੱਜ ਤੋਂ ਸਹੀ ਅਤੇ ਸੱਚਮੁੱਚ ਦਿੱਲੀ ਦੇ ਰਹਿਮੋ-ਕਰਮ ’ਤੇ ਹੈ। ਆਪ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਰਿਮੋਟ-ਕੰਟਰੋਲ ਹੈ ਰਾਘਵ ਚੱਢਾ। ਮੁੱਖ ਮੰਤਰੀ ਚੁਣੇ ਜਾਣ ਸਮੇਂ ਪੰਜਾਬ ਦੇ ਡੀ-ਫੈਕਟੋ CM ਭਗਵੰਤ ਮਾਨ ਵਿਆਹ ਦੀ ਛੁੱਟੀ ’ਤੇ ਭੇਜ ਦਿੱਤਾ।’

### ਪੰਜਾਬ ਦੇ ਲੋਕਾਂ ਦੁਆਰਾ ਆਪ ਪਾਰਟੀ ਦੇ ਫੈਸਲੇ ਦਾ ਵਿਰੋਧ

ਜਦੋਂ ਤੋਂ ਪੰਜਾਬ ਵਿੱਚ ਆਪ ਪਾਰਟੀ ਦੀ ਸਰਕਾਰ ਬਣੀ ਉਦੋਂ ਤੋਂ ਹੀ ਰਾਘਵ ਚੱਢਾ ਦਾ ਵਿਰੋਧ ਪੰਜਾਬ ਦੇ ਲੋਕਾਂ ਦੁਆਰਾ ਲਗਾਤਾਰ ਕੀਤਾ ਜਾ ਰਿਹਾ ਹੈ। ਪੰਜਾਬ ਦੇ ਲੋਕ ਰਾਘਵ ਚੱਢਾ ਨੂੰ ਪੰਜਾਬ ਵਿਚ ਕਿਸੇ ਵੀ ਉੱਚ ਪਦਵੀ ਉੱਤੇ ਬਿਰਾਜਮਾਨ ਨਹੀਂ ਕਰਨਾ ਚਾਹੁੰਦੇ ਸਨ। ਜਦੋਂ ਪੰਜਾਬ ਸਰਕਾਰ ਨੇ ਰਾਘਵ ਚੱਢਾ ਨੂੰ ਰਾਜ ਸਭਾ ਦਾ ਮੈਂਬਰ ਚੁਣਿਆ ਸੀ ਉਸ ਦਾ ਖਾਮਿਆਜ਼ਾ ਸੰਗਰੂਰ ਦੀਆਂ ਜਿਮਨੀ ਚੋਣਾਂ ਵਿੱਚ ਆਪ ਪਾਰਟੀ ਨੂੰ ਹਾਰ ਨਾਲ ਭਰਨਾ ਪਿਆ ਸੀ। ਪਰ ਭਗਵੰਤ ਮਾਨ ਸਰਕਾਰ ਨੇ ਮੁੜ ਦੁਬਾਰਾ ਤੋਂ ਅਜਿਹੀ ਗਲਤੀ ਕਰ ਕੇ ਆਉਣ ਵਾਲੇ ਸਮੇਂ ਵਿੱਚ ਆਪ ਪਾਰਟੀ ਦਾ ਗ੍ਰਾਫ ਹੇਠਾਂ ਵੱਲ ਕਰ ਦਿੱਤਾ ਹੈ। ਪੰਜਾਬ ਦੇ ਲੋਕਾਂ ਦਾ ਮੰਨਣਾ ਹੈ ਕਿ ਰਾਘਵ ਚੱਢਾ ਜਿਸ ਦਾ ਪੰਜਾਬੀ, ਪੰਜਾਬੀਅਤ ਤੇ ਸਿੱਖ ਇਤਿਹਾਸ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਹੈ ਉਸ ਨੂੰ ਪੰਜਾਬ ਦੀ ਵਾਗਡੋਰ ਦੇਣ ਦਾ ਮਤਲਬ ਇਤਿਹਾਸ ਨੂੰ ਪੂਰੀ ਤਰਾਂ ਖਤਮ ਕਰਨਾ ਹੈ। ਅਜਿਹਾ ਕਰਕੇ ਹੀ ਉਹ ਹਿੰਦੂ ਰਾਸ਼ਟਰ ਨਿਰਮਾਣ ਵਿੱਚ ਆਪਣੀ ਭੂਮਿਕਾ ਅਦਾ ਕਰੇਗਾ।

### ਪੰਜਾਬ ਹੱਥੋਂ ਚੰਡੀਗੜ ਖੁਸਣ ਦੀਆਂ ਤਿਆਰੀਆਂ

ਪਿਛਲੇ ਦਿਨੀ ਰਾਜਾਂ ਦੇ ਮੁੱਖ ਮੰਤਰੀਆਂ ਦੀ ਹੋਈ ਗੱਲਬਾਤ ਵਿਚ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵੱਖਰੀ ਹਰਿਆਣਾ ਵਿਧਾਨ ਸਭਾ ਦੀ ਮੰਗ ਕੀਤੀ ਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਚੰਡੀਗੜ ਵਿੱਚ ਹਰਿਆਣਾ ਵਿਧਾਨ ਸਭਾ ਲਈ ਵੱਖਰੀ ਇਮਾਰਤ ਬਣਾਉਣ ਲਈ ਜ਼ਮੀਨ ਦਾ ਐਲਾਨ ਕੀਤਾ ਹੈ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕੇਂਦਰ ਨੂੰ ਅਪੀਲ ਕੀਤੀ ਕਿ ਚੰਡੀਗੜ ’ਚ ਪੰਜਾਬ ਨੂੰ ਆਪਣੀ ਵਿਧਾਨ ਸਭਾ ਦੀ ਇਮਾਰਤ ਬਣਾਉਣ ਲਈ ਜ਼ਮੀਨ ਅਲਾਟ ਕੀਤੀ ਜਾਵੇ ਜਦੋਂ ਕਿ ਭਗਵੰਤ ਮਾਨ ਦਾ ਅਜਿਹਾ ਕਹਿਣਾ ਪੰਜਾਬੀਆਂ ਨੂੰ ਇੱਕ ਝਟਕਾ ਸੀ ਕੀ ਆਪਣੇ ਘਰ ਦੇ ਵਿੱਚ ਹੀ ਕੇਂਦਰ ਸਰਕਾਰ ਕੋਲੋਂ ਜ਼ਮੀਨ ਦੀ ਮੰਗ ਕਰ ਰਿਹਾ ਹੈ । ਜਿਸ ਦਿਨ ਇਹ ਮੀਟਿੰਗ ਹੋਈ ਸੀ ਇਸ ਮੀਟਿੰਗ ਵਿਚ ਕੇਵਲ ਪੰਜਾਬ ਦੇ ਦੋ ਮੰਤਰੀ ਹਰਜੋਤ ਬੈਂਸ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਹੀ ਸ਼ਾਮਲ ਸਨ ਜਦ ਕਿ ਇਸ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦਾ ਹੋਣਾ ਲਾਜ਼ਮੀ ਸੀ । ਪੰਜਾਬ ਵਿੱਚ ਆਪ ਪਾਰਟੀ ਦੀਆਂ ਅਜਿਹੀਆਂ ਕਾਰਗੁਜ਼ਾਰੀਆਂ ਨੇ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਉੱਤੇ ਪਾਣੀ ਫੇਰਨਾ ਸ਼ੁਰੂ ਕਰ ਦਿੱਤਾ ਹੈ। ਜੇਕਰ ਪੰਜਾਬ ਦੀ ਸਰਕਾਰ ਅਸਿੱਧੇ ਤੌਰ ’ਤੇ ਰਾਘਵ ਚੱਢਾ ਦੇ ਹੱਥ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਪਾਰਟੀ ਦਾ ਵੀ ਉਹੀ ਹਾਲ ਹੋਵੇਗਾ ਜੋ ਅਜੋਕੇ ਸਮੇਂ ਵਿਰੋਧੀ ਪਾਰਟੀਆਂ ਦਾ ਹੋਇਆ ਹੈ।

ਜੇਕਰ ਪਹਿਲਾਂ ਹੀ ਪੰਜਾਬ ਦੇ ਹੁਕਮਰਾਨ ਪੰਜਾਬ ਪੱਖੀ ਫੈਸਲੇ ਲੈਂਦੇ ਤਾਂ ਕਿਸੇ ਤੀਜੀ ਧਿਰ ਦਾ ਆਗਮਨ ਪੰਜਾਬ ਵਿਚ ਨਾ ਹੁੰਦਾ ਪਰ ਇਨਾਂ ਸਾਰੀਆਂ ਕਾਰਗੁਜ਼ਾਰੀਆਂ ਨੂੰ ਦੇਖਦੇ ਹੋਏ ਅਤੇ ਸਥਿਤੀ ਨਾਲ ਰੂਪਮਾਨ ਹੁੰਦੇ ਹੋਏ ਕਿਆਸ ਲਾਇਆ ਜਾਂਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਹੋ ਸਕਦਾ ਹੈ ਕਿ ਪੰਜਾਬ ਵਿਚ ਆਪਣੀ ਇਕ ਹੋਰ ਵੱਖਰੀ ਪਾਰਟੀ ਉੱਭਰ ਕੇ ਸਾਹਮਣੇ ਆਵੇ ਜੋ ਕੇਵਲ ਪੰਜਾਬ ਦੇ ਹਿੱਤਾਂ ਦੀ ਗੱਲ ਕਰਦੀ ਹੋਵੇ । ਪੰਜਾਬ ਦੇ ਲੋਕਾਂ ਨੇ ਪਹਿਲਾਂ ਵੀ ਦਿੱਲੀ ਨੂੰ ਨਕਾਰਿਆ ਸੀ ਤੇ ਹੁਣ ਵੀ ਉਹ ਨਕਾਰਨਗੇ।

# ਆਪ ਸਰਕਾਰ ਦੇ ਪੰਜਾਬ ਦੀ ਹਸਤੀ ਵਿਰੋਧੀ ਫੈਸਲੇ

**ਰਜਿੰਦਰ ਸਿੰਘ ਪੁਰੇਵਾਲ**

ਆਪ ਸਰਕਾਰ ਪੰਜਾਬ ਦੇ ਹਿਤਾਂ ਨਾਲ ਦਗਾ ਕਰ ਰਹੀ ਹੈ। ਕੋਈ ਵੀ ਨੈਸ਼ਨਲ ਪਾਰਟੀ ਪੰਜਾਬ ਦੇ ਹਿਤਾਂ ਦੇ ਪਹਿਰੇਦਾਰ ਨਹੀਂ ਹੋ ਸਕਦੀ। ਇਹ ਬਾਦਲ ਪਰਿਵਾਰ ਦੀਆਂ ਗਲਤ ਨੀਤੀਆਂ ਦੇ ਨਤੀਜੇ ਹਨ ਜਿਸ ਕਾਰਨ ਅਕਾਲੀ ਦਲ ਕਮਜੋਰ ਹੋਇਆ ਤੇ ਆਪ ਪਾਰਟੀ ਦੇ ਪੈਰ ਲੱਗੇ।

ਹੁਣੇ ਜਿਹੇ ਪੰਜਾਬ ਸਰਕਾਰ ਨੇ ਜਨਤਕ ਮਹੱਤਵ ਦੇ ਮੁੱਦਿਆਂ ਸਬੰਧੀ ਬਣਾਈ ਗਈ ਸਲਾਹਕਾਰ ਕਮੇਟੀ ਦੇ ਚੇਅਰਮੈਨ ਵਜੋਂ ਰਾਜ ਸਭਾ ਮੈਂਬਰ ਅਤੇ ਦਿੱਲੀ ਦੇ ਸਾਬਕਾ ਵਿਧਾਇਕ ਰਾਘਵ ਚੱਢਾ ਨੂੰ ਨਿਯੁਕਤ ਕਰਕੇ ਪੰਜਾਬ ਦੇ ਮਾਮਲਿਆਂ ਵਿਚ ਦਖਲਅੰਦਾਜ਼ੀ ਦੀ ਥਾਂ ਦਿੱਤੀ ਹੈ। ਹੁਣ ਕੇਜਰੀਵਾਲ ਰਾਖਵ ਚੱਢੇ ਰਾਹੀਂ ਪੰਜਾਬ ਸਰਕਾਰ ਚਲਾਵੇਗਾ। ਪੰਜਾਬ ਸਰਕਾਰ ਵਿੱਚ ਦਿੱਲੀ ਦੇ ਆਗੂਆਂ ਦੀ ਵੱਧ ਰਹੀ ਦਖ਼ਲਅੰਦਾਜ਼ੀ ਤੋਂ ‘ਆਪ’ ਦੇ ਵਿਧਾਇਕ ਵੀ ਅੰਦਰੋਂ ਕਾਫੀ ਔਖ ਵਿੱਚ ਹਨ। ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਦਬਕੇ ਦੇ ਡਰੋਂ ਕੋਈ ਵਿਧਾਇਕ ਮੂੰਹ ਨਹੀਂ ਖੋਲ ਰਿਹਾ ਹੈ, ਪਰ ਫ਼ੀਲਡ ਵਿੱਚ ‘ਆਪ’ ਵਿਧਾਇਕਾਂ ਨੂੰ ਲੋਕਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਸੋਸ਼ਲ ਮੀਡੀਆ ’ਤੇ ਵੀ ਉਨਾਂ ਦੀ ਘੇਰਾਬੰਦੀ ਹੋ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਵੀਟ ਕਰਕੇ ਕਿਹਾ ਹੈ ਕਿ ਰਾਘਵ ਚੱਢਾ ਨੂੰ ਸਲਾਹਕਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕਰਨਾ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਦੇ ਬਰਾਬਰ ਹੈ। ਰਾਜਾ ਵੜਿੰਗ ਨੇ ਕਿਹਾ ਕਿ ਇੰਜ ਲੱਗਦਾ ਹੈ ਕਿ ਮੁੱਖ ਮੰਤਰੀ ਨੇ ਪੰਜਾਬ ਸਰਕਾਰ ਨੂੰ ਠੇਕੇ ’ਤੇ ਦੇ ਦਿੱਤਾ ਹੈ। ਸਾਬਕਾ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਵੀ ਟਵੀਟ ਕਰਕੇ ‘ਆਪ’ ਸਰਕਾਰ ’ਤੇ ਤਨਜ਼ ਕੱਸਦਿਆਂ ਰਾਘਵ ਚੱਢਾ ਨੂੰ ਪੰਜਾਬ ਦਾ ਸੂਬੇਦਾਰ ਕਿਹਾ ਹੈ। ਉਨਾਂ ਕਿਹਾ, ‘ਪੱਗ ਪੀਲੀ, ਗੱਲਾਂ ਭਗਤ ਸਿੰਘ ਦੀਆਂ, ਚਾਕਰੀ ਦਿੱਲੀ ਦੀ।’ ਵਿਰੋਧੀ ਧਿਰ ਦੇ ਨੇਤਾ ਅਤੇ ਸਾਬਕਾ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਰਾਘਵ ਚੱਢਾ ਦੀ ਨਿਯੁਕਤੀ ’ਤੇ ਕਿਹਾ ਕਿ ਜਿਵੇਂ 1846 ਵਿੱਚ ਬਰਤਾਨਵੀ ਸਾਮਰਾਜ ਨੇ ਸਿੱਖ ਰਾਜ ਨੂੰ ਬਾਹਰੋਂ ਕੰਟਰੋਲ ਕਰਨ ਵਾਸਤੇ ਬ੍ਰਿਟਿਸ਼ ਰੈਜ਼ੀਡੈਂਟ ਸਰ ਹੈਨਰੀ ਲਾਰੈਂਸ ਨੂੰ ਤਾਇਨਾਤ ਕੀਤਾ ਸੀ, ਉਸੇ ਤਰਾਂ ਰਾਘਵ ਚੱਢਾ ਦਿੱਲੀ ਦਰਬਾਰ ਦੀ ਪ੍ਰਤੀਨਿਧਤਾ ਕਰੇਗਾ।

ਚੰਡੀਗੜ ਦੇ ਮਾਮਲੇ ਵਿਚ ਆਪ ਸਰਕਾਰ ਵਲੋਂ ਪੰਜਾਬ ਦਾ ਕੇਸ ਕਮਜੋਰ ਕਰਨ ਕਾਰਨ ਸਿਆਸੀ ਧਿਰਾਂ ਵਲੋਂ ਆਲੋਚਨਾ ਹੋ ਰਹੀ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਵੱਲੋਂ ਹਰਿਆਣਾ ਨੂੰ ਚੰਡੀਗੜ ਵਿੱਚ ਵੱਖਰੀ ਵਿਧਾਨ ਸਭਾ ਲਈ ਜ਼ਮੀਨ ਦੇਣ ਦੇ ਐਲਾਨ ਦਾ ਵਿਰੋਧ ਕਿਉਂ ਨਹੀਂ ਕੀਤਾ ਤੇ ਭਗਵੰਤ ਮਾਨ ਨੇ ਵੀ ਕੇਂਦਰ ਤੋਂ ਹਰਿਆਣਾ ਦੀ ਤਰਜ਼ ’ਤੇ ਪੰਜਾਬ ਵਿਧਾਨ ਸਭਾ ਬਣਾਉਣ ਲਈ ਜ਼ਮੀਨ ਦੀ ਮੰਗ ਕਰਕੇ ਚੰਡੀਗੜ ਉਪਰ ਪੰਜਾਬ ਦੇ ਹੱਕ ਨੂੰ ਕਮਜ਼ੋਰ ਕਿਉਂ ਕੀਤਾ। ਯਾਦ ਰਹੇ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਿਧਾਨ ਸਭਾ ਲਈ ਜ਼ਮੀਨ ਦੇਣ ’ਤੇ ਮੋਹਰ ਲਾਈ ਜਿਸ ਦੀ ਜਾਣਕਾਰੀ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਟਵੀਟ ਕਰ ਕੇ ਦਿੱਤੀ ਗਈ। ਪੰਜਾਬ ਦੀਆਂ ਵਿਰੋਧੀ ਧਿਰਾਂ ਨੇ ਸੂਬੇ ਦੀ ਹਾਕਮ ਧਿਰ ਆਮ ਆਦਮੀ ਪਾਰਟੀ ਅਤੇ ਭਾਜਪਾ ਦੋਹਾਂ ’ਤੇ ਪੰਜਾਬ ਦੇ ਹਿੱਤਾਂ ਨਾਲ ਖਿਲਵਾੜ ਕਰਨ ਦੇ ਦੋਸ਼ ਲਾਏ ਹਨ। ਪੰਜਾਬ ਪੁਨਰਗਠਨ ਐਕਟ ਤਹਿਤ 60 ਅਤੇ 40 ਦੇ ਅਨੁਪਾਤ ਨਾਲ ਚੰਡੀਗੜ ਦੀਆਂ ਦੋ ਇਮਾਰਤਾਂ (ਸਿਵਲ ਸਕੱਤਰੇਤ ਅਤੇ ਵਿਧਾਨ ਸਭਾ) ਦੀ ਵੰਡ ਹੋਈ ਸੀ। ਚੰਡੀਗੜ ਵਿੱਚ ਯੂ.ਟੀ. ਕਾਡਰ ਦੇ ਅਫ਼ਸਰਾਂ ਦੀ ਗਿਣਤੀ ਵਧਣ ਅਤੇ ਪੰਜਾਬ ਤੇ ਹਰਿਆਣਾ ਤੋਂ ਬਿਨਾਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੇ ਮੁਲਾਜ਼ਮਾਂ ਦੀਆਂ ਡੈਪੂਟੇਸ਼ਨ ’ਤੇ ਹੋ ਰਹੀਆਂ ਤਾਇਨਾਤੀਆਂ ਨੇ ਵੀ ਚੰਡੀਗੜ ’ਤੇ ਪੰਜਾਬ ਦੇ ਅਧਿਕਾਰ ਨੂੰ ਖੋਰਾ ਲਾਇਆ ਹੈ। ਲੰਘੇ 56 ਵਰਿਆਂ ਦੌਰਾਨ ਪੰਜਾਬ ਤੇ ਹਰਿਆਣਾ ਦਰਮਿਆਨ ਆਪੋ ਆਪਣੇ ਹੱਕਾਂ ਤੇ ਦਾਅਵਿਆਂ ਨੂੰ ਲੈ ਕੇ ਖਿੱਚੋਤਾਣ ਚਲਦੀ ਰਹੀ ਹੈ ਪਰ ਕੇਂਦਰ ਸਰਕਾਰ ਦੋਹਾਂ ਰਾਜਾਂ ਦੇ ਮਸਲੇ ’ਤੇ ਕਦੇ ਵੀ ਇੱਕ ਧਿਰ ਨਾਲ ਨਹੀਂ ਖੜੀ ਪਰ ਹੁਣ ਇਕ ਸੂਬੇ ਵੱਲ ਝੁਕਾਅ ਨੇ ਕੇਂਦਰ ਦੀ ਕਾਰਗੁਜ਼ਾਰੀ ’ਤੇ ਸਵਾਲੀਆ ਚਿੰਨ ਲਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਪੰਜਾਬ ਦਾ ਚੰਡੀਗੜ ’ਤੇ ਹੱਕ ਖ਼ਤਮ ਕਰਨ ਵੱਲ ਕਦਮ ਹੈ। ਜੇਕਰ ਹਰਿਆਣਾ ਨੇ ਵੱਖਰੀ ਰਾਜਧਾਨੀ ਬਣਾਉਣੀ ਹੀ ਹੈ ਤਾਂ ਹਰਿਆਣਾ ਦੇ ਕਿਸੇ ਵੀ ਸ਼ਹਿਰ ਵਿੱਚ ਬਣਾਈ ਜਾ ਸਕਦੀ ਹੈ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਪੰਜਾਬ ਵਿਰੋਧੀ ਕਰਾਰ ਦਿੱਤਾ ਹੈ।

ਬਾਕੀ ਸਫ਼ਾ 31 ’ਤੇ

# ਸ਼੍ਰੋਮਣੀ ਅਕਾਲੀ ਦਲ ਦਾ ਭਵਿੱਖ ਬਨਾਮ ਪੰਜਾਬ ਮੁੱਦੇ



**ਭਾਈ ਹਰਸਿਮਰਨ ਸਿੰਘ**
**ਮੋ. 98725-91713**

ਵਿਚਾਰਧਾਰਾ ਅਤੇ ਨਜ਼ਰੀਏ ਦੇ ਦ੍ਰਿਸ਼ਟੀਕੋਣਾਂ ਤੋਂ ਸਿੱਖ-ਅਕਾਲੀ ਰਾਜਨੀਤੀ ਮੁਢਲੇ ਤੌਰ 'ਤੇ ਪੰਥ-ਪ੍ਰਸਤੀ ਅਤੇ ਉਦਾਰ ਧਾਰਾਵਾਂ ਵਿਚ ਵੰਡੀ ਹੋਈ ਹੈ, ਜਿਸ ਦੀ ਵਰਤਮਾਨ ਦੌਰ ਵਿਚ ਕ੍ਰਮਵਾਰ ਸ: ਸਿਮਰਨਜੀਤ ਸਿੰਘ ਮਾਨ ਅਤੇ ਸ: ਸੁਖਬੀਰ ਸਿੰਘ ਬਾਦਲ ਪ੍ਰਤੀਨਿਧਤਾ ਕਰਦੇ ਹਨ। ਪ੍ਰੋ: ਮਨਜੀਤ ਸਿੰਘ, ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਯਤਨਾਂ ਸਦਕਾ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਛੱਡ ਕੇ ਬਾਕੀ 6 ਅਕਾਲੀ ਦਲਾਂ ਦੇ 1 ਮਈ, 1994 ਨੂੰ ਹੋਏ ਰਲੇਵੇਂ ਨਾਲ ਹੋਂਦ ਵਿਚ ਆਏ ਅਕਾਲੀ ਦਲ (ਅੰਮ੍ਰਿਤਸਰ) ਦੇ ਸ: ਸਿਮਰਨਜੀਤ ਸਿੰਘ ਮਾਨ ਇਕ ਮਹੱਤਵਪੂਰਨ ਆਗੂ ਸਨ। ਸ: ਮਾਨ ਨੂੰ ਇਸ ਗੱਲ ਦਾ ਸਿਹਰਾ ਜਾਂਦਾ ਹੈ ਕਿ 1994 ਵਿਚ ਜਦੋਂ ਜਥੇਬੰਦਕ ਜੁਝਾਰੂ ਸੰਘਰਸ਼ ਕਈ ਤਰਾਂ ਦੇ ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਖ਼ਤਮ ਹੋ ਗਿਆ ਸੀ ਤਾਂ ਉਨਾਂ ਨੇ ਲੋਕਤੰਤਰੀ ਅਤੇ ਕਾਨੂੰਨੀ ਮਾਧਿਅਮਾਂ ਰਾਹੀਂ ਕੇਂਦਰ ਅਤੇ ਪੰਜਾਬ ਸਰਕਾਰਾਂ ਵਿਰੁੱਧ ਸਿੱਖ ਵਿਚਾਰਧਾਰਕ ਅਤੇ ਜ਼ਮੀਨੀ ਸੰਘਰਸ਼ ਜਾਰੀ ਰੱਖਿਆ। ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਧਰਮ ਯੁੱਧ ਮੋਰਚੇ ਦੇ ਮੁੱਦਿਆਂ ਨੂੰ 1984 ਵਿਚ ਹੀ ਤਿਆਗ ਕੇ ਪੰਜਾਬ ਦੀ ਸੱਤਾ ਉੱਤੇ 15 ਸਾਲ ਤੱਕ ਰਾਜ ਕਰ ਗਿਆ, ਸ: ਸਿਮਰਨਜੀਤ ਸਿੰਘ ਨੇ ਪੰਥ ਤੇ ਪੰਜਾਬ ਦੇ ਮੁੱਦਿਆਂ ਨੂੰ ਜਿਊਂਦਾ ਰੱਖਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਪਣਾਏ ਗਏ ਅੰਮ੍ਰਿਤਸਰ ਐਲਾਨਨਾਮੇ ਵਿਚ ਸਪੱਸ਼ਟ ਦਰਜ ਹੈ ਕਿ 'ਭਾਰਤੀ ਮਹਾਂਦੀਪ ਨੂੰ ਇਕ ਕਨਫੈਡਰਲ ਵਿਧਾਨ ਰਾਹੀਂ ਨਵੇਂ ਸਿਰਿਉਂ ਸੰਗਠਿਤ ਕਰਨ ਦੀ ਲੋੜ ਹੈ, ਤਾਂ ਜੋ ਹਰ ਸੱਭਿਅਚਾਰ ਆਪਣੀ ਪ੍ਰਤਿਭਾ ਅਤੇ ਆਭਾ ਅਨੁਸਾਰ ਪ੍ਰਫੁੱਲਿਤ ਹੋ ਕੇ ਆਪਣੀ ਵਿਸ਼ਵ ਖੁਸ਼ਬੂ ਵਿਸ਼ਵ ਸੱਭਿਆਚਾਰਾਂ ਦੇ ਬਾਗ਼ ਨੂੰ ਦੇ ਸਕੇ। ਜੇ ਇਸ ਤਰਾਂ ਦਾ ਕਨਫੈਡਰਲ ਨਵ-ਸੰਗਠਨ ਹਿੰਦੁਸਤਾਨੀ ਹੁਕਮਰਾਨਾਂ ਵਲੋਂ ਪ੍ਰਵਾਨ ਨਹੀਂ ਕੀਤਾ ਜਾਂਦਾ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਇਕ ਪ੍ਰਭੂਸੱਤਾ ਸੰਪੰਨ ਰਾਜ ਦੀ ਮੰਗ ਕਰਨ ਅਤੇ ਇਸ ਲਈ ਜੱਦੋ-ਜਹਿਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ।' ਮੈਂ ਮਹਿਸੂਸ ਕਰਦਾ ਹਾਂ ਕਿ ਇਕ ਆਜ਼ਾਦ ਰਾਜ ਦੇ ਵਿਚਾਰ ਨੂੰ ਸੁਰੱਖਿਅਤ ਰੱਖਦਿਆਂ ਜੇਕਰ ਸ: ਸਿਮਰਨਜੀਤ ਸਿੰਘ ਮਾਨ ਸਮੁੱਚੇ ਸਿੱਖ ਸੰਘਰਸ਼ ਅਤੇ ਅਕਾਲੀ ਰਾਜਨੀਤੀ ਅਤੇ ਸਿੱਖ ਚੇਤਨਾ ਨੂੰ ਕਨਫੈਡਰਲ ਸੋਚ ਅਨੁਸਾਰ ਤਿਆਰ ਕਰਦੇ ਤਾਂ ਪੰਜਾਬ ਵਿਚ ਨਾ ਕਾਂਗਰਸ, ਨਾ ਭਾਜਪਾ ਅਤੇ ਨਾ ਹੀ ਆਮ ਆਦਮੀ ਪਾਰਟੀ ਆਪਣਾ ਆਧਾਰ ਬਣਾ ਸਕਦੇ ਸਨ ਅਤੇ ਪੰਜਾਬ ਦੀ ਰਾਜਨੀਤੀ-ਸੱਤਾ ਪਰਿਵਰਤਨ ਦਾ ਮਹਿਲ ਤਾਮਿਲਨਾਡੂ ਵਾਂਗ ਇਨਾਂ ਦੋ ਪੰਥਕ ਧਾਰਾਵਾਂ ਉੱਤੇ ਉਸਾਰਿਆ ਜਾ ਸਕਦਾ ਸੀ। ਪੰਥਕ ਧਾਰਾ ਵਲੋਂ ਏਨੀਆਂ ਕੁਰਬਾਨੀਆਂ, ਸ਼ਹਾਦਤਾਂ ਅਤੇ ਕਸ਼ਟਾਂ ਨੂੰ ਝੱਲਣ ਦੇ ਬਾਵਜੂਦ ਵੀ ਜੇਕਰ ਇਹ ਧਾਰਾ ਪੰਜਾਬ ਦੀ ਸੱਤਾ ਦਾ ਕਾਰਗਰ ਬਦਲ ਨਹੀਂ ਬਣ ਸਕੀ ਤਾਂ ਇਸ ਨੂੰ ਪੈਂਤੜੇ, ਰਣਨੀਤੀ ਅਤੇ ਦੂਰ-ਅੰਦੇਸ਼ੀ ਦੀ ਘਾਟ ਹੀ ਕਿਹਾ ਜਾ ਸਕਦਾ ਹੈ।

ਹਰ ਸੱਤਾਧਾਰੀ ਨੂੰ ਆਪਣੀ ਵਿਸ਼ਵਾਸਯੋਗਤਾ ਬਣਾਈ ਰੱਖਣ ਲਈ ਮੁੱਢਲੇ ਤੌਰ 'ਤੇ ਸਜੱਗ, ਇਮਾਨਦਾਰ,





ਸਿਰਜਣਾਤਮਕ ਅਤੇ ਲੋਕਾਂ ਦੇ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ ਰਹਿਣਾ ਪੈਂਦਾ ਹੈ। ਕਾਂਗਰਸ ਪਾਰਟੀ ਨੇ ਵੀ 1992 ਤੋਂ 2022 ਤੱਕ ਪੰਜਾਬ ਵਿਚ 15 ਸਾਲ ਰਾਜ ਕੀਤਾ ਹੈ। ਪੰਜਾਬ ਨੂੰ ਇਕ ਆਤਮ-ਨਿਰਭਰ, ਖੁਸ਼ਹਾਲ ਅਤੇ ਇਕ ਵਿਕਸਿਤ ਸੂਬਾ ਬਣਾਉਣ ਦੀ ਬਜਾਏ ਅੱਜ ਪੰਜਾਬ ਜਿਵੇਂ ਤਿੰਨ ਲੱਖ ਕਰੋੜ ਤੋਂ ਵੱਧ ਕਰਜ਼ੇ, ਨਸ਼ਾਖੋਰੀ, ਬਿਮਾਰੀਆਂ, ਬੇਰੁਜ਼ਗਾਰੀ, ਕੁਰੱਪਸ਼ਨ, ਕਿਸਾਨੀ ਸਮੱਸਿਆਵਾਂ ਸਮੇਤ ਕੇਂਦਰ ਸਰਕਾਰਾਂ ਦੀਆਂ ਪੰਜਾਬ ਅਤੇ ਸਿੱਖ ਵਿਰੋਧੀ ਨੀਤੀਆਂ ਆਦਿ ਦਾ ਸ਼ਿਕਾਰ ਹੋ ਗਿਆ ਹੈ, ਉਸ ਲਈ ਇਹ ਦੋਵੇਂ ਪਾਰਟੀਆਂ ਦੇ ਮੁੱਖ ਮੰਤਰੀ ਅਤੇ ਹੋਰ ਆਗੂ ਜ਼ਿੰਮੇਵਾਰ ਹਨ। ਸਗੋਂ ਸਿੱਖ ਸੋਚ ਅਤੇ ਇਤਿਹਾਸਕ ਰਵਾਇਤਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਅਕਾਲੀ ਦਲ ਲਈ ਬਿਲਕੁਲ ਨਿਵੇਕਲੇ ਅਤੇ ਵੱਖਰੇ ਢੰਗ ਦੇ ਇਕ ਆਦਰਸ਼ਕ ਹਾਕਮ ਵਜੋਂ ਵਿਹਾਰ ਕਰਨ ਦੀ ਲੋੜ ਸੀ, ਪਰ ਅਜਿਹਾ ਹੋ ਨਹੀਂ ਸਕਿਆ। ਪੰਜਾਬ ਦੇ ਹਾਲਾਤ ਨੇ ਸੰਗਰੂਰ ਦੀ ਪਾਰਲੀਮੈਂਟ ਸੀਟ ਤੋਂ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਹਰਾ ਕੇ ਸ: ਸਿਮਰਨਜੀਤ ਸਿੰਘ ਮਾਨ ਨੂੰ ਜਿਤਾ ਕੇ ਜੋ ਕਰਵਟ ਲਈ ਹੈ, ਉਸ ਨਾਲ ਪੰਜਾਬ ਦੀ ਅਕਾਲੀ ਰਾਜਨੀਤੀ ਅਤੇ ਭਵਿੱਖ ਦੇ ਪੰਜਾਬ ਦੀ ਸਿੱਖ ਸੱਤਾ ਦੀ ਦਾਅਵੇਦਾਰੀ ਸੰਬੰਧੀ ਜੋ ਸਥਿਤੀਆਂ ਭਵਿੱਖ ਵਿਚ ਬਣਨਗੀਆਂ, ਉਨਾਂ ਬਾਰੇ ਗੰਭੀਰ ਚਿੰਤਨ ਕਰਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੀ ਹਾਰ ਅਤੇ ਸ: ਮਾਨ ਦੀ ਜਿੱਤ ਨਾਲ ਪੈਦਾ ਹੋਏ ਹਾਲਾਤ ਅਤੇ ਸਮੁੱਚੀ ਅਕਾਲੀ ਰਾਜਨੀਤੀ ਦੀ ਸੰਭਾਵੀ ਪੁਨਰ-ਸੁਰਜੀਤੀ ਨੂੰ ਸਾਨੂੰ ਇਸ ਸੰਦਰਭ ਵਿਚ ਰੱਖ ਕੇ ਵਿਚਾਰਨ ਦੀ ਲੋੜ ਹੋਵੇਗੀ।

ਸੰਗਰੂਰ ਹਾਰ ਤੋਂ ਬਾਅਦ ਅਕਾਲੀ ਦਲ (ਬਾਦਲ) ਨੂੰ ਇਕ ਵਾਰ ਫਿਰ ਸ਼ਕਤੀਸ਼ਾਲੀ ਬਣਾਉਣ ਲਈ ਯਤਨ ਸ਼ੁਰੂ ਹੋ ਗਏ ਹਨ, ਪਰ ਕੀ ਅਕਾਲੀ ਦਲ ਕੋਲ ਆਪਣੇ ਗੁਆਚ ਚੁੱਕੇ ਪੰਥਕ ਖਾਸੇ ਨੂੰ ਮਜ਼ਬੂਤ ਕਰਨ ਵਾਲੀ ਕੋਈ ਪ੍ਰੌੜ ਲੀਡਰਸ਼ਿਪ ਮੌਜੂਦ ਹੈ? ਆਪਣੀਆਂ ਪਿਛਲੀਆਂ ਗ਼ਲਤੀਆਂ ਦੇ ਚਲਦਿਆਂ ਅਗਵਾਈ ਨੂੰ ਆਪਣੇ ਪਰਿਵਾਰ ਤੱਕ ਹੀ ਸੀਮਤ ਕਰੀ ਰੱਖਣ ਤੋਂ ਅੱਗੇ ਜਾ ਕੇ ਨਵੀਂ ਪ੍ਰੌੜ ਲੀਡਰਸ਼ਿਪ ਨੂੰ ਜ਼ਿੰਮੇਵਾਰੀਆਂ ਦੇਣ, ਇਕ ਨਵੇਂ ਆਤਮ-ਨਿਰਭਰ ਪੰਜਾਬ ਨੂੰ ਸਿਰਜਣ ਲਈ ਲੋੜੀਂਦੇ ਵਿਕਾਸ-ਸੱਤਾ ਪ੍ਰਸ਼ਾਸਨ ਮਾਡਲ ਅਨੁਸਾਰ ਕੰਮ ਕਰਨ ਲਈ ਵਚਨਬੱਧਤਾ ਨੂੰ ਦ੍ਰਿੜ ਕਰਨ, ਕੇਂਦਰ ਸਰਕਾਰ ਦੀਆਂ ਪੰਜਾਬ-ਸਿੱਖ ਵਿਰੋਧੀ ਨੀਤੀਆਂ ਦਾ ਠੋਸ ਮੁਕਾਬਲਾ ਕਰਨ ਲਈ ਲੋਕ ਹਮਾਇਤ ਜੁਟਾਉਣ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਹੋਰ ਧਾਰਮਿਕ ਮੁੱਦਿਆਂ ਨਾਲ ਨਜਿੱਠਣ, ਜਿਨਾਂ ਮੁੱਦਿਆਂ ਉੱਤੇ 1980-84 ਵਿਚ ਧਰਮ-ਯੁੱਧ ਮੋਰਚਾ ਲੜਿਆ ਗਿਆ ਸੀ, ਉਨਾਂ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਲੜਨ, ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਆਜ਼ਾਦ ਵਾਤਾਵਰਨ ਵਿਚ ਕੰਮ ਕਰਨ ਲਈ ਸਥਿਤੀਆਂ ਸਿਰਜਣ, ਬੇਰੁਜ਼ਗਾਰੀ, ਨਸ਼ਾਖੋਰੀ, ਕੁਰੱਪਸ਼ਨ ਅਤੇ ਸਿੱਖਿਆ ਸੰਬੰਧੀ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਸਮੁੱਚੇ ਤੌਰ 'ਤੇ ਪੰਥ ਦਰਦੀਆਂ ਦੀਆਂ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲ ਰਹਿਣ ਵਰਗੇ ਅਜਿਹੇ ਮੁੱਦੇ ਹਨ, ਜਿਨਾਂ ਬਾਰੇ ਅਕਾਲੀ ਦਲ ਦੇ ਆਗੂਆਂ ਨੂੰ ਸੰਜੀਦਗੀ ਨਾਲ ਕੰਮ ਕਰਨਾ ਹੋਏਗਾ। ਸੰਗਰੂਰ ਸੀਟ ਤੋਂ ਆਪਣਾ ਵੱਖਰਾ ਉਮੀਦਵਾਰ ਖੜਾ ਕਰਨ ਅਤੇ ਬਣੇ ਹਾਲਾਤ ਵਿਚ ਸ: ਸਿਮਰਨਜੀਤ ਸਿੰਘ ਦੀ ਸ਼ਖ਼ਸੀਅਤ ਨੂੰ ਹੌਲੇ ਵਿਚ ਲੈਣ ਦੀ ਗ਼ਲਤੀ ਨਾਲ ਅਕਾਲੀ ਦਲ ਨੇ ਆਪਣੀ ਪੁਨਰ-ਸੁਰਜੀਤੀ ਦਾ ਪੈਦਾ ਹੋਇਆ ਇਕ ਮਹੱਤਵਪੂਰਨ ਮੌਕਾ ਗਵਾ ਲਿਆ ਹੈ। 2022 ਵਿਚ ਹੀ ਪਹਿਲਾਂ ਅਸੈਂਬਲੀ ਚੋਣਾਂ ਅਤੇ ਹੁਣ ਸੰਗਰੂਰ ਸੀਟ ਦੀ ਨਮੋਸ਼ੀ ਭਰੀ ਹਾਰ ਤੋਂ ਸਬਕ ਨਾ ਸਿੱਖ ਕੇ ਅਕਾਲੀ ਦਲ ਦੀ ਨਵ-ਸੁਰਜੀਤੀ ਲਈ ਪੜਚੋਲ ਕਮੇਟੀ ਦੀਆਂ ਸਿਫਾਰਸ਼ਾਂ ਪ੍ਰਤੀ ਗ਼ੈਰ-ਸੰਜੀਦਾ ਪਹੁੰਚ ਅਪਨਾਉਣ ਨਾਲ ਅਤੇ ਹੋਰ ਜ਼ਰੂਰੀ ਕਦਮ ਨਾ ਚੁੱਕਣ ਕਾਰਨ ਅਕਾਲੀ ਦਲ ਭਵਿੱਖ ਵਿਚ ਕਿਵੇਂ ਪੰਥ ਅਤੇ ਪੰਜਾਬ ਦੀ ਪਹਿਲੀ ਚੋਣ ਬਣੇਗਾ, ਇਸ ਦੀ ਪੁਨਰ-ਸੁਰਜੀਤੀ ਦੇ ਰਸਤੇ ਵਿਚ ਇਹ ਕੁਝ ਵੱਡੀਆਂ ਚੁਣੌਤੀਆਂ ਹਨ।

ਦੂਜੇ ਪਾਸੇ ਲੋਕਾਂ ਦਾ ਆਮ ਆਦਮੀ ਪਾਰਟੀ ਤੋਂ ਜਲਦੀ ਹੀ ਮੋਹ ਭੰਗ ਹੋਣ, ਸ: ਸਿਮਰਨਜੀਤ ਸਿੰਘ ਦੀ ਲੀਡਰਸ਼ਿਪ ਪ੍ਰਤੀ ਲੋਕਾਂ ਦਾ ਵਧਿਆ ਸਤਿਕਾਰ, ਸਿੱਖ ਸੰਘਰਸ਼ ਦੀ ਵਿਰਾਸਤ ਦੇ ਵਰਤਮਾਨ ਪ੍ਰਤੀਕ ਅਤੇ ਨਵੇਂ ਨੌਜਵਾਨ ਨਾਇਕਾਂ ਦੇ ਪ੍ਰੇਰਨਾਦਾਇਕ ਕਾਰਨਾਂ ਆਦਿ ਸਦਕਾ ਸ: ਮਾਨ ਨੂੰ ਜੋ ਸੰਗਰੂਰ ਦੀ ਜਿੱਤ ਪ੍ਰਾਪਤ ਹੋਈ ਹੈ, ਉਸ ਨਾਲ ਅਕਾਲੀ ਰਾਜਨੀਤੀ ਵਿਚ ਉਹ ਆਗੂ ਦੇ ਰੂਪ ਵਿਚ ਉੱਭਰੇ ਹਨ। ਅਕਾਲੀ ਰਾਜਨੀਤੀ ਦੀ ਪੁਨਰ-ਸੁਰਜੀਤੀ ਦਾ ਲੀਵਰ ਹੁਣ ਸ: ਮਾਨ ਦੇ ਹੱਥ ਵਿਚ ਵੀ ਆ ਗਿਆ ਹੈ। ਇਥੇ ਸਥਿਤੀਆਂ ਦੇ ਕੁਝ ਪਹਿਲੂ ਹਨ, ਜਿਨਾਂ ਨੂੰ ਅਸੀਂ ਪ੍ਰਸ਼ਨ ਰੂਪ ਵਿਚ ਉਠਾ ਰਹੇ ਹਾਂ। ਕੀ ਸ: ਮਾਨ ਸੰਗਰੂਰ ਜਿੱਤ ਤੱਕ ਹੀ ਸੀਮਿਤ ਰਹਿਣਗੇ? ਕੀ ਉਨਾਂ ਕੋਲ ਆਪਣੀ ਪਾਰਟੀ ਦਾ ਆਧਾਰ ਹੋਰ ਵਧਾਉਣ ਲਈ ਕੋਈ ਨੀਅਤ ਜਾਂ ਨੀਤੀ ਜਾਂ ਭਵਿੱਖ ਨਕਸ਼ਾ ਹੈ? ਕੀ ਉਹ ਜਾਂ ਉਨਾਂ ਦੀ ਪਾਰਟੀ ਕੋਲ 2027 ਤੱਕ ਸਿੱਖ ਸੰਘਰਸ਼ਸ਼ੀਲ ਸੋਚ ਨੂੰ 1991-92 ਤੋਂ ਉਲਟ ਪੰਜਾਬ ਦੀ ਸੱਤਾ ਵਿਚ ਆਉਣ ਲਈ ਤਿਆਰ ਕਰਨ ਲਈ ਕੋਈ ਇੱਛਾ ਸ਼ਕਤੀ ਜਾਂ ਲੋਕ-ਕੁਦਰਤਪੱਖੀ ਵਿਕਾਸ ਮਾਡਲ ਹੈ? ਕੀ ਉਹ ਮੁਕਾਬਲੇ ਦੀ ਰਾਜਨੀਤੀ ਦੀਆਂ ਲੀਹਾਂ ਉੱਤੇ ਚਲਦਿਆਂ ਨਵੀਂ ਮੁੱਖਧਾਰਕ ਅਕਾਲੀ ਰਾਜਨੀਤੀ ਦੇ ਕੇਂਦਰ ਵਿਚ ਆ ਕੇ ਕਾਰਗਰ ਸੂਬਾਈ ਬਦਲ ਬਣ ਸਕਣਗੇ? ਕੀ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਏਕਤਾ ਕਰਦੇ ਹੋਏ ਬਦਲਵੀਂ ਸੰਗਠਿਤ ਸਿੱਖ-ਅਕਾਲੀ ਰਾਜਨੀਤੀ ਦਾ ਨਵਾਂ ਅਧਿਆਇ ਲਿਖਣ ਦੇ ਵੱਡੇ ਪਾਤਰ ਬਣ ਸਕਣਗੇ?

ਇਕ ਵਿਚਾਰ ਸਪੱਸ਼ਟ ਹੈ ਕਿ ਹੁਣ ਅਕਾਲੀ ਰਾਜਨੀਤੀ ਦੀ ਵੱਡੀ ਤਰਜੀਹ ਕੇਂਦਰ ਸਰਕਾਰ ਅਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਦਾ ਮੁਕਾਬਲਾ ਕਰਦਿਆਂ ਇਕ ਨਵਾਂ ਆਤਮ-ਨਿਰਭਰ ਪੰਜਾਬ ਸਿਰਜਣਾ ਬਣ ਗਈ ਹੈ। ਕੀ ਇਸ ਉਦੇਸ਼ ਲਈ ਸ: ਮਾਨ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ, ਸਿੱਖ ਵਿਦਵਾਨਾਂ, ਸਿੱਖ ਨੌਜਵਾਨੀ, ਵਿੱਦਿਆ ਸਮੇਤ ਸਮੁੱਚੀਆਂ ਸਿੱਖ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਕਰਨ ਲਈ ਗੰਭੀਰ ਪਹੁੰਚ ਅਪਣਾਉਣਗੇ? ਜੇਕਰ ਮੁਕਾਬਲੇ ਦੀ ਰਾਜਨੀਤੀ ਦੀ ਬਣ ਚੁੱਕੀ ਦੋ-ਧਿਰੀ ਸਥਿਤੀ ਇਸ ਤਰਾਂ ਹੀ ਬਣੀ ਰਹਿੰਦੀ ਹੈ, ਤਾਂ ਕੀ ਨਵੀਂ ਪੁਨਰ-ਸੁਰਜੀਤ ਬਦਲਵੀਂ ਅਕਾਲੀ ਰਾਜਨੀਤੀ ਬਾਕੀ ਰਾਜਸੀ ਧਿਰਾਂ ਨੂੰ ਪਛਾੜ ਕੇ 2027 ਜਾਂ ਇਸ ਤੋਂ ਪਹਿਲਾਂ ਪੰਜਾਬ ਦੀ ਸੱਤਾ ਉੱਤੇ ਕਾਬਜ਼ ਹੋ ਸਕੇਗੀ? ਇਹ ਚੁਣੌਤੀ ਭਰੇ ਕਾਰਜ ਹਨ, ਜਿਨਾਂ ਦੀਆਂ ਸੰਭਾਵਨਾਵਾਂ ਇਨਾਂ ਉੱਤੇ ਇਕ ਨੀਤੀ-ਤਹਿਤ ਕੰਮ ਕਰਦਿਆਂ ਅਤੇ ਸੰਵਾਦੀ ਗੰਭੀਰ ਪਹੁੰਚ ਅਪਣਾ ਕੇ ਲੱਭੀਆਂ ਜਾ ਸਕਦੀਆਂ ਹਨ। ਅਕਾਲੀ ਰਾਜਨੀਤੀ ਦੀ ਪੁਨਰ-ਸੁਰਜੀਤੀ ਇਨਾਂ ਆਗੂਆਂ, ਪੰਥ ਦੇ ਮਾਹਿਰ ਵਿਦਵਾਨਾਂ, ਹਮਦਰਦ ਪ੍ਰਿੰਟ ਅਤੇ ਸੋਸ਼ਲ ਮੀਡੀਆ ਅਤੇ ਸਿਆਣੇ ਪ੍ਰੌੜ ਨੌਜਵਾਨ ਆਗੂਆਂ ਦੀ ਵਿਸ਼ਾਲ ਸੋਚ ਉੱਤੇ ਨਿਰਭਰ ਕਰਦੀ ਹੈ। ਇਸ ਸੰਬੰਧੀ ਪੰਥ ਦੇ ਸੁਹਿਰਦ ਹਲਕਿਆਂ ਵਿਚ ਇਕ ਗੰਭੀਰ ਸੰਵਾਦ ਚੱਲਣਾ ਚਾਹੀਦਾ ਹੈ।

# ਮੱਤੇਵਾੜਾ ਜੰਗਲ ਵਾਲ਼ਾ ਪੰਜਾਬ ਵਿਰੋਧੀ ਫੈਸਲੇ ਨੂੰ ਵਾਪਸ ਲੈਣਾ, ਸਵਾਗਤਯੋਗ : ਸਿਮਰਨਜੀਤ ਸਿੰਘ ਮਾਨ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:** 'ਲੁਧਿਆਣਾ ਜ਼ਿਲੇ ਦੇ ਸਤਲੁਜ ਦੇ ਕਿਨਾਰੇ 'ਤੇ ਜੋ ਵਿਸ਼ਾਲ ਜੰਗਲ ਸਥਿਤ ਹੈ, ਉਸਨੂੰ ਉਜਾੜਕੇ ਪੰਜਾਬ ਦੀ ਸ. ਭਗਵੰਤ ਸਿੰਘ ਮਾਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਉਥੇ ਵੱਡੇ-ਵੱਡੇ ਧਨਾਢਾਂ, ਉਦਯੋਗਪਤੀਆਂ ਨੂੰ ਖੁਸ਼ ਕਰਨ ਲਈ ਇੰਡਸਟ੍ਰੀਅਲ ਪਾਰਕ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਜਿਸਦਾ ਉਸੇ ਦਿਨ ਤੋਂ ਪੰਜਾਬੀਆਂ ਅਤੇ ਸਿੱਖ ਕੌਮ ਵਿਚ ਵੱਡਾ ਰੋਹ ਉੱਠ ਖੜਾ ਹੋਇਆ ਸੀ। ਜਿਸ ਨੂੰ ਮੁੱਖ ਰੱਖਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਪਾਰਟੀ ਨੇ 10 ਜੁਲਾਈ ਨੂੰ ਸਮੁੱਚੇ ਪੰਜਾਬੀਆਂ ਅਤੇ ਸਿੱਖਾਂ ਨੂੰ ਹੋਕਾ ਦਿੰਦੇ ਹੋਏ ਇਕੱਠ ਰੱਖਿਆ ਸੀ, ਜਿਸਨੂੰ ਵੱਡੇ ਉਤਸ਼ਾਹ ਅਤੇ ਜ਼ਿੰਮੇਵਾਰੀ ਨਾਲ ਪੰਜਾਬ ਦੇ ਨਿਵਾਸੀਆਂ ਨੇ ਮੱਤੇਵਾੜੇ ਵਿਖੇ ਪਹੁੰਚਕੇ ਪੰਜਾਬ ਸਰਕਾਰ ਦੇ ਇਸ ਦੁੱਖਦਾਇਕ ਫੈਸਲੇ ਵਿਰੁੱਧ ਬਹੁਤ ਵੱਡਾ ਗੁੱਸਾ ਜਾਹਰ ਕੀਤਾ ਅਤੇ ਅਗਲਾ ਐਕਸ਼ਨ ਪ੍ਰੋਗਰਾਮ ਦੇਣ ਲਈ ਸਮੁੱਚੇ ਪੰਜਾਬ ਨਿਵਾਸੀਆਂ ਦੀਆਂ ਵੱਡੀਆਂ ਰਾਵਾਂ ਆਈਆਂ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬੀਆਂ ਅਤੇ ਸਿੱਖਾਂ ਵੱਲੋਂ ਪੰਜਾਬ ਸਰਕਾਰ ਦੇ ਇਸ ਫੈਸਲੇ ਨੂੰ ਰੱਦ ਕਰਵਾਉਣ ਲਈ ਕੋਈ ਵੱਡਾ ਮੋਰਚਾ ਲਗਾਇਆ ਜਾਂਦਾ, ਸਰਕਾਰ ਨੇ ਸਮੁੱਚੇ ਰੋਹ ਨੂੰ ਭਾਂਪਦੇ ਹੋਏ ਜੋ ਮੱਤੇਵਾੜੇ ਜੰਗਲ ਵਿਚ ਇੰਡਸਟ੍ਰੀਅਲ ਪਾਰਕ ਬਣਾਉਣ ਦਾ ਐਲਾਨ ਕੀਤਾ ਸੀ, ਉਸਨੂੰ ਵਾਪਸ ਲੈਣ ਦਾ ਜੋ ਫੈਸਲਾ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਲੋਕਪੱਖੀ, ਇਥੋਂ ਦੇ ਵਾਤਾਵਰਨ ਨੂੰ ਸਹੀ ਰੱਖਣ ਸੰਬੰਧੀ ਕੀਤੇ ਗਏ ਫੈਸਲੇ ਦਾ ਭਰਪੂਰ ਸਵਾਗਤ ਕਰਦੇ ਹੋਏ ਕਿਹਾ ਕਿ ਪੰਜਾਬ ਨਿਵਾਸੀਆਂ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਉਲਟ ਜਾ ਕੇ ਪੰਜਾਬ ਸਰਕਾਰ ਜਾਂ ਸੈਂਟਰ ਦੀ ਮੋਦੀ ਹਕੂਮਤ ਕਿਸੇ ਤਰਾਂ ਦਾ ਫੈਸਲਾ ਥੋਪਣ ਦੀ ਜੇ ਕੋਸ਼ਿਸ਼ ਕਰੇਗੀ ਤਾਂ ਪੰਜਾਬ ਨਿਵਾਸੀ ਅਜਿਹੇ ਪੰਜਾਬ ਵਿਰੋਧੀ ਕਿਸੇ ਫੈਸਲੇ ਨੂੰ ਕਦੀ ਵੀ ਪ੍ਰਵਾਨ ਨਹੀਂ ਕਰਨਗੇ।'

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੱਤੇਵਾੜਾ ਜੰਗਲ ਨੂੰ ਉਜਾੜਕੇ ਇੰਡਸਟ੍ਰੀਅਲ ਪਾਰਕ ਬਣਾਉਣ ਦੇ ਐਲਾਨੇ ਗਏ ਫੈਸਲੇ ਨੂੰ ਪੰਜਾਬ ਸਰਕਾਰ ਵੱਲੋ ਵਾਪਸ ਲੈਣ ਦੇ ਕੀਤੇ ਗਏ ਫੈਸਲੇ ਦਾ ਸਵਾਗਤ ਕਰਦੇ ਹੋਏ ਅਤੇ ਪੰਜਾਬ ਸਰਕਾਰ ਨੂੰ ਪੰਜਾਬੀਆਂ ਤੇ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਵਿਰੁੱਧ ਕਿਸੇ ਤਰਾਂ ਦਾ ਅਮਲ ਨਾ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨਾਂ ਆਪਣੀ ਤਕਰੀਰ ਵਿਚ ਇਸ ਗੱਲ ਦਾ ਵੀ ਦੁੱਖ ਜਾਹਰ ਕੀਤਾ ਕਿ ਇਸ ਜੰਗਲ ਵਿਚ ਟਾਹਲੀ ਦੇ ਪੌਦੇ ਬਿਲਕੁਲ ਨਹੀਂ ਹਨ। ਇਸ ਲਈ ਸ. ਮਾਨ ਨੇ ਉਥੇ ਇਕੱਠ ਦੀ



ਹਾਜਰੀ ਵਿਚ ਇਕ ਬੂਟਾ ਟਾਹਲੀ ਦਾ, ਇਕ ਅੰਬ ਦਾ ਅਤੇ ਇਕ ਜਾਮਣ ਦਾ ਬੂਟਾ ਲਗਾਕੇ ਸਰਕਾਰ ਅਤੇ ਪੰਜਾਬੀਆਂ ਨੂੰ ਇਹ ਸੰਦੇਸ਼ ਦਿੱਤਾ ਕਿ ਇਸ ਜੰਗਲ ਵਿਚ ਉਪਰੋਕਤ ਤਿੰਨੇ ਪੌਦਿਆਂ ਟਾਹਲੀ, ਅੰਬ ਅਤੇ ਜਾਮਣ ਦੇ ਪੇੜ ਆਪਣੀ ਜਿੰਮੇਵਾਰੀ ਸਮਝਕੇ ਲਗਾਏ ਜਾਣ ਅਤੇ ਜੋ ਜੰਗਲਾਤ ਵਿਭਾਗ ਦੇ ਅਧਿਕਾਰੀ ਅਤੇ ਅਫਸਰ ਹਨ, ਉਹ ਇਸ ਗੱਲ ਦਾ ਉਚੇਚੇ ਤੌਰ ਤੇ ਖਿਆਲ ਰੱਖਣ ਕਿ ਇਸ ਜੰਗਲ ਵਿਚ ਲਗਾਏ ਜਾਣ ਵਾਲੇ ਇਨਾਂ ਬੂਟਿਆਂ ਦੀ ਹਰ ਤਰਾਂ ਹਿਫਾਜਤ ਕਰਨ ਦੇ ਵੀ ਪ੍ਰਬੰਧ ਕੀਤੇ ਜਾਣ। ਉਨਾਂ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਕਿ ਇਸ ਗੰਭੀਰ ਵਿਸ਼ੇ ਤੇ ਪੰਜਾਬੀਆਂ ਤੇ ਸਿੱਖ ਕੌਮ ਵੱਲੋਂ ਵੱਡਾ ਐਕਸ਼ਨ ਹੋਣ ਤੋ ਪਹਿਲੇ ਸਹੀ ਸਮੇ ਪੰਜਾਬ ਸਰਕਾਰ ਨੇ ਸਹੀ ਫੈਸਲਾ ਕਰਕੇ ਪੰਜਾਬੀਆ ਦੇ ਵੱਡੇ ਰੋਹ ਅਤੇ ਵੱਡੇ ਅੰਦੋਲਨ ਤੋਂ ਛੁਟਕਾਰਾ ਪਾ ਲਿਆ ਹੈ ਅਤੇ ਪੰਜਾਬੀਆਂ ਤੇ ਸਿੱਖ ਕੌਮ ਨੂੰ ਇਸ ਗਰਮੀ ਦੇ ਮੌਸਮ ਵਿਚ ਮੋਰਚਿਆਂ ਵਿਚ ਦਿੱਲੀ ਕਿਸਾਨ ਮੋਰਚੇ ਦੀ ਤਰਾਂ ਜਾਣ, ਵੱਡਾ ਮਾਲੀ ਖਰਚ ਕਰਨ ਅਤੇ ਬਜੁਰਗ ਜ਼ਿੰਦਗਾਨੀਆਂ ਨੂੰ ਇਸ ਹੋਣ ਵਾਲੇ ਅੰਦੋਲਨ ਵਿਚ ਸ਼ਮੂਲੀਅਤ ਕਰਨ ਤੋਂ ਰੋਕ ਕੇ ਸ਼ਲਾਘਾਯੋਗ ਉਦਮ ਕੀਤਾ ਹੈ। ਸ. ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਸ. ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਉਤੇ ਹਾਵੀ ਹੋ ਚੁੱਕੇ ਆਮ ਆਦਮੀ ਪਾਰਟੀ ਦੇ ਮੁਖੀ ਸ੍ਰੀ ਕੇਜਰੀਵਾਲ ਵੱਲੋਂ ਥੋਪੇ ਜਾਣ ਵਾਲੇ ਅਜਿਹੇ ਹੁਕਮਾਂ ਨੂੰ ਨਜ਼ਰਅੰਦਾਜ ਕਰਦੇ ਹੋਏ ਪੰਜਾਬੀਆਂ ਤੇ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਰਹਿਣਗੇ ਅਤੇ ਪੰਜਾਬ ਨੂੰ ਸਹੀ ਲੀਹਾਂ ਵੱਲ ਤੋਰਨ ਦੀ ਜ਼ਿੰਮੇਵਾਰੀ ਨਿਭਾਉਣਗੇ ਨਾ ਕਿ ਇਥੇ ਅਫਰਾ-ਤਫਰੀ ਫੈਲਾਉਣ ਵਾਲੇ ਅਮਲ ਹੋਣਗੇ।

# ਸਿੱਧੂ ਮੂਸੇਵਾਲਾ ਦੇ ਕਤਲ ਲਈ ਇਕ ਕਰੋੜ ਵਿਚ ਹੋਇਆ ਸੀ ਸੌਦਾ

**✪ ਸ਼ਾਰਪ ਸ਼ੂਟਰਾਂ ਨੂੰ ਦਿੱਤੇ ਗਏ 5-5 ਲੱਖ ਰੁਪਏ ✪ ਕਤਲ ਦੀਆਂ ਤਾਰਾਂ ਰਾਜਸਥਾਨ ਨਾਲ ਵੀ ਜੁੜੀਆਂ ✪ ਕਤਲ ਕਰਨ ਲਈ ਵਿਦੇਸ਼ੀ ਹਥਿਆਰ ਆਸਟ੍ਰੇਲੀਆ ਦੀ ਗਲਾਕ ਪਿਸਟਲ, ਜਰਮਨੀ ਦੀ ਹੇਕਲਰ ਐਂਡ ਕੋਚ ਪੀ-30 ਹੈਂਡਗੰਨ, ਸਟਾਰ ਪਿਸਟਲ, ਤੁਰਕੀ ਦੀ ਜਿਗਾਨਾ ਸੈਮੀ ਆਟੋਮੈਟਿਕ ਪਿਸਟਲ ਅਤੇ ਏ.ਕੇ -47 ਵਰਤੇ ✪ ਪੰਜਾਬ ਪੁਲਿਸ ਦੇ ਹਾਲੇ ਵੀ ਹੱਥ ਖ਼ਾਲੀ, ਹਾਲੇ ਤੱਕ ਹੱਤਿਆ ਵਿਚ ਸ਼ਾਮਿਲ ਕਿਸੇ ਵੀ ਹਤਿਆਰੇ ਨੂੰ ਗ੍ਰਿ.ਫਤਾਰ ਨਾ ਕਰ ਸਕੀ ✪ ਮੂਸੇਵਾਲਾ ਕਾਂਡ ਵਿਚ ਸਾਬਕਾ ਸਪੀਕਰ ਕਾਹਲੋਂ ਦਾ ਭਤੀਜਾ ਸੰਦੀਪ ਕਾਹਲੋਂ ਗ੍ਰਿ.ਫਤਾਰ**



**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਪ੍ਰਸਿੱਧ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੀ ਹੱਤਿਆ ਕਰਨ ਲਈ 1 ਕਰੋੜ ਰੁਪਏ 'ਚ ਸੌਦਾ ਹੋਇਆ ਸੀ। ਸ਼ਾਰਪ ਸ਼ੂਟਰਾਂ ਨੂੰ ਇਸ ਕਤਲ ਬਦਲੇ 5-5 ਲੱਖ ਰੁਪਏ ਦਿੱਤੇ ਗਏ ਜਦਕਿ ਰੇਕੀ ਕਰਨ ਅਤੇ ਸਾਧਨ ਮੁਹੱਈਆ ਕਰਵਾਉਣ ਵਾਲਿਆਂ ਵਾਲੇ ਵਿਅਕਤੀਆਂ ਨੂੰ ਹਜ਼ਾਰਾਂ ਰੁਪਏ ਦਿੱਤੇ ਗਏ ਹਨ। ਇਸ ਖ਼ੁਲਾਸਾ ਸ਼ਾਰਪ ਸ਼ੂਟਰ ਪ੍ਰਿਆਵਰਤ ਫ਼ੌਜੀ, ਕਸ਼ਿਸ਼ ਉਰਫ਼ ਕੁਲਦੀਪ ਨੇ ਪੰਜਾਬ ਪੁਲਿਸ ਕੋਲ ਰਿਮਾਂਡ 'ਤੇ ਚੱਲਦਿਆਂ ਕੀਤਾ ਹੈ। ਜ਼ਿਕਰਯੋਗ ਹੈ ਕਿ ਪ੍ਰਿਆਵਰਤ ਫ਼ੌਜੀ, ਕਸ਼ਿਸ਼ ਜਿਨਾਂ ਨੂੰ ਦਿੱਲੀ ਦੀ ਸਪੈਸ਼ਲ ਪੁਲਿਸ ਸੈੱਲ ਵਲੋਂ ਗੁਜਰਾਤ ਦੇ ਮੁਦਰਾ ਤੋਂ ਗ੍ਰਿਫ਼ਤਾਰ ਕੀਤਾ ਸੀ । ਦੱਸਣਾ ਬਣਦਾ ਹੈ ਕਿ ਮੂਸੇਵਾਲਾ ਹੱਤਿਆ ਦਾ ਮੁੱਖ ਸਾਜ਼ਿਸ਼ ਘਾੜਾ ਲਾਰੈਂਸ ਬਿਸ਼ਨੋਈ ਵੀ ਪੰਜਾਬ ਪੁਲਿਸ ਕੋਲ ਰਿਮਾਂਡ 'ਤੇ ਹੈ ਜਦਕਿ ਹੱਤਿਆ ਨੂੰ ਅੰਜਾਮ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲਾ ਗੋਲਡੀ ਬਰਾੜ ਕੈਨੇਡਾ ਬੈਠਾ ਹੀ ਹੱਤਿਆ ਲਈ ਸਾਰੇ ਦਿਸ਼ਾ-ਨਿਰਦੇਸ਼ ਜਾਰੀ ਕਰ ਰਿਹਾ ਸੀ। ਗੋਲਡੀ ਬਰਾੜ ਨੇ ਹੱਤਿਆਰਿਆਂ ਨੂੰ ਇਹ ਸਪੱਸ਼ਟ ਕਿਹਾ ਸੀ ਕਿ ਮੂਸੇਵਾਲਾ ਹਮਲੇ ਮੌਕੇ ਕਿਸੇ ਵੀ ਹਾਲਤ ਵਿਚ ਬਚਣਾ ਨਹੀਂ ਚਾਹੀਦਾ। ਦਿੱਲੀ ਪੁਲਿਸ ਕੋਲ ਰਿਮਾਂਡ 'ਤੇ ਚੱਲ ਰਹੇ ਸ਼ੂਟਰ ਅੰਕਿਤ ਸੇਰਸਾ ਨੇ ਪੁੱਛ-ਗਿੱਛ ਦੌਰਾਨ ਮੰਨਿਆ ਹੈ ਕਿ ਗਾਇਕ ਮੂਸੇਵਾਲਾ ਦੇ ਪਹਿਲੀ ਗੋਲੀ ਮਨਪ੍ਰੀਤ ਮਨੂੰ ਕੁੱਸਾ ਨੇ ਮਾਰੀ ਸੀ । ਇਹ ਵੀ ਗੱਲ ਸਾਹਮਣੇ ਆਈ ਹੈ ਕਿ ਸ਼ੂਟਰਾਂ ਨੂੰ ਪੰਜਾਬ-ਹਰਿਆਣਾ ਸਰਹੱਦ 'ਤੇ ਸਿਖਲਾਈ ਦਿੱਤੀ ਗਈ ਅਤੇ ਕਤਲ ਵਿਚ ਵਿਦੇਸ਼ੀ ਹਥਿਆਰਾਂ ਦਾ ਪ੍ਰਯੋਗ ਕੀਤਾ ਗਿਆ।

ਆਸਟ੍ਰੇਲੀਆ ਦੀ ਗਲਾਕ ਪਿਸਟਲ, ਜਰਮਨੀ ਦੀ ਹੇਕਲਰ ਐਂਡ ਕੋਚ ਪੀ-30 ਹੈਂਡਗੰਨ, ਸਟਾਰ ਪਿਸਟਲ, ਤੁਰਕੀ ਦੀ ਜਿਗਾਨਾ ਸੈਮੀ ਆਟੋਮੈਟਿਕ ਪਿਸਟਲ ਅਤੇ ਏ.ਕੇ-47 ਦੀ ਵੀ ਵਰਤੋਂ ਕਰਨ ਦਾ ਖ਼ੁਲਾਸਾ ਹੋਇਆ ਹੈ ।

ਸਿੱਧੂ ਮੂਸੇਵਾਲਾ ਹੱਤਿਆ ਕਾਂਡ ਦੀਆਂ ਤਾਰਾਂ ਰਾਜਸਥਾਨ ਵੀ ਜੁੜ ਗਈਆਂ ਹਨ ।ਪੰਜਾਬ ਪੁਲਿਸ ਨੂੰ ਸ਼ੱਕ ਹੈ ਕਿ ਰਾਜਸਥਾਨ ਦੀ ਜੈਪੁਰ ਜੇਲ ਵਿਚ ਬੰਦ ਗੈਂਗਸਟਰ ਦਾਨਾ ਰਾਮ ਵੀ ਇਸ ਵਾਰਦਾਤ ਵਿਚ ਸ਼ਾਮਿਲ ਹੈ । ਦੱਸਿਆ ਜਾ ਰਿਹਾ ਹੈ ਕਿ ਦਾਨਾ ਰਾਮ ਰੋਹਿਤ ਗੋਦਾਰਾ ਗੈਂਗ ਨਾਲ ਸੰਬੰਧ ਰੱਖਦਾ ਹੈ ਅਤੇ ਉਸ ਨੂੰ ਪੰਜਾਬ ਲਿਆਉਣ ਲਈ ਪੰਜਾਬ ਪੁਲਿਸ ਰਾਜਸਥਾਨ ਪਹੁੰਚ ਚੁੱਕੀ ਹੈ। ਕਾਬਲੇ-ਏ-ਗੌਰ ਹੈ ਕਿ ਇਸ ਵਾਰਦਾਤ ਨੂੰ ਅੰਜਾਮ ਦੇਣ ਲਈ ਬਲੈਰੋ ਗੱਡੀ ਦੀ ਵਰਤੋਂ ਕੀਤੀ ਗਈ ਸੀ, ਜੋ ਰਾਜਸਥਾਨ ਵਿਚੋਂ ਆਈ ਸੀ। ਇਹ ਗੱਡੀ ਰਾਵਤਸਰ ਤੋਂ ਫ਼ਤਿਹਾਬਾਦ (ਹਰਿਆਣਾ) ਪਹੁੰਚਾਈ ਗਈ ਸੀ, ਜਿਸ ਦੀ ਵਰਤੋਂ ਪ੍ਰਿਆਵਰਤ ਫ਼ੌਜੀ ਤੇ ਉਨਾਂ ਦੇ ਸਾਥੀਆਂ ਵਲੋਂ ਕੀਤੀ ਗਈ ਸੀ। ਇਹ ਗੱਲ ਵੀ ਸ਼ੂਟਰਾਂ ਵਲੋਂ ਕਬੂਲੀ ਗਈ ਹੈ।

### ਪੰਜਾਬ ਪੁਲਿਸ ਦੇ ਹਾਲੇ ਵੀ ਹੱਥ ਖ਼ਾਲੀ

ਭਾਵੇਂ ਪੰਜਾਬ ਪੁਲਿਸ ਸਿੱਧੂ ਮੂਸੇਵਾਲਾ ਹੱਤਿਆ ਮਾਮਲੇ 'ਚ ਦਰਜਨ ਤੋਂ ਵਧੇਰੇ ਰੇਕੀ ਕਰਨ ਅਤੇ ਸਾਧਨ ਮੁਹੱਈਆ ਕਰਵਾਉਣ ਵਾਲਿਆਂ ਨੂੰ ਜੇਲ ਭੇਜ ਚੁੱਕੀ ਹੈ। ਮੁੱਖ ਸਾਜ਼ਿਸ਼ ਘਾੜੇ ਲਾਰੈਂਸ਼ ਬਿਸ਼ਨੋਈ ਤੇ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਦਿੱਲੀ ਤਿਹਾੜ ਜੇਲ ਵਿਚੋਂ ਪੰਜਾਬ ਲਿਆ ਕੇ ਪੁੱਛਗਿੱਛ ਕਰ ਰਹੀ ਹੈ ਅਤੇ 2 ਸ਼ਾਰਪ ਸ਼ੂਟਰ ਫ਼ੌਜੀ ਅਤੇ ਕਸ਼ਿਸ਼ ਵੀ ਪੁਲਿਸ ਰਿਮਾਂਡ 'ਤੇ ਹਨ ਪਰ ਪੰਜਾਬ ਪੁਲਿਸ ਹਾਲੇ ਤੱਕ ਹੱਤਿਆ ਵਿਚ ਸ਼ਾਮਿਲ ਕਿਸੇ ਵੀ ਹਤਿਆਰੇ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ। ਦੱਸਣਾ ਬਣਦਾ ਹੈ ਕਿ ਦਿੱਲੀ ਪੁਲਿਸ ਸਪੈਸ਼ਲ ਸੈਲ ਵਲੋਂ 3 ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਅਤੇ 3 ਗ੍ਰਿ.ਫਤ ਤੋਂ ਬਾਹਰ ਹਨ। ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਦਿੱਲੀ ਪੁਲਿਸ ਸ਼ੂਟਰਾਂ ਦੀ ਗਿਣਤੀ 6 ਦੱਸ ਰਹੀ ਹੈ ਜਦਕਿ ਪੰਜਾਬ ਪੁਲਿਸ ਵਲੋਂ ਹੱਤਿਆ 'ਚ 4 ਸ਼ੂਟਰ ਸ਼ਾਮਿਲ ਦੱਸੇ ਜਾ ਰਹੇ ਹਨ। ਉੱਧਰ ਗ੍ਰਿ.ਫਤ ਤੋਂ ਬਾਹਰ ਸ਼ੂਟਰਾਂ ਨੂੰ ਫੜਨ ਲਈ ਦਿੱਲੀ ਤੇ ਪੰਜਾਬ ਪੁਲਿਸ ਦੀਆਂ ਟੀਮਾਂ ਤੋਂ ਪੰਜਾਬ ਤੋਂ ਇਲਾਵਾ ਹੋਰ ਰਾਜਾਂ ਵਿਚ ਛਾਪੇਮਾਰੀ ਕਰ ਰਹੀਆਂ ਹਨ।

### ਅਕਾਲੀ ਆਗੂ ਨਿਰਮਲ ਸਿੰਘ ਕਾਹਲੋਂ ਦਾ ਭਤੀਜਾ ਗ੍ਰਿ.ਫਤਾਰ

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਤਾਰ ਹੁਣ ਅਕਾਲੀ ਆਗੂ ਤੇ ਸਾਬਕਾ ਵਿਧਾਨ ਸਭਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਭਤੀਜੇ ਸੰਦੀਪ ਸਿੰਘ ਕਾਹਲੋਂ ਦੇ ਨਾਲ ਜੁੜਦੇ ਨਜ਼ਰ ਆ ਰਹੇ ਹਨ। ਕਮਿਸ਼ਨਰੇਟ ਪੁਲਿਸ ਦੇ ਸੀਆਈਏ-1 ਦੀ ਟੀਮ ਨੇ ਨਿਰਮਲ ਸਿੰਘ ਕਾਹਲੋਂ ਦੇ ਭਤੀਜੇ ਸੰਦੀਪ ਸਿੰਘ ਕਾਹਲੋਂ ਨੂੰ ਗ੍ਰਿ.ਫਤਾਰ ਕਰ ਲਿਆ ਹੈ। ਜਾਣਕਾਰੀ ਮੁਤਾਬਕ ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ 10 ਦਿਨ ਪਹਿਲਾਂ ਸੰਦੀਪ ਕਾਹਲੋਂ ਦਾ ਸਾਥੀ ਸਤਬੀਰ ਸਿੰਘ ਹੀ ਫਾਰਚੂਨਰ ਕਾਰ ਵਿਚ ਤਿੰਨ ਗੈਂਗਸਟਰਾਂ ਨੂੰ ਬਠਿੰਡਾ ਛੱਡ ਕੇ ਆਇਆ ਸੀ। ਉੱਥੇ ਬਲਦੇਵ ਚੌਧਰੀ ਨੇ ਗੈਂਗਸਟਰ ਗੋਲਡੀ ਬਰਾੜ ਦੇ ਹੁਕਮ 'ਤੇ ਉਨਾਂ ਨੂੰ ਹਥਿਆਰ ਮੁਹੱਈਆ ਕਰਵਾਏ ਸਨ। ਜਦੋਂ ਸੰਦੀਪ ਕਾਹਲੋਂ ਦਾ ਨਾਂ ਸਾਹਮਣੇ ਆਇਆ ਤਾਂ ਉਹ ਅੰਡਰ ਗਰਾਊਂਡ ਹੋ ਗਿਆ, ਬਾਅਦ ਵਿਚ ਕਮਿਸ਼ਨਰੇਟ ਪੁਲਿਸ ਦੀ ਸੀਆਈਏ ਟੀਮ ਨੇ ਉਸ ਨੂੰ ਕਾਬੂ ਕਰ ਲਿਆ ਹ। ਸੀਆਈਏ-1 ਇੰਚਾਰਜ ਇੰਸਪੈਕਟਰ ਬੇਅੰਤ ਜੁਨੇਜਾ ਨੇ ਦੱਸਿਆ ਕਿ ਸਤਬੀਰ ਤੋਂ ਕੀਤੀ ਪੁੱਛਗਿਛ 'ਚ ਪਤਾ ਲੱਗਿਆ ਹੈ ਕਿ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਦਸ ਦਿਨ ਪਹਿਲਾਂ ਸੰਦੀਪ ਸਿੰਘ ਕਾਹਲੋਂ ਨੇ ਹੀ ਮਨੀ ਰਈਆ, ਮਨਦੀਪ ਤੂਫ਼ਾਨ ਤੇ ਇੱਕ ਅਣਪਛਾਤੇ ਗੈਂਗਸਟਰ ਨੂੰ ਛੱਡਣ ਲਈ ਸਤਬੀਰ ਨੂੰ ਅੰਮ੍ਰਿਤਸਰ ਤੋਂ ਬਠਿੰਡਾ ਭੇਜਿਆ ਸੀ। ਪੁੱਛਗਿੱਛ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਬਾਅਦ ਸੰਦੀਪ ਕਾਹਲੋਂ ਨੇ ਸਤਬੀਰ ਨੂੰ ਫੋਨ ਕਰ ਕੇ ਕਿਹਾ ਸੀ ਕਿ ਉਨਾਂ ਦੇ ਲੋਕਾਂ ਨੇ ਹੀ ਸਿੱਧੂ ਦਾ ਕਤਲ ਕੀਤਾ ਹੈ ਤੇ ਉਹ ਥੋੜਾ ਚੌਕਸ ਰਹੇ। ਇਹ ਵੀ ਗੱਲ ਹੋਈ ਸੀ ਕਿ ਉਹ ਉਨਾਂ ਦੇ ਜਾਅਲੀ ਪਾਸਪੋਰਟ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਵਿਚ ਹੈ ਤਾਂ ਕਿ ਉਨਾਂ ਨੂੰ ਵਿਦੇਸ਼ ਭੇਜਿਆ ਜਾ ਸਕੇ। ਇੰਸਪੈਕਟਰ ਬੇਅੰਤ ਜੁਨੇਜਾ ਨੇ ਦੱਸਿਆ ਕਿ ਸੰਦੀਪ ਸਿੰਘ ਕਾਹਲੋਂ ਤੇ ਜੱਗੂ ਭਗਵਾਨਪੁਰੀਆ ਦੇ ਕਾਫ਼ੀ ਪੁਰਾਣੇ ਸਬੰਧ ਹਨ। ਗੈਂਗਸਟਰ ਮਨੀ ਰਈਆ ਤੇ ਸੰਦੀਪ ਤੂਫ਼ਾਨ ਦੋਵੇਂ ਜੱਗੂ ਦੇ ਪੁਰਾਣੇ ਸਾਥੀ ਹਨ। ਜੱਗੂ ਦੇ ਹੁਕਮ ਤੋਂ ਬਾਅਦ ਹੀ ਸੰਦੀਪ ਕਾਹਲੋਂ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਤਬੀਰ ਤਿੰਨਾਂ ਨੂੰ ਫਾਰਚੂਨਰ ਕਾਰ 'ਚ 19 ਮਈ ਨੂੰ ਬਠਿੰਡਾ ਛੱਡ ਕੇ ਆਇਆ ਸੀ। ਪੁਲਿਸ ਨੇ ਜਦੋਂ ਬਲਦੇਵ ਚੌਧਰੀ ਨੂੰ ਗ੍ਰਿ.ਫਤਾਰ ਕੀਤਾ ਤਾਂ ਪਤਾ ਲੱਗਿਆ ਕਿ ਉਸਦੇ ਸੰਪਰਕ ਪਟਿਆਲਾ ਦੇ ਭਾਦਸੋਂ ਇਲਾਕੇ 'ਚ ਰਹਿਣ ਵਾਲੇ ਨੌਜਵਾਨ ਨਾਲ ਸਨ ਤੇ ਉਸਨੂੰ ਵੀ ਗ੍ਰਿ.ਫਤਾਰ ਕੀਤਾ ਗਿਆ। ਇਸ ਤੋਂ ਬਾਅਦ ਜਾਂਚ ਕਰਨ 'ਤੇ ਅਜਨਾਲਾ ਦੇ ਘੋੜਾ ਵਪਾਰੀ ਸਤਬੀਰ ਦਾ ਨਾਂ ਸਾਹਮਣੇ ਆਇਆ ਸੀ। ਜਦੋਂ ਪੁਲਿਸ ਨੇ ਸਤਬੀਰ ਨੂੰ ਗ੍ਰਿ.ਫਤਾਰ ਕੀਤਾ ਤਾਂ ਸਤਬੀਰ ਤੋਂ ਪੁੱਛਗਿਛ ਦੌਰਾਨ ਪਤਾ ਲੱਗਿਆ ਕਿ ਸੰਦੀਪ ਸਿੰਘ ਕਾਹਲੋਂ ਨੇ ਉਸ ਨੂੰ ਗੈਂਗਸਟਰਾਂ ਨੂੰ ਬਠਿੰਡਾ ਛੱਡ ਕੇ ਆਉਣ ਲਈ ਭੇਜਿਆ ਸੀ। ਸੰਦੀਪ ਸਿੰਘ ਕਾਹਲੋਂ ਨੇ ਹੀ ਸਤਬੀਰ ਨੂੰ ਉਸ ਦੀ ਸੁਰੱਖਿਆ ਲਈ 315 ਬੋਰ ਦੀ ਪਿਸਤੌਲ ਦਿੱਤੀ ਸੀ।

## ਪੰਜਾਬ ਵਿਚ ਅਚਾਨਕ ਸਰਗਰਮ ਗੈਂਗਸਟਰ ਤੇ ਮੱਧ ਪ੍ਰਦੇਸ਼ ਤੇ ਯੂ.ਪੀ. ਦੇ ਹਥਿਆਰ ਪੰਜਾਬ ਪੁਲਿਸ ਲਈ ਚੁਣੌਤੀ ਬਣੇ

**ਚੰਡੀਗੜ:** ਪੰਜਾਬ ਵਿਚ ਅਚਾਨਕ ਸਰਗਰਮ ਗੈਂਗਸਟਰ ਪੰਜਾਬ ਪੁਲਿਸ ਲਈ ਚੁਣੌਤੀ ਬਣੇ ਹੋਏ ਹਨ। ਖੁਫੀਆ ਏਜੰਸੀਆਂ ਤੋਂ ਜੋ ਸਰਕਾਰ ਅਤੇ ਪੰਜਾਬ ਪੁਲਿਸ ਨੂੰ ਤਾਜ਼ਾ ਜਾਣਕਾਰੀ ਮਿਲ ਰਹੀ ਹੈ ਕਿ ਸੂਬੇ ਵਿਚ ਸਰਗਰਮ ਗੈਂਗਸਟਰ ਪਾਕਿਸਤਾਨ ਦੀ ਸਰਹੱਦ ਪਾਰੋਂ ਆਉਣ ਵਾਲੇ ਅਤਿ ਆਧੁਨਿਕ ਹਥਿਆਰਾਂ ਦੀ ਖੇਪ ਪੰਜਾਬ ਵਿਚ ਪ੍ਰਾਪਤ ਵੀ ਕਰ ਰਹੇ ਹਨ ਅਤੇ ਉਨਾਂ ਦਾ ਇਸਤੇਮਾਲ ਹੋ ਰਿਹਾ ਹੈ। ਇਸ ਦੇ ਚੱਲਦੇ ਸੂਥਰੇ ਵੀ ਦੱਸਦੇ ਹਨ ਕਿ ਇਹ ਖੁਲਾਸਾ ਵੀ ਹੋਇਆ ਹੈ ਕਿ ਇਨਾਂ ਹਥਿਆਰਾਂ ਨੂੰ ਹੋਰ ਰਾਜਾਂ ਦੇ ਅਪਰਾਧੀਆਂ ਨੂੰ ਸਪਲਾਈ ਵੀ ਕੀਤਾ ਜਾ ਰਿਹਾ ਹੈ। ਇੰਨਾ ਹੀ ਨਹੀਂ ਇੱਥੇ ਸਰਗਰਮ ਗੈਂਗਸਟਰਾਂ ਨੇ ਯੂ.ਪੀ., ਮੱਧ ਪ੍ਰਦੇਸ਼, ਹਰਿਆਣਾ, ਰਾਜਸਥਾਨ, ਦਿੱਲੀ, ਬਿਹਾਰ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵਿਚ ਵੀ ਹਥਿਆਰਾਂ ਦੇ ਸਪਲਾਇਰਾਂ ਨਾਲ ਤਾਲ ਮੇਲ ਬਣਾ ਰੱਖਿਆ ਹੈ, ਜਿੱਥੋਂ ਉਨਾਂ ਨੂੰ ਵਰਤਣ ਲਈ ਦੇਸੀ ਕੱਟੇ ਪਿਸਤੌਲਾਂ, ਰਿਵਾਲਵਰਾਂ ਅਤੇ ਇਸ ਦੇ ਨਾਲ ਹੈਂਡ ਗ੍ਰਨੇਡ ਵਰਗੇ ਖਤਰਨਾਕ ਹਥਿਆਰ ਉਪਲੱਬਧ ਕਰਵਾਏ ਜਾ ਰਹੇ ਹਨ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੇਸ਼ ਦੇ ਅੰਦਰੂਨੀ ਇਲਾਕਿਆਂ ਵਿਚ ਅਪਰਾਧੀ ਅਤੇ ਗੈਂਗਸਟਰ ਯੂ.ਪੀ ਬਿਹਾਰ ਅਤੇ ਮੱਧ ਪ੍ਰਦੇਸ਼ ਤੋਂ ਛੋਟੇ ਹਥਿਆਰ ਜ਼ਿਆਦਾ ਮੰਗਵਾਉਣ ਲੱਗੇ ਹਨ । ਦੱਸਿਆ ਜਾ ਰਿਹਾ ਹੈ ਕਿ ਇਨਾਂ ਇਲਾਕਿਆਂ ਤੋਂ ਲਿਆਂਦੇ ਹਥਿਆਰ ਗੈਂਗਸਟਰ ਅਤੇ ਹੋਰ ਅਪਰਾਧੀ ਪੰਜਾਬ ਸਮੇਤ ਹੋਰਨਾਂ ਸੂਬਿਆਂ ਵਿਚ ਖੁੱਲ ਕੇ ਇਸਤੇਮਾਲ ਕਰ ਰਹੇ ਹਨ, ਜੋ ਪੰਜਾਬ ਸਮੇਤ ਹੋਰਨਾਂ ਰਾਜਾਂ ਦੀ ਪੁਲਿਸ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ।



## ਮੁਲਜ਼ਮ ਸਤਬੀਰ ਨੂੰ ਜੇਲ ਵਿੱਚ ਕੁੱਟ-ਮਾਰ ਕੇ ਕੀਤਾ ਜ਼ਖਮੀ

ਲੁਧਿਆਣਾ : ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਥਿਤ ਕਾਤਲਾਂ ਨੂੰ ਫਾਰਚੂਨਰ ਵਿੱਚ ਬਠਿੰਡਾ ਛੱਡ ਕੇ ਆਉਣ ਵਾਲੇ ਮੁਲਜ਼ਮ ਸਤਬੀਰ 'ਤੇ ਸ਼ਨਿਚਰਵਾਰ ਰਾਤ ਕੇਂਦਰੀ ਜੇਲ ਲੁਧਿਆਣਾ ਵਿੱਚ ਹਮਲਾ ਹੋ ਗਿਆ। ਚਰਚਾ ਹੈ ਕਿ ਇਹ ਹਮਲਾ ਬੰਬੀਹਾ ਗਰੁੱਪ ਦੇ ਮੈਂਬਰਾਂ ਨੇ ਕੀਤਾ ਹੈ। ਸਤਬੀਰ ਦੇ ਫੱਟੜ ਹੋਣ 'ਤੇ ਪੁਲਿਸ ਉਸ ਨੂੰ ਸਿਵਲ ਹਸਪਤਾਲ ਇਲਾਜ ਲਈ ਲੈ ਕੇ ਆਈ। ਇੱਥੇ ਇਲਾਜ ਤੋਂ ਬਾਅਦ ਉਸ ਨੂੰ ਦੁਬਾਰਾ ਜੇਲ ਲਿਆਂਦਾ ਜਾਵੇਗਾ।

## ਲਾਰੈਂਸ ਬਿਸ਼ਨੋਈ ਨੇ ਕਿਹਾ- ਅਸੀਂ ਤਾਂ 2018 ਵਿਚ ਸਲਮਾਨ ਨੂੰ ਵੀ ਮਾਰ ਦੇਣਾ ਸੀ

**ਚੰਡੀਗੜ/ਏ.ਟੀ.ਨਿਊਜ਼ :-** ਪਿਛਲੇ ਮਹੀਨੇ ਬਾਲੀਵੁੱਡ ਅਭਿਨੇਤਾ ਸਲਮਾਨ ਖ਼ਾਨ ਤੇ ਉਨਾਂ ਦੇ ਪਿਤਾ ਸਲੀਮ ਖ਼ਾਨ ਨੂੰ ਜਿਹੜੇ ਧਮਕੀ ਭਰੇ ਪੱਤਰ ਭੇਜੇ ਗਏ ਸਨ ਉਹ ਲਾਰੈਂਸ ਬਿਸ਼ਨੋਈ ਦੇ ਗੁਰਗਿਆਂ ਨੇ ਹੀ ਭੇਜੇ ਸਨ। ਪੁਲਿਸ ਪੁੱਛਗਿੱਛ ਵਿਚ ਲਾਰੈਂਸ ਬਿਸ਼ਨੋਈ ਨੇ ਇਹ ਜਾਣਕਾਰੀ ਦਿੱਤੀ ਹੈ। ਲਾਰੈਂਸ ਨੇ ਕਿਹਾ ਹੈ ਕਿ ਉਹ 2018 'ਚ ਹੀ ਸਲਮਾਨ ਖ਼ਾਨ ਨੂੰ ਖ਼ਤਮ ਕਰ ਦਿੰਦਾ ਪਰ ਇਹ ਸੰਭਵ ਨਹੀਂ ਹੋ ਸਕਿਆ। ਲਾਰੈਂਸ ਨੇ ਦੱਸਿਆ ਕਿ ਉਹ ਸਲਮਾਨ ਦੀ ਹੱਤਿਆ ਇਸ ਲਈ ਕਰਵਾਉਣਾ ਚਾਹੁੰਦਾ ਹੈ ਕਿਉਂਕਿ ਬਿਸ਼ਨੋਈ ਸਮਾਜ ਕਾਲੇ ਹਿਰਨ ਨੂੰ ਮੰਨਦਾ ਹੈ ਤੇ ਸਲਮਾਨ ਨੇ ਕਾਲੇ ਹਿਰਨ ਦਾ ਸ਼ਿਕਾਰ ਕੀਤਾ ਸੀ। ਓਧਰ, ਗਾਇਕ ਸਿੱਧੂ ਮੂਸੇਵਾਲਾ ਹੱਤਿਆ ਕਾਂਡ ਵਿਚ ਲਾਰੈਂਸ ਤੇ ਜੱਗੂ ਭਗਵਾਨਪੁਰੀਆ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁਲਿਸ ਨੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਪੁੱਛਗਿੱਛ ਵਿਚ ਲਾਰੈਂਸ ਨੇ ਦੱਸਿਆ ਕਿ



2018 'ਚ ਸੰਪਤ ਨਹਿਰਾ ਨੂੰ ਸਲਮਾਨ ਦੀ ਹੱਤਿਆ ਨੂੰ ਅੰਜਾਮ ਦੇਣ ਲਈ ਮੁੰਬਈ ਭੇਜਿਆ ਸੀ। ਸੰਪਤ ਨੇ ਸਲਮਾਨ ਦੇ ਘਰ ਦੀ ਰੇਕੀ ਵੀ ਕੀਤੀ। ਪਰ ਸਲਮਾਨ ਨੂੰ ਮਾਰਨ ਲਈ ਲੰਬੀ ਰਾਈਫਲ ਚਾਹੀਦੀ ਸੀ ਤੇ ਉਸ ਕੋਲ ਇਕ ਰਿਵਾਲਵਰ ਸੀ। ਲਾਰੈਂਸ ਨੇ ਦੱਸਿਆ ਕਿ ਇਸ ਤੋਂ ਬਾਅਦ ਸਲਮਾਨ ਨੂੰ ਮਾਰਨ ਲਈ ਰਾਈਫਲ ਖ਼ਰੀਦਣ ਦਾ ਫ਼ੈਸਲਾ ਕੀਤਾ। ਇਹ ਕੰਮ ਦਿਨੇਸ਼ ਡਾਗਰ ਨੂੰ ਸੌਂਪਿਆ ਗਿਆ। ਇਸ ਲਈ ਚਾਰ ਲੱਖ ਰੁਪਏ ਦਾ ਭੁਗਤਾਨ ਡਾਗਰ ਦੇ ਸਾਥੀ ਅਨਿਲ ਪਾਂਡੇ ਨੂੰ ਕੀਤਾ ਗਿਆ ਪਰ 2018 'ਚ ਪੁਲਿਸ ਨੇ ਡਾਗਰ ਤੋਂ ਰਾਈਫਲ ਬਰਾਮਦ ਕਰ ਲਈ। ਲਾਰੈਂਸ ਨੇ ਪੁਲਿਸ ਪੁੱਛਗਿੱਛ 'ਚ ਦੱਸਿਆ ਕਿ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਪਹਿਲਾਂ ਤਿਹਾੜ ਜੇਲ 'ਚ ਬੰਦ ਹਾਸ਼ਿਮ ਬਾਬਾ ਨੂੰ ਦਿੱਤੀ ਸੀ। ਮੂਸੇਵਾਲਾ ਦੇ ਘਰ ਦੀ ਰੇਕੀ ਸ਼ਾਹਰੁਖ਼ ਤੋਂ ਕਰਵਾਈ ਗਈ ਸੀ। ਸ਼ਾਹਰੁਖ਼ ਨੂੰ ਦਿੱਲੀ ਪੁਲਿਸ ਨੇ ਫੜਿਆ ਸੀ ਤਾਂ ਪੁੱਛਗਿੱਛ ਵਿਚ ਉਸ ਨੇ ਇਸ ਗੱਲ ਦੀ ਜਾਣਕਾਰੀ ਦਿੱਤੀ ਸੀ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਅੰਮ੍ਰਿਤਸਰ ਟਾਈਮਜ਼
AMRITSAR TIMES

13 ਜੁਲਾਈ 2022 ਤੋਂ 19 ਜੁਲਾਈ 2022

# ਮੱਤੇਵਾੜਾ : ਸੰਘਰਸ਼ ਅਜੇ ਬਾਕੀ ਹੈ

ਮੱਤੇਵਾੜਾ ਜੰਗਲ ਨੂੰ ਲੈ ਕੇ ਚੱਲ ਰਹੇ ਸੰਘਰਸ਼ ਬਾਬਤ ਅਸੀਂ ਸਾਰੇ ਭਲੀਭਾਂਤ ਜਾਣੂ ਹੋਵਾਂਗੇ। ਕੋਰੋਨਾ ਵੇਲੇ ਤੋਂ ਇਹ ਮਸਲਾ ਸਮੇਂ-ਸਮੇਂ ’ਤੇ ਉਭਰਦਾ ਰਿਹਾ ਹੈ। ਇਸ ਮਸਲੇ ’ਤੇ ਸੰਘਰਸ਼ ਕਰ ਰਹੇ ਵਾਤਾਵਰਨ ਪ੍ਰੇਮੀ ਲਗਾਤਾਰ ਆਪਣਾ ਵਿਰੋਧ ਵੱਖ-ਵੱਖ ਤਰੀਕੇ ਨਾਲ ਸਰਕਾਰ ਨੂੰ ਜਤਾ ਰਹੇ ਹਨ। ਇਹ ਮਸਲਾ ਸ਼ੁਰੂ ਕਾਂਗਰਸ ਸਰਕਾਰ ਵੇਲੇ ਹੋਇਆ ਸੀ, ਉਦੋਂ ਆਮ ਆਦਮੀ ਪਾਰਟੀ ਵੀ ਇਸ ਪ੍ਰੋਜੈਕਟ ਦਾ ਵਿਰੋਧ ਕਰਦੀ ਸੀ, ਖਾਸਕਰ ਭਗਵੰਤ ਮਾਨ ਵੱਲੋਂ ਇਸ ਪ੍ਰੋਜੈਕਟ ਦਾ ਕਾਫੀ ਵਿਰੋਧ ਕੀਤਾ ਗਿਆ ਸੀ। ਪਰ ਹੁਣ ਦੁਬਾਰਾ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਹੈ, ਇਹ ਮਸਲਾ ਦੁਬਾਰਾ ਚਰਚਾ ਵਿੱਚ ਆਇਆ ਹੈ। ਅਸਲ ਵਿੱਚ ਸਰਕਾਰ ਨੇ ਸਤਲੁਜ ਦੇ ਕੰਢੇ 4200 ਏਕੜ ਵਿਚ ਫੈਲੇ ਮੱਤੇਵਾੜਾ ਜੰਗਲ ਦੇ ਨੇੜਲੇ ਪਿੰਡ ਸੇਖੋਵਾਲ ਅਤੇ ਇਲਾਕੇ ਦੀ ਤਕਰੀਬਨ 955 ਏਕੜ ਸ਼ਾਮਲਾਟ ਜ਼ਮੀਨ ਟੈਕਸਟਾਈਲ ਪਾਰਕ ਬਣਾਉਣ ਦੇ ਨਾਮ ਉੱਤੇ ਪਿੰਡ ਦੇ ਲੋਕਾਂ ਦੀ ਇੱਛਾ ਦੇ ਖ਼ਿਲਾਫ਼ ਹਾਸਿਲ ਕਰ ਲਈ ਸੀ। ਉਦੋਂ ਤੋਂ ਹੀ ਪਿੰਡ ਦੇ ਲੋਕ ਅਤੇ ਸਮਾਜਿਕ ਕਾਰਕੁੰਨ ਜੱਦੋ-ਜਹਿਦ ਕਰ ਰਹੇ ਹਨ। ਜਿਕਰਯੋਗ ਹੈ ਕਿ ਇਨਾਂ ਲੋਕਾਂ ਕੋਲ ਇਸ ਤੋਂ ਇਲਾਵਾ ਇਕ ਮਰਲਾ ਵੀ ਆਪਣੀ ਜ਼ਮੀਨ ਨਹੀਂ ਹੈ, ਇਹ ਸ਼ਾਮਲਾਟ ਦੀ ਜ਼ਮੀਨ ਬੋਲੀ ਉੱਤੇ ਲੈ ਕੇ ਗੁਜ਼ਾਰਾ ਕਰਦੇ ਹਨ। ਐਤਕੀਂ ਜਦੋਂ ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਟੈਕਸਟਾਈਲ ਪਾਰਕ ਬਣਾਉਣ ਦੀ ਗੱਲ ਦਾ ਮੁੜ ਜਿਕਰ ਕੀਤਾ ਗਿਆ ਤਾਂ ਇੱਕ ਵਾਰ ਫਿਰ ਇਹ ਮਸਲਾ ਸੰਘਰਸ਼ ਦਾ ਰੂਪ ਲੈ ਗਿਆ। ਇਸ ਵਾਰ ਲੰਘੀ 10 ਜੁਲਾਈ ਨੂੰ ਮੱਤੇਵਾੜਾ ਵਿਖੇ ਵੱਖ-ਵੱਖ ਜਥੇਬੰਦੀਆਂ, ਵਿਰੋਧੀ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਸਮਾਜਿਕ ਕਾਰਕੁੰਨਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਸਰਕਾਰ ਨੂੰ ਸੁਨੇਹਾ ਦਿੱਤਾ ਕਿ ਇਹ ਪ੍ਰੋਜੈਕਟ ਨਹੀਂ ਲੱਗਣ ਦਿੱਤਾ ਜਾਵੇਗਾ ਅਤੇ ਕੁਦਰਤੀ ਸਰੋਤਾਂ ਦਾ ਘਾਣ ਨਹੀਂ ਕਰਨ ਦਿੱਤਾ ਜਾਵੇਗਾ।

ਦੱਸਿਆ ਜਾਂਦਾ ਹੈ ਕਿ ਤਕਰੀਬਨ 55 ਵਰੇ ਪਹਿਲਾਂ ਇਸ ਬੰਜਰ ਭੂਮੀ ਵਿੱਚ ਇਨਾਂ ਲੋਕਾਂ ਨੂੰ ਵਸਾਇਆ ਗਿਆ ਤਾਂ ਕਿ ਇਹ ਜਮੀਨ ਵਾਹੀਯੋਗ ਬਣ ਸਕੇ। ਇਨਾਂ ਪਿੰਡਾਂ ਦੇ ਲੋਕਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਇਨਾਂ ਬੰਜਰ ਜਮੀਨਾਂ ਨੂੰ ਆਬਾਦ ਕੀਤਾ। ਪਰ ਉਸ ਤੋਂ ਬਾਅਦ ਫਿਰ ਸਰਕਾਰ ਵੱਲੋਂ ਇੱਕ ਆਲੂ ਫਾਰਮ ਲਾ ਕੇ ਇਹ ਜਮੀਨ ਇਨਾਂ ਲੋਕਾਂ ਕੋਲੋਂ ਖੋਹ ਲਈ ਜਿਸ ਲਈ ਫਿਰ ਇਨਾਂ ਨੇ ਲੰਬਾ ਸਮਾਂ ਕਾਨੂੰਨੀ ਲੜਾਈ ਲੜੀ। ਇਸ ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਸਾਲ 2014 ਵਿੱਚ ਇਨਾਂ ਸੰਘਰਸ਼ੀ ਲੋਕਾਂ ਦੀ ਜਿੱਤ ਹੋਈ। ਉਦੋਂ ਤੋਂ ਹਰ ਪਰਿਵਾਰ ਨੂੰ ਪੰਜ ਏਕੜ ਜ਼ਮੀਨ ਕਿਰਾਏ ’ਤੇ ਦਿੱਤੀ ਜਾ ਰਹੀ ਸੀ, ਜਿਸ ਨਾਲ ਇਨਾਂ ਲੋਕਾਂ ਦਾ ਗੁਜਾਰਾ ਹੋ ਰਿਹਾ ਸੀ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਅਧਿਕਾਰੀਆਂ ਵੱਲੋਂ ਕਰੋਨਾ ਦੇ ਓਹਲੇ ਹੇਠ ਉਨਾਂ ਤੋਂ ਜਬਰੀ ਰਜਿਸਟਰੀ ਅਤੇ ਇੰਤਕਾਲ ਕਰਵਾਇਆ ਗਿਆ ਹੈ ਅਤੇ ਜਦੋਂ ਅਸੀਂ (ਪਿੰਡ ਵਾਸੀਆਂ ਨੇ) ਗ੍ਰਾਮ ਸਭਾ ਦਾ ਇਜਲਾਸ ਬੁਲਾ ਕੇ ਫ਼ੈਸਲਾ ਕਰਨ ਦੀ ਗੱਲ ਤੋਰੀ ਤਾਂ ਸੱਤਾ ਦੇ ਦਬਾਅ ਹੇਠ ਬੀਡੀਪੀਓ, ਸਕੱਤਰ ਆਦਿ ਪਹੁੰਚਣ ਦੀ ਬਜਾਏ ਪਿੰਡ ਦੀ ਅਬਾਦੀ ਤੋਂ ਵੀ ਵੱਧ ਪੁਲਿਸ ਤਾਇਨਾਤ ਕਰ ਦਿੱਤੀ ਗਈ।

ਲੰਘੀ 11 ਜੁਲਾਈ ਨੂੰ ਮੁੱਖ ਮੰਤਰੀ ਭਗਵੰਤ ਮਾਨ ਅਤੇ ਇਸ ਮਸਲੇ ’ਚ ਸੰਘਰਸ਼ ਕਰ ਰਹੀ ਪੀਏਸੀ ਦੇ ਆਗੂਆਂ ਨਾਲ ਮੀਟਿੰਗ ਹੋਈ ਜਿਸ ਤੋਂ ਬਾਅਦ ਮੱਤੇਵਾੜਾ ਪ੍ਰੋਜੈਕਟ ਵਾਪਸ ਲੈਣ ਦਾ ਐਲਾਨ ਹੋਇਆ। ਬਿਨਾਂ ਸ਼ੱਕ ਇਹ ਲੋਕਾਂ ਦੀ ਏਕਤਾ ਅਤੇ ਉਨਾਂ ਦੇ ਜ਼ੋਰਦਾਰ ਸੰਘਰਸ਼ ਦੀ ਜਿੱਤ ਹੈ। ਪਰ ਸਾਡੇ ਲਈ ਅਹਿਮ ਗੱਲ ਵਿਚਾਰਨ ਵਾਲੀ ਇਹ ਹੈ ਕਿ ਅਜੇ ਇਹ ਸਾਰਾ ਮਸਲਾ ਹੱਲ ਨਹੀਂ ਹੋਇਆ। ਇਨਾਂ ਪਿੰਡਾਂ ਦੇ ਵਾਸੀਆਂ ਨੇ ਇਸ ਸ਼ਾਮਲਾਟ ਜ਼ਮੀਨ ਨੂੰ ਆਬਾਦ ਕੀਤਾ ਹੈ। ਸਾਲਾਂਬੱਧੀ ਸੁਪਰੀਮ ਕੋਰਟ ਤੱਕ ਕੇਸ ਲੜਿਆ ਹੈ। ਜੇ ਸਰਕਾਰ ਨੇ ਇਸ ਜ਼ਮੀਨ ਵਿਚ ਟੈਕਸਟਾਈਲ ਪਾਰਕ ਨਾ ਬਣਾਉਣ ਦਾ ਫ਼ੈਸਲਾ ਕੀਤਾ ਹੈ ਤਾਂ ਵੀ ਇਸ ਗੱਲ ਵੱਲ ਗੌਰ ਕਰਨ ਦੀ ਲੋੜ ਹੈ ਕਿ ਅਜੇ ਪਿੰਡ ਦੀ ਜਬਰੀ ਹਾਸਿਲ ਕੀਤੀ ਜ਼ਮੀਨ ਵਾਪਸ ਨਹੀਂ ਹੋਈ ਹੈ। ਸੰਘਰਸ਼ ਕਰ ਰਹੇ ਲੋਕਾਂ ਨੂੰ ਵੀ ਇਹ ਗੱਲ ਮਹਿਸੂਸ ਕਰਨੀ ਚਾਹੀਦੀ ਹੈ ਕਿ ਅਜੇ ਸੰਘਰਸ਼ ਬਾਕੀ ਹੈ।

ਇਨਾਂ ਪਿੰਡਾਂ ਦੇ ਲੋਕਾਂ ਕੋਲ ਆਪਣੇ ਗੁਜ਼ਰਾਨ ਲਈ ਇਹ ਜਮੀਨ ਹੀ ਵਸੀਲਾ ਹਨ ਪਰ ਇਹ ਜਮੀਨਾਂ ਵੀ ਕੋਰੋਨਾ ਕਾਲ ਦੌਰਾਨ ਸਦਮੇ ਦੇ ਸਿਧਾਂਤ ਨੂੰ ਲਾਗੂ ਕਰਦਿਆਂ ਸਰਕਾਰ ਨੇ ਇਨਾਂ ਮਿਹਨਤੀ ਅਤੇ ਸੰਘਰਸ਼ੀ ਲੋਕਾਂ ਤੋਂ ਮੁੜ ਖੋਹ ਲਈਆਂ ਹਨ। ਪੀਏਸੀ ਅਤੇ ਪੰਜਾਬ ਦੀਆਂ ਵੱਖ-ਵੱਖ ਜਥੇਬੰਦੀਆਂ, ਵਿਰੋਧੀ ਸਿਆਸੀ ਪਾਰਟੀਆਂ ਅਤੇ ਸਮਾਜਿਕ ਕਾਰਕੁੰਨਾਂ ਨੂੰ ਆਪਣੀ ਇਸ ਜਿੱਤ ਤੋਂ ਬਾਅਦ ਮੁੜ ਇਕੱਠੇ ਹੋ ਕਰ ਕੇ ਇੱਕ ਹੋਰ ਹੰਭਲਾ ਮਾਰਨ ਦੀ ਲੋੜ ਹੈ ਤਾਂ ਕਿ ਇਨਾਂ ਪਿੰਡਾਂ ਦੇ ਲੋਕਾਂ ਦੇ ਗੁਜ਼ਰਾਨ ਦਾ ਮੁੜ ਹੱਲ ਕੀਤਾ ਜਾ ਸਕੇ ਅਤੇ ਜਿਹੜੀਆਂ ਜਮੀਨਾਂ ਇਨਾਂ ਨੇ ਆਪਣੀ ਮਿਹਨਤ ਨਾਲ ਉਪਜਾਊ ਬਣਾਈਆਂ ਸਨ, ਜਿਹੜੀਆਂ ਜਮੀਨਾਂ ਲਈ ਇਨਾਂ ਲੋਕਾਂ ਨੇ ਇੱਕ ਲੰਬਾ ਸੰਘਰਸ਼ ਲੜਿਆ ਸੀ, ਉਹ ਜਮੀਨਾਂ ਇਨਾਂ ਲੋਕਾਂ ਨੂੰ ਸਰਕਾਰ ਕੋਲੋਂ ਵਾਪਸ ਕਰਵਾਈਆਂ ਜਾ ਸਕਣ।

ਇਸ ਸੰਘਰਸ਼ ਵਿੱਚ ਵੱਖ-ਵੱਖ ਵੰਨਗੀ ਦੇ ਲੋਕਾਂ ਨੂੰ ਇਕੱਠੇ ਹੋਣ ਦੀ ਲੋੜ ਪੈਣੀ ਹੈ, ਸੋ ਇਸ ਬਾਬਤ ਸਭ ਨੂੰ ਇਹ ਗੱਲ ਜ਼ਰੂਰ ਮਹਿਸੂਸ ਕਰਨੀ ਪਵੇਗੀ ਕਿ ਆਪਸੀ ਮੱਤਭੇਦ ਪਿੱਛੇ ਛੱਡ ਕੇ, ਕਿਸੇ ਵੀ ਤਰਾਂ ਦੀ ਸ਼ਾਬਾਸ਼ੀ ਦੀ ਭੁੱਖ ਭੁੱਲ ਕੇ, ਕਿਸੇ ਵੀ ਤਰਾਂ ਨਿੱਜੀ ਲਾਹੇ ਦਾ ਤਿਆਗ ਕਰਕੇ ਹੀ ਇਹ ਸੰਘਰਸ਼ ਫਤਹਿ ਕੀਤਾ ਜਾ ਸਕੇਗਾ। ਕਿਉਂਕਿ ਤੁਸੀਂ ਸਰਕਾਰ ਦਾ ਫੈਸਲਾ ਬਦਲਾਉਣਾ ਹੈ ਅਤੇ ਸਿਆਸਤ ਦੀ ਥੋੜੀ ਬਹੁਤ ਸਮਝ ਰੱਖਦੇ ਬੰਦੇ ਵੀ ਹੁਣ ਇਹ ਗੱਲ ਤੋਂ ਭਲੀ-ਭਾਂਤ ਜਾਣੂ ਹਨ ਕਿ ਫੈਸਲੇ ਬਦਲਣੇ ਮੰਤਰੀਆਂ ਦੇ ਵੱਸ ਦੀ ਗੱਲ ਨਹੀਂ ਰਹੀ ਹੈ, ਸਿਰਫ ਮੰਤਰੀ ਹੀ ਨਹੀਂ ਸਗੋਂ ਮੁੱਖ ਮੰਤਰੀ ਦੇ ਵੱਸ ਦੀ ਗੱਲ ਵੀ ਨਹੀਂ ਹੈ। ਸੋ ਜਿੰਨਾ ਮਸਲਾ ਗੰਭੀਰ ਹੈ ਉਨੀ ਗੰਭੀਰਤਾ ਨਾਲ ਹੀ ਇਸ ਨੂੰ ਵੇਖਣਾ ਅਤੇ ਸਮਝਣਾ ਚਾਹੀਦਾ ਹੈ, ਲੋਕਾਂ ਦੀ ਏਕਤਾ ਅੱਗੇ ਕੁਝ ਵੀ ਵੱਡਾ ਨਹੀਂ ਹੈ। ਗੁਰੂ ਭਲੀ ਕਰੇ।

# ਮਾਂ ਦੀ ਕੁੱਖ ’ਚੋਂ ‘ਗੈਂਗਸਟਰ’ ਪੈਦਾ ਨਹੀਂ ਹੁੰਦੇ



ਨਰਿੰਦਰ ਸੋਹਲ
ਮੋ. 9868113255

1995 ਤੋਂ ਪਹਿਲਾਂ ਪੰਜਾਬ ਵਿੱਚ ਗੈਂਗ ਜਾਂ ਗੈਂਗਸਟਰ ਸ਼ਬਦ ਪ੍ਰਚਲਿਤ ਨਹੀਂ ਸੀ। ਪਰ ਅੱਤਵਾਦ ਦੀ ਕਾਲੀ ਰਾਤ ਤੋਂ ਬਾਅਦ ਜਦੋਂ ਹੀ ਪੰਜਾਬ ਨੇ ਨਵੀਂ ਸਵੇਰ ਵੱਲ ਪੁਲਾਂਘ ਪੁੱਟੀ ਤਾਂ ਇਥੇ ਇੱਕ ਨਵੇਂ ਸੱਭਿਆਚਾਰ ਨੇ ਵੀ ਕਰਵਟ ਲਈ। ਜਿਸ ਵਿੱਚ ਗੈਂਗਸਟਰ ਪੈਦਾ ਹੋਣ ਲੱਗੇ। ਨੌਜਵਾਨਾਂ ਦੇ ਗੈਂਗਸਟਰ ਬਣਨ ਦੀ ਕਹਾਣੀ ਸਿਰਫ ਆਪਣਾ ਦਬਦਬਾ ਕਾਇਮ ਰੱਖਣ ਜਾਂ ਆਪਣੇ ਨਾਂ ਦਾ ਝੰਡਾ ਲਹਿਰਾਉਣ ਤੱਕ ਹੀ ਸੀਮਤ ਨਹੀਂ ਹੈ, ਇਸਦੇ ਪਿੱਛੇ ਕਈ ਰਾਜਨੀਤਕ, ਸਮਾਜਿਕ ਤੇ ਹੋਰ ਕਾਰਨ ਹਨ। ਨੌਜਵਾਨਾਂ ਦੇ ਗੈਂਗਸਟਰ ਬਣਨ ਦੀ ਸ਼ੁਰੂਆਤ ਛੋਟੇ-ਮੋਟੇ ਜੁਰਮ ਤੋਂ ਹੀ ਸ਼ੁਰੂ ਹੁੰਦੀ ਹੈ। ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣੇ, ਸਮਾਜ ਨਾਲੋਂ ਵੱਖਰੇ ਹੋਣ ਦਾ ਅਹਿਸਾਸ ਕਰਦਿਆਂ, ਉਨਾਂ ਨੂੰ ਲੱਗਦਾ ਹੈ ਕਿ ਉਹ ਦੂਜਿਆਂ ਨਾਲੋ ਵੱਧ ਤਾਕਤਵਰ ਹਨ। ਫਿਰ ਇਨਾਂ ’ਚੋਂ ਹੀ ਕੁੱਝ ਨੌਜਵਾਨ ਬੰਦੂਕ ਦੇ ਜ਼ਰੀਏ ਆਪਣਾ ਨਾਂ ਕਮਾਉਣ ਦੀ ਕੋਸ਼ਿਸ਼ ਕਰਦੇ ਹਨ। ਉਦਾਹਰਣ ਵਜੋਂ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁੱਖ ਸ਼ੂਟਰਾਂ ਵਿੱਚੋਂ ਇੱਕ ਅੰਕਿਤ ਸੇਰਸਾ ਹੈ। ਜਿਸਨੇ ਸਭ ਤੋਂ ਨੇੜੇ ਤੋਂ ਦੋਵੇਂ ਹੱਥਾਂ ਨਾਲ ਮੂਸੇਵਾਲਾ ਉਤੇ ਗੋਲੀਆਂ ਚਲਾਈਆਂ। ਸਿਰਫ਼ ਸਾਢੇ 18 ਸਾਲ ਦਾ ਅੰਕਿਤ ਮੋਬਾਈਲ ਚੋਰੀ ਵਿੱਚ ਨਾਂ ਆਉਣ ਮਗਰੋਂ ਅਪਰਾਧ ਦੀ ਇਸ ਦੁਨੀਆ ਵਿੱਚ ਦਾਖ਼ਲ ਹੋ ਗਿਆ। ਜੇਲ ਵਿਚ ਕੁਝ ਦਿਨ ਰਹਿਣ ਤੋਂ ਬਾਅਦ ਅੰਕਿਤ ਦੇ ਜੇਲ ਵਿਚੋਂ ਹੀ ਇਕ ਵੱਡੇ ਗਰੋਹ ਨਾਲ ਸੰਪਰਕ ਬਣ ਗਏ। ਸਿਰਫ਼ 3 ਮਹੀਨਿਆਂ ਵਿੱਚ ਹੀ ਅੰਕਿਤ ਇੱਕ ਸ਼ੂਟਰ ਵਜੋਂ ਲਾਰੈਂਸ ਬਿਸ਼ਨੋਈ ਗੈਂਗ ਵਿੱਚ ਸ਼ਾਮਲ ਹੋ ਗਿਆ। ਇਸ ਤਰਾਂ ਛੋਟੀ ਉਮਰ ਵਿੱਚ ਹੀ, ਇੱਕ ਛੋਟੇ ਜੁਰਮ ਤੋਂ ਖਤਰਨਾਕ ਗੈਂਗਸਟਰ ਬਣਨ ਵੱਲ ਵਧ ਗਿਆ ਕਿਉਂਕਿ ਉਹ ਆਪਣਾ ਨਾਮ ਬਣਾਉਣਾ ਚਾਹੁੰਦਾ ਸੀ। ਵਾਰਦਾਤਾਂ ਵਿੱਚ ਸ਼ਾਮਲ ਬਹੁਤੇ ਨੌਜਵਾਨਾਂ ਨੂੰ ਹਾਲਾਤ ਕਦੋਂ ਗੈਂਗਸਟਰ ਪੁਣੇ ਦੇ ਡੂੰਘੇ ਖੂਹ ਵਿੱਚ ਧੱਕਾ ਦੇ ਦੇਣ, ਇਨਾਂ ਨੂੰ ਆਪ ਵੀ ਪਤਾ ਨਹੀਂ ਚੱਲਦਾ। ਇਕ ਵੇਲਾ ਅਜਿਹਾ ਵੀ ਆਉਂਦਾ ਹੈ ਕਿ ਗੈਂਗਸਟਰ ਬਣਕੇ ਲੋਕਾਂ ਵਿੱਚ ਖੌਫ ਪੈਦਾ ਕਰਨ ਵਾਲੇ ਨੌਜਵਾਨ ਆਪ 24 ਘੰਟੇ ਖੌਫ ਹੇਠਾਂ ਜਿਊਣ ਲਈ ਮਜ਼ਬੂਰ ਹੋ ਜਾਂਦੇ ਹਨ।

ਇਹ ਗੈਂਗਸਟਰ ਪਹਿਲਾਂ ਛੋਟੇ ਮੁਜਰਿਮ ਹੀ ਹੁੰਦੇ ਹਨ ਪਰ ਸਿਆਸੀ ਸ਼ਹਿ ਪ੍ਰਾਪਤ ਕਰਕੇ ਵਧੇਰੇ ਤਾਕਤਵਰ ਬਣ ਜਾਂਦੇ ਹਨ। ਫ਼ਿਰ ਗੈਂਗਾਂ ਦਾ ਆਪਸ ਵਿੱਚ ਮੁਕਾਬਲਾ ਚੱਲਦਾ ਹੈ ਅਤੇ ਆਪਣੀ ਹੋਂਦ ਤੇ ਤਾਕਤ ਨੂੰ ਸਾਬਿਤ ਕਰਨ ਲਈ ਉਹ ਵੱਡੇ ਅਪਰਾਧ ਕਰਨ ਲੱਗ ਪੈਂਦੇ ਹਨ। ਅਸਲ ਵਿੱਚ ਗੈਂਗਸਟਰ ਆਪਣੇ ਆਪ ਵਿੱਚ ਕੁੱਝ ਨਹੀਂ ਹਨ ਸਗੋਂ ਉਨਾਂ ਨੂੰ ਵੱਖ-ਵੱਖ ਸਿਆਸੀ ਪਾਰਟੀਆਂ, ਲੀਡਰਾਂ ਦੀ ਪੂਰੀ ਸ਼ਹਿ ਹੈ। ਇਨਾਂ ਗੈਂਗਸਟਰਾਂ ਨੂੰ ਬਣਾਉਣ ਵਾਲੇ ਵੀ ਸਿਆਸਤਦਾਨ ਨੇ ਤੇ ਮਿਟਾਉਣ ਵਾਲੇ ਵੀ ਲੀਡਰ ਹੀ ਹੁੰਦੇ ਨੇ। ਸਿਆਸੀ ਲੋਕ ਆਮ ਲੋਕਾਂ ਵਿੱਚ ਆਪਣੇ ਦਬਦਬੇ ਨੂੰ ਕਾਇਮ ਰੱਖਣ ਲਈ ਇਨਾਂ ਗੈਂਗਸਟਰਾਂ ਨੂੰ ਅੰਦਰਖਾਤੇ ਇਸਤੇਮਾਲ ਕਰਦੇ ਹਨ। ਸਿਆਸਤ ਵਲੋਂ ਗੈਂਗਸਟਰਾਂ ਨੂੰ ਸ਼ਹਿ ਮਿਲਣ ਦੀ ਚਰਚਾ ਆਮ ਰਹਿੰਦੀ ਹੈ। ਇਹ ਗੈਂਗਸਟਰ ਹੀ ਸਿਆਸਤ ਲਈ ਟੇਢੀ ਉਂਗਲ ਨਾਲ ਘਿਓ ਕੱਢਣ ਦਾ ਕੰਮ ਕਰਦੇ ਹਨ। ਇਨਾਂ ਰਾਹੀਂ ਸਿਆਸੀ ਲੀਡਰ ਵੋਟਾਂ, ਨਜ਼ਾਇਜ਼ ਕਬਜ਼ਿਆਂ, ਫਿਰੌਤੀਆਂ, ਉਗਰਾਹੀ, ਨਸ਼ਿਆਂ ਆਦਿ ਦੇ ਰੂਪ ਵਿੱਚ ਕਮਾਈਆਂ ਕਰਦੇ ਹਨ, ਆਪਣੇ ਵਿਰੋਧੀਆਂ ਨੂੰ ਗੁੱਠੇ ਲਾਉਂਦੇ ਹਨ ਤੇ ਲੋੜ ਪੈਣ ’ਤੇ ਸਮਾਜਿਕ ਕਾਰਕੁੰਨਾਂ ਨੂੰ ਕਤਲ ਕਰਨ ਤੇ ਲੋਕ ਲਹਿਰਾਂ ਨੂੰ ਕੁਚਲਣ ਦਾ ਕੰਮ ਵੀ ਲੈਂਦੇ ਹਨ। ਹੌਲੀ-ਹੌਲੀ ਇਹ ਨੌਜਵਾਨ ਵੀ ਸਮਝ ਜਾਂਦੇ ਹਨ ਕਿ ਉਹ ਵਰਤੇ ਜਾ ਰਹੇ ਹਨ ਪਰ ਇਸ ਦਲਦਲ ਵਿਚੋਂ ਬਾਹਰ ਆਉਣਾ ਉਨਾਂ ਲਈ ਆਸਾਨ ਨਹੀਂ ਹੁੰਦਾ। ਜਦੋਂ ਇਹ ਗੈਂਗਸਟਰ ਤੇ ਸਿਆਸਤ ਇਕ ਦੂਜੇ ਲਈ ਖਤਰਾ ਬਣਦੇ ਹਨ, ਤਾਂ ਦੋਹਾਂ ਚੋਂ ਕਿਸੇ ਨੂੰ ਵੀ ਨਹੀਂ ਪਤਾ ਕਿ ਕੌਣ ਪਹਿਲਾਂ ਖਤਮ ਹੋਵੇਗਾ। ਇਹ ਗੁੰਡਾ-ਸਿਆਸੀ-ਪੁਲਸੀਆ ਗੱਠਜੋੜ ਇੰਨਾ ਮਜ਼ਬੂਤ ਹੈ ਕਿ ਜੇਲਾਂ ਵਿੱਚ ਬੈਠੇ ਗੈਂਗਟਸਰ ਵੀ ਆਪਣੇ ਗੁੰਡਾ-ਗਰੋਹ ਚਲਾਉਂਦੇ ਰਹਿੰਦੇ ਹਨ। ਉਹ ਜੇਲਾਂ ’ਚ ਬੈਠੇ ਹੀ ਬਹੁਤ ਆਸਾਨੀ ਨਾਲ ਵਿਦੇਸ਼ੀ ਸਿੰਮਾਂ ਦੀ ਮਦਦ ਲੈਕੇ ਕਤਲ ਕਰਵਾ ਰਹੇ ਹਨ। ਲਾਰੈਂਸ ਬਿਸ਼ਨੋਈ ਜੇਲ ਵਿੱਚ ਬੈਠਾ ਹੀ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਰਿਹਾ ਹੈ।

ਹਾਕਮ ਜਮਾਤ ਦੀ ਸ਼ਹਿ ਉੱਪਰ ਪਲ਼ ਰਹੀ ਇਸ ਗੁੰਡਾਗਰਦੀ ਦਾ ਪ੍ਰਗਟਾਵਾ ਗੀਤਾਂ-ਫਿਲਮਾਂ ਵਿੱਚ ਵੀ ਹੋ ਰਿਹਾ ਹੈ। ਗਾਣੇ ਬਣਾਉਣ ਵਾਲੀਆਂ ਬਹੁ ਕੌਮੀ ਕੰਪਨੀਆਂ ਨੇ ਸਾਡੀ ਖਾੜਕੂ ਤਸੀਰ ਨੂੰ ਬਹੁਤ ਸੂਖਮ ਤਰੀਕੇ ਨਾਲ ਗੈਂਗਵਾਰ, ਗੰਨ ਕਲਚਰ ਵੱਲ ਤੋਰਿਆ ਹੈ। ਅਜਿਹੇ ਗੀਤ ਬੰਦੂਕ ਸੱਭਿਆਚਾਰ ਨੂੰ ਹੋਰ ਵਧਾਉਣ ਦੇ ਨਾਲ ਨਾਲ ਜ਼ਿੰਦਗੀ ਦੀ ਚਮਕ-ਦਮਕ ਦਿਖਾਉਣ, ਨਕਲੀ ਨਾਇਕ ਪੇਸ਼ ਕਰਨ ਆਦਿ ਜ਼ਰੀਏ ਅੱਲੜ ਨੌਜਵਾਨਾਂ ਵਿੱਚ ਅਜਿਹੀ ਜ਼ਿੰਦਗੀ ਜਿਊਣ ਦਾ ਜਨੂੰਨ ਪੈਦਾ ਕਰਨ ਦਾ ਕੰਮ ਵੀ ਕਰਦੇ ਹਨ। ਇਸ ਵਿੱਚ ਇੱਕ ਪਾਸੇ ਖਾਂਦੇ-ਪੀਂਦੇ ਪਰਿਵਾਰਾਂ ਦੇ ਉਹ ਨੌਜਵਾਨ ਵੀ ਖਿੱਚੇ ਜਾਂਦੇ ਹਨ, ਜਿਨਾਂ ਨੂੰ ਲੱਗਦਾ ਹੈ ਕਿ ਆਪਣੀ ਦੌਲਤ ਤੇ ਸਿਆਸੀ ਚੌਧਰ ਸਦਕਾ ਉਹ ਹਰ ਚੀਜ਼ ਉਤੇ ਕਬਜ਼ਾ ਕਰ ਸਕਦੇ ਹਨ। ਦੂਜੇ ਪਾਸੇ ਬੇਰੁਜ਼ਗਾਰੀ, ਲਾਚਾਰੀ ਦੇ ਝੰਬੇ ਤੇ ਦਿਸ਼ਾਹੀਣ ਭਟਕਦੇ ਨੌਜਵਾਨ ਨਿਰਾਸ਼ਾ ਕਾਰਨ ਵੀ ਇਸ ਪਾਸੇ ਵੱਲ ਧੱਕੇ ਜਾ ਰਹੇ ਹਨ। ‘ਵਿਹਲਾ ਮਨ ਸ਼ੈਤਾਨ ਦਾ ਘਰ’ ਕਿਹਾ ਜਾਂਦਾ ਹੈ, ਅੱਜ ਪ੍ਰਬੰਧ ਵੱਲੋਂ ਸਾਡੀ ਨੌਜਵਾਨ ਪੀੜੀ ਦਾ ਮਨ ਕਿਸੇ ਕੰਮ ਵੱਲ ਲਗਾਉਣ ਦੀ ਬਜਾਏ ਜਾਣਬੁੱਝ ਕੇ ਵਿਹਲਾ ਰੱਖਿਆ ਹੋਇਆ ਹੈ। ਇਸੇ ਕਰਕੇ ਬੇਗਾਨਗੀ ਹੰਢਾਉਂਦੇ ਇਹ ਨੌਜਵਾਨ ਸਮਾਜ ਵਿੱਚ ਆਪਣੀ ਹੋਂਦ ਦਿਖਾਉਣ ਲਈ ਗ਼ਲਤ ਹਾਲਾਤ ਵੱਲ ਮੋੜਾ ਕੱਟ ਜਾਂਦੇ ਹਨ। ਜਿਸ ਵਿੱਚ ਹੁਣ ਸੋਸ਼ਲ ਮੀਡੀਆ ਵੀ ਵੱਡਾ ਰੋਲ ਅਦਾ ਕਰ ਰਿਹਾ ਹੈ ਕਿਉਂਕਿ ਨਾਮੀ ਗੈਂਗਸਟਰ ਸੋਸ਼ਲ ਮੀਡੀਆ ਉੱਤੇ ਸਰਗਰਮ ਰਹਿੰਦੇ ਹਨ। ਉਹਨਾਂ ਲਈ ਕਿਸੇ ਘਟਨਾ ਤੋਂ ਬਾਅਦ ਉਸਦੀ ਜਿੰਮੇਦਾਰੀ ਲੈਣਾ ਵੀ ਆਪਣਾ ਨਾਮ ਤੇ ਖੌਫ ਸਥਾਪਿਤ ਕਰਨ ਦਾ ਜ਼ਰੀਆ ਹੈ। ਉਨਾਂ ਨੂੰ ਪਤਾ ਹੈ ਕਿ ਸੋਸ਼ਲ ਮੀਡੀਆ ਉੱਤੇ ਨੌਜਵਾਨਾਂ ਦਾ ਵੱਡਾ ਹਿੱਸਾ ਅਜਿਹੀਆਂ ਗਤੀਵਿਧੀਆਂ ਨੂੰ ਦੇਖਦਾ ਤੇ ਨਜ਼ਰ ਵੀ ਰੱਖਦਾ ਹੈ। ਬਹੁਤ ਸਾਰੇ ਨੌਜਵਾਨ ਸੋਸ਼ਲ ਮੀਡੀਆ ਦੇ ਮਾਧਿਅਮ ਰਾਹੀਂ ਉਨਾਂ ਨਾਲ ਜੁੜ ਜਾਂਦੇ ਹਨ। ਹੈਰਾਨੀਜਨਕ ਹੈ ਕਿ ਵਿਦੇਸ਼ ਵਿੱਚ ਬੈਠੇ ਗੈਂਗਸਟਰ ਵੀ ਕੰਟ੍ਰੈਕਟ ਕੀਲਿੰਗ ਲਈ ਅਜਿਹੇ ਨੌਜਵਾਨਾਂ ਨੂੰ ਕੰਮ ’ਤੇ ਰੱਖ ਰਹੇ ਹਨ। ਇਹ ਵੀ ਚਿੰਤਾ ਵਾਲੀ ਗੱਲ ਹੈ ਕਿ ਇਹ ਗੈਂਗਸਟਰ ਗਰੁੱਪ ਅੱਗੋਂ ਅੱਤਵਾਦੀ ਸੰਗਠਨਾਂ ਦੇ ਸੰਪਰਕ ’ਚ ਹਨ, ਜੋ ਉਨਾਂ ਨੂੰ ਸਰਹੱਦ ਪਾਰ ਤੋਂ ਮਾਰੂ ਹਥਿਆਰ ਸਪਲਾਈ ਕਰਦੇ ਹਨ।

ਅਫਸੋਸ ਸਿਆਸੀ ਪਾਰਟੀਆਂ ਨੌਜਵਾਨਾਂ ਨੂੰ ਆਪਣੇ ਕੋਝੇ ਹਿੱਤਾਂ ਲਈ ਵਰਤਦੀਆਂ ਹਨ ਤੇ ਲੋੜ ਖਤਮ ਹੋਣ ’ਤੇ ਉਨਾਂ ਨੂੰ ਖਤਮ ਕਰ ਦਿੰਦੀਆਂ ਹਨ ਜਾਂ ਭੈੜੀ ਮੌਤ ਮਰਨ ਲਈ ਸੁੱਟ ਦਿੰਦੀਆਂ ਹਨ। ਸੋਚਣ ਵਾਲੀ ਗੱਲ ਹੈ ਕਿ ਪੁਲਿਸ ਦੀ ਗੈਂਗਸਟਰਾਂ ਦੇ ਖਿਲਾਫ ਹਰੇਕ ਕਾਰਵਾਈ ਐਨਕਾਊਂਟਰ ’ਤੇ ਹੀ ਆ ਕੇ ਕਿਉਂ ਮੁੱਕਦੀ ਹੈ ? ਕੀ ਜੁਰਮ ਦੀ ਦੁਨੀਆਂ ਵਿੱਚ ਫਸੇ ਜਾਂ ਫਿਸਾਏ ਨੌਜਵਾਨਾਂ ਨੂੰ ਖਤਮ ਕਰਨਾ ਹੀ ਆਖਰੀ ਹੱਲ ਹੈ ? ਸਵਾਲ ਇੱਕ ਨਹੀਂ ਹਜ਼ਾਰ ਹੋਰ ਖੜੇ ਹੋ ਸਕਦੇ ਹਨ। ਨੌਜਵਾਨਾਂ ਦੀ ਮੌਤ ਕਦੀ ਵੀ ਸੁਖਾਵੀਂ ਨਹੀਂ ਹੁੰਦੀ। ਉਹ ਚਾਹੇ ਕੋਈ ਵੀ ਹੋਣ ਕਿਉਂਕਿ ਮਰਨ ਤੇ ਮਾਰਨ ਵਾਲੇ ਦੋਵੇਂ ਨੌਜਵਾਨਾਂ ਦੀਆਂ ਮਾਵਾਂ ਦਾ ਦਰਦ ਵੱਖਰਾ ਨਹੀਂ। ਅਕਸਰ ਇਨਾਂ ਮਾਵਾਂ ਬਾਰੇ ਸੋਚਦਿਆਂ ਮੇਰਾ ਧਿਆਨ ਨਾਟਕ ‘ਛਿੱਪਣ ਤੋਂ ਪਹਿਲਾਂ’ ਦੀਆਂ ਉਨਾਂ ਲਾਈਨਾਂ ਵੱਲ ਚੱਲਾ ਜਾਂਦਾ ਹੈ, ਜਿਸ ਵਿੱਚ ਸ਼ਹੀਦ ਭਗਤ ਸਿੰਘ ਦੀ ਮਾਂ ਆਪਣੇ ਪੁੱਤ ਨੂੰ ਕਹਿੰਦੀ ਹੈ ਕਿ....

‘ਮਾਵਾਂ ਮਰਵਾਉਣ ਲਈ ਪੁੱਤ ਨਹੀਂ ਜੰਮਦੀਆਂ,
ਪੁੱਤ ਤਾਂ ਬੁਢਾਪੇ ਦਾ ਸਹਾਰਾ ਹੁੰਦੇ ਨੇ,
ਹੱਥੀਂ ਪਾਲ ਪੋਸ ਕੇ ਕਿਵੇਂ ਕਹਿ ਦੇਵਾਂ ਕੇ ਜਾਅ’

ਸੱਚ ਹੈ ਕੋਈ ਮਾਂ ਨਹੀਂ ਚਾਹੁੰਦੀ ਕਿ ਉਸਦੇ ਜਵਾਨ ਪੁੱਤ ਦੀ ਅਰਥੀ ਉਠੇ ਪਰ ਹਾਲਾਤ ਅਣਗਿਣਤ ਮਾਵਾਂ ਦੇ ਪੁੱਤਾਂ ਨੂੰ ਨਿਗਲ ਰਹੇ ਹਨ। ਉਹ ਚਾਹੇ ਨਸ਼ਿਆਂ, ਕਤਲਾਂ ਜਾਂ ਐਨਕਾਉਂਟਰ ਰਾਹੀਂ ਹੋਵੇ। ਇਹ ਵੀ ਸੱਚ ਹੈ ਕਿ ਕੋਈ ਨੌਜਵਾਨ ਆਪਣੀ ਮਾਂ ਦੀ ਕੁੱਖ ਤੋਂ ‘ਗੈਂਗਸਟਰ’ ਬਣਕੇ ਪੈਦਾ ਨਹੀਂ ਹੁੰਦਾ। ਸਗੋਂ ਹਾਲਾਤ ਉਨਾਂ ਨੂੰ ਇਸ ਪਾਸੇ ਤੋਰਨ ਵਿਚ ਸਹਾਈ ਹੁੰਦੇ ਹਨ। ਇੱਕ ਕਹਾਵਤ ਹੈ ਕਿ ‘ਚੋਰ ਨੂੰ ਨਾ ਮਾਰੋ, ਚੋਰ ਦੀ ਮਾਂ ਨੂੰ ਮਾਰੋ’। ਮਤਲਬ ਗੈਂਗਸਟਰਾਂ ਨੂੰ ਸਜ਼ਾ ਦੇਣ ਤੋਂ ਪਹਿਲਾਂ ਉਨਾਂ ਹਾਲਾਤਾਂ ਨੂੰ ਸਜ਼ਾ ਦੇਣੀ ਚਾਹੀਦੀ, ਜਿਨਾਂ ਨੇ ਉਸਨੂੰ ਗੈਂਗਸਟਰ ਬਣਨ ਲਈ ਮਜਬੂਰ ਕੀਤਾ ਹੈ। ਅੱਜ ਲੋੜ ਹੈ ਕਿ ਲੋਕ ਗੈਂਗਸਟਰ ਸੱਭਿਆਚਾਰ ਦੇ ਪਸਾਰੇ ਨੂੰ ਲੈ ਕੇ ਨਾ ਸਿਰਫ਼ ਫ਼ਿਕਰਮੰਦ ਹੋਣ ਸਗੋਂ ਇਸ ਫ਼ਿਕਰਮੰਦੀ ਨੂੰ ਸਮਾਜ ਦੀ ਸਾਂਝੀ ਮੰਗ ਬਣਾਉਣ ਤਾਂ ਕਿ ਸਿਆਸਤਦਾਨ ਇਸ ਵਰਤਾਰੇ ਨੂੰ ਪਾਲਣਾ ਪੋਸ਼ਣਾ ਬੰਦ ਕਰਨ ਤੇ ਹਕੂਮਤ ਬੇਰੁਜ਼ਗਾਰੀ ਤੇ ਲਾਚਾਰੀ ਦੀ ਉਸ ਜ਼ਮੀਨ ਨੂੰ ਬਦਲੇ ਜਿੱਥੇ ਇਹ ਵਰਤਾਰਾ ਪਨਪਦਾ ਹੈ। ਸਾਡੇ ਨੌਜਵਾਨਾਂ ਨੂੰ ਵੀ ਇਹ ਸੋਚਣਾ ਚਾਹੀਦਾ ਕਿ ਕਿਤਾਬਾਂ ਚੁੱਕਣ ਵਾਲੇ ਹੱਥਾਂ ਵਿੱਚ ਮਾਰੂ ਹਥਿਆਰ ਕਿਵੇਂ ਆ ਗਏ ਹਨ। ਸਾਡੇ ਅਸਲ ਨਾਇਕਾਂ ਤੋਂ ਸਾਨੂੰ ਦੂਰ ਕਿਉਂ ਕੀਤਾ ਜਾ ਰਿਹਾ ਹੈ ਜਦਕਿ ਅੱਜ ਸ਼ਹੀਦ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਵਰਗੇ ਨਾਇਕਾਂ ਦੇ ਦਰਸਾਏ ਰਾਹ ਦੀ ਲੋੜ ਹੈ। ਜਿਨਾਂ ਵਿੱਚ ਨਾ ਸਿਰਫ਼ ਮਨੁੱਖਤਾ ਲਈ ਡੂੰਘੇ ਦਰਦ ਰੱਖਣ ਵਾਲ਼ੇ ਦਿਲ, ਲੋਕਾਂ ਲਈ ਆਪਾ ਵਾਰਨ ਦੀ ਭਾਵਨਾ ਤੇ ਜ਼ਹੀਨ ਬੁੱਧੀ ਸੀ ਸਗੋ ਵੱਡੇ ਤੋਂ ਵੱਡੇ ਹੁਕਮਰਾਨ ਨੂੰ ਲਲਕਾਰਨ ਅਤੇ ਹੱਸ ਕੇ ਮੌਤ ਨੂੰ ਗਲੇ ਲਗਾਉਣ ਦੀ ਦਲੇਰੀ ਵੀ ਸੀ। ਸ਼ਾਇਦ ਇਹੀ ਕਾਰਨ ਹੈ ਕਿ ਅੱਜ ਦੇ ਹੁਕਮਰਾਨ ਜਾਣਬੁੱਝ ਕੇ ਨੌਜਵਾਨਾਂ ਨੂੰ ਮਾਰੂ ਰਸਤੇ ਵੱਲ ਤੋਰ ਰਹੇ ਹਨ ਤਾਂ ਕਿ ਉਹ ਆਪਣੇ ਹੱਕਾਂ ਲਈ ਹੁਕਮਰਾਨ ਨੂੰ ਲਲਕਾਰਨ ਦੀ ਬਜਾਏ ਆਪਸ ਵਿੱਚ ਹੀ ਲੜਕੇ ਮਰਦੇ ਰਹਿਣ। ਆਓ ਸੁਚੇਤ ਹੋਈਏ, ਆਪਣੇ ਵਿਰਸੇ ਨੂੰ ਪਹਿਚਾਨੀਐ ਤੇ ਉਸ ਤੋਂ ਸੇਧ ਲੈਂਦਿਆਂ, ਆਪਸ ਵਿੱਚ ਲੜਨ ਦੀ ਬਜਾਏ ਹੁਕਮਰਾਨ ਨੂੰ ਲਲਕਾਰਨ ਵੱਲ ਵਧੀਏ।

# ਬਿੱਜਲ ਸੱਥ ਉੱਪਰ ਸਿੱਖ ਅਵਾਜ਼/ਪਛਾਣ ਦੇ ਖਾਤਿਆਂ ’ਤੇ ਭਾਰਤ ‘ਚ ਲੱਗੀਆਂ ਪਾਬੰਦੀਆਂ

## ਸਿੱਖਾਂ ਦੀ ਆਵਾਜ਼ ਨੂੰ ਦਬਾ ਰਹੀ ਭਾਰਤੀ ਹਕੂਮਤ



**ਸਰਬਜੀਤ ਕੌਰ ਸਰਬ**

ਭਾਰਤੀ ਹਕੂਮਤ ਲਗਾਤਾਰ ਸਿੱਖਾਂ ਦੀ ਆਵਾਜ਼ ਨੂੰ ਦਬਾ ਰਹੀ ਹੈ। ਅਜੋਕੇ ਸਮੇਂ ਸਰਕਾਰਾਂ ਦੀਆ ਅਜਿਹੀਆਂ ਰਣਨੀਤੀਆਂ ਸਿੱਖ ਕੌਮ ਨੂੰ ਖ਼ਤਮ ਕਰਨ ਦੇ ਰਾਹ ਉੱਤੇ ਪੈ ਗਈਆਂ ਹਨ । ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਕੌਮਾਂ ਨੂੰ ਖ਼ਤਮ ਕਰਨ ਦੀਆਂ ਘੜਤਾਂ ਸਮੇਂ ਦੀਆਂ ਸਰਕਾਰਾਂ ਵੱਲੋਂ ਘੜੀਆਂ ਜਾਂਦੀਆਂ ਹਨ ਤਦ ਸਭ ਤੋਂ ਪਹਿਲਾਂ ਉਨਾਂ ਦੇ ਇਤਿਹਾਸ ਨੂੰ ਖ਼ਤਮ ਕੀਤਾ ਜਾਂਦਾ ਹੈ ਤਾਂ ਜੋ ਆਉਣ ਵਾਲੀ ਪੀੜੀ ਉਹ ਗਿਆਨ ਹਾਸਲ ਨਾ ਕਰ ਸਕੇ ਜਿਸ ਨਾਲ ਉਨਾਂ ਨੂੰ ਆਪਣੀ ਵਿਲੱਖਣਤਾ ਤੇ ਫ਼ਖ਼ਰ ਹੋਵੇ। ਪੰਜਾਬ ਦੀ ਅਜੋਕੀ ਪੀੜੀ ਨੂੰ ਕਾਮੇਡੀਅਨ ਬਣਾ ਕੇ ਲਗਾਤਾਰ ਸੋਸ਼ਲ ਮੀਡੀਆ ਉਤੇ ਪ੍ਰਚਾਰਿਆ ਜਾ ਰਿਹਾ ਹੈ। ਅਫ਼ਸੋਸ ਦੀ ਗੱਲ ਇਹ ਹੈ ਕੀ ਸਾਡੀ ਨੌਜਵਾਨੀ ਪੀੜੀ ਵੀ ਹਾਸੇ ਖੇਡੀਆਂ ਦੇ ਇਸ ਦੌਰ ਵੱਲ ਲਗਾਤਾਰ ਵਧ ਰਹੀ ਹੈ।

ਜਿਨਾਂ ਲੋਕਾਂ ਨੇ ਤਸ਼ੱਦਦ ਦਾ ਦੌਰ ਦੇਖਿਆ ਸੀ ਉਹ ਅੱਜ ਦੇ ਮਾਹੌਲ ਨੂੰ ਵੇਖ ਕੇ ਕੌਮ ਲਈ ਚਿੰਤਾਜਨਕ ਹਨ। ਇਸ ਮਾਹੌਲ ਨੂੰ ਪੈਦਾ ਕਰਨ ਵਿੱਚ ਸਭ ਤੋਂ ਵੱਡਾ ਹੱਥ ਸਿਆਸਤੀ ਲੋਕਾਂ ਦਾ ਹੈ ਜਿਨਾਂ ਨੇ ਨਾ ਤਾਂ ਪੰਜਾਬ ਦੀ ਜਵਾਨੀ ਛੱਡੀ ਅਤੇ ਨਾ ਹੀ ਪੰਜਾਬ ਵਿਚ ਰਹਿਣ ਦਾ ਸੁਚੱਜਾ ਮਾਹੌਲ ਕਾਇਮ ਰੱਖਿਆ। ਮੁੱਢ ਕਦੀਮ ਤੋਂ ਹੀ ਪੰਜਾਬ ਦੇ ਲੋਕਾਂ ਨੇ ਆਪਣੇ ਉਪਰ ਤਸ਼ੱਦਦ ਸਹਿਆ ਹੈ ਬੇਸ਼ੱਕ ਭਾਵੇਂ ਉਹ ਆਪਣਿਆਂ ਤੋਂ ਹੋਵੇ ਜਾਂ ਫਿਰ ਅਬਦਾਲੀ ਵਰਗੇ ਜ਼ਾਲਮ ਕਾਰਾਂ ਤੋਂ ਹੋਵੇ ਪੰਜਾਬ ਨੇ ਸਦਾ ਹੀ ਦਰਦ ਹੰਢਾਇਆ ਹੈ। ਪੰਜਾਬੀ ਜਦੋਂ ਆਪਣੇ ਦਰਦ ਨੂੰ ਖ਼ਤਮ ਕਰਨ ਦੇ ਲਈ ਆਵਾਜ਼ ਚੁੱਕਦੇ ਹਨ ਤਦ ਉਹ ਬਾਗ਼ੀ ਅਖਵਾਉਂਦੇ ਹਨ ਤੇ ਜਦੋਂ ਜ਼ੁਲਮ ਨਾਲ ਟੱਕਰ ਲੈਣ ਦੇ ਲਈ ਤਲਵਾਰ ਚੁੱਕਦੇ ਹਨ ਤਾਂ ਉਨਾਂ ਨੂੰ ਅਤਿਵਾਦੀ ਦਾ ਖਿਤਾਬ ਦਿੱਤਾ ਜਾਂਦਾ ਹੈ। ਵੱਖਵਾਦੀ ਸੋਚ ਦੇ ਆਖ ਕੇ ਇਨਾਂ ਨੂੰ ਨਕਾਰਿਆ ਜਾਂਦਾ ਹੈ। ਅਜਿਹੀ ਸੋਚ ਦੇ ਤਹਿਤ ਹੀ ਸਮੇਂ ਦੀਆਂ ਸਰਕਾਰਾਂ ਨੇ ਬਿੱਜਲ ਸੱਥ (ਸੋਸ਼ਲ ਮੀਡੀਆ) ਉੱਤੇ ਸਿੱਖ ਕੌਮ ਦੇ ਪ੍ਰਚਾਰ ਤੇ ਪ੍ਰਸਾਰ ’ਤੇ ਭਾਰਤ ਵਿੱਚ ਪਾਬੰਦੀ ਲਾਉਣੀ ਸ਼ੁਰੂ ਕਰ ਦਿੱਤੀ ਹੈ ।ਜਿਸ ਦੇ ਚਲਦੇ ਸੋਸ਼ਲ ਮੀਡੀਆ ਦੇ ਟਵਿੱਟਰ ਉਤੇ ਅਨੇਕਾਂ ਖਾਤੇ ਜੋ ਸਿੱਖ ਕੌਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਅਹਿਮ ਭੂਮਿਕਾ ਨਿਭਾ ਰਹੇ ਸਨ ਉਨਾਂ ਨੂੰ ਭਾਰਤ ਵਿਚ ਬੰਦ ਕਰ ਦਿੱਤਾ ਗਿਆ ਹੈ। ਪਰ ਅਫ਼ਸੋਸ ਦੀ ਗੱਲ ਹੈ ਕੀ ਇਸ ਦੇ ਖ਼ਿਲਾਫ਼ ਹੁਣ ਤਕ ਕਿਸੇ






ਨੇ ਕੋਈ ਵੀ ਆਵਾਜ਼ ਨਹੀਂ ਚੁੱਕੀ ਹੈ। ਬੇਸ਼ੱਕ ਇਸ ਗੱਲ ਨੂੰ ਕੁਝ ਪੰਥ ਦਰਦੀਆਂ ਵੱਲੋਂ ਆਮ ਲੋਕਾਂ ਨੂ ਦੱਸਿਆ ਵੀ ਜਾ ਰਿਹਾ ਹੈ ਪਰ ਇਕਮੁੱਠ ਹੋ ਕੇ ਕਿਸੇ ਵੀ ਸਿੱਖ ਸੰਸਥਾਵਾਂ ਨਾਲ ਜੁੜੇ ਹੋਏ ਸਿੱਖ ਨੁਮਾਇੰਦਿਆਂ ਵੱਲੋਂ ਕੋਈ ਭਰੋਸੇਯੋਗ ਕਾਰਵਾਈ ਨਹੀਂ ਕੀਤੀ ਗਈ ਹੈ। ਅਜਿਹਾ ਨਾ ਕਰਨ ਦੇ ਦੋ ਮੁੱਖ ਕਾਰਨ ਹੋ ਸਕਦੇ ਹਨ ਪਹਿਲਾ ਸਰਕਾਰਾਂ ਨਾਲ ਮਿਲੀਭੁਗਤ ਹੋ ਸਕਦੀ ਹੈ ਤੇ ਦੂਜਾ ਲੋਕ ਸਰਕਾਰਾਂ ਨਾਲ ਮੱਥਾ ਨਹੀਂ ਲਾਉਣਾ ਚਾਹੁੰਦੇ।

ਆਰਥਿਕਤਾ ਕਮਜ਼ੋਰੀ ਦੇ ਕਾਰਨ ਵੀ ਲੋਕ ਸਰਕਾਰਾਂ ਦੀ ਹਾਂ ਵਿੱਚ ਹਾਂ ਮਿਲਾਉਂਦੇ ਹਨ, ਸੋ ਆਮ ਲੋਕਾਂ ਕੋਲੋਂ ਇਸ ਸੰਘਰਸ਼ ਵਿਚ ਸਾਥ ਦੇਣ ਦੀ ਉਮੀਦ ਨਾ ਦੇ ਬਰਾਬਰ ਕੀਤੀ ਜਾ ਸਕਦੀ ਹੈ ਕਿਉਂ ਕੀ ਜਦੋਂ ਕੌਮ ਦੇ ਕੋਲ ਚੰਗਾ ਲੀਡਰ ਹੀ ਨਹੀਂ ਹੋਵੇਗਾ ਜੋ ਉਨਾਂ ਨੂੰ ਉਨਾਂ ਦੇ ਹੱਕਾਂ ਦੀ ਰਾਖੀ ਦੇ ਲਈ ਆਵਾਜ਼ ਚੁੱਕਣ ਨੂੰ ਕਹੇਗਾ। ਸੋਸ਼ਲ ਮੀਡੀਆ ਦੇ ਰਾਹੀਂ ਜੋ ਲੋਕ ਗੀਤਾਂ ਦੇ ਰਾਹੀਂ, ਪੱਤਰਕਾਰੀ ਦੇ ਜ਼ਰੀਏ ਜਾਂ ਫੇਰ ਹੋਰ ਸਿੱਖ ਸੰਸਥਾਵਾਂ ਜੋ ਸਿੱਖ ਕੌਮ ਦੇ ਹੱਕਾਂ ਦੀ ਗੱਲ ਕਰਦੀਆਂ ਹਨ ਉਨਾਂ ਦੇ ਖਾਤੇ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ।

ਕਲਾਕਾਰ ਭਾਈਚਾਰਾ ਵੀ ਹੁਣ ਖੁੱਲ ਕੇ ਨਾ ਤਾਂ ਲਿਖ ਸਕਦਾ ਹੈ ਅਤੇ ਨਾ ਹੀ ਉਸ ਨੂੰ ਗੀਤ ਦਾ ਰੂਪ ਦੇ ਸਕਦਾ ਹੈ। ਜਿਸ ਦਾ ਸਪੱਸ਼ਟ ਰੂਪ ਸਿੱਧੂ ਮੂਸੇਵਾਲੇ ਦੇ SYL ਗੀਤ ਉੱਤੇ ਭਾਰਤੀ ਸਰਕਾਰ ਵੱਲੋਂ ਲਾਈ ਪਾਬੰਦੀ ਦੇ ਨਾਲ ਹੀ ਕੰਵਰ ਗਰੇਵਾਲ ਦੇ ਰਿਹਾਈ ਦੇ ਗੀਤ ’ਤੇ ਲੱਗੀ ਪਾਬੰਦੀ ਇਸ ਗੱਲ ਦਾ ਗਵਾਹ ਹਨ ਕਿ ਕੀ ਅਸੀਂ ਲੋਕ ਨਾ ਤਾਂ ਆਪਣਾ ਇਤਹਾਸ ਸੁਣਾ ਸਕਦੇ ਹਨ ਤੇ ਨਾ ਹੀ ਆਪਣੇ ਹੱਕਾਂ ਦੀ ਕੋਈ ਗੱਲ ਕਰ ਸਕਦੇ ਹਾਂ ?

ਇਸ ਤੋਂ ਇਲਾਵਾ ਕਿਸਾਨੀ ਸੰਘਰਸ਼ ਨੂੰ ਦੁਨੀਆਂ ਤੱਕ ਪਹੁੰਚਾਉਣ ਵਾਲਾ ਟਵਿੱਟਰ ਖਾਤਾ ਜਿਸ ਨੇ ਕਿਸਾਨਾਂ ਦੀ ਦੁਨੀਆਂ ਭਰ ’ਚ ਵੱਖਰੀ ਪਹਿਚਾਣ ਬਣਾ ਦਿੱਤੀ ਸੀ ਉਸ ’ਤੇ ਵੀ ਭਾਰਤ ਵਿਚ ਪਾਬੰਦੀ ਲਗਾ ਦਿੱਤੀ ਹੈ। ਖਾਲਸਾ ਏਡ ਦੇ ਮੁਖੀ ਰਾਵੀ ਸਿੰਘ ਖਾਲਸਾ ਜਿਨਾਂ ਨੇ ਸੰਸਾਰ ਭਰ ਵਿਚ ਸਿੱਖ ਕੌਮ ਨੂੰ ਇਕ ਸੇਵਾ ਪੱਖੀ ਕੌਮ ਦਾ ਰੂਪ ਵੀ ਦਿੱਤਾ ਸੀ ਉਨਾਂ ਦਾ ਆਪਣਾ ਖਾਤਾ ਵੀ ਭਾਰਤ ਵਿਚ ਬੰਦ ਕਰ ਦਿੱਤਾ ਹੈ।

ਇਸ ਦੇ ਨਾਲ ਹੀ ਅਨੇਕਾਂ ਅਜਿਹੇ ਖਾਤੇ ਜੋ ਸਿੱਖ ਕੌਮ ਨਾਲ ਸੰਬੰਧਿਤ ਸਨ ਉਨਾਂ ਨੂੰ ਭਾਰਤ ਵਿਚ ਬੰਦ ਕਰ ਦਿੱਤਾ ਹੈ। ਜਿਨਾਂ ਵਿਚ ਮੁੱਖ ਰੂਪ ’ਚ :

**’SikhLounge, ‘SikhFedUK, ‘RaviSinghKA, ‘JakaraMovement,‘SikhPA, ‘SherePanjabUK, ‘Tractor2twitr, ‘dal-Khalsa, #Amritsartimes FaceBook Page, #BasicsofSikhi ;’everythings-13**

ਇਸ ਤੋਂ ਇਲਾਵਾ ਹੋਰ ਵੀ ਸਿੱਖ ਖਾਤੇ ਹਨ ਜਿਨਾਂ ’ਤੇ ਭਾਰਤ ਵਿਚ ਪਾਬੰਧੀ ਲਾਈ ਗਈ ਹੈ। ਇਹ ਖਾਤੇ ਉਹ ਹਨ ਜਿਨਾਂ ’ਤੇ ਦੁਨੀਆਂ ਭਰ ਤੋਂ ਸਿੱਖ ਕੌਮ ਦਾ ਪ੍ਰਚਾਰ ਤੇ ਪਾਸਾਰ ਕੀਤਾ ਜਾਂਦਾ ਸੀ।

ਭਾਰਤ ਜੇਕਰ ਲੋਕਤੰਤਰ ਦੀ ਗੱਲ ਕਰਦਾ ਹੈ ਤਾਂ ਅਜਿਹਾ ਕਰਕੇ ਉਸ ਨੂੰ ਤਾਨਾਸ਼ਾਹੀ ਨਹੀਂ ਦਿਖਾਉਣੀ ਚਾਹੀਦੀ ਕਿਉਂਕਿ ਅਜਿਹੀਆਂ ਕਾਰਵਾਈਆਂ ਰਾਜਾਂ ਵਿੱਚ ਅਸ਼ਾਂਤੀ ਦਾ ਮਾਹੌਲ ਪੈਦਾ ਕਰ ਦੀਆਂ ਹਨ । ਜਿਵੇਂ ਪਿਛਲੇ ਦਿਨੀਂ ਤਾਮਿਲਨਾਡੂ ਵਿੱਚ **DMK** ਨੇ ਮੋਦੀ ਸਰਕਾਰ ਨੂੰ ਸਿੱਧੇ ਤੇ ਸਪੱਸ਼ਟ ਰੂਪ ਵਿੱਚ ਕਿਹਾ ਸੀ ਕਿ ਜੇਕਰ ਉਹ ਤਾਮਿਲਨਾਡੂ ਰਾਜ ਨੂੰ ਬਣਦੇ ਹੱਕ ਨਹੀਂ ਦਿੰਦੇ ਤਾਂ ਉਹ ਵੱਖਰੇ ਰਾਜ ਦੀ ਮੰਗ ਨੂੰ ਤੇਜ਼ ਕਰ ਸਕਦੇ ਹਨ । ਇੰਜ ਹੀ ਭਾਰਤ ਦੇ ਅਨੇਕਾਂ ਅਜਿਹੇ ਰਾਜ ਹਨ ਜੋ ਅੰਦਰੋਂ ਗਤੀ ਹੀ ਵੱਖਰੇ ਰਾਜ ਦੀ ਇੱਛਾ ਜ਼ਾਹਿਰ ਕਰਦੇ ਹਨ। ਸਮੇਂ ਦੇ ਹਾਲਾਤਾਂ ਨੂੰ ਦੇਖਦੇ ਹੋਏ ਹਿੰਦੂ ਰਾਸ਼ਟਰ ਦਾ ਪ੍ਰਭਾਵ ਜੋ ਭਾਰਤ ਦੀ ਸਿਆਸਤ ਵਿੱਚ ਵਧ ਰਿਹਾ ਹੈ ਉਹ ਲੋਕਤੰਤਰ ਤੋਂ ਤਾਨਾਸ਼ਾਹੀ ਵੱਲ ਵਧਦੇ ਕਦਮ ਹਨ। ਜਦਕਿ ਲੋਕਤੰਤਰ ਦੇਸ਼ ਵਿੱਚ ਹਰ ਇੱਕ ਵਿਅਕਤੀ ਨੂੰ ਬੋਲਣ ਤੇ ਲਿਖਣ ਦੀ ਅਜ਼ਾਦੀ ਹੈ ਜੋ ਕਿ ਅਜੋਕੇ ਸਮੇਂ ਧੁੰਦਲੀ ਪੈਂਦੀ ਨਜ਼ਰ ਆ ਰਹੀ ਹੈ ।

**Reuters** ਅਨੁਸਾਰ, ਯੂਐਸ ਸੋਸ਼ਲ ਮੀਡੀਆ ਕੰਪਨੀ ਦੀ ਨਿਆਂਇਕ ਸਮੀਖਿਆ ਕਰਵਾਉਣ ਦੀ ਕੋਸ਼ਿਸ਼ ਸਮੱਗਰੀ ਰੈਗੂਲੇਸ਼ਨ ਨੂੰ ਲੈ ਕੇ ਨਵੀਂ ਦਿੱਲੀ ਨਾਲ ਵਧ ਰਹੇ ਟਕਰਾਅ ਦਾ ਹਿੱਸਾ ਹੈ। ਜਿਸ ਕਰਕੇ ਟਵਿੱਟਰ ਨੂੰ ਭਾਰਤ ਦੇ ਆਈਟੀ ਮੰਤਰਾਲੇ ਦੁਆਰਾ ਚੇਤਾਵਨੀ ਦਿੱਤੀ ਗਈ ਸੀ ਕਿ ਜੇ ਉਸਨੇ ਕੁਝ ਆਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਤਾਂ ਅਪਰਾਧਿਕ ਕਾਰਵਾਈ ਕੀਤੀ ਜਾਵੇਗੀ। ਟਵਿੱਟਰ ਨੂੰ ਪਿਛਲੇ ਸਾਲ ਭਾਰਤੀ ਅਧਿਕਾਰੀਆਂ ਦੁਆਰਾ ਇੱਕ ਸੁਤੰਤਰ ਸਿੱਖ ਰਾਜ ਦਾ ਸਮਰਥਨ ਕਰਨ ਵਾਲੇ ਖਾਤਿਆਂ ਸਮੇਤ ਸਮੱਗਰੀ ਅਤੇ ਦਰਜਨਾਂ ਟਵੀਟਾਂ ’ਤੇ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਜਿਸ ਦੇ ਚਲਦੇ ਸਿੱਖਾਂ ਨਾਲ ਸਬੰਧਤ ਖਾਤੇ ਭਾਰਤ ਵਿਚ ਬੰਦ ਕੀਤੇ ਜਾ ਰਹੇ ਹਨ।

ਸਿੱਖ ਕੌਮ ਇਸ ਸਮੇਂ ਦੁਨੀਆਂ ਭਰ ਵਿਚ ਆਪਣੀ ਇੱਕ ਵੱਖਰੀ ਪਹਿਚਾਣ ਬਣਾ ਰਹੀ ਹੈ। ਕੈਨੇਡਾ ਅਮਰੀਕਾ ਤੇ ਯੂਰਪ ਦੀਆਂ ਅਨੇਕਾਂ ਅਜਿਹੀਆਂ ਸਟੇਟਾਂ ਵਿੱਚ ਉੱਚ ਅਹੁਦਿਆਂ ’ਤੇ ਸਿੱਖ ਆਪਣੀਆਂ ਸੇਵਾਵਾਂ ਨਿਭਾਅ ਕੇ ਉਨਾਂ ਦੇਸ਼ਾਂ ਨੂੰ ਤਰੱਕੀ ਦੇ ਰਾਹ ਉੱਤੇ ਲਿਜਾ ਰਹੇ ਹਨ। ਇਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਸੋਸ਼ਲ ਮੀਡੀਆ ਹੀ ਇੱਕ ਅਜਿਹਾ ਜ਼ਰੀਆ ਹੈ ਜਿੱਥੇ ਆਪਣੀ ਗੱਲ ਸਪੱਸ਼ਟ ਤੇ ਸਿੱਧੀ ਰੱਖੀ ਜਾ ਸਕਦੀ ਹੈ ਪਰ ਭਾਰਤੀ ਸਰਕਾਰ ਦੀਆਂ ਅਜਿਹੀਆਂ ਕਾਰਗੁਜ਼ਾਰੀਆਂ ਨੇ ਲੋਕਤੰਤਰ ਨੂੰ ਅਣਦੇਖਾ ਕਰ ਕੇ ਤਾਨਾਸ਼ਾਹੀ ਨੂੰ ਬੜਾਵਾ ਦਿੱਤਾ ਹੈ।

# 2014 ਤੋਂ ਹੁਣ ਤੱਕ ਗੈਰ ਕਾਨੂੰਨੀ ਰਸਤੇ ਅਪਨਾਉਂਦੇ ਲਗਭਗ 50,000 ਪਰਵਾਸੀਆਂ ਦੀ ਹੋਈ ਮੌਤ

## ✪ ਪਰਵਾਸ ਲਈ ਅਮਰੀਕਾ ਤੇ ਯੂਰਪ ਜਾਣ ਲਈ ਵਰਤੇ ਜਾਂਦੇ ਨੇ ਸਭ ਤੋਂ ਖ਼ਤਰਨਾਕ ਰਸਤੇ ✪ ਯੂਰਪੀ ਬਾਰਡਰ ਅਤੇ ਕੋਸਟਗਾਰਡ ਏਜੰਸੀ, ਫਰੰਟੈਕਸ ਦੀ ਰਿਪੋਰਟ ਹੈ ਕਿ 2015 ਤੋਂ ਲੈ ਕੇ ਹੁਣ ਤੱਕ ਲਗਭਗ ਤਿੰਨ ਲੱਖ ਲੋਕਾਂ ਨੂੰ ਲੀਬੀਆ ਨੇੜੇ ਟਿਊਨੀਸ਼ੀਆ ਵਾਲਾ ਰਸਤਾ ਵਰਤਣ ਤੋਂ ਰੋਕਿਆ ਗਿਆ

ਲੰਘੇ ਦਿਨੀਂ ਮੋਰੱਕੋ ਤੋਂ ਸਪੇਨ ਦੇ ਉੱਤਰੀ ਅਫ਼ਰੀਕੀ ਇਨਕਲੇਵ ਮੇਲਿਲਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਵਿੱਚ ਸਰਹੱਦੀ ਵਾੜ ਨੂੰ ਪਾਰ ਕਰਦੇ ਰਹੇ ਘੱਟੋ-ਘੱਟ 23 ਜਣਿਆਂ ਦੀ ਮੌਤ ਹੋ ਗਈ ਸੀ।ਤਿੰਨ ਦਿਨਾਂ ਬਾਅਦ, ਯੂਐੱਸ ਦੇ ਸੈਨ ਐਂਟੋਨੀਓ ਦੀ ਪੁਲਿਸ ਨੇ ਇੱਕ ਲਾਵਾਰਿਸ ਟਰੱਕ ਵਿਚੋਂ ਘੱਟੋ-ਘੱਟ 46 ਲਾਸ਼ਾਂ ਬਰਾਮਦ ਕੀਤੀਆਂ। ਕੋਵਿਡ-19 ਮਹਾਂਮਾਰੀ ਕਾਰਨ ਲੱਗੀਆਂ ਸਫ਼ਰੀ ਪਾਬੰਦੀਆਂ ਵਿੱਚ ਜਿਵੇਂ-ਜਿਵੇਂ ਢਿੱਲ ਮਿਲ ਰਹੀ ਹੈ, ਲੱਗ ਰਿਹਾ ਹੈ ਕਿ ਪਰਵਾਸ ਲਈ ਵਰਤੇ ਜਾਂਦੇ ਇਸ ਸਭ ਤੋਂ ਵੱਡੇ ਰੂਟ ਉੱਪਰ ਗਹਿਮਾ-ਗਹਿਮੀ ਵਧ ਰਹੀ ਹੈ। ਇਸ ਕਾਰਨ ਪਰਵਾਸ ਦੌਰਾਨ ਹੋਣ ਵਾਲੀਆਂ ਅਜਿਹੀਆਂ ਮੌਤਾਂ ਵਿੱਚ ਵਾਧਾ ਹੋ ਸਕਦਾ ਹੈ।

ਯੂਐੱਨ ਦੀ ਏਜੰਸੀ, ਦਿ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫ਼ਾਰ ਮਾਈਗ੍ਰੇਸ਼ਨ (ਆਈਓਐੱਮ) ਦਾ ਅੰਦਾਜ਼ਾ ਹੈ ਕਿ 2014 ਤੋਂ ਹੁਣ ਤੱਕ ਲਗਭਗ 50,000 ਪਰਵਾਸੀਆਂ ਦੀ ਜਾਂ ਤਾਂ ਮੌਤ ਹੋ ਗਈ ਹੈ ਜਾਂ ਫਿਰ ਉਹ ਅਮਰੀਕਾ ਜਾਂ ਯੂਰਪੀਅਨ ਸੰਘ ਆਦਿ ਥਾਵਾਂ ’ਤੇ ਪਹੁੰਚਣ ਦੇ ਚੱਕਰ ਵਿੱਚ ਗੁਆਚ ਗਏ। ਏਜੰਸੀ ਦਾ ਮੰਨਣਾ ਹੈ ਕਿ ਇਨਾਂ ਗੁੰਮਸ਼ੁਦਾ ਜਾਂ ਜਾਨ ਗਵਾਉਣ ਵਾਲਿਆਂ ਦੀ ਸੰਖਿਆ ਇਸ ਤੋਂ ਜ਼ਿਆਦਾ ਵੀ ਸਕਦੀ ਹੈ।

ਆਈਓਐੱਮ ਦੇ ਅਨੁਸਾਰ, ਪਰਵਾਸ ਦੇ ਪੱਖੋਂ ਇਹ ਦੁਨੀਆ ਦਾ ਸਭ ਤੋਂ ਖ਼ਤਰਨਾਕ ਰਸਤਾ ਹੈ। ਅੰਦਾਜ਼ਾ ਹੈ ਕਿ 2014 ਤੋਂ, ਉੱਤਰੀ ਅਫ਼ਰੀਕਾ ਤੋਂ ਯੂਰਪ ਜਾਣ ਲਈ ਭੂਮੱਧ ਸਾਗਰ ਨੂੰ ਪਾਰ ਕਰਨ ਦੀਆਂ ਕੋਸ਼ਿਸ਼ਾਂ ਵਿੱਚ 19,500 ਤੋਂ ਵੱਧ ਜਾਨਾਂ ਗਈਆਂ ਹਨ।ਭੂਮੱਧ ਸਾਗਰ ਨੂੰ ਪਾਰ ਕਰਨ ਲਈ ਕਈ ਤਰੀਕੇ ਅਜ਼ਮਾਏ ਜਾਂਦੇ ਹਨ। ਇਨਾਂ ਵਿੱਚ ਸ਼ਾਮਲ ਹੈ,





ਸਮਰੱਥਾ ਤੋਂ ਜ਼ਿਆਦਾ ਲੋਕਾਂ ਨੂੰ ਕਿਸ਼ਤੀਆਂ ਵਿੱਚ ਭਰਨਾ, ਰਬੜ ਦੀਆਂ ਹਵਾ ਨਾਲ ਫੁਲਾਈਆਂ ਹੋਈਆ ਕਿਸ਼ਤੀਆਂ ਵਗੈਰਾ।ਅਜਿਹੇ ਤਰੀਕਿਆਂ ਨਾਲ ਸਮੁੰਦਰ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਪਰਵਾਸੀਆਂ ਦੀ ਯਾਤਰਾ ਖਤਰਿਆਂ ਭਰੀ ਹੁੰਦੀ ਹੈ ਅਤੇ ਜਾਨ ਦਾ ਖੌਅ ਹਮੇਸ਼ਾ ਬਣਿਆ ਰਹਿੰਦਾ ਹੈ। ਅਜਿਹੀਆਂ ਕਿਸ਼ਤੀਆਂ ਜਾਂ ਜਹਾਜ਼ਾਂ ਨੂੰ ਅਕਸਰ ਅਪਰਾਧੀਆਂ ਅਤੇ ਮਨੁੱਖੀ ਤਸਕਰੀ ਵਿੱਚ ਲੱਗੇ ਲੋਕਾਂ ਵੱਲੋਂ ਚਲਾਇਆ ਜਾਂਦਾ ਹੈ।

ਲੀਬੀਆ ਨੇੜੇ ਟਿਊਨੀਸ਼ੀਆ ਇੱਕ ਅਜਿਹਾ ਸਥਾਨ ਹੈ ਜਿੱਥੋਂ ਪਰਵਾਸੀ ਆਪਣੀ ਅਜਿਹੀ ਯਾਤਰਾ ਸ਼ੁਰੂ ਕਰਦੇ ਹਨ ਅਤੇ ਕੇਂਦਰੀ ਭੂਮੱਧ ਸਾਗਰੀ ਰੂਟ ਜ਼ਰੀਏ ਯੂਰਪ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਇੱਥੇ ਸਮੁੰਦਰ ਵਿੱਚ ਡੁੱਬ ਕੇ ਮਰ ਜਾਣ ਵਾਲਿਆਂ ਦਾ ਇੱਕ ਸਮਰਪਿਤ ਕਬਰਿਸਤਾਨ ਵੀ ਹੈ।

ਆਈਓਐੱਮ ਦੇ ਬੁਲਾਰੇ ਸਾਫ਼ਾ ਮਸੇਹਲੀ ਕਹਿੰਦੇ ਹਨ, ‘ਕੇਂਦਰੀ ਭੂ-ਮੱਧੀ ਸਾਗਰ ਦੇ ਰਾਹੀਂ ਪਰਵਾਸੀਆਂ ਦੀਆਂ ਯਾਤਰਾਵਾਂ ਜਾਰੀ ਹਨ। ਦੁਨੀਆਂ ਦੇ ਸਭ ਤੋਂ ਖਤਰਨਾਕ ਪਰਵਾਸੀ ਰੂਟ ‘ਤੇ ਲਗਾਤਾਰ ਵਧ ਰਹੇ ਮੌਤ ਦੇ ਹਾਦਸੇ ਸਭ ਤੋਂ ਵੱਡੀ ਚਿੰਤਾ ਹਨ। ਸੰਬੰਧਿਤ ਦੇਸ਼ਾਂ ਵੱਲੋਂ ਪੁਖਤਾ ਕਦਮ ਨਾ ਚੁੱਕੇ ਜਾਣ ਕਾਰਨ ਇੱਥੇ ਮੌਤਾਂ ਦਾ ਹੋਣਾ ਜਾਰੀ ਹੈ। ਯੂਰਪੀ ਬਾਰਡਰ ਅਤੇ ਕੋਸਟਗਾਰਡ ਏਜੰਸੀ, ਫਰੰਟੈਕਸ ਦੀ ਰਿਪੋਰਟ ਹੈ ਕਿ 2015 ਤੋਂ ਲੈ ਕੇ ਹੁਣ ਤੱਕ ਲਗਭਗ ਤਿੰਨ ਲੱਖ ਲੋਕਾਂ ਨੂੰ ਇਹ ਰੂਟ ਵਰਤਣ ਤੋਂ ਰੋਕਿਆ ਗਿਆ ਹੈ।

ਅਫ਼ਰੀਕਾ ਦੇ ਅੰਦਰੂਨੀ ਰਾਹ ਬਹੁਤ ਸਾਰੇ ਅਫ਼ਰੀਕੀ ਪਰਵਾਸੀਆਂ ਲਈ ਯੂਰਪ ਪਹੁੰਚਣ ਦਾ ਸਫ਼ਰ ਉਨਾਂ ਦੇ ਆਪਣੇ ਮਹਾਂਦੀਪ ਤੋਂ ਹੀ ਸ਼ੁਰੂ ਹੁੰਦਾ ਹੈ। ਇਸ ਲੰਮੀ ਯਾਤਰਾ ਵਿੱਚ ਉਨਾਂ ਨੂੰ ਉੱਤਰ ਅਫ਼ਰੀਕਾ ਦੇ ਦੇਸ਼ਾਂ ਤੱਕ ਪਹੁੰਚਣ ਲਈ ਸਹਾਰਾ ਮਾਰੂਥਲ ਨੂੰ ਪਾਰ ਕਰਨਾ ਪੈਂਦਾ ਹੈ।ਇਸ ਰਸਤੇ ’ਤੇ ਮਿਲਣ ਵਾਲਾ ਮੌਸਮ ਉਨਾਂ ਦੀ ਜ਼ਿੰਦਗੀ ਲਈ ਸਭ ਤੋਂ ਵੱਡਾ ਖਤਰਾ ਹੁੰਦਾ ਹੈ। ਆਈਓਐੱਮ ਦਾ ਅੰਦਾਜ਼ਾ ਹੈ ਕਿ ਸਹਾਰਾ ਮਾਰੂਥਲ ਨੂੰ ਪਾਰ ਕਰਨ ਦੀਆਂ ਕੋਸ਼ਿਸ਼ਾਂ ਵਿੱਚ 2014 ਤੋਂ 2022 ਦੇ ਦਰਮਿਆਨ ਲਗਭਗ 5,400 ਲੋਕਾਂ ਦੀ ਮੌਤ ਹੋਈ ਹੈ। ਇਸ ਤੋਂ ਇਲਾਵਾ ਇਸ ਇਲਾਕੇ ਵਿੱਚ ਮਨੁੱਖੀ ਤਸਕਰ ਵੀ ਇੱਕ ਵੱਡਾ ਖ਼ਤਰਾ ਹਨ।

ਪਰਵਾਸ ਬਾਰੇ ਸੰਯੁਕਤ ਰਾਸ਼ਟਰ ਦੇ ਸੰਗਠਨ ਦੀ ਤਾਜ਼ਾ ਰਿਪੋਰਟ ਮੁਤਾਬਕ ਤਸਕਰਾਂ ਅਤੇ ਸਰਹੱਦੀ ਸੁਰੱਖਿਆ ਅਧਿਕਾਰੀਆਂ ਦੇ ਹੱਥੋਂ ਹਿੰਸਾ, ਸਹਾਰਾ ਰੇਗਿਸਤਾਨ ਵਿੱਚੋਂ ਲੰਘ ਕੇ ਜਾਣ ਵਾਲੇ ਜ਼ਿਆਦਾਤਰ ਪਰਵਾਸੀਆਂ ਦੀ ਮੌਤ ਦੀ ਵਜਾ ਬਣਦੀ ਹੈ।

ਅਮਰੀਕਾ ਵਿੱਚ ਪ੍ਰਵਾਸ ਦੇ ਸਾਰੇ ਇੱਕ ਨਵੇਂ ਦੇਸ ਵਿੱਚ ਪਹੁੰਚਣ ਦੇ ਹੀ ਜ਼ਰੀਏ ਨਹੀਂ ਹਨ ਸਗੋਂ ਇਹ ਇੱਕ ਨਵੀਂ ਥਾਂ ’ਤੇ ਜਾ ਕੇ ਨਵਾਂ ਘਰ ਵਸਾਉਣ ਦੇ ਵੀ ਸਾਧਨ ਹਨ। ਮੈਕਸੀਕੋ ਅਤੇ ਅਮਰੀਕਾ ਦੀ ਸਰਹੱਦ ਅਜਿਹੇ ਲੋਕਾਂ ਨੂੰ ਇੱਕ ਗੰਭੀਰ ਅਤੇ ਵੱਡੀ ਚੁਣੌਤੀ ਪੇਸ਼ ਕਰਦੀ ਹੈ। ਇਲਾਕੇ ਨੂੰ ਆਪਣੀ ਜ਼ਿੰਦਗੀ ਪ੍ਰਤੀ ਨਾਸਾਜ਼ਗਾਰ ਭੂਗੋਲ ਲਈ, ਜਾਣਿਆ ਜਾਂਦਾ ਹੈ।

ਇਸ ਰਸਤੇ ਵਿੱਚ ਰੇਗਿਸਤਾਨ ਹਨ। ਇਸ ਵਿੱਚ ਪਰਵਾਸੀਆਂ ਨੂੰ ਹਿੰਸਕ ਰੀਓ ਗਰਾਂਡੇ ਦਰਿਆ ਪਾਰ ਕਰਨਾ ਪੈਂਦਾ ਹੈ ਜੋ ਸਰਹੱਦ ਦੇ ਨਾਲ-ਨਾਲ ਲੰਬੇ ਟੋਟੇ ਵਿੱਚ ਵਗਦੀ ਹੈ।ਦਰਿਆ ਵਿੱਚ ਡੁੱਬ ਕੇ ਮਰਨਾ ਇਸ ਰਸਤੇ ਵਿੱਚ ਮੌਤਾਂ ਦੀ ਸਭ ਤੋਂ ਵੱਡੀ ਵਜਾ ਹੈ।

**ਬਾਕੀ ਸਫ਼ਾ 30 ’ਤੇ**

# ਦੇਸ਼ ਵੰਡ, ਕਾਂਗਰਸ, ਜਿਨਾਹ ਤੇ ਡਾ. ਅੰਬੇਡਕਰ



**ਐਸ ਐਲ ਵਿਰਦੀ ਐਡਵੋਕੇਟ**
**ਮੋਬਾਈਲ : 98185-17899**

ਕੋਈ ਵੀ ਬਟਵਾਰਾ ਬਰਸਾਤ ਤੋਂ ਬਾਅਦ ਉੱਗੀਆਂ ਖੁੰਬਾਂ ਵਾਂਗ ਨਹੀਂ ਵਾਪਰਦਾ। ਹਰ ਵੰਡ ਦਾ ਬੜਾ ਵੱਡਾ ਇਤਿਹਾਸ ਹੁੰਦਾ ਹੈ। ਵੰਡ ਦੇ ਬੀਜ ਜਨੂੰਨ ਵਿਚ ਬਿਰਾਜਮਾਨ ਹੁੰਦੇ ਹਨ। ਦੂਸਰੇ ਪ੍ਰਤੀ ਬੇਧਿਆਨੀ ਇਸ ਨੂੰ ਬੀਜਦੀ ਹੈ। ਅਸਹਿਣਸ਼ੀਲਤਾ ਇਸ ਨੂੰ ਗਰਮਾਉਂਦੀ ਹੈ ਅਤੇ ਸਵਾਰਥ ਇਸ ਨੂੰ ਜਨਮ ਦਿੰਦਾ ਹੈ। ਹਿੰਦੂ, ਮਹਾਤਮਾ ਗਾਂਧੀ ਨੂੰ ਹਿੰਦੂ ਮੁਸਲਮਾਨ ਏਕਤਾ ਦਾ ਅਵਤਾਰ ਮੰਨਦੇ ਹਨ, ਤਾਂ ਫਿਰ ਦੇਸ਼ ਦੀ ਵੰਡ ਦਾ ਦੋਸ਼ੀ ਕੌਣ ਹੈ ?

ਜਦ ਦੇਸ਼ ’ਚ 1937 ਵਿਚ ਪਹਿਲੀ ਵਾਰ ਪ੍ਰਾਦੇਸ਼ਿਕ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ ਤਾਂ ਮਹਾਤਮਾ ਗਾਂਧੀ ਦੀ ਰਹਿਨੁਮਾਈ ਵਿਚ ਕਾਂਗਰਸ ਨੇ ਘੱਟਗਿਣਤੀਆਂ ਖ਼ਾਸ ਕਰ ਮੁਸਲਿਮ ਲੀਗ ਨਾਲ ਇਹ ਚੋਣ ਵਾਅਦਾ ਕੀਤਾ ਕਿ ਚੋਣਾਂ ਉਪਰੰਤ ਬਣਨ ਵਾਲੇ ਕੈਬਨਿਟ ਮੰਤਰੀ ਮੰਡਲਾਂ ਵਿਚ ਮੁਸਲਮਾਨਾਂ ਨੂੰ ਵੀ ਹਿੰਦੂਆਂ ਦੇ ਬਰਾਬਰ ਹਿੱਸੇਦਾਰੀ ਦਿੱਤੀ ਜਾਵੇਗੀ। ਪਰ ਚੋਣਾਂ ਜਿੱਤਣ ਤੋਂ ਬਾਅਦ ਜਵਾਹਰ ਲਾਲ ਨਹਿਰੂ ਨੇ ਕਿਹਾ ਕਿ ਦੇਸ਼ ਵਿਚ ਸਿਰਫ ਦੋ ਪਾਰਟੀਆਂ ਕਾਂਗਰਸ ਅਤੇ ਬ੍ਰਿਟਿਸ਼ ਹੀ ਹਨ। ਜਦ ਕਿ ਦੇਸ਼ ਵਿਚ ਮੁਸਲਿਮ ਲੀਗ ਅਤੇ ਡਾ. ਅੰਬੇਡਕਰ ਦੀ ‘ਇੰਡੀਪੈਂਡੈਂਟ ਲੇਬਰ ਪਾਰਟੀ’ ਵੀ ਸੀ। ਚੋਣਾਂ ਉਪਰੰਤ ਗਾਂਧੀ ਜੀ ਦੇ ਵਾਅਦੇ ਅਨੁਸਾਰ ਮੁਸਲਮਾਨਾਂ ਨੂੰ ਮੰਤਰੀ ਮੰਡਲਾਂ ਵਿਚ ਬਰਾਬਰ ਮੰਤਰੀ ਨਹੀਂ ਲਿਆ ਗਿਆ।

ਮਿਸਟਰ ਜਿਨਾਹ ਤੇ ਮੁਸਲਮਾਨ ਨੇਤਾਵਾਂ ਨੇ ਕਿਹਾ ਕਿ ਜਦ ਉੱਚ ਜਾਤੀ ਹਿੰਦੂ, ਮੁਸਲਮਾਨਾਂ ਨੂੰ ਪ੍ਰਾਂਤਾਂ ਵਿਚ ਹੀ ਸੱਤਾ ’ਚ ਨਹੀਂ ਆਉਣ ਦੇ ਰਹੇ ਤਾਂ ਫਿਰ ਉਹ ਕੇਂਦਰ ਵਿਚ ਕਦੋਂ ਆਉਣ ਦੇਣਗੇ ? ਮਿਸਟਰ ਜਿਨਾਹ ਜੋ ਪਹਿਲਾਂ ਬੜੇ ਉਦਾਰਵਾਦੀ ਮੁਸਲਮਾਨ ਸਨ, ਇਸ ਧੋਖੇ ਕਾਰਨ ਕੱਟੜ ਮੁਸਲਮਾਨ ਬਣ ਗਏ ਅਤੇ ਉਹ ਭਾਰਤ ਵਿਚ ਹਿੰਦੂਆਂ ਨਾਲ ਰਹਿਣ ਦੇ ਵਿਰੁੱਧ ਹੋ ਗਏ। ਰੋਸ ਵਜੋਂ ਮੁਸਲਿਮ ਲੀਗ ਨੇ ਆਪਣੇ ਲਾਹੌਰ ਦੇ ਸੰਮੇਲਨ ਵਿਚ 26 ਮਾਰਚ 1940 ਨੂੰ ਅਲੱਗ ਦੇਸ਼ ਪਾਕਿਸਤਾਨ ਦੀ ਮੰਗ ਰੱਖ ਦਿੱਤੀ। ਸਵਾਰਥੀ ਆਗੂਆਂ ਦੀਆਂ ਇਹ ਹੀ ਵਿਵਹਾਰਕ ਗੱਲਾਂ ਸਨ, ਜਿਨਾਂ ਨੇ ਮੁਸਲਮਾਨਾਂ ਨੂੰ ਨਿਰਾਸ਼ ਕਰ ਕੇ ਪਾਕਿਸਤਾਨ ਵੱਲ ਧੱਕ ਦਿੱਤਾ।

ਡਾ. ਅੰਬੇਡਕਰ ਨੇ ਨਵੀਂ ਦਿੱਲੀ ਵਿਚ ‘ਦੀ ਟਾਈਮਜ਼ ਆਫ਼ ਇੰਡੀਆ’ ਨਾਲ ਇਕ ਭੇਂਟ ਵਾਰਤਾ ਵਿਚ ਕਿਹਾ, ‘ਅੱਜ ਦੇਸ਼ ਅੰਦਰ ਹਿੰਦੂ ਭਾਰਤ ਅਤੇ ਮੁਸਲਿਮ ਭਾਰਤ ਦੀ ਮੰਗ ਕੀਤੀ ਜਾ ਰਹੀ ਹੈ। ਜੇ ਇਸ ਵਿਚਾਰ ਨੂੰ ਆਮ ਲੋਕਾਂ ਦਾ ਵਿਚਾਰ ਬਣਾਉਣ ਦੀ ਖੁੱਲ ਦੇ ਦਿੱਤੀ ਗਈ ਤਾਂ ਅਖੰਡ ਭਾਰਤ ਦੀ ਆਸ ਜਾਂਦੀ ਲੱਗੇਗੀ। ਹੁਣ ਇਸ ਸਮੱਸਿਆ ਨੂੰ ਹੱਲ ਕਰਨਾ ਕਾਂਗਰਸ ਅਤੇ ਬਹੁਗਿਣਤੀ ਹਿੰਦੂਆਂ ਉਤੇ ਨਿਰਭਰ ਕਰਦਾ ਹੈ। ਮੈਂ ਆਸ ਕਰਦਾ ਹਾਂ ਕਿ ਕਾਂਗਰਸ ਵਿਚ ਰਾਜਸੀ ਸੂਝ-ਬੂਝ ਆਵੇ ਤਾਂ ਜੋ ਕਿ ਦੇਸ਼ ਨੂੰ ਦੋ ਹਿੱਸਿਆਂ ਵਿਚ ਵੰਡੇ ਜਾਣ ਤੋਂ ਰੋਕਿਆ ਜਾ ਸਕੇ।’

ਡਾ. ਅੰਬੇਡਕਰ ਨੇ ਜਦ ਦੇਖਿਆ ਕਿ ਮਿਸਟਰ ਜਿਨਾਹ ਅਤੇ ਗਾਂਧੀ ਆਪਣੇ ਨਿੱਜੀ ਸਵਾਰਥਾਂ ਲਈ ਦ੍ਰਿੜ ਹਨ ਤਾਂ ਉਨਾਂ ਉਪਰੋਕਤ ਦੋਵਾਂ ਨੇਤਾਵਾਂ ਗਾਂਧੀ ਅਤੇ ਜਿਨਾਹ, ਉਨਾਂ ਦੀਆਂ ਪਾਰਟੀਆਂ, ਕਾਂਗਰਸ ਅਤੇ ਮੁਸਲਮ ਲੀਗ, ਦੋਵਾਂ ਦੀਆਂ ਕੌਮਾਂ ਹਿੰਦੂ ਅਤੇ ਮੁਸਲਮਾਨ ਅਤੇ ਦੋਵਾਂ ਦੇ ਨਜ਼ਰੀਏ ਨੂੰ ਭਾਂਪਦਿਆਂ ਇਕ ਕਿਤਾਬ ‘ਥਾਟਸ ਆਨ ਪਾਕਿਸਤਾਨ, ਔਰ ਪਾਰਟੀਸ਼ਨ ਆਫ਼ ਇੰਡੀਆ’ ਜਾਂ ‘ਭਾਰਤ ਦਾ ਬਟਵਾਰਾ’ ਲਿਖੀ। ਇਸ ਕਿਤਾਬ ਵਿਚ ਉਨਾਂ ਨੇ ਦੋਵਾਂ ਕੌਮਾਂ ਦੇ ਸਿਧਾਂਤਾਂ ਪ੍ਰਤੀ ਚਾਨਣਾ ਪਾਉਂਦਿਆਂ ਦੇਸ਼ ਦੇ ਹੱਲ ਅਤੇ ਏਕੇ ਲਈ ਕਈ ਯੋਜਨਾਵਾਂ ਅਤੇ ਕਈ ਤਰਾਂ ਦੇ ਸੁਝਾਅ ਪੇਸ਼ ਕੀਤੇ।

ਡਾ. ਅੰਬੇਡਕਰ ਇਕ ਆਸ਼ਾਵਾਦੀ ਇਨਸਾਨ ਸਨ। ਉਹ ਹਰ ਸਮੱਸਿਆ ਦੇ ਹੱਲ ਲਈ ਅੰਤ ਤੱਕ ਕੋਸ਼ਿਸ਼ ਕਰਦੇ ਸਨ। ਉਨਾਂ ਨੇ ਦੇਸ਼ ਦੀ ਵੰਡ ਨੂੰ ਟਾਲਣ ਲਈ ਸੱਤਾਧਾਰੀ ਅੰਗਰੇਜ਼ਾਂ, ਹਿੰਦੂਆਂ ਅਤੇ ਮੁਸਲਮਾਨਾਂ ਸਾਹਮਣੇ ਤਿੰਨ ਠੋਸ ਯੋਜਨਾਵਾਂ ਰੱਖੀਆਂ। ਜੋ ਇਸ ਪ੍ਰਕਾਰ ਸਨ :-

ਪਹਿਲੀ ਯੋਜਨਾ-ਸੰਪਰਦਾਇਕ ਸਮੱਸਿਆ ਅੱਜ ਭਾਰਤ ਦੀ ਇਕ ਯਥਾਰਥਕ ਸਮੱਸਿਆ ਹੈ। ਇਸ ਦਾ ਹੱਲ ਪ੍ਰਭਾਵਸ਼ਾਲੀ ਢੰਗ ਨਾਲ ਤੁਰੰਤ ਹੋਣਾ ਚਾਹੀਦਾ ਹੈ। ਬਹੁਗਿਣਤੀ ਸੰਪਰਦਾਇ ਅਤੇ ਘੱਟ-ਗਿਣਤੀ ਸੰਪਰਦਾਇ ਦੇ ਇਸ ਸੰਘਰਸ਼ ਵਿਚ ਬਹੁਗਿਣਤੀ ਸੰਪਰਦਾਇ ਨੂੰ ਘੱਟ-





ਗਿਣਤੀ ਸੰਪਰਦਾਇ ਤੋਂ ਕੁਝ ਅਧਿਕ ਨੁਮਾਇੰਦਗੀ ਦਿੱਤੀ ਜਾ ਸਕਦੀ ਹੈ। ਪਰ ਇਹ ਕਿਸੇ ਵੀ ਹਾਲਤ ਵਿਚ ਨਿਰਪੱਖ ਬਹੁਮਤ ਦੀ ਮੰਗ ਨਹੀਂ ਕਰ ਸਕਦਾ। ਜਿਨਾਂ ਪ੍ਰਾਂਤਾਂ ਵਿਚ ਹਿੰਦੂਆਂ ਦੀ ਬਹੁਗਿਣਤੀ ਹੈ, ਉਥੇ ਵੀ ਇਹੀ ਸਿਧਾਂਤ ਲਾਗੂ ਹੋਣਾ ਚਾਹੀਦਾ ਹੈ। ਜਿਨਾਂ ਪ੍ਰਾਂਤਾਂ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਹੈ, ਉਥੇ ਵੀ ਇਹੀ ਸਿਧਾਂਤ ਲਾਗੂ ਹੋਣਾ ਚਾਹੀਦਾ ਹੈ।

ਉਨਾਂ ਕਿਹਾ, ਇਸ ਦਾ ਮਤਲਬ ਇਹੀ ਹੈ ਕਿ ਕਿਸੇ ਵੀ ਸੰਪਰਦਾਇ ਨੂੰ 40 ਪ੍ਰਤੀਸ਼ਤ ਤੋਂ ਜ਼ਿਆਦਾ ਨੁਮਾਇੰਦਗੀ ਨਹੀਂ ਮਿਲਣੀ ਚਾਹੀਦੀ। ਮੇਰੀ ਇਸ ਯੋਜਨਾ ਨੂੰ ਲਾਗੂ ਕਰਨ ਨਾਲ ਸੰਪਰਦਾਇਕ ਬਹੁਗਿਣਤੀ ਦਾ ਉਹ ਖ਼ਤਰਾ ਜੋ ਪਾਕਿਸਤਾਨ ਦੀ ਕਲਪਨਾ ਦਾ ਮੂਲ ਅਧਾਰ ਹੈ, ਖ਼ਤਮ ਹੋ ਜਾਵੇਗਾ।

ਦੂਜੀ ਯੋਜਨਾ-ਭਾਰਤ ਨੂੰ ਅਖੰਡ ਬਣਾਈ ਰੱਖਣ ਲਈ ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਸਾਹਮਣੇ 17 ਦਸੰਬਰ 1946 ਨੂੰ ਦੂਜੀ ਯੋਜਨਾ ਇਹ ਰੱਖੀ, ਜਿਸ ਵਿਚ ਉਨਾਂ ਕਿਹਾ, ‘ਮੁਸਲਮ ਲੀਗ ਦੀ ਗ਼ੈਰ-ਹਾਜ਼ਰੀ ਵਿਚ ਸੰਵਿਧਾਨ ਬਣਾਉਣ ਲਈ ਅੱਗੇ ਚੱਲਣਾ ਠੀਕ ਨਹੀਂ ਹੋਵੇਗਾ।’ ਡਾ. ਅੰਬੇਡਕਰ ਨੇ ਕਿਹਾ ਕਿ ਇਸ ਵਕਤ ਸਾਡੇ ਸਾਹਮਣੇ ਤਿੰਨ ਬਦਲ ਹਨ :-

(1) ਇਕ ਪਾਰਟੀ, ਦੂਜੀ ਪਾਰਟੀ ਦੀਆਂ ਮੰਗਾਂ ’ਤੇ ਵਿਚਾਰ ਕਰੇ।

(2) ਦੋਵੇਂ ਆਪਸੀ ਸਮਝੌਤਾ ਕਰ ਕੇ ਸ਼ਾਂਤੀ ਸਥਾਪਿਤ ਕਰਨ।

(3) ਜਾਂ ਫਿਰ ਆਪਸ ਵਿਚ ਖੁੱਲੀ ਲੜਾਈ ਜਾਂ ਯੁੱਧ ਹੋਵੇਗਾ।

ਤੀਜੀ ਯੋਜਨਾ-ਡਾ. ਅੰਬੇਡਕਰ ਦੀ ਤੀਜੀ ਯੋਜਨਾ ਇਹ ਸੀ ਕਿ ਭਾਰਤ ਦੀ ਵੰਡ ਸੰਬੰਧੀ ਸੰਬੰਧਿਤ ਵਿਧਾਇਕਾਂ ਤੋਂ ਅਲੱਗ-ਅਲੱਗ ਲੋਕ ਮਤ ਕਰਵਾਇਆ ਜਾਵੇ। ਜੇਕਰ ਚੁਣੇ ਹੋਏ ਵਿਧਾਇਕ ਇਨਾਂ ਦੋਵਾਂ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਫੌਰੀ ਅਲੱਗ-ਅਲੱਗ ਹੋਣ ਦੇ ਹੱਕ ਵਿਚ ਵੋਟ ਪਾਉਂਦੇ ਹਨ ਤਾਂ ਫਿਰ ਸਥਾਈ ਤੌਰ ’ਤੇ ਬਟਵਾਰਾ ਕਰ ਦਿੱਤਾ ਜਾਏ।

ਉਨਾਂ ਕਿਹਾ ਕਿ ਹਿੰਦੂਆਂ ਦੀ ਆਬਾਦੀ ਦਾ ਪਾਕਿਸਤਾਨ ਤੋਂ ਅਤੇ ਮੁਸਲਮਾਨਾਂ ਦੀ ਆਬਾਦੀ ਦਾ ਹਿੰਦੋਸਤਾਨ ਤੋਂ ਮਿਲਟਰੀ ਦੀ ਦੇਖ-ਰੇਖ ਅਧੀਨ ਸੰਪੂਰਨ ਵਟਾਂਦਰਾ ਕਰ ਲਿਆ ਜਾਵੇ। ਵਟਾਂਦਰਾ ਉਵੇਂ ਕੀਤਾ ਜਾਵੇ, ਜਿਵੇਂ ਕਿ ਤੁਰਕੀ, ਗਰੀਸ ਅਤੇ ਬੁਲਗਾਰੀਆ ਵਲੋਂ ਵਿਨਾਸ਼ਕਾਰੀ ਯੁੱਧਾਂ ਨੂੰ ਖ਼ਤਮ ਕਰਨ ਲਈ ਕੀਤਾ ਗਿਆ ਸੀ।

ਪ੍ਰੰਤੂ ਇਸ ਸਮੇਂ ਗਾਂਧੀ ਜੀ ਦੀ ਇਕ ਹੀ ਜ਼ਿਦ ਉਤੇ ਅੜੇ ਹੋਏ ਸਨ, ‘ਪਾਕਿਸਤਾਨ ਦੀ ਮੰਗ ਪਾਪ ਹੈ, ਪਾਕਿਸਤਾਨ ਮੇਰੀ ਲਾਸ਼ ਉਤੇ ਬਣੇਗਾ।’

ਡਾ. ਅੰਬੇਡਕਰ ਨੇ ਕਿਹਾ ਕਿ ਕੋਈ ਮੰਗ ਪਾਪ ਜਾਂ ਪੁੰਨ ਨਹੀਂ ਹੁੰਦੀ। ਕਿਸੇ ਦੇਸ਼ ਦੀ ਵੰਡ ਸਮਾਜਿਕ ਜਾਂ ਸੈਨਿਕ ਸਵਾਲ ਹੁੰਦਾ ਹੈ। ਭਾਰਤ ਹੀ ਇਕੱਲਾ ਦੇਸ਼ ਨਹੀਂ ਹੈ, ਜਿਸ ਨੂੰ ਵੰਡ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੋਲੈਂਡ ਦੀ ਤਿੰਨ ਵਾਰ ਵੰਡ ਹੋਈ ਹੈ। ਪਿਛਲੇ 150 ਸਾਲਾਂ ਦੇ ਇਤਿਹਾਸ ’ਚ ਯੂਰਪੀਨ ਦੇਸ਼ਾਂ ਦਾ ਸ਼ਾਇਦ ਹੀ ਕੋਈ ਅਜਿਹਾ ਦੇਸ਼ ਹੋਵੇ, ਜਿਸ ਦੀ ਵੰਡ ਨਾ ਹੋਈ ਹੋਵੇ। ਉਨਾਂ ਕਿਹਾ, ‘ਅੱਜ ਹਿੰਦੁਸਤਾਨ ਦੇ ਰਾਜਸੀ ਆਕਾਸ਼ ’ਤੇ ਦੋ ਤਾਰੇ ਗਾਂਧੀ ਤੇ ਜਿਨਾਹ ਚਮਕਦੇ ਹਨ। ਇਕ ਹਿੰਦੂਆਂ ਦੀ ਅਗਵਾਈ ਕਰਦਾ ਹੈ ਤੇ ਦੂਜਾ ਮੁਸਲਮਾਨਾਂ ਦੀ। ਇਨਾਂ ਦੋਵਾਂ ਪੁਰਖਾਂ ਦੇ ਹੱਥਾਂ ਵਿਚ ਰਾਜਨੀਤੀ ਵਿਅਰਥ ਇਕ ਮੁਕਾਬਲਾ ਬਣ ਕੇ ਰਹਿ ਗਈ ਹੈ। ਜੇਕਰ ਗਾਂਧੀ ਜੀ ਮਹਾਤਮਾ ਕਹਿਲਾਉਂਦੇ ਹਨ ਤਾਂ ਲਾਜ਼ਮੀ ਹੈ ਕਿ ਜਿਨਾਹ ਸਾਹਿਬ ਨੂੰ ‘ਕਾਇਦੇ-ਆਜ਼ਮ’ ਕਿਹਾ ਜਾਏ। ਜੇਕਰ ਗਾਂਧੀ ਜੀ ਪਾਸ ਕਾਂਗਰਸ ਹੈ ਤਾਂ ਜਿਨਾਹ ਪਾਸ ਵੀ ਮੁਸਲਿਮ ਲੀਗ ਹੈ। ਜੇਕਰ ਕਾਂਗਰਸ ਬਿਆਨ ਜਾਰੀ ਕਰਦੀ ਹੈ ਤਾਂ ਲੀਗ ਵੀ ਕਰਦੀ ਹੈ। ਜੇਕਰ ਕਾਂਗਰਸ ਪ੍ਰਧਾਨ ਸਮਾਚਾਰ ਪੱਤਰ ਸੰਮੇਲਨ ਬੁਲਾਉਂਦੇ ਹਨ ਤਾਂ ਮੁਸਲਿਮ ਲੀਗ ਦਾ ਪ੍ਰਧਾਨ ਵੀ ਇਹੋ ਕੁਝ ਕਰਦਾ ਹੈ। ਜੇਕਰ ਕਾਂਗਰਸ ਸੰਯੁਕਤ ਕੌਮਾਂਤਰੀ ਸਭਾ (ਯੂ. ਐਨ. ਓ) ਨੂੰ ਅਪੀਲ ਕਰਦੀ ਹੈ ਤਾਂ ਮੁਸਲਿਮ ਲੀਗ ਕਿਉਂ ਪਿੱਛੇ ਰਹੇ। ਅੰਤ ਨੂੰ ਇਹ ਕਦੋਂ ਤੱਕ ਚੱਲੇਗਾ ? ਦੋਵਾਂ ਵਿਚਕਾਰ ਕਦੋਂ ਸਮਝੌਤਾ ਹੋਵੇਗਾ ? ਕੋਈ ਫ਼ੈਸਲਾ ਛੇਤੀ ਹੁੰਦਾ ਤਾਂ ਨਜ਼ਰ ਨਹੀਂ ਆਉਂਦਾ।

ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਡਾ. ਅੰਬੇਡਕਰ ਦੀ ਕੋਈ ਵੀ ਦਲੀਲ ਅਤੇ ਅਪੀਲ ਨਹੀਂ ਮੰਨੀ ਗਈ। ਬਰਤਾਨਵੀ ਪਾਰਲੀਮੈਂਟ ਵਿਚ 4 ਜੁਲਾਈ, 1947 ਨੂੰ ਭਾਰਤ ਦੀ ਅਜ਼ਾਦੀ ਦਾ ਬਿੱਲ ਪੇਸ਼ ਕੀਤਾ ਗਿਆ ਜੋ 15 ਜੁਲਾਈ 1947 ਨੂੰ ਪਾਸ ਕਰ ਦਿੱਤਾ ਗਿਆ। ਅੰਤ ਭਾਰਤ ਦੀ ਵੰਡ ਹੋਈ। 15 ਅਗਸਤ 1947 ਨੂੰ ਹਿੰਦੋਸਤਾਨ ਬਣ ਗਿਆ ਪਰ ਪਾਕਿਸਤਾਨ ਇਕ ਦਿਨ ਪਹਿਲਾਂ 14 ਅਗਸਤ ਨੂੰ ਹੀ ਬਣ ਚੁੱਕਾ ਸੀ। ਪਰ ਪਾਕਿਸਤਾਨ ਗਾਂਧੀ ਜੀ ਦੀ ਲਾਸ਼ ਉਤੇ ਨਹੀਂ ਬਣਿਆ। ਕਿਉਂਕਿ ਗਾਂਧੀ ਜੀ ਅਜੇ ਜ਼ਿੰਦਾ ਸਨ ਜਦ ਕਿ ਮੁਸਲਮਾਨ ਤੇ ਹਿੰਦੂ ਸਿੱਖਾਂ ਵਿਚਕਾਰ ਫ਼ਿਰਕੂ ਫ਼ਸਾਦ ਜੰਗਲ ਦੀ ਅੱਗ ਵਾਂਗ ਫੈਲ ਰਹੇ ਸਨ।

ਦੋਵਾਂ ਦੇਸ਼ਾਂ ਤੇ ਕੌਮਾਂ ਵਿਚਕਾਰ ਫ਼ਿਰਕੂ ਫ਼ਸਾਦ ਏਨੇ ਭਿਆਨਕ ਸਨ ਕਿ ਇਕ ਮੌਕਾ ਅਜਿਹਾ ਵੀ ਆਇਆ ਕਿ ਪੰਡਿਤ ਨਹਿਰੂ ਤੇ ਸਰਦਾਰ ਪਟੇਲ ਨੇ ਲਾਰਡ ਮਾਊਂਟਬੈਟਨ ਨੂੰ ਸਰਕਾਰ ਦਾ ਕਾਰੋਬਾਰ ਫਿਰ ਤੋਂ ਸਾਂਭਣ ਦੀ ਬੇਨਤੀ ਕੀਤੀ ਕਿਉਂਕਿ ਫ਼ਿਰਕੂ ਫ਼ਸਾਦਾਂ ਵਿਚ ਲੱਖਾਂ ਲੋਕ ਮਾਰੇ ਜਾ ਰਹੇ ਸਨ।

ਡਾ. ਅੰਬੇਡਕਰ ਦੀ ਪੁਸਤਕ ਵਿਚ ਦਰਜ ਭਵਿੱਖਬਾਣੀਆਂ ਸੱਚੀਆਂ ਸਾਬਤ ਹੋਈਆਂ। 1947 ਵਿਚ ਜਦ ਭਾਰਤ ਦੀ ਵੰਡ ਹੋਈ, ਤਾਂ ਲੋਕ ਇਧਰੋਂ-ਉਧਰ ਜਾ ਰਹੇ ਸਨ ਤਾਂ ਫ਼ਿਰਕੂ ਫ਼ਸਾਦਾਂ ਦੇ ਰੂਪ ’ਚ ਇਕ ਵੱਡਾ ਘੱਲੂਘਾਰਾ ਵਾਪਰਿਆ, ਜਿਸ ਵਿਚ 10 ਲੱਖ ਲੋਕ ਮਾਰੇ ਗਏ। ਇਕ ਕਰੋੜ ਲੋਕਾਂ ਨੂੰ ਆਪਣੇ ਘਰਾਂ ਤੋਂ ਉਜੜਨਾ ਪਿਆ। ਦੋਵਾਂ ਪਾਸਿਆਂ ਤੋਂ ਇਕ ਲੱਖ ਲੜਕੀਆਂ ਨੂੰ ਚੁੱਕ ਕੇ ਉਨਾਂ ਦੀ ਬੇਪਤੀ ਕੀਤੀ ਗਈ, ਉਨਾਂ ਦਾ ਜ਼ਬਰਦਸਤੀ ਧਰਮ ਬਦਲਿਆ ਗਿਆ, ਉਨਾਂ ਵਿਚੋਂ ਅਨੇਕਾਂ ਨੂੰ ਵੇਚਿਆ ਗਿਆ।

ਡਾ. ਅੰਬੇਡਕਰ ਇਨਾਂ ਹਾਲਾਤ ਤੇ ਘਟਨਾਵਾਂ ਪ੍ਰਤੀ ਪਹਿਲਾਂ ਹੀ ਜਾਗਰੂਕ ਸਨ। ਜੇਕਰ ਡਾ. ਅੰਬੇਡਕਰ ਦੀਆਂ ਦਲੀਲਾਂ ਅਤੇ ਸੁਝਾਵਾਂ ਨੂੰ ਮੰਨ ਲਿਆ ਜਾਂਦਾ ਤਾਂ ਲੱਖਾਂ ਲੋਕੀਂ ਵੱਢ-ਵਢਾਂਗੇ ਅਤੇ ਉਜਾੜੇ ਤੋਂ ਬਚ ਜਾਣੇ ਸੀ। ਉਨਾਂ ਆਪਣੀ ਕਿਤਾਬ ‘ਥਾਟਸ ਆਨ ਪਾਕਿਸਤਾਨ’ ਵਿਚ ਕਿਹਾ ਸੀ ਕਿ ਤਬਾਹੀ ਤੋਂ ਬਚਣ ਲਈ ਪਹਿਲਾਂ ਹੀ ਮਿਲਟਰੀ ਦੀ ਰਹਿਨੁਮਾਈ ਵਿਚ ਅਬਾਦੀ ਦੀ ਅਦਲਾ ਬਦਲੀ ਕਰ ਲੈਣੀ ਚਾਹੀਦੀ ਹੈ ਪਰ ਉਨਾਂ ਦੇ ਸੁਝਾਅ ਉਤੇ ਆਗੂਆਂ ਨੇ ਕੋਈ ਧਿਆਨ ਨਹੀਂ ਦਿੱਤਾ।

ਜੇਕਰ ਦੇਸ਼ ਦੀ ਵੰਡ ਤੋਂ ਪਹਿਲਾਂ, ਡਾ. ਅੰਬੇਡਕਰ ਦੇ ਸੁਝਾਅ ਅਨੁਸਾਰ ਮਿਲਟਰੀ ਲਾ ਕੇ ਹਿੰਦੂਆਂ ਦੀ ਅਬਾਦੀ ਦਾ ਪਾਕਿਸਤਾਨ ਤੋਂ ਅਤੇ ਮੁਸਲਮਾਨਾਂ ਦੀ ਅਬਾਦੀ ਦਾ ਹਿੰਦੋਸਤਾਨ ਤੋਂ ਸ਼ਾਂਤਮਈ ਢੰਗ ਨਾਲ ਤਬਾਦਲਾ ਕਰ ਲਿਆ ਜਾਂਦਾ, ਤਾਂ 10 ਲੱਖ ਲੋਕ ਕਤਲ ਨਾ ਹੁੰਦੇ, ਲੱਖਾਂ ਔਰਤਾਂ ਦੀ ਬੇਇੱਜ਼ਤੀ ਨਾ ਹੁੰਦੀ ਅਤੇ ਜਾਇਦਾਦਾਂ ਦਾ ਨੁਕਸਾਨ ਨਾ ਹੁੰਦਾ।

ਇਥੇ ਇਹ ਵੀ ਦੱਸਣਯੋਗ ਹੈ ਕਿ ਭਾਰਤ ਦੇ ਬਟਵਾਰੇ ਸਮੇਂ ਜਦ ਦਲਿਤ ਲੋਕ ਭਾਰਤ ਆਉਣ ਲੱਗੇ ਤਾਂ ਪਾਕਿਸਤਾਨ ਸਰਕਾਰ ਨੇ ਦਲਿਤਾਂ ਦੇ ਭਾਰਤ ਜਾਣ ਉੱਤੇ ਇਸ ਕਰਕੇ ਪਾਬੰਦੀ ਲਾ ਦਿੱਤੀ ਕਿ ਜੇ ਦਲਿਤ ਹਿੰਦੋਸਤਾਨ ਚਲੇ ਗਏ ਤਾਂ ਫ਼ਿਰ ਉਨਾਂ ਦੀ ਗੰਦਗੀ ਕੌਣ ਉਠਾਏਗਾ ? ਸੜਕਾਂ ਦੀ ਸਫ਼ਾਈ ਕੌਣ ਕਰੇਗਾ ? ਇਸ ਸੋਚ ਤਹਿਤ ਪਾਕਿਸਤਾਨ ਸਰਕਾਰ ਨੇ ਦਲਿਤਾਂ ਨੂੰ ਭਾਰਤ ਆਉਣ ਤੋਂ ਰੋਕ ਲਿਆ ਅਤੇ ਮੁਸਲਮਾਨ ਬਣਨ ਲਈ ਮਜਬੂਰ ਕੀਤਾ।

ਡਾ. ਅੰਬੇਡਕਰ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਨਾਂ ਨੇ ਆਕਾਸ਼ਬਾਣੀ ਤੋਂ ਐਲਾਨ ਕੀਤਾ ਕਿ ਸਾਰੇ ਦਲਿਤ ਸ਼ੋਸ਼ਿਤ ਮਜ਼ਦੂਰ ਭਾਰਤ ਆਉਣ ਲਈ ਇਕ ਕੈਂਪ ਵਿਚ ਇਕੱਠੇ ਹੋ ਜਾਣ। ਅਸੀਂ ਫ਼ੌਜ ਭੇਜ ਰਹੇ ਹਾਂ, ਉਹ ਤੁਹਾਨੂੰ ਆਪਣੀ ਸੁਰੱਖਿਆ ਵਿਚ ਭਾਰਤ ਲੈ ਕੇ ਆਵੇਗੀ। ਡਾ. ਅੰਬੇਡਕਰ ਨੇ ਪ੍ਰਧਾਨ ਮੰਤਰੀ ਨਹਿਰੂ ਨੂੰ ਸਲਾਹ ਦੇ ਕੇ ਭਾਰਤੀ ਫ਼ੌਜ ਖ਼ਾਸ ਕਰਕੇ ਮਹਾਰ ਰੈਜੀਮੈਂਟ ਦੇ ਸੈਨਿਕ ਪਾਕਿਸਤਾਨ ਭੇਜੇ ਤੇ ਵੱਡੀ ਗਿਣਤੀ ਵਿਚ ਉਥੇ ਰਹਿੰਦੇ ਹਿੰਦੂ-ਸਿੱਖ ਦਲਿਤਾਂ ਦਾ ਮਿਲਟਰੀ ਦੀ ਦੇਖ-ਰੇਖ ’ਚ ਸ਼ਾਂਤਮਈ ਤਬਾਦਲਾ ਕਰਾਇਆ ਤਾਂ ਲੱਖਾਂ ਲੋਕ ਮੌਤ ਦੇ ਮੂੰਹ ਵਿਚੋਂ ਬਚ ਗਏ। ਜਲੰਧਰ, ਲੁਧਿਆਣਾ, ਅੰਬਾਲਾ, ਮੇਰਠ, ਦਿੱਲੀ, ਗੁਰਦਾਸਪੁਰ ਵਰਗੇ ਸ਼ਹਿਰਾਂ ਦੀਆਂ ਦਰਜਨਾਂ ਬਸਤੀਆਂ ਵਿਚ ਵਸੇ ਮੌਜੂਦਾ ਦਲਿਤ, ਪਾਕਿਸਤਾਨ ਵਿਚੋਂ ਹਿਜਰਤ ਕਰ ਕੇ ਆਏ ਹੋਏ ਲੋਕ ਹੀ ਹਨ। ਨਹੀਂ ਤਾਂ ਜੇ ਡਾ. ਅੰਬੇਡਕਰ ਉਪਰਾਲਾ ਨਾ ਕਰਦੇ ਤਾਂ ਮੁਸਲਮਾਨ, ਹਿੰਦੂ, ਸਿੱਖਾਂ ਵਾਂਗ ਦਲਿਤ ਵੀ ਵੱਡੀ ਪੱਧਰ ਉਤੇ 1947 ਦੇ ਘੱਲੂਘਾਰੇ ਵਿਚ ਮਾਰੇ ਜਾਂਦੇ। ਡਾ. ਅੰਬੇਡਕਰ ਦਾ ਇਹ ਪੰਜਾਬੀਆਂ ਉੱਤੇ ਹੀ ਨਹੀਂ ਮਨੁੱਖਤਾ ਲਈ ਮਹਾਨ ਪਰਉਪਕਾਰ ਸੀ।

# ਕਿੰਨਾ ਔਖਾ ਹੁੰਦਾ ਜਾ ਰਿਹੈ ਗਰੀਬਾਂ ਦਾ ਦੇਵਤਿਆਂ ਦੀ ਧਰਤੀ ’ਤੇ ਵਸਣਾ



**ਗੁਰਮੀਤ ਸਿੰਘ ਪਲਾਹੀ**
9815802070

ਕੁਦਰਤੀ ਸੋਮਿਆਂ ਨਾਲ ਭਰਪੂਰ, ਹਰੀ-ਹਰਿਆਲੀ, ਦੇਵਤਿਆਂ ਦੀ ਧਰਤੀ ‘ਭਾਰਤ’ ਕਿਹੜੇ ਵਹਿਣ ਵਿਚ ਵਹਿ ਤੁਰੀ ਹੈ। ਦਰਿਆ ਗੰਦੇ, ਝੀਲਾਂ ਸੁਕੀਆਂ, ਦਰੱਖ਼ਤ ਰੁੰਡ-ਮਰੁੰਡ ਅਤੇ ਇੱਕੋ ਸ਼ਹਿਰ ਦੇ ਵਸ਼ਿੰਦੇ ਇੱਕ ਉੱਚੇ ਮਹਿਲਾਂ ਵਾਲੇ, ਦੂਜੇ ਝੌਂਪੜੀਆਂ ’ਚ ਵਸਣ ਵਾਲੇ। ਤੇਤੀ ਕਰੋੜ ਦੇਵਤਿਆਂ ਦੀ ਧਰਤੀ, ਜਿਸ ਦੀ ਧਰਤੀ ਅੰਨ ਉਗਾਉਂਦੀ, ਸਭਨਾਂ ਦਾ ਪੇਟ ਪਾਲਦੀ ਸੀ, ਉਸਨੂੰ ਅਜਿਹਾ ਜ਼ਹਿਰ ਦਾ ਟੀਕਾ ਲਗਾ ਦਿੱਤਾ ਗਿਆ ਕਿ ਸਰੀਰ ਬਿਮਾਰੀ ਖਾਧੇ ਹੋ ਗਏ, ਕਮਾਈ ਦੇ ਸਾਧਨ ਧੰਨ ਕੁਬੇਰਾਂ ਹਥਿਆ ਲਏ। ਸਿਆਸਤਦਾਨਾਂ, ਰੁਜ਼ਗਾਰ ਦੀ ਥਾਂ, ਦੋ ਡੰਗ ਦੀ ਰੋਟੀ ਲਈ ਵੋਟਾਂ ਦੀ ਖ਼ਾਤਰ ਗਰੀਬ-ਗੁਰਬਿਆਂ ਨੂੰ ਮੁਫ਼ਤ ਅੰਨ-ਪਾਣੀ ’ਤੇ ਲੈ ਆਂਦਾ।

ਕਿਵੇਂ ਹੋਵੇ ਗੁਜ਼ਾਰਾ ਉਨਾਂ ਭੱਦਰ ਪੁਰਸ਼ਾਂ ਦਾ ਜਿਹਨਾ ਦੇ ਸਿਰ ਛੱਤ ਨਹੀਂ, ਹੱਥ ਰੁਜ਼ਗਾਰ ਨਹੀਂ, ਤਨ ਤੇ ਕੱਪੜੇ ਨਹੀਂ, ਢਿੱਡ ਭੁੱਖੇ ਹਨ। ਉਨਾਂ ਦੀ ਗਿਣਤੀ ਕਰੀਏ ਤਾਂ ਭਾਰਤ ਦੀ ਕੁੱਲ ਅੰਦਾਜ਼ਨ ਇੱਕ ਅਰਬ 40 ਕਰੋੜ ਅਬਾਦੀ ਵਿਚੋਂ ਇੱਕ ਡੰਗ ਦੀ ਰੋਟੀ ਜਿਨਾਂ ਨੂੰ ਮਸਾਂ ਨਸੀਬ ਹੁੰਦੀ ਹੈ, ਉਨਾਂ ਦੀ ਗਿਣਤੀ 20 ਕਰੋੜ ਤੋਂ ਵੱਧ ਹੈ।

ਦੇਸ਼ ਦੀਆਂ ਮੌਜੂਦਾ ਆਰਥਿਕ ਨੀਤੀਆਂ, ਜੋ ਅਮੀਰ ਪੱਖੀ ਹਨ, ਉਸ ਨਾਲ ਅਰਬਪਤੀਆਂ ਦੀ ਸੰਖਿਆ ਵਧ ਰਹੀ ਹੈ, ਮੱਧ ਵਰਗ ਦਾ ਆਕਾਰ ਘੱਟ ਰਿਹਾ ਹੈ ਅਤੇ ਗਰੀਬੀ ਦਾ ਦਾਇਰਾ ਵੱਧਦਾ ਜਾ ਰਿਹਾ ਹੈ। ਅਰਥ ਸ਼ਾਸ਼ਤਰ ਦੀ ਭਾਸ਼ਾ ’ਚ ਇਸਨੂੰ ਅੰਗਰੇਜੀ ਦੇ ਸ਼ਬਦ ‘ਕੇ’ ਆਕਾਰ ਵਾਲਾ ਵਾਧਾ ਕਿਹਾ ਜਾਂਦਾ ਹੈ।

ਦੇਸ਼ ਵਿਚ ਮਹਾਂਮਾਰੀ ਦੇ ਦੌਰਾਨ ਇੱਕ ਸਾਲ ਦੇ ਸਮੇਂ ’ਚ ਦੇਸ਼ ਵਿਚ ਹੋਰ ਤੇਈ ਕਰੋੜ ਲੋਕ ਗਰੀਬੀ ’ਚ ਚਲੇ ਗਏ। ਇਨਾਂ ਵਿਚੋਂ ਹੁਣ ਕਿੰਨੇ ਗਰੀਬੀ ’ਚੋਂ ਬਾਹਰ ਨਿਕਲੇ ਹਨ, ਇਸਦਾ ਕੋਈ ਅੰਕੜਾ ਨਹੀਂ ਮਿਲਦਾ ਲੇਕਿਨ ਅੱਸੀ ਕਰੋੜ ਲੋਕਾਂ ਨੂੰ ਹਾਲੇ ਵੀ ਮੁਫ਼ਤ ਰਾਸ਼ਨ ਗਰੀਬੀ ਦੇ ਅੰਕੜੇ ਦਾ ਅੰਦਾਜ਼ਾ ਦਿੰਦਾ ਹੈ। ਦੇਸ਼ ਦੀ ਇੰਨੀ ਵੱਡੀ ਆਬਾਦੀ ਮੁਫ਼ਤ ਰਾਸ਼ਨ ਉਤੇ ਨਿਰਭਰ ਹੋਵੇ ਤਾਂ ਇਸਨੂੰ ਤਰੱਕੀ ਦਾ ਕਿਹੜਾ ਤਮਗਾ ਕਹਾਂਗੇ, ਜਿਸ ਦੀਆਂ ਟਾਹਰਾਂ ਦੇਸ਼ ਦੀ ਹਕੂਮਤ ਗੱਜ-ਵੱਜ ਮਾਰ ਰਹੀ ਹੈ।

ਲੋਕ ਮਾਰੂ ਨੀਤੀਆਂ ਕਾਰਨ ਬਾਜ਼ਾਰ ਵਿੱਚ ਮੰਗ ਨਾ ਹੋਣ ਦੇ ਬਾਵਜੂਦ ਵੀ ਮਹਿੰਗਾਈ ਸਤਵੇਂ ਅਸਮਾਨੀਂ ਚੜੀ ਹੋਈ ਹੈ ਅਤੇ ਬੇਰੁਜ਼ਗਾਰੀ ਸਿਖਰਾਂ ਛੋਹ ਰਹੀ ਹੈ। ਗਲਤ ਨੀਤੀਆਂ ਦਾ ਖਮਿਆਜ਼ਾ ਤਾਂ ਆਮ ਜਨਤਾ ਨੂੰ ਹੀ ਭੁਗਤਣਾ ਪੈਂਦਾ ਹੈ, ਲੇਕਿਨ ਬਾਅਦ ਵਿੱਚ ਅਰਥ ਵਿਵਸਥਾ ਵੀ ਲਪੇਟੇ ਵਿੱਚ ਆਉਣੀ ਹੈ। ਅੱਜ ਕੱਲ ਸਰਕਾਰ ਦੀ ਕਮਾਈ ਵੀ ਘੱਟ ਰਹੀ ਹੈ। ਵਿੱਤੀ ਘਾਟਾ ਪੈ ਰਿਹਾ ਹੈ ਅਤੇ ਇਹ ਲਗਾਤਾਰ ਵੱਧ ਰਿਹਾ ਹੈ। ਵਿੱਤੀ ਸਾਲ 2022-23 ਦੇ ਲਈ ਵਿੱਤੀ ਟੀਚਾ ਜੀ ਡੀ ਪੀ ਦਾ 6.4 ਫੀਸਦੀ ਨਿਰਧਾਰਤ ਸੀ, ਨੀਤੀ ਘਾੜੇ ਇਸਨੂੰ ਪਿਛਲੇ ਸਾਲ ਦੇ ਸਤਰ ਜਾਣੀ 6.7 ਫੀਸਦੀ ਰਹਿਣ ਦੀ ਗੱਲ ਕਰਦੇ ਹਨ। ਵਿਸ਼ਵ ਪੱਧਰ ’ਤੇ ਕੱਚੇ ਤੇਲ ਦੀਆਂ ਕੀਮਤਾਂ ’ਚ ਵਾਧਾ ਅਤੇ ਬਜਾਰ ਵਿਚ ਘੱਟ ਰਹੀ ਮੰਗ ਕਾਰਨ ਅਤੇ ਰੁਪਏ ਦੀ ਕੀਮਤ ਲਗਾਤਾਰ ਡਾਲਰ, ਪਾਊਂਡ ਆਦਿ ਕਰੰਸੀਆਂ ਦੇ ਮੁਕਾਬਲੇ ’ਚ ਘਟਣ ਕਾਰਨ ਦੇਸ਼ ਦਾ ਵਿਦੇਸ਼ੀ ਮੁਦਰਾ ਦਾ ਭੰਡਾਰ 600 ਅਰਬ ਡਾਲਰ ਤੋਂ ਥੱਲੇ ਆ ਗਿਆ ਹੈ। ਵਿਦੇਸ਼ੀ ਕਰਜ਼ਾ ਪਿਛਲੇ ਸਾਲ ਦੇ ਮੁਕਾਬਲੇ 31 ਮਾਰਚ 2022 ਤੱਕ 8.2 ਫੀਸਦੀ ਵਧ ਕੇ 620.7 ਅਰਬ ਡਾਲਰ ਹੋ ਗਿਆ ਹੈ। ਮਹਿੰਗਾਈ ਦਾ ਦਬਾਅ ਲਗਾਤਾਰ ਬਣਿਆ ਹੋਇਆ ਹੈ। ਇਸ ਨਾਲ ਨਿਪਟਣ ਲਈ ਅਤੇ ਵਿੱਤੀ ਘਾਟੇ ਦੀ ਸਿਹਤ ਸੁਧਾਰਨ ਲਈ ਸਰਕਾਰ ਕਿਹੜੇ ਉਪਰਾਲੇ ਕਰੇਗੀ? ਇਨਾਂ ਉਪਰਾਲਿਆਂ ਨਾਲ ਖਜ਼ਾਨੇ ਦੀ ਹਾਲਤ ਖਰਾਬ ਹੋਏਗੀ ਹੀ ਹੋਏਗੀ ਅਤੇ ਵਿੱਤੀ ਘਾਟਾ ਵੀ ਵਧੇਗਾ। ਮਈ 2022 ’ਚ ਪੈਟਰੋਲ ਡੀਜ਼ਲ ਦੇ ਉਤਪਾਦਨ ਮੁੱਲ ਵਿਚ 8 ਰੁਪਏ ਅਤੇ 6 ਰੁਪਏ ਦੀ ਕਮੀ ਸਰਕਾਰ ਵਲੋਂ ਕੀਤੀ ਗਈ। ਇਸ ਨਾਲ ਇੱਕ ਲੱਖ ਕਰੋੜ ਰੁਪਏ ਦਾ ਵਿੱਤੀ ਘਾਟਾ ਸਰਕਾਰ ਨੂੰ ਸਹਿਣ ਕਰਨਾ ਪਿਆ। ਉਜਵਲ ਯੋਜਨਾ ਦੀ ਤਹਿਤ ਦੋ ਸੌ ਰੁਪਏ ਦਾ ਪ੍ਰਤੀ ਸਿਲੰਡਰ ਦੇਣ ਨਾਲ 6100 ਕਰੋੜ ਰੁਪਏ ਦਾ ਖਜ਼ਾਨੇ ਉੱਤੇ ਬੋਝ ਪਿਆ। ਲੋਹਾ, ਇਸਪਾਤ ਅਤੇ ਪਲਾਸਟਿਕ ਉੱਤੇ ਰਿਆਇਤਾਂ ਦੇਣ ਨਾਲ ਵਿੱਤੀ ਘਾਟਾ ਦਸ ਤੋਂ ਪੰਦਰਾਂ ਕਰੋੜ ਰੁਪਏ ਦਾ ਵਧੇਗਾ। ਸਬਸਿਡੀਆਂ ਵਿੱਚ ਵਾਧੇ ਨਾਲ ਇਸ ਵਰੇ ਸਰਕਾਰੀ ਖਜ਼ਾਨੇ ਨੂੰ ਹੋਰ 60,939 ਕਰੋੜ ਰੁਪਏ ਦਾ ਭਾਰ ਚੁੱਕਣਾ ਪਿਆ। ਇੱਥੇ ਆਰਥਿਕ ਤੰਗੀ ਨੂੰ ਵੇਖਦਿਆਂ ਭਾਰਤ ਦੇ ਵਿੱਤ ਵਿਭਾਗ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਅਤੇ ਹੋਰ ਯੋਜਨਾਵਾਂ ਸਤੰਬਰ 2022 ਤੋਂ ਬਾਅਦ ਬੰਦ ਕਰਨ ਦੀ ਸ਼ਿਫਾਰਸ਼ ਕੀਤੀ ਹੈ। ਇਸ ਨਾਲ ਤਾਂ ਗਰੀਬਾਂ ਦੀ ਹਾਲਾਤ ਹੋਰ ਵੀ ਮੰਦੀ ਹੋ ਜਾਵੇਗੀ।

ਦੇਸ਼ ਵਿੱਚ ਸਾਲ 2021-2022 ਦੇ ਦੌਰਾਨ ਪ੍ਰਤੀ ਵਿਅਕਤੀ ਸਲਾਨਾ ਆਮਦਨ 91,481 ਰੁਪਏ ਸੀ, ਜੋ ਮਹਾਂਮਾਰੀ ਤੋਂ ਪਹਿਲਾ 2019-20 ਵਿੱਚ 94,220 ਰੁਪਏ ਅਤੇ 2018-19 ਵਿੱਚ 92,241 ਰੁਪਏ ਸੀ। ਸੋ ਪ੍ਰਤੀ ਵਿਅਕਤੀ ਆਮਦਨ ਵਿਚ ਵੱਡਾ ਘਾਟਾ ਦੇਖਣ ਨੂੰ ਮਿਲਿਆ ਹੈ। ਸਾਲ 2020-21 ਮਹਾਂਮਾਰੀ ਦੌਰਾਨ ਤਾਂ ਇਹ ਆਮਦਨ ਘਟਕੇ 85,110 ਰੁਪਏ ਰਹਿ ਗਈ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪਿਛਲੇ ਪੰਜ ਵਰਿਆਂ ਦੌਰਾਨ ਆਮ ਆਦਮੀ ਦੀ ਔਸਤ ਆਮਦਨ ਵਧਣ ਦੀ ਬਜਾਏ ਘਟੀ ਹੈ ਜਦਕਿ ਇਸੇ ਸਮੇਂ ਦੌਰਾਨ ਮਹਿੰਗਾਈ ਵਧਕੇ ਦੁੱਗਣੀ ਹੋ ਗਈ ਹੈ।

ਦੇਸ਼ ’ਚ ਸਾਲ 2018-19 ਵਿਚ ਉਪਭੋਗਤਾ ਮੁੱਲ ਸੁਚਾਂਕ ਅਧਾਰਿਤ ਪ੍ਰਚੂਨ ਮਹਿੰਗਾਈ ਦਰ 3.4 ਫੀਸਦੀ ਸੀ। ਮੌਜੂਦਾ ਸਮੇਂ 2022-23 ਲਈ ਇਹ ਮਹਿੰਗਾਈ ਦਰ ਵੱਧਕੇ 6.7 ਫੀਸਦੀ ਹੋਣ ਦਾ ਅਨੁਮਾਨ ਹੈ। ਮਈ 2022 ਵਿਚ ਪ੍ਰਚੂਨ ਮਹਿੰਗਾਈ ਦਰ 7.04 ਦਰਜ ਕੀਤੀ ਗਈ। ਥੋਕ ਮਹਿੰਗਾਈ ਦਰ ਦੀ ਰਫ਼ਤਾਰ ਹੋਰ ਤੇਜ਼ ਹੈ। ਮਈ 2018 ’ਚ ਥੋਕ ਮੁੱਲ ਸੁਚਾਂਕ ’ਤੇ ਆਧਾਰਿਤ ਮਹਿੰਗਾਈ ਦਰ 4.43 ਫੀਸਦੀ ਰਹੀ ਜੋ 2022 ਵਿੱਚ 15.88 ਫੀਸਦੀ ਪੁੱਜ ਗਈ। ਇਹ ਪਿਛਲੇ 30 ਸਾਲਾਂ ਦੇ ਸਮੇਂ ਵਿਚ ਸਭ ਤੋਂ ਵੱਡਾ ਵਾਧਾ ਹੈ।

ਗੱਲ ਇਥੇ ਹੀ ਨਹੀਂ ਮੁੱਕਦੀ, ਔਕਸਫੇਮ ਇੰਡੀਆ ਦੀ ਰਿਪੋਰਟ ਪੜਨ ਵਾਲੀ ਹੈ, ਜਿਹੜੀ ਕਹਿੰਦੀ ਹੈ ਕਿ ਭਾਰਤ ਦੇ 84 ਫ਼ੀਸਦੀ ਲੋਕਾਂ ਦੀ ਆਮਦਨ ਮਹਾਂਮਾਰੀ ਦੌਰਾਨ ਘੱਟ ਗਈ ਜਦਕਿ ਇਸੇ ਸਮੇਂ ਦੌਰਾਨ ਧੰਨ ਕੁਬੇਰਾਂ, ਅਰਬਪਤੀਆਂ ਦੀ ਆਮਦਨ 23.1 ਲੱਖ ਕਰੋੜ ਰੁਪਏ ਤੋਂ ਵਧਕੇ 53.2 ਲੱਖ ਕਰੋੜ ਰੁਪਏ ਹੋ ਗਈ ਜੋ ਦੁਗਣੇ ਤੋਂ ਵੀ ਜ਼ਿਆਦਾ ਹੈ। ਅਰਬਪਤੀਆਂ ਦੀ ਗਿਣਤੀ 102 ਤੋਂ ਵੱਧ ਕੇ 142 ਹੋ ਗਈ। ਸਭ ਤੋਂ ਧਨੀ 10 ਫੀਸਦੀ ਲੋਕਾਂ ਦਾ ਦੇਸ਼ ਦੀ ਅਰਥ ਵਿਵਸਥਾ ਉਤੇ 77 ਫ਼ੀਸਦੀ ਕਬਜ਼ਾ ਹੋ ਗਿਆ ਅਤੇ ਦੇਸ਼ ਦੇ 98 ਅਰਬਪਤੀਆਂ ਦੀ ਕੁੱਲ ਜਾਇਦਾਦ 55.5 ਲੱਖ ਕਰੋੜ ਆਮ ਆਦਮੀ ਦੀ ਕੁਲ ਜਾਇਦਾਦ ਦੇ ਬਰਾਬਰ ਹੋ ਗਈ। ਇਸ ਤੋਂ ਵੱਡਾ ਸਿਤਮ ਭਲਾ ਦੁਨੀਆ ਦੇ ਹੋਰ ਕਿਸੇ ਦੇਸ਼ ਵਿਚ ਵੀ ਵੇਖਣ ਨੂੰ ਮਿਲਿਆ? ਹਾਕਮ ਧਿਰ ਜਿਹੜੀ ਦੇਸ਼ ਵਿਚ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਅਜੰਡਾ ਲਾਗੂ ਕਰ ਰਹੀ ਹੈ ਫਿਰਕਾਪ੍ਰਸਤਾਂ ਦੀ ਪੁਸ਼ਤਪਨਾਹੀ ਕਰਦੀ ਹੈ ਅਤੇ ਜਿਹੜੀ ਆਖਦੀ ਸੀ ਕਿ ਚੰਗੇ ਦਿਨ ਆਉਣ ਵਾਲੇ ਹਨ, ਭਲਾ ਇਹ ਦਸ ਸਕਣਗੇ ਕਿ ਕੀ ਇਹਨਾ ਚੰਗੇ-ਭਲੇ ਦਿਨਾਂ ਦੀ ਆਮ ਆਦਮੀ ਨੇ ਤਵੱਜੋ ਕੀਤੀ ਸੀ?

ਪੀਪਲਜ਼ ਰਿਸਰਚ ਆਨ ਇੰਡੀਅਨ ਕੰਜਿਊਮਰ ਇਕਾਨਮੀ ਦਾ ਸਰਵੇ ਹੋਰ ਵੀ ਸਪਸ਼ਟ ਕਰਦਾ ਹੈ ਜੋ ਕਹਿੰਦਾ ਹੈ ਕਿ ਦੇਸ਼ ਦੇ ਵੀਹ ਫੀਸਦੀ ਸਭ ਤੋਂ ਗਰੀਬ ਪਰਿਵਾਰਾਂ ਦੀ ਆਮਦਨ 2015-16 ਦੇ ਮੁਕਾਬਲੇ 2020-21 ਦੇ ਦੌਰਾਨ 53 ਫੀਸਦੀ ਘਟੀ ਹੈ। ਭਾਵ ਉਹ ਮਰਨ ਕਿਨਾਰੇ ਹੋਏ ਬੈਠੇ ਹਨ। ਦੇਸ਼ ਦੇ ਮੱਧ ਵਰਗ ਪਰਿਵਾਰਾਂ ਦੀ ਆਮਦਨ 9 ਫੀਸਦੀ ਘਟੀ ਜਦਕਿ ਉੱਚ ਮੱਧ ਵਰਗੀ ਪਰਿਵਾਰਾਂ ਦੀ ਆਮਦਨ ’ਚ 7 ਫੀਸਦੀ ਦਾ ਵਾਧਾ ਹੋਇਆ ਅਤੇ ਵੀਹ ਫੀਸਦੀ ਸਭ ਤੋਂ ਅਮੀਰ ਪਰਿਵਾਰਾਂ ਦੀ ਆਮਦਨੀ ਵਿੱਚ 39 ਫੀਸਦੀ ਦਾ ਵਾਧਾ ਹੋਣਾ ਪਾਇਆ ਗਿਆ।

ਸਰਕਾਰ ਕੋਲ ਵਿੱਤੀ ਘਾਟੇ ਨੂੰ ਪੂਰਾ ਕਰਨ ਲਈ ਦੋ ਰਸਤੇ ਹੁੰਦੇ ਹਨ। ਸਿੱਧੇ ਟੈਕਸ ਅਤੇ ਅਸਿੱਧੇ ਟੈਕਸ। ਸਿੱਧੇ ਟੈਕਸ ਆਮਦਨ ਉਤੇ ਅਤੇ ਕਾਰਪੋਰੇਟ ਵੀ ਇਸ ’ਚ ਸਿੱਧੇ ਟੈਕਸਾਂ ‘ਚ ਸ਼ਾਮਲ ਹੁੰਦਾ ਹੈ। ਅਸਿੱਧੇ ਟੈਕਸਾਂ ਵਿਚ ਜੀ.ਐਸ.ਟੀ., ਸੀਮਾ ਟੈਕਸ ਅਤੇ ਟੀ.ਡੀ.ਐਸ ਹਨ। ਗੈਰ ਕਰ ਸਰੋਤਾਂ ਵਿੱਚ ਸਰਵਜਨਕ ਕੰਪਨੀਆਂ ਦੀ ਕਮਾਈ ਆਉਂਦੀ ਹੈ। ਸਰਕਾਰ ਕਿਉਂਕਿ ਦੇਸ਼ ਵਿੱਚ ਨਿੱਜੀਕਰਨ ਦੇ ਰਸਤੇ ਤੁਰੀ ਹੋਈ ਹੈ, ਇਸ ਲਈ ਇਸ ਸਰਵਜਨਕ ਕਮਾਈ ਨੂੰ ਵੀ ਸੱਟ ਵੱਜ ਰਹੀ ਹੈ। ਦੇਸ਼ ਵਿਚ ਕਿਉਂਕਿ ਅਸਥਿਰ ਆਰਥਿਕ ਵਾਤਾਵਰਨ ਹੈ, ਇਸ ਲਈ ਨਿਵੇਸ਼ ਦੀ ਸਥਿਤੀ ਵੀ ਡਾਵਾਂਡੋਲ ਹੈ। ਸਾਲ 2021-22 ਵਿਚ ਟੀਚਾ ਸੀ ਕਿ 1.75 ਲੱਖ ਰੁਪਏ ਦਾ ਨਿਵੇਸ਼ ਪ੍ਰਾਪਤ ਕੀਤਾ ਜਾਏਗਾ ਪਰ ਇਹ 13,561 ਕਰੋੜ ਰੁਪਏ ਤੱਕ ਸਿਮਟਕੇ ਰਹਿ ਗਿਆ। ਮੌਜੂਦਾ ਵਰੇ ਦਾ ਨਿਵੇਸ਼ ਨਿਸ਼ਾਨਾ 65000 ਕਰੋੜ ਹੈ, ਲੇਕਿਨ ਭਾਰਤੀ ਜੀਵਨ ਬੀਮਾ ਨਿਗਮ ਦੇ ਆਈ ਪੀ ਓ ਦੇ ਫੇਲ ਹੋਣ ਕਾਰਨ ਇਹ ਪ੍ਰਾਪਤ ਕਰਨਾ ਦੂਰ ਦੀ ਗੱਲ ਹੋ ਗਈ ਹੈ। ਇਸੇ ਲਈ ਸਰਕਾਰ ਦਾ ਪੂਰਾ ਨਿਸ਼ਾਨਾ ਜੀ.ਐਸ. ਟੀ., ਸੀਮਾ ਕਰ ਪ੍ਰਾਪਤ ਕਰਨ ਤੱਕ ਸਿਮਟ ਗਿਆ ਹੈ। 2021-22 ’ਚ ਜੀ.ਐਸ.ਟੀ. ਤੋਂ ਸਰਕਾਰ ਨੂੰ 6.19 ਲੱਖ ਕਰੋੜ ਪ੍ਰਾਪਤ ਹੋਏ। ਬਾਜ਼ਾਰ ਵਿੱਚ ਮੰਗ ਹੋਣ ਦੇ ਬਾਵਜੂਦ ਵੀ ਜੀ.ਐਸ.ਟੀ. ਜ਼ਿਆਦਾ ਹੋਣ ਪਿੱਛੇ ਵੱਧ ਰਹੀ ਮਹਿੰਗਾਈ ਹੈ। ਸਰਕਾਰ ਲਗਾਤਾਰ ਜੀ.ਐਸ.ਟੀ. ਵਧਾ ਰਹੀ ਹੈ। ਕਈ ਚੀਜ਼ਾਂ ਜੀ.ਐਸ.ਟੀ. ਦੇ ਦਾਇਰੇ ਵਿਚ ਲਿਆਂਦੀ ਗਈਆਂ ਹਨ। ਕਈ ਚੀਜ਼ਾਂ ਦੀਆਂ ਜੀ.ਐਸ. ਟੀ. ਦਰਾਂ ਵਧਾ ਦਿੱਤੀਆਂ ਹਨ। ਇਹ ਦਰਾਂ 18 ਜੁਲਾਈ ਤੋਂ ਲਾਗੂ ਹੋਣਗੀਆਂ। ਇਸ ਨਾਲ ਮਹਿੰਗਾਈ ਹੋਰ ਵੀ ਵਧੇਗੀ।

ਦੇਸ਼ ਦੇ ਹਾਕਮਾਂ ਦੀ ਨੀਤ ਤੇ ਨੀਤੀ ਵੇਖੋ ਕਿ ਟੈਕਸ ਦਾ ਇਹ ਭਾਰ ਉਸ ਵਰਗ ਉਤੇ ਪਾਇਆ ਜਾ ਰਿਹਾ ਹੇ ਜਿਸਦੇ ਹੱਥ ਵਿੱਚ ਕਰਨ ਲਈ ਕੋਈ ਕੰਮ ਹੀ ਨਹੀਂ ਹੈ। ਉਸ ਵਰਗ ਨੂੰ ਟੈਕਸ ਛੋਟ ਦਿੱਤੀ ਜਾ ਰਹੀ ਹੈ, ਜਿਸਦੀਆਂ ਤਜੌਰੀਆਂ ਪਹਿਲਾਂ ਹੀ ਭਰੀਆਂ ਪਈਆਂ ਹਨ। ਇਹ ਲੋਕ ਜੋ ਕਮਾਈ ਕਰਦੇ ਹਨ, ਉਸਦਾ ਵੱਡਾ ਹਿੱਸਾ ਦੂਜੇ ਦੇਸ਼ਾਂ ਵਿਚ ਟਿਕਾਣੇ ਲਗਾ ਰਹੇ ਹਨ। ਕੀ ਇਹ ਕੁਨੀਤੀ ਨਹੀਂ? ਕੀ ਇਹ ਦੇਸ਼ ਧ੍ਰੋਹ ਨਹੀਂ?

ਮਿਸਾਲ ਲਵੋ 2020 ਵਿਚ ਕਾਰਪੋਰੇਟਾਂ ਲਈ ਟੈਕਸ 30 ਫੀਸਦੀ ਤੋਂ ਘਟਾ ਕੇ 22 ਫੀਸਦੀ ਕਰ ਦਿੱਤਾ ਜਿਸ ਨਾਲ 1.45 ਲੱਖ ਕਰੋੜ ਰੁਪਏ ਸਾਲਾਨਾ ਦਾ ਸਰਕਾਰੀ ਖਜ਼ਾਨੇ ਨੂੰ ਚੂਨਾ ਲੱਗਿਆ। ਫਿਰ ਵੀ ਸਰਕਾਰ ਦੀ ਬਦਨੀਤੀ ਦੇਖੋ ਜੋ ਦਲੀਲ ਦਿੰਦੀ ਹੈ ਕਿ ਕਟੌਤੀ ਤੋਂ ਬਾਅਦ ਵੀ ਕਾਰਪੋਰੇਟਾਂ ਵਲੋਂ ਜਮਾਂ ਟੈਕਸ ਰਕਮ ਵੱਧ ਰਹੀ ਹੈ। ਸਾਫ਼ ਦਿਸਦਾ ਹੈ ਕਿ ਅਮੀਰਾਂ ਦੀ ਆਮਦਨ ਵਧੇਗੀ, ਅਰਬਪਤੀਆਂ ਦੀ ਗਿਣਤੀ ਵਧੇਗੀ, ਉਨਾਂ ਦੀ ਜਾਇਦਾਦ ਵਧੇਗੀ। ਲੇਕਿਨ ਇਹ ਕਾਰਪੋਰੇਟ ਅਮੀਰਾਂ ਦਾ ਟੈਕਸ ਦਾ ਭਾਰ ਵੀ ਤਾਂ ਆਮ ਜਨਤਾ ਉਠਾ ਰਹੀ ਹੈ।

ਆਖ਼ਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਮ ਆਦਮੀ ਕਦੋਂ ਤੱਕ ਆਮਦਨ ਦਾ ਸ੍ਰੋਤ ਬਣਿਆ ਰਹੇਗਾ? ਕੱਦ ਤੱਕ ਇਹ ਹਾਕਮਾਂ ਦੀ ਭੁੱਖ ਮਿਟਾਉਂਦਾ ਰਹੇਗਾ, ਕਦ ਤੱਕ ਇਹ ਧੰਨ ਕੁਬੇਰਾਂ ਦੀ ਖੁਰਾਕ-ਖਾਜਾ ਬਣਿਆ ਰਹੇਗਾ? ਇਹ ਤਦੋਂ ਤੱਕ ਆਮਦਨ ਸ੍ਰੋਤ ਬਣਿਆ ਰਹੇਗਾ, ਜਦੋਂ ਤੱਕ ਇਹ ਇਸ ਲਾਇਕ ਹੈ, ਜਦੋਂ ਉਹਦੇ ਪੱਲੇ ਹੀ ਕੁਝ ਨਾ ਰਿਹਾ, ਤਾਂ ਹਾਕਮ ਉਸਨੂੰ ਕਿਵੇਂ ਨਿਚੋੜਨਗੇ, ਕਿਵੇਂ ਚੂੰਡਣਗੇ? ਕੀ ਲੋਕ ਕਲਿਆਣਕਾਰੀ ਰਾਜ ਵਿੱਚ ਗਰੀਬ ਆਮ ਆਦਮੀ ਤੋਂ ਵੱਧ ਤੋਂ ਵੱਧ ਟੈਕਸ ਵਸੂਲੀ ਅੱਛਾ ਸ਼ਗਨ ਹੈ? ਤੇ ਸਵਾਲ ਇਹ ਵੀ ਉੱਠ ਰਿਹਾ ਹੈ ਕਿ ਦੇਵਤਿਆਂ ਦੀ ਧਰਤੀ ‘ਤੇ ਗਰੀਬ ਲੋਕਾਂ ਦਾ ਖ਼ੂਨ ਜਰਵਾਣੇ ਕਦੋਂ ਤੱਕ ਪੀਂਦੇ ਰਹਿਣਗੇ? ਇਹੋ ਜਿਹੀ ਹਾਲਾਤ ਵਿੱਚ ਉਹ ਕਿਵੇਂ ਆਪਣੀ ਇਸ ਧਰਤੀ ਤੇ ਰਹਿ ਸਕਣਗੇ?

ਕਮਾਈ ਵਗੈਰ ਅਰਥ ਵਿਵਸਥਾ ਅਤੇ ਪਾਣੀ ਵਗੈਰ ਨਦੀ ਦੀ ਕੀ ਕਲਪਨਾ ਕੀਤੀ ਜਾ ਸਕਦੀ ਹੈ? ਜੇਕਰ ਸਰੋਤ ਸੁੱਕ ਗਏ ਤਾਂ ਸਮਝੋ ਦੋਨਾਂ ਦੀ ਹੋਂਦ ਖਤਰੇ ਵਿੱਚ ਹੈ। ਭਾਰਤ ਦੀ ਅਰਥ ਵਿਵਸਥਾ ਕੁੱਝ ਇਹੋ ਜਿਹੀ ਦਸ਼ਾ ਵੱਲ ਵੱਧ ਰਹੀ ਹੈ। ਸ਼੍ਰੀ ਲੰਕਾ ਦੀ ਅਰਥ ਵਿਵਸਥਾ ਦਾ ਜੋ ਹਾਲ ਹੋਇਆ ਹੈ ਇਹੋ ਜਿਹੀ ਹਾਲਤਾਂ ’ਚ ਕੀ ਭਾਰਤ ਦਾ ਵੀ ਇਹੋ ਜਿਹਾ ਹਾਲ ਤਾਂ ਨਹੀਂ ਹੋਏਗਾ ਤਾਂ ਫਿਰ ਗਰੀਬਾਂ ਦਾ ਕੀ ਬਣੇਗਾ?

# ਸੂਚਨਾ ਦੇ ਅਧਿਕਾਰ ’ਤੇ ਉੱਠਦੇ ਸਵਾਲ ਬਨਾਮ ਅਫਸਰਸ਼ਾਹੀ ਦਾ ਭ੍ਰਿਸ਼ਟਾਚਾਰ

**ਮੋਹਨ ਲਾਲ ਫਿਲੌਰੀਆ**

ਇਸ ਕਥਨ ਨਾਲ ਸਹਿਮਤ ਹੋਣਾ ਮੁਸ਼ਕਲ ਹੈ ਕਿ ਸੂਚਨਾ ਦੇ ਅਧਿਕਾਰ ਦੀ ਦੁਰਵਰਤੋਂ ਹੋ ਰਹੀ ਹੈ। ਅਸਲ ਦੁਖਾਂਤ ਇਹ ਹੈ ਕਿ ਦੇਸ਼ ਦੀ ਬਾਬੂਗਿਰੀ ਨੂੰ ਆਰਟੀਆਈ ਐਕਟ 2005 ਸਮਝ ਹੀ ਨਹੀਂ ਆਇਆ। ਜੇ ਸਮਝ ਆਇਆ ਵੀ ਤਾਂ ਇਸ ਨੂੰ ਲਾਗੂ ਨਹੀਂ ਕੀਤਾ ਗਿਆ। ਖ਼ਾਸ ਕਰ ਕੇ ਪੰਜਾਬ ਵਿਚ ਹੁਣ ਭ੍ਰਿਸ਼ਟਾਚਾਰ ਆਪਣੀ ਚਰਮ ਸੀਮਾ ’ਤੇ ਹੈ। ਮੌਜੂਦਾ ਸਰਕਾਰ ਦੇ ਮੰਤਰੀ ਤੋਂ ਇਲਾਵਾ ਸਾਬਕਾ ਵਿਧਾਇਕ, ਸਾਬਕਾ ਮੰਤਰੀ ਤੇ ਆਈਏਐੱਸ ਅਫ਼ਸਰ ਵੀ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਜੇਲਾਂ ਵਿਚ ਡੱਕੇ ਜਾ ਰਹੇ ਹਨ।

ਸ਼ੁਰੂ-ਸ਼ੁਰੂ ਵਿਚ ਆਰਟੀਆਈ ਐਕਟ ਨੂੰ ਹਊਆ ਸਮਝਿਆ ਜਾ ਰਿਹਾ ਸੀ। ਆਰਟੀਆਈ ਅਧੀਨ ਆਈ ਅਰਜ਼ੀ ਤੋਂ ਡਰ ਲੱਗਦਾ ਸੀ ਪਰ ਫਿਰ ਹੌਲੀ-ਹੌਲੀ ਡਰ ਦੂਰ ਹੋ ਗਿਆ। ਸੂਚਨਾ ਦੇਣ ਵਾਲੇ ਸੂਚਨਾ ਮੰਗਣ ਵਾਲਿਆਂ ਨੂੰ ਡਰਾਉਣ-ਧਮਕਾਉਣ ਲੱਗੇ। ਸੂਚਨਾ ਦੇਣ ਵਾਲੇ ਇਹ ਪੁੱਛਣ ਲੱਗਦੇ ਕਿ ਤੂੰ ਇਹ ਸੂਚਨਾ ਕੀ ਕਰਨੀ ਹੈ। ਇਹ ਥਰਡ ਪਾਰਟੀ ਪਰਸਨਲ ਪ੍ਰਾਈਵੇਟ ਸੂਚਨਾ ਹੈ, ਨਹੀਂ ਦਿੱਤੀ ਜਾ ਸਕਦੀ, ਜਾਓ ਬੈਠੋ ਆਰਾਮ ਨਾਲ। ਸੂਚਨਾ 30 ਦਿਨਾਂ ਵਿਚ ਦੇਣੀ ਸੀ, ਨਹੀਂ ਦਿੱਤੀ। ਪਹਿਲਾਂ ਅਪੀਲ ਪਾਓ ਜੀ। ਪਹਿਲੀ ਅਪੀਲ ਪਾ ਦਿੱਤੀ। ਸੂਚਨਾ ਨਹੀਂ ਦਿੱਤੀ। ਦੂਜੀ ਅਪੀਲ ਚੰਡੀਗੜ ਪਾਓ ਜੀ। ਪਾ ਦਿੱਤੀ। ਚੰਡੀਗੜ ਜਾਓ ਜੀ। ਤਰੀਕਾਂ ਭੁਗਤੋ। ਸਬੰਧਤ ਵਿਭਾਗ ਵਾਲੇ ਜਾਓ, ਨਾ ਜਾਓ। ਪੰਜਾਬ ਸਟੇਟ ਸੂਚਨਾ ਕਮਿਸ਼ਨ, ਪੰਜਾਬ ਸਟੇਟ ਇਨਫਰਮੇਸ਼ਨ ਕਮਿਸ਼ਨ (ਪੀਐੱਸਆਈਸੀ) ਦੇ ਸਤਿਕਾਰਤ ਕਮਿਸ਼ਨਰ ਤਰੀਕ ਪਾ ਦਿੰਦੇ ਹਨ। ਸੂਚਨਾ ਮੰਗਣ ਵਾਲਾ ਵਿਅਕਤੀ ਠਿੱਠ ਹੋ ਕੇ ਘਰ ਨੂੰ ਪਰਤਦਾ ਹੈ। ਆਰਟੀਆਈ ਐਕਟ ਹੱਸਦਾ ਹੈ।

ਆਰਟੀਆਈ ਐਕਟ 2005 ਦੀ ਇੰਟਰੋਡਕਸ਼ਨ ਵਿਚ ਬੜਾ ਸਪਸ਼ਟ ਲਿਖਿਆ ਹੈ ‘ਟੂ ਇਨਸ਼ੋਅਰ ਗ੍ਰੇਟਰ ਐਂਡ ਮੋਰ ਇਫੈਕਟਿਵ ਅਕਸੈਸ ਟੂ ਇਨਫਰਮੇਸ਼ਨ’ ਅਤੇ ਅੱਗੇ ਹੋਰ ਲਿਖਿਆ ਹੈ ‘ਮੈਕਸੀਮਮ ਡਿਸਕਲੋਜ਼ਰ ਮਿਨੀਮਮ ਐਗਜ਼ੈਂਪਸ਼ਨਜ਼’। ਪਰ ਦੇਖਿਆ ਇਹ ਗਿਆ ਹੈ ਸਥਿਤੀ ਉਲਟ ਹੈ।

ਕੋਈ ਨਾ ਕੋਈ ਬਹਾਨਾ ਘੜ ਕੇ ਮੰਗੀ ਗਈ ਸੂਚਨਾ ਬਿਨੈਕਾਰ ਨੂੰ ਨਹੀਂ ਦਿੱਤੀ ਜਾਂਦੀ। ਆਰਟੀਆਈ ਭਾਵ ਰਾਈਟ ਟੂ ਇਨਫਰਮੇਸ਼ਨ ਤਹਿਤ ਹੁੰਦੀ ਖੱਜਲ-ਖੁਆਰੀ ਤੋਂ ਬਾਅਦ ਹੁਣ ਇਸ ਦਾ ਪੂਰਾ ਨਾਂ ‘ਰਾਈਟ ਟੂ ਇਗਨੋਰ’ ਬਣ ਗਿਆ।

ਕਿਸੇ ਵੀ ਵਿਭਾਗ ਨੂੰ ਕੋਈ ਵੀ ਅਰਜ਼ੀ ਪਾ ਕੇ ਸੂਚਨਾ ਮੰਗ ਕੇ ਦੇਖ ਲਓ। ਸੂਚਨਾ ਨਹੀਂ ਮਿਲੇਗੀ। ਅਪੀਲ ਪਾ ਲਓ, ਪਹਿਲੀ ਐਪੇਲੇਟ ਅਥਾਰਟੀ ਪੀਆਈਓ ਨਾਲ ਸਹਿਮਤੀ ਪ੍ਰਗਟ ਕਰੇਗੀ। ਹੁਣ ਚੱਲਦੇ ਹਾਂ ਦੂਜੀ ਅਪੀਲ ਵੱਲ। ਦੂਜੀ ਅਪੀਲ ਸੀਆਈਸੀ-ਪੀਐਸਆਈਸੀ ਚੰਡੀਗੜ ਜਾਓ। ਮੁੱਖ ਸੂਚਨਾ ਕਮਿਸ਼ਨਰ ਪੰਜਾਬ ਸਟੇਟ ਇਨਫਰਮੇਸ਼ਨ ਕਮਿਸ਼ਨ ਸੈਕਟਰ 16 ਚੰਡੀਗੜ ਕੋਲ ਜਾਂਦੀ ਹੈ। ਅਪੀਲ ਉਸ ਦਾ ਹਸ਼ਰ ਦੇਖੋ।

ਪਿਛਲਾ ਤਜਰਬਾ ਦੱਸਦਾ ਹੈ ਕਿ ਪਹਿਲਾਂ ਤਾਂ ਅਪੀਲ ਜਾਣ ’ਤੇ ਨਿੱਕੀਆਂ-ਨਿੱਕੀਆਂ ਤਰੁੱਟੀਆਂ ਕੱਢ ਕੇ ਅਪੀਲਾਂ ਵਾਪਸ ਕਰ ਦਿੱਤੀਆਂ ਜਾਂਦੀਆਂ ਹਨ ਜਾਂ ਫਿਰ ਭੇਜਣ ਲਈ ਕਿਹਾ ਜਾਂਦਾ ਹੈ। ਮੰਨ ਲਓ ਅਪੀਲ ਦਰਜ ਹੋ ਗਈ। ਫਿਰ ਤਰੀਕਾਂ ’ਤੇ ਤਰੀਕਾਂ ਪੈਂਦੀਆਂ ਹਨ ਤੇ ਚੰਡੀਗੜ ਦੇ ਗੇੜੇ ਕੱਢਣੇ ਪੈਂਦੇ ਹਨ। ਜੇ ਕਿਧਰੇ ਤੁਹਾਡੀ ਅਪੀਲ ਕਿਸੇ ਉਸ ਦਫ਼ਤਰ ਬਾਰੇ ਹੈ ਜਿਸ ਦਾ ਮੁਖੀ ਆਈਏਐੱਸ, ਆਈਪੀਐੱਸ, ਪੀਸੀਐੱਸ ਅਫ਼ਸਰ ਹੈ ਤਾਂ ਫਿਰ ਭੁੱਲ ਜਾਓ ਕਿ ਕੋਈ ਸੂਚਨਾ ਮਿਲੇਗੀ। ਸ਼ਾਇਦ ਇਹ ਇਸ ਕਰ ਕੇ ਹੈ ਕਿ ਪੀਐੱਸਆਈਸੀ ਦੇ ਮੌਜੂਦਾ ਮੁਖੀਆਂ, ਸਾਬਕਾ ਡੀਜੀਪੀ, ਆਈਪੀਐੱਸ ਅਧਿਕਾਰੀ ਹਨ ਅਤੇ ਉਨਾਂ ਨੂੰ ਆਈਏਐੱਸ, ਆਈਪੀਐੱਸ ਅਧਿਕਾਰੀਆਂ ਦਾ ਖ਼ਿਆਲ ਬਣਿਆ ਰਹਿੰਦਾ ਹੈ। ਇਹ ਪੱਖਪਾਤ ਹੈ। ਸਹੀ ਨਿਆਂ ਦਾ ਰਸਤਾ ਨਹੀਂ। ਸ਼ਾਇਦ ਇਸ ਕਰ ਕੇ ਆਈਏਐੱਸ ਦਾ ਰੈਂਕ ਆਈਪੀਐੱਸ ਤੋਂ ਉੱਪਰ ਹੈ।

ਪੰਜਾਬ ਰਾਜ ਸੂਚਨਾ ਕਮਿਸ਼ਨ ਦਾ ਆਪਣਾ ਹਿਸਾਬ ਠੀਕ ਨਹੀਂ। ਸੂਚਨਾ ਦੇਣ ਤੋਂ ਖ਼ੁਦ ਪੀਐੱਸਆਈਸੀ ਦਫ਼ਤਰ ਵੀ ਗੁਰੇਜ਼ ਕਰਦਾ ਹੈ। ਅਪੀਲ ਕੇਸ ਨੰ. ੫4੫4/2021 ਰਾਹੀਂ ਮੈਂ ਕਮਿਸ਼ਨ ਦੇ ਦਫ਼ਤਰ ਤੋਂ ਇਹ ਜਾਣਨਾ ਚਾਹਿਆ ਸੀ ਕਿ ਕਮਿਸ਼ਨ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤਕ ਕਿੰਨੇ ਪੀਆਈਓਜ਼ ਅਤੇ ਐਪੇਲੇਟ ਅਥਾਰਟੀ ਨੂੰ ਪਹਿਲੀ ਸੂਚਨਾ ਨਾ ਦੇਣ ’ਤੇ ਕਿੰਨਾ-ਕਿੰਨਾ ਜੁਰਮਾਨਾ ਲਾਇਆ ਹੈ, ਉਸ ਦਾ ਵਿਸਥਾਰ ਦਿੱਤਾ ਜਾਵੇ।

**ਬਾਕੀ ਸਫ਼ਾ 30 ’ਤੇ**




# ਬੱਚਿਆਂ ਦੇ ਪਾਲਨ ਪੋਸ਼ਣ ਵਿੱਚ ਬਜ਼ੁਰਗਾਂ ਦੀ ਅਹਿਮੀਅਤ

**ਹਰਵਿੰਦਰ ਸਿੰਘ ਭੱਟੋਂ**

ਸਾਂਝਾ ਪਰਿਵਾਰ ਸਾਡੇ ਪੰਜਾਬੀ ਸਭਿਆਚਾਰ ਦਾ ਇੱਕ ਬਹੁਤ ਖ਼ੂਬਸੂਰਤ ਪੱਖ ਹੈ। ਚਾਚੇ, ਤਾਏ, ਦਾਦਾ, ਦਾਦੀ ਕਿੰਨੇ ਰਿਸ਼ਤੇ ਹੁੰਦੇ ਨੇ ਸਾਡੇ ਸਾਂਝੇ ਪਰਿਵਾਰਾਂ ਵਿੱਚ। ਖੇਤੀਬਾੜੀ ਆਧਾਰਿਤ ਅਰਥਚਾਰੇ ਵਿੱਚ ਸਾਂਝਾ ਪਰਿਵਾਰ ਇੱਕ ਵੱਡੀ ਲੋੜ ਵੀ ਸੀ ।

ਸਮਾਜਿਕ ਸੁਰੱਖਿਆ ਪੱਖੋਂ ਵੀ ਸਾਂਝੇ ਪਰਿਵਾਰਾਂ ਦੀ ਬਹੁਤ ਅਹਿਮੀਅਤ ਸੀ ਕਿਸੇ ਇੱਕ ਪਰਿਵਾਰਕ ਮੈਂਬਰ ਦੇ ਕਿਸੇ ਕਾਰਨ ਗੁਜ਼ਰ ਜਾਣ ਤੇ ਸਾਰਾ ਪਰਿਵਾਰ ਉਸਦੀ ਪਤਨੀ ਤੇ ਬੱਚਿਆਂ ਦੀ ਸੰਭਾਲ ਕਰਦਾ ਸੀ ।

ਜ਼ਿੰਦਗੀ ਵਿੱਚ ਸਾਰੇ ਰਿਸ਼ਤਿਆਂ ਦੀ ਆਪੋ-ਆਪਣੀ ਅਹਿਮੀਅਤ ਹੁੰਦੀ ਹੈ। ਰਿਸ਼ਤੇ ਇੱਕ ਦੂਜੇ ਦੇ ਵਿਰੋਧੀ ਨਹੀ ਹੁੰਦੇ ਸਗੋਂ ਇੱਕ ਦੂਜੇ ਦੇ ਪੂਰਕ ਹੁੰਦੇ ਨੇ। ਚਾਚੇ-ਤਾਏ ਸ਼ਰੀਕ ਨਹੀਂ ਹੁੰਦੇ ਸਗੋਂ ਦੁੱਖ-ਸੁੱਖ ਵੇਲੇ ਸਭ ਤੋਂ ਨੇੜਲੇ ਸਹਾਰੇ ਹੁੰਦੇ ਨੇ।

ਪਰ ਸਮਾਂ ਬੜਾ ਤੇਜ਼ੀ ਨਾਲ ਬਦਲਿਆ ਜਿਵੇਂ ਜਿਵੇਂ ਪੜ ਲਿਖ ਕੇ ਖੇਤੀਬਾੜੀ ਤੋਂ ਨੌਕਰੀਆਂ ਤੇ ਵਪਾਰਾਂ ਵੱਲ ਨੂੰ ਰੁੱਖ ਕੀਤਾ ਤਾਂ ਪਿੰਡ ਛੱਡ ਹੋਲੀ ਹੋਲੀ ਅਸੀ ਸ਼ਹਿਰਾਂ ਵੱਲ ਨੂੰ ਮੂੰਹ ਕਰ ਲਿਆ ਸ਼ਹਿਰਾਂ ਤੋਂ ਵੀ ਅੱਗੇ ਵਿਦੇਸ਼ਾਂ ਵਿੱਚ ਵੀ ਪਹੁੰਚ ਗਏ। ਹੌਲੀ ਹੌਲੀ ਸਾਂਝੇ ਪਰਿਵਾਰਾਂ ਦੀ ਥਾਂ ਇਕਹਰੇ ਪਰਿਵਾਰਾਂ ਨੇ ਲੈ ਲਈ ।ਅੱਜ ਕੱਲ ਇਕਹਰੇ ਪਰਿਵਾਰਾਂ ਦਾ ਬੋਲਬਾਲਾ ਹੈ।



ਇਕਹਰੇ ਪਰਿਵਾਰਾਂ ਵਿੱਚ ਸਾਂਝੇ ਪਰਿਵਾਰਾਂ ਨਾਲੋਂ ਵਿਅਕਤੀਗਤ ਅਜ਼ਾਦੀ ਤਾਂ ਵੱਧ ਮਿਲਣ ਲੱਗੀ ਹੈ ਪਰ ਬੜਾ ਕੁਝ ਚੰਗਾ ਵੀ ਗੁਆ ਲਿਆ ਹੈ ।ਖਾਸ ਕਰਕੇ ਬੱਚਿਆਂ ਦੇ ਪਾਲਣ ਪੋਸ਼ਣ ਵਿੱਚ ਕਿੰਨੀਆਂ ਹੀ ਕਮੀਆਂ ਰਹਿ ਜਾਂਦੀਆਂ ਨੇ, ਜੇਕਰ ਮੀਆਂ ਬੀਵੀ ਦੋਨੇ ਨੌਕਰੀ ਪੇਸ਼ਾ ਹੋਣ ਤਾਂ ਜਿੰਮੇਵਾਰੀਆਂ ਏਨੀਆਂ ਹੁੰਦੀਆਂ ਨੇ ਕਿ ਪਤਾ ਹੀ ਨਹੀਂ ਲੱਗਦਾ ਕਦੋਂ ਸਵੇਰ ਤੋਂ ਰਾਤ ਹੋ ਗਈ ਹੈ ।

ਚੱਲੋ ਮੰਨ ਲਿਆ ਕਿ ਸਮੇਂ ਤੇ ਹਾਲਤਾਂ ਦੇ ਮੁਤਾਬਕ ਚਾਚੇ-ਤਾਇਆ ਵਾਲੇ ਸਾਂਝੇ ਪਰਿਵਾਰ ਵਿੱਚ ਰਹਿਣਾ ਅੱਜ-ਕੱਲ ਕਈਆਂ ਲਈ ਸੰਭਵ ਨਾ ਹੋਵੇ ਪਰ ਆਪਣੇ ਮਾਤਾ-ਪਿਤਾ ਨੂੰ ਤਾਂ ਨਾਲ ਰੱਖ ਸਕਦੇ ਹਾਂ।

ਦਾਦਾ-ਦਾਦੀ ਜੋ ਸਿੱਖਿਆਵਾਂ ਮੋਹ ਪਿਆਰ ਤੇ ਨਰਮਾਈ ਨਾਲ ਪੋਤੇ-ਪੋਤੀਆਂ ਨੂੰ ਦੇ ਸਕਦੇ ਹਨ ਉਹ ਮਾਂ-ਬਾਪ ਨਹੀ ਦੇ ਸਕਦੇ ਦਾਦਾ-ਦਾਦੀ ਦਾ ਬਦਲ ਮੋਬਾਇਲ ਫੋਨ ਤੇ ਟੀ ਵੀ ਨਹੀਂ ਹੋ ਸਕਦੇ।

ਸਾਂਝੇ ਪਰਿਵਾਰਾਂ ਵਿੱਚ ਬੱਚੇ ਸਹਿਜ ਸੁਭਾ ਹੀ ਘਰ ਦੇ ਬਜ਼ੁਰਗਾਂ ਤੋਂ ਸਾਡੇ ਵਿਰਸੇ ਵਾਰੇ ਜਾਣ ਲੈਂਦੇ ਨੇ। ਬੱਚਿਆਂ ਨੂੰ ਸਮਾਜਿਕ ਕਦਰਾਂ ਕੀਮਤਾਂ ਤੇ ਰਿਸ਼ਤਿਆਂ ਦਾ ਮਹੱਤਵ ਵਾਰੇ ਘਰ ਦੇ ਬਜ਼ੁਰਗਾਂ ਤੋਂ ਪਤਾ ਲੱਗਦਾ ਰਹਿੰਦਾ ਹੈ।

ਵੈਸੇ ਵੀ ਦਾਦਾ-ਦਾਦੀ ਤੇ ਨਾਨਾ-ਨਾਨੀ ਦੇ ਰਿਸ਼ਤੇ ਹੁੰਦੇ ਹੀ ਬਹੁਤ ਪਿਆਰੇ ਨੇ ਦਾਦੇ-ਦਾਦੀ ਤੇ ਨਾਨੇ-ਨਾਨੀ ਵੱਲੋਂ ਆਪਣੇ ਪੋਤਰੇ-ਪੋਤਰੀਆਂ ਤੇ ਦੋਹਤੇ-ਦੋਹਤਰੀਆਂ ਨੂੰ ਉਨਾਂ ਦੀ ਹਰ ਗਲਤੀ ਦੀ ਮੁਆਫ਼ੀ ਪਹਿਲਾਂ ਹੀ ਦਿੱਤੀ ਹੁੰਦੀ ਹੈ ।ਮੂਲ ਨਾਲੋਂ ਵਿਆਜ ਪਿਆਰਾ ਹੋ ਹੀ ਜਾਂਦਾ ਹੈ।

ਸਾਡੇ ਬੱਚੇ ਵੀ ਸਾਡੇ ਤੇ ਸਾਡੇ ਮਾਂ-ਬਾਪ ਵਿਚਕਾਰ ਇੱਕ ਪੁੱਲ ਦਾ ਕੰਮ ਕਰਦੇ ਨੇ.. ਅਸੀਂ ਕੰਮਾਂ ਕਾਰਾਂ ਤੇ ਜਿੰਮੇਵਾਰੀਆਂ ਵਿੱਚ ਉਲਝੇ ਆਪਣੇ ਮਾਂ-ਬਾਪ ਨੂੰ ਸਮਾਂ ਹੀ ਨਹੀ ਦੇ ਪਾਉਂਦੇ ਉਹ ਉਡੀਕ ਦੇ ਰਹਿੰਦੇ ਨੇ ਕਿ ਕਦੋਂ ਅਸੀ ਉਹਨਾਂ ਕੋਲ ਕੁਝ ਸਮੇਂ ਲਈ ਬੈਠੀਏ। ਪਰ ਸਾਡੇ ਬੱਚੇ ਜਦੋਂ ਆਪਣੀ ਦਾਦਾ-ਦਾਦੀ ਨਾਲ ਵਕਤ ਗੁਜ਼ਾਰ ਦੇ ਨੇ ਤਾਂ ਸਾਡੀ ਘਾਟ ਪੂਰੀ ਕਰ ਦਿੰਦੇ ਨੇ।

ਜਦੋ ਨਿੱਕੇ ਹੁੰਦੇ ਸੀ ਤਾਂ ਸਾਡੀ ਦਾਦੀ ਕਈ ਵਾਰ ਸਾਡੇ ਕਰਕੇ ਸਾਡੀ ਮਾਤਾ ਨਾਲ ਲੜ ਪੈਂਦੀ ਸੀ ਤਾਂ ਸਾਨੂੰ ਬੜਾ ਵਧੀਆ ਲੱਗਦਾ ਸੀ ਕਿ ਚੱਲ ਕੋਈ ਤਾਂ ਹੈਗਾ ਜਿਹੜਾ ਸਾਨੂੰ ਘੂਰਨ ਵਾਲਿਆਂ ਨੂੰ ਵੀ ਘੂਰ ਸਕਦਾ ।

ਸਿਆਣੇ ਕਹਿੰਦੇ ਨੇ ਘਰ ਦੇ ਬਜ਼ੁਰਗ ਤਾਂ ਮੁਫ਼ਤ ਦਾ ਜੰਦਰਾ ਹੁੰਦੇ ਨੇ ਭਾਵ ਜਦੋਂ ਅਸੀਂ ਕੰਮਾਂ ਕਾਰਾਂ ਤੇ ਚਲੇ ਜਾਂਦੇ ਹਾਂ ਤਾਂ ਸਾਡਾ ਘਰ ਬਾਰ ਸਾਂਭਦੇ ਨੇ। ਅਸੀਂ ਜਿਸ ਰੁੱਖ ਦੀਆਂ ਟਾਹਣੀਆਂ ਹਾਂ ਬਜ਼ੁਰਗ ਉਸ ਦੀਆਂ ਜੜਾਂ ਨੇ। ਇਨਾਂ ਸਦਾ ਨਹੀਂ ਰਹਿਣਾ ਸਾਡੇ ਕੋਲ ਇਹ ਕੀਮਤੀ ਸਰਮਾਇਆ ਨੇ ਜੇ ਸਾਂਭ ਸਕਦੇ ਹੋ ਤਾਂ ਸਾਂਭ ਲਵੋ।

# ਬਾਲ ਸਾਹਿਤ ਰਾਹੀਂ ਬੱਚਿਆਂ ਨੂੰ ਸਿੱਖੀ ਨਾਲ ਜੋੜਿਆ ਜਾਵੇ

**ਜਗਜੀਤ ਸਿੰਘ ਗਣੇਸ਼ਪੁਰ**

ਇਤਿਹਾਸ ਕੌਮਾਂ ਦਾ ਸਰਮਾਇਆ ਹੁੰਦਾ ਹੈ। ਡਿੱਗਦੀ-ਢਹਿੰਦੀ ਕੌਮਾਂ ਲਈ ਇਤਿਹਾਸ ਇਕ ਸ਼ਕਤੀ ਦਾ ਸੋਮਾ ਬਣਦਾ ਹੈ। ਇਤਿਹਾਸ ਭਵਿੱਖ ਦੀ ਨੀਂਹ ਹੁੰਦਾ ਹੈ। ਸਿੱਖ ਕੌਮ ਦਾ ਇੱਕ ਮਾਣਮੱਤਾ ਇਤਿਹਾਸ ਹੈ। ਸਿੱਖ ਇਤਿਹਾਸ ਸ਼ਹਾਦਤਾਂ ਨਾਲ ਸਾਰਸ਼ਾਰ ਹੈ। ਸਿੱਖ ਤਵਾਰੀਖ ਦਾ ਸ਼ਾਇਦ ਹੀ ਕੋਈ ਅਜਿਹਾ ਪੰਨਾ ਹੋਵੇ ਜਿਹੜਾ ਸ਼ਹਾਦਤਾਂ ਦੀ ਸ਼ਾਹਦੀ ਨਾ ਭਰਦਾ ਹੋਵੇ। ਆਉਣ ਵਾਲੀਆਂ ਨਸਲਾਂ ਲਈ ਇਤਿਹਾਸ ਇਕ ਚਾਨਣ-ਮੁਨਾਰਾ ਬਣ ਕੇ ਰਾਹ ਰੁਸ਼ਨਾਉਂਦਾ ਹੈ ਪ੍ਰੰਤੂ ਮੌਜੂਦਾ ਸਮੇਂ ਬਹੁਗਿਣਤੀ ਵਿੱਚ ਸਾਡੇ ਬੱਚੇ ਆਪਣੇ ਅਮੀਰ ਵਿਰਸੇ ਤੇ ਇਤਿਹਾਸ ਤੋਂ ਅਨਜਾਣ ਹਨ। ਕਾਰਨ ਕਈ ਹੋ ਸਕਦੇ ਹਨ, ਜਿਨਾਂ ਦੀ ਸਵੈ-ਪੜਚੋਲ ਕਰਨੀ ਬਣਦੀ ਹੈ। ਇਕ ਕਾਰਨ ਇਹ ਵੀ ਹੈ ਕਿ ਸਾਡੀ ਕੌਮ ਵਿੱਚ ਬਹੁਤਾ ਸਾਹਿਤ ਪੜਨ ਦਾ ਰੁਝਾਨ ਨਹੀਂ ਰਿਹਾ। ਸਾਡੀਆਂ ਸੰਸਥਾਵਾਂ ਬੇਸ਼ੱਕ ਕਈ ਵੱਡਮੁੱਲੇ ਕਾਰਜ ਕਰ ਰਹੀਆਂ ਹਨ ਤਾਂ ਜੋ ਨੌਜਵਾਨ ਬੱਚਿਆਂ ਨੂੰ ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਿਆ ਜਾਏ। ਪਰ ਇਸ ਵਿੱਚ ਸਭ ਤੋਂ ਵੱਡੀ ਉਣਤਾਈ ਜਾਂ ਕਮੀ ਜੋ ਸਪੱਸ਼ਟ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਅਸੀਂ ਬੱਚਿਆਂ ਦੇ ਪੱਧਰ ਦਾ ਬਾਲ ਸਾਹਿਤ ਬਹੁਤ ਘੱਟ ਪੱਧਰ ਲਿਖਿਆ ਅਤੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਬਾਲ ਸਾਹਿਤ ਰਾਹੀਂ ਮੁੱਢ ਤੋਂ ਹੀ ਆਪਣੀ ਅਮੀਰ ਵਿਰਸੇ ਅਤੇ ਗੌਰਵਮਈ ਇਤਿਹਾਸ ਨਾਲ ਜੋੜਿਆ ਜਾ ਸਕਦਾ ਹੈ। ਬਾਲ ਸਾਹਿਤ ਰਾਹੀਂ ਇਤਿਹਾਸ ਦੀ ਪੇਸ਼ਕਾਰੀ ਮੌਜੂਦਾ ਸਮੇਂ ਦੀ ਮੁੱਖ ਲੋੜ ਪ੍ਰਤੀਤ ਹੁੰਦੀ ਹੈ।

ਯਕੀਨਨ ਸਾਡੀਆਂ ਕਈ ਸੰਸਥਾਵਾਂ ਸਾਰਥਿਕ ਕਾਰਜ ਕਰ ਰਹੀਆਂ ਹਨ ਪ੍ਰੰਤੂ ਬਾਲ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਹੋਰ ਵਧੇਰੇ ਕਾਰਜ ਲੋੜੀਂਦੇ ਹਨ। ਬੱਚਿਆਂ ਨੂੰ ਬਾਲਪਨ ਤੋਂ ਹੀ ਜੇਕਰ ਸਾਹਿਤ ਪੜਨ ਦੀ ਚਿਣਗ ਅਤੇ ਚੇਟਕ ਲੱਗਾ ਦਿੱਤੀ ਜਾਵੇ ਤਾਂ ਉਹ ਕਦੇ ਵੀ ਭਟਕਣਾ ਵਿੱਚ ਨਹੀਂ ਪੈਣਗੇ। ਬੱਚੇ ਦੇ ਸਰੀਰਿਕ ਵਿਕਾਸ ਲਈ ਜਿਵੇਂ ਲੋੜ ਅਨੁਸਾਰ ਭੋਜਨ ਲੋੜੀਂਦਾ ਹੈ, ਉਵੇਂ ਹੀ ਬੱਚਿਆਂ ਦੇ ਬੋਧਿਕ ਵਿਕਾਸ ਲਈ ਇਕ ਉਸਾਰੂ ਅਤੇ ਚੰਗੀ ਸੇਧ ਵਾਲਾ ਸਾਹਿਤਕ ਅਹਾਰ ਵੀ ਜਰੂਰੀ ਹੁੰਦਾ ਹੈ। ਭਾਵੇਂ ਅਸੀਂ ਸੰਸਥਾਵਾਂ ਜਾਂ ਸਰਕਾਰਾਂ ਨੂੰ ਇਸ ਦਾ ਜਿੰਮੇਵਾਰ ਅਕਸਰ ਠਹਿਰਾਉਂਦੇ ਰਹਿੰਦੇ ਹਾਂ ਪ੍ਰੰਤੂ ਸਾਨੂੰ ਸਵੈ-ਪੜਚੋਲ ਵੀ ਕਰਨੀ ਚਾਹੀਦੀ ਹੈ ਕਿ ਅਸੀਂ ਘਰ-ਪਰਿਵਾਰ ਵਿੱਚ ਖੁਦ ਆਪਣੇ ਬੱਚਿਆਂ ਨੂੰ ਸਿੱਖ ਵਿਰਸੇ ਨਾਲ ਜੋੜਨ ਲਈ ਕਿਹੜੇ-ਕਿਹੜੇ ਸਾਰਥਿਕ ਯਤਨ ਕੀਤੇ ?

ਗੁਰਬਾਣੀ ਦਾ ਫੁਰਮਾਨ ਹੈ : ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।

ਭਾਵ ਸਤਿਗੁਰੂ ਦੀਆਂ ਸਾਖੀਆਂ (ਸਿੱਖ-) ਪੁਤ੍ਰਾਂ ਨੂੰ (ਗੁਰਮੁਖ) ਪੁੱਤਰ ਬਣਾ ਦੇਂਦੀਆਂ ਹਨ; (ਗੁਰ-ਸਾਖੀਆਂ ਦੀ ਬਰਕਤਿ ਨਾਲ, ਗੁਰਮੁਖ ਸਿੱਖ-ਪੁਤ੍ਰ) ਉਨਾਂ ਗੱਲਾਂ ਵਿਚ ਯਕੀਨ ਲਿਆਉਂਦੇ ਹਨ ਤੇ ਉਹ ਕੰਮ ਕਰਦੇ ਹਨ ਜੋ ਸਤਿਗੁਰੂ ਨੂੰ ਭਾਉਂਦੇ ਹਨ। ਮਾਪਿਆਂ ਨੂੰ ਯਤਨ ਕਰਨੇ ਚਾਹੀਦੇ ਹਨ ਕਿ ਉਹ ਆਪ ਗੁਰੂਘਰ ਬੱਚਿਆਂ ਨੂੰ ਉਂਗਲ ਫੜ ਕੇ ਲਿਜਾਣ, ਬਾਣੀ ਅਤੇ ਬਾਣੇ ਨਾਲ ਜੁੜਨ, ਆਪ ਮਿਸਾਲ ਪੈਦਾ ਕਰਨ, ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸਿਧਾਂਤ ਉਪਰ ਚੱਲ ਕੇ ਬੱਚਿਆਂ ਦੀ ਕੀਤੀ ਪਰਵਰਿਸ਼ ਵੀ ਗੁਰੂ ਜੀ ਦੀ ਬਖਸਿਸ਼ ਨਾਲ ਬੱਚਿਆਂ ਨੂੰ ਭਟਕਣ ਤੋਂ ਬਚਾਵੇਗੀ। ਹੁਣ ਗਰਮੀਆਂ ਦੀਆਂ ਛੁੱਟੀਆਂ ਆ ਰਹੀਆਂ ਹਨ, ਬਹੁਤ ਸਾਰੀਆਂ ਸੰਸਥਾਵਾਂ ਬੱਚਿਆਂ ਦੇ ਗੁਰਮਿਤ ਕੈਂਪ ਲਗਾਉਣ ਦੇ ਉਪਰਾਲੇ ਕਰ ਰਹੀਆਂ ਹਨ। ਇਹ ਕੈਂਪ ਵੀ ਸਿੱਖ ਜੀਵਨ ਜਾਂਚ, ਇਤਿਹਾਸ ਅਤੇ ਵਿਰਸੇ ਨਾਲ ਬੱਚਿਆਂ ਨੂੰ ਰੂਬਰੂ ਕਰਵਾਇਆ ਜਾਂਦਾ ਹੈ। ਹੋ ਸਕੇ ਤਾਂ ਬੱਚਿਆਂ ਦੀ ਅਜਿਹੇ ਕੈਂਪਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਵਾਈ ਜਾਵੇ।

ਸਭ ਤੋਂ ਅਹਿਮ ਨੁਕਤਾ ਅਸੀਂ ਬੱਚਿਆਂ ਨੂੰ ਉਨਾਂ ਦੇ ਜਨਮ ਦਿਨ ਜਾਂ ਹੋਰ ਖੁਸ਼ੀ ਦੇ ਮੌਕਿਆਂ ਉਪਰ ਭਾਂਤ-ਭਾਂਤ ਦੇ ਤੋਹਫ਼ੇ ਦਿੰਦੇ ਹਾਂ, ਜੇਕਰ ਇਨਾਂ ਮੌਕਿਆਂ ਉਪਰ ਇਕ ਚੰਗੀ ਸਾਹਿਤਕ ਕਿਤਾਬ ਦੇਣ ਦਾ ਉਪਰਾਲਾ ਕੀਤਾ ਜਾਏ ਤਾਂ ਇਸ ਦੇ ਨਤੀਜੇ ਵੀ ਹਾਂ-ਪੱਖੀ ਹੋ ਸਕਦੇ ਹਨ। ਮਾਪਿਆਂ ਨੂੰ ਵੀ ਆਪਣਾ ਕੌਮੀ ਫਰਜ ਸਮਝਦਿਆਂ ਘਰਾਂ ਵਿੱਚ ਹੀ ਆਪਣੇ ਵਿੱਤ ਅਨੁਸਾਰ ਛੋਟੀਆਂ ਲਾਇਬ੍ਰੇਰੀ ਬਣਾਉਣੀਆਂ ਚਾਹੀਦੀਆਂ ਹਨ ਜਿਨਾਂ ਵਿੱਚ ਸਿੱਖ ਇਤਿਹਾਸ ਨਾਲ ਸਬੰਧਿਤ ਕਿਤਾਬਾਂ ਹੋਣ ਤਾਂ ਜੋ ਬੱਚੇ ਨੂੰ ਘਰ ਵਿੱਚ ਵੀ ਹੀ ਸਾਹਿਤਕ ਮਾਹੌਲ ਮਿਲੇ ਸਕੇ। ਜੇਕਰ ਘਰਾਂ ਵਿੱਚ ਵੀ ਸਾਹਿਤਕ ਮਾਹੌਲ ਬੱਚਿਆਂ ਨੂੰ ਮਿਲੇਗਾ ਤਾਂ ਇਹ ਉਨਾਂ ਦੀ ਸ਼ਖਸੀਅਤ ਉਸਾਰੀ ਲਈ ਵੀ ਬਹੁਤ ਹੀ ਵਧੀਆ ਰਹੇਗਾ।

ਕਿਸੇ ਵਿਦਵਾਨ ਨੇ ਸੱਚ ਲਿਖਿਆ ਹੈ ਕਿ ਜਿਹੜੇ ਬਿਰਖ ਦੇ ਤੁਸੀਂ ਪੱਤੇ ਹੋ, ਉਸ ਦੀਆਂ ਜੜਾਂ ਜਾਣਨਾ ਵੀ ਤੁਹਾਡਾ ਫਰਜ ਹੈ। ਬਸ ਇਹੀ ਸਾਨੂੰ ਬਾਲ ਮਨਾਂ ਨੂੰ ਸਮਝਾਉਣਾ ਪੈਣਾ ਹੈ। ਸਿੱਖ ਇਤਿਹਾਸ ਨੂੰ ਰੂਪਮਾਨ ਕਰਦੀਆਂ ਬਹੁਤ ਹੀ ਸਰਲ ਸ਼ਬਦਾਂ ਵਿਚ ਪ੍ਰਾਇਮਰੀ ਸਕੂਲੀ ਸਿੱਖਿਆ ਦੇ ਪੱਧਰ ਦੀਆਂ ਕਿਤਾਬਾਂ ਪ੍ਰਕਾਸ਼ਿਤ ਕਰਵਾਉਣੀਆਂ ਚਾਹੀਦੀਆਂ ਹਨ। ਬੱਚਿਆਂ ਦੇ ਮਨ ਨੂੰ ਰੰਗਦਾਰ ਸਚਿੱਤਰ ਕਿਤਾਬਾਂ ਬਹੁਤ ਭਾਉਂਦੀਆਂ ਹਨ, ਸੋ ਜੇਕਰ ਸੁੰਦਰ ਛਪਾਈ ਅਤੇ ਰੰਗਦਾਰ ਤਸਵੀਰਾਂ ਰਾਹੀ ਇਤਿਹਾਸ ਦੇ ਰੂਬਰੂ ਕਰਵਾਉਂਦੀਆਂ ਸੱਚਿਤਰ ਕਿਤਾਬਾਂ ਛਪਵਾ ਕੇ ਸਕੂਲਾਂ ਵਿੱਚ ਕਿਤਾਬ ਪ੍ਰਦਰਸ਼ਨੀ ਰਾਹੀ ਜਾਂ ਮੋਬਾਈਲ ਲਾਇਬ੍ਰੇਰੀ ਰਾਹੀ ਵੱਧ ਤੋਂ ਵੱਧ ਵਿਦਿਆਰਥੀਆਂ ਤੱਕ ਪਹੁੰਚ ਕੀਤੀ ਜਾਵੇ ਤਾਂ ਇਸ ਦੇ ਸਾਰਥਕ ਨਤੀਜੇ ਸਾਹਮਣੇ ਆ ਸਕਦੇ ਹਨ। ਚਾਹੀਦਾ ਤਾਂ ਇਹ ਹੈ ਕਿ ਹਰ ਗੁਰੂਘਰ ਵਿੱਚ ਸਿੱਖ ਇਤਿਹਾਸ ਨਾਲ ਸੱਜੀ ਹੋਈ ਲਾਇਬ੍ਰੇਰੀ ਹੋਣੀ ਚਾਹੀਦੀ ਹੈ। ਮਾਸਿਕ ਬਾਲ ਰਸਾਲੇ ਇਸ ਕਾਰਜ ਲਈ ਬਹੁਤ ਹੀ ਕਾਰਗਰ ਸਾਬਤ ਹੋ ਸਕਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਗੁਰਮਤਿ ਪ੍ਰਕਾਸ਼' ਮਾਸਿਕ ਰਸਾਲੇ ਵਾਂਗ ਮਾਸਿਕ ਬਾਲ ਰਸਾਲਾ ਸ਼ੁਰੂ ਕਰਨਾ ਚਾਹੀਦਾ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਲਿਖੀ ਹੋਈ ਕਿਤਾਬ '100 ਸਵਾਲ ਜਾਣ ਪਹਿਚਾਣ' ਵਾਂਗ ਬਾਲ ਸਾਹਿਤ ਦੇ ਪੱਧਰ ਤੇ ਕਿਤਾਬਾਂ ਪ੍ਰਕਾਸ਼ਿਤ ਕਰਨ ਦੀ ਲੋੜ ਹੈ। ਸਿੱਖੀ ਦੀ ਪਰਿਭਾਸ਼ਾ ਦਿੰਦੇ ਹੋਏ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਸਿੱਖੀ ਦਾ ਅਰਥ ਸੁਰਤਿ ਦੀ ਬਲਵਾਨਤਾ ਹੈ: ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ, ਚੜਦੀ ਕਲਾ ਨਿਵਾਸ, ਸਦਾ ਹੀ ਰੱਖਣਾ।

ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਆਪਣੇ ਮੂਲ ਨਾਲ ਜੁੜੇ ਰਹਾਂਗੇ। ਆਓ ਸਾਰੇ ਰਲ-ਮਿਲ ਕੇ ਹੰਭਲਾ ਮਾਰੀਏ ਤੇ ਆਪਣੀ ਨਵੀਂ ਪੀੜੀ ਨੂੰ ਆਪਣੇ ਇਸ ਅਮੀਰ ਵਿਰਸੇ ਅਤੇ ਇਤਿਹਾਸ ਵਲ ਪ੍ਰੇਰ ਕੇ ਲੈ ਕੇ ਆਈਏ ਤਾਂ ਜੋ ਉਹ ਆਪਣੇ ਗੌਰਵਮਈ ਇਤਿਹਾਸ ਅਤੇ ਵਿਰਸੇ ਤੋਂ ਸੇਧ ਲੈ ਕੇ ਇਕ ਆਦਰਸ਼ ਸਮਾਜ ਦੀ ਸਿਰਜਣਾ ਵਿੱਚ ਆਪਣੀ ਸਾਕਰਾਤਮਕ ਭੂਮਿਕਾ ਨਿਭਾ ਸਕਣ।

# ਬੱਚੇ ਅਤੇ ਮਾਂ ਬੋਲੀ

**ਮੰਜੂ ਸ਼ਰਮਾ ਰਾਜੋਮਾਜਰਾ**

ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਭਾਵੇਂ ਅਸੀਂ ਮੋਹਰੀ ਹੋਣ ਦਾ ਹਵਾਲਾ ਦਿੰਦੇ ਹੋਈਏ ਪਰ ਅਸਲੀਅਤ ਵਿੱਚ ਅਸੀਂ ਬਹੁਤ ਪਿੱਛੜ ਰਹੇ ਹਾਂ। ਇਸ ਚਮਕ ਦਮਕ ਵਿੱਚ ਚੁੰਧਿਆਈਆਂ ਅੱਖਾਂ ਨਾਲ ਭਾਵੇਂ ਅਸੀਂ ਖ਼ੁਦ ਨੂੰ ਜਾਂ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਣੀ ਹੋਣਾ ਲੋਚਦੇ ਹਾਂ ਪਰ ਕਿਤੇ ਨਾ ਕਿਤੇ ਇਹ ਸਾਡੀ ਨਜ਼ਰ 'ਤੇ ਪਿਆ ਪਰਦਾ ਸਾਬਿਤ ਹੋ ਰਿਹਾ ਹੈ।

ਇੱਥੇ ਜੇ ਅਸੀਂ ਗੱਲ ਕਰੀਏ ਬੋਲੀ ਦੀ ਤਾਂ ਇਹ ਕਿਸੇ ਇਲਾਕੇ ਦੀ ਪਹਿਚਾਣ ਅਤੇ ਜੇ ਸਮਝਿਆ ਜਾਵੇ ਤਾਂ ਮਾਣ ਹੁੰਦੀ ਹੈ ਪਰ ਜੇ ਅਸੀਂ ਆਪਣੀ ਬੋਲੀ ਜਿਸ ਨੂੰ ਮਾਂ ਬੋਲੀ ਵੀ ਕਿਹਾ ਜਾਂਦਾ ਹੈ ਉਸਨੂੰ ਹੀ ਅਨਪੜਤਾ ਜਾਂ ਗਵਾਰਪੁਣੇ ਦੀ ਨਿਸ਼ਾਨੀ ਸਿੱਧ ਕਰਨ ਲੱਗ ਪਏ ਤਾਂ ਇਹ ਆਪਣੀ ਹੋਂਦ ਦੀਆਂ ਜੜਾਂ ਨੂੰ ਖੋਖਲਾ ਕਰਨ ਦੇ ਤੁੱਲ ਹੈ ।

ਬੇਸ਼ੱਕ ਕੋਈ ਵੀ ਭਾਸ਼ਾ ਮਾੜੀ ਨਹੀਂ ਅਤੇ ਅੱਜ ਦੇ ਇਸ ਯੁੱਗ ਵਿੱਚ ਤੁਸੀਂ ਜਿੰਨੀਆਂ ਭਾਸ਼ਾਵਾਂ ਜਾਣ ਸਕਦੇ ਹੋ ਉਨੇ ਹੀ ਆਪਣੀ ਕਾਬਲੀਅਤ ਨੂੰ ਅੰਤਰਰਾਸ਼ਟਰੀ ਪੱਧਰ ਤੇ ਅਜਮਾ ਸਕਦੇ ਹੋ ਪਰ ਇੱਥੇ ਗੱਲ ਆਉਂਦੀ ਹੈ ਆਪਣੀ ਮਾਂ ਬੋਲੀ ਨਾਲੋਂ ਆਪਣੇ ਭਵਿੱਖ ਨੂੰ ਬੇਮੁੱਖ ਕਰਨ ਦੀ। ਹਰ ਦੇਸ਼ ਦਾ ਜਾਂ ਕੌਮ ਦਾ ਭਵਿੱਖ ਉਸਦੇ ਬੱਚੇ ਹਨ ਅਤੇ ਵਿਕਾਸ ਲਈ ਉਨਾਂ ਨੂੰ ਸਮੇਂ ਦੇ ਹਾਣੀ ਜਰੂਰ ਬਣਾਓ ਪਰ ਆਪਣੀ ਪਹਿਚਾਣ ਨਾਲੋਂ ਤੋੜ ਕੇ ਨਹੀਂ।

ਮਾਂ ਬੋਲੀ ਬੱਚੇ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਬੱਚਾ ਜਨਮ ਤੋਂ ਹੀ ਆਪਣੀ ਮਾਂ ਤੋਂ ਅਤੇ ਪਰਿਵਾਰ ਤੋਂ ਜੋ ਸੁਣਦਾ ਹੈ ਉਹ ਹੀ ਬੋਲਦਾ ਹੈ ਅਤੇ ਉਸ ਨਾਲ ਹੀ ਉਸਦੀ ਸੋਚ ਦਾ ਮੁੱਢ ਬੱਝਦਾ ਹੈ। ਇਸ ਮਾਂ ਬੋਲੀ ਵਿੱਚ ਹੀ ਬੱਚਾ ਅਪਣੇ ਭਾਵਨਾਤਮਿਕ ਗੁਣਾਂ ਦਾ ਵਿਕਾਸ ਕਰਦਾ ਹੈ ਅਤੇ ਆਪਣੇ ਮਨ ਦੇ ਬਲਬਲਿਆਂ ਨੂੰ ਦੂਜਿਆਂ ਨਾਲ ਸਾਂਝੇ ਕਰਦਾ ਹੈ। ਪਰ ਅਸੀਂ ਇਨਾਂ ਉੱਚੇ ਅਸਮਾਨਾਂ ਦੇ ਪੰਛੀਆਂ ਨੂੰ ਉਡਾਰੀ ਮਾਰਨੀ ਛੱਡ ਕੇ ਡੂੰਘੇ ਸਮੁੰਦਰਾਂ ਦੇ ਤਾਰੂ ਬਣਾਉਣਾ ਚਾਹੁੰਦੇ ਹਾਂ। ਜਿੱਥੇ ਇਹ ਦਬਦਬਾ ਉਨਾਂ ਦੇ ਬੌਧਿਕ ਵਿਕਾਸ ਨੂੰ ਰੋਕਦਾ ਹੈ ਉਥੇ ਉਨਾਂ ਵਿੱਚ ਹੀਣ ਭਾਵਨਾ ਵੀ ਪੈਦਾ ਕਰਦਾ ਹੈ। ਉਹ ਆਪਣੇ ਆਪ ਨੂੰ ਪਛੜਿਆ ਹੋਇਆ ਮਹਿਸੂਸ ਕਰਨ ਲੱਗਦੇ ਹਨ।

ਜੇ ਅਸੀਂ ਆਪਣੀ ਹੀ ਗੱਲ ਕਰੀਏ ਤਾਂ ਇਸ ਗੱਲ ਤੋਂ ਇਨਕਾਰੀ ਨਹੀਂ ਹੋ ਸਕਦੇ ਕੇ ਅੰਗਰੇਜ਼ੀ ਭਾਸ਼ਾ ਭਾਵੇਂ ਇੱਕ ਅੰਤਰਰਾਸ਼ਟਰੀ ਭਾਸ਼ਾ ਬਣ ਚੁੱਕੀ ਹੈ ਅਤੇ ਇਸਦੇ ਮਹੱਤਵ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਪਰ ਨਾਲ ਹੀ ਮਾਂ ਬੋਲ਼ੀ ਪੰਜਾਬੀ ਦੇ ਸਤਿਕਾਰ ਜਾਂ ਮਹਾਨਤਾ ਨੂੰ ਵੀ ਅਸੀਂ ਝੂਠਲਾ ਨਹੀਂ ਸਕਦੇ। ਬੱਚਿਆਂ ਨੂੰ ਜਿੱਥੇ ਇਹ ਸਮਝਾਉਣਾ ਲਾਜ਼ਮੀ ਹੈ ਕਿ ਭਵਿੱਖ ਵਿੱਚ ਜਿੱਥੇ ਆਪਣੇ ਵਿਕਾਸ ਦੀਆਂ ਸ਼ਾਖਾਵਾਂ ਨੂੰ ਵਿਸ਼ਾਲ ਕਰਨ ਲਈ ਅੰਤਰ ਰਾਸ਼ਟਰੀ ਭਾਸ਼ਾਵਾਂ ਵਿੱਚ ਯੋਗਤਾ ਨੂੰ ਪ੍ਰਬੱਲ ਬਣਾਉਣਾ ਜਰੂਰੀ ਹੈ ਉਥੇ ਹੀ ਆਪਣੀਆਂ ਜੜਾਂ ਭਾਵ ਮਾਂ ਬੋਲੀ ਨਾਲ ਜੁੜੇ ਰਹਿਣਾ ਬਹੁਤ ਜਰੂਰੀ ਹੈ ਕਿਉਂਕਿ ਇਸ ਤੋਂ ਬਿਨਾਂ ਕੋਈ ਹੋਂਦ ਚਿਤਵੀ ਨਹੀਂ ਜਾ ਸਕਦੀ। ਇੱਕ ਕਹਾਵਤ ਹੈ ਕਿ ਜਿਸ ਕੌਮ ਨੂੰ ਖਤਮ ਕਰਨਾ ਹੋਵਾ ਉਸਤੋਂ ਉਸਦੀ ਬੋਲੀ ਖੋਹ ਲਵੋ। ਸਾਡੀ ਹੋਂਦ ਵੀ ਇਸ ਸਦੀ ਦੇ ਦਿਖਾਵੇ ਵਾਲੇ ਸਮਾਜ ਵਿੱਚ ਸਹਿਕਦੀ ਨਜਰ ਆ ਰਹੀ ਹੈ ਅਤੇ ਤਰਾਸਦੀ ਇਹ ਹੈ ਕਿ ਆਪਣੀ ਹੀ ਮਾਂ ਬੋਲ਼ੀ ਨੂੰ ਬਚਾਉਣ ਲਈ ਉਪਰਾਲੇ ਕਰਨੇ ਪੈ ਰਹੇ ਹਨ। ਪਰ ਇਹ ਗੱਲ ਸਮਝਣੀ ਜਰੂਰੀ ਹੈ ਕਿ ਸਾਡਾ ਅੱਜ ਸਾਡਾ ਆਉਣ ਵਾਲਾ ਭਵਿੱਖ ਹੈ। ਜੇ ਅਸੀਂ ਅੱਜ ਆਪਣੇ ਬੱਚਿਆਂ ਨੂੰ ਮਾਂ ਬੋਲੀ ਤੋਂ ਵਾਂਝਾ ਕਰਦੇ ਜਾਵਾਂਗੇ ਤੇ ਇਸ ਦਬਦਬੇ ਵਿੱਚ ਰੱਖ ਇਸ ਰੇਸ ਵਿੱਚ ਦੌੜਨ ਲਈ ਮਜ਼ਬੂਰ ਕਰ ਰਹੇ ਹਾਂ ਤਾਂ ਅਸੀਂ ਆਪਣੇ ਬੱਚਿਆਂ ਅਤੇ ਆਪਣੀ ਮਾਂ ਬੋਲੀ ਨਾਲ ਵਫ਼ਾ ਨਹੀਂ ਕਰ ਰਹੇ।

# ਹਾਸਿਆਂ ਦਾ ਬਾਦਸ਼ਾਹ ਡਾ. ਸੁਰਿੰਦਰ ਸ਼ਰਮਾ

**ਮਨਦੀਪ ਸਿੰਘ ਸਿੱਧ**

ਡਾ. ਸੁਰਿੰਦਰ ਸ਼ਰਮਾ ਉਰਫ਼ ਡਾ. ਸੁਰਿੰਦਰ ਕੁਮਾਰ ਸ਼ਰਮਾ ਦੀ ਪੈਦਾਇਸ਼ 2 ਜਨਵਰੀ 1945 ਨੂੰ ਨਾਨਕੇ ਪਿੰਡ ਮਹਿਤਾ, ਜ਼ਿਲਾ ਅੰਮ੍ਰਿਤਸਰ ਦੇ ਪੰਜਾਬੀ ਪੰਡਤ ਪਰਿਵਾਰ ਵਿੱਚ ਹੋਈ। ਵੈਸੇ ਇਨਾਂ ਦਾ ਆਬਾਈ ਤਾਲੁਕ ਪਿੰਡ ਗੋਰੇ ਨੰਗਲ, ਤਹਿਸੀਲ ਅਜਨਾਲਾ (ਅੰਮ੍ਰਿਤਸਰ) ਨਾਲ ਸੀ ਤੇ ਬਚਪਨ ਅੰਮ੍ਰਿਤਸਰ ਸ਼ਹਿਰ ਵਿੱਚ ਬੀਤਿਆ। ਪੰਜਾਬ ਯੂਨੀਵਰਸਿਟੀ, ਚੰਡੀਗੜ ਤੋਂ ਕੈਮਿਸਟਰੀ ਵਿਭਾਗ ਵਿੱਚੋਂ ਸੇਵਾ ਮੁਕਤ ਡਾ. ਸ਼ਰਮਾ ਨੇ ਪੰਜਾਬੀ ਫਿਲਮਾਂ ਵਿੱਚ ਮਜ਼ਾਹੀਆ ਅਦਾਕਾਰ, ਚਰਿੱਤਰ ਅਦਾਕਾਰ, ਮੁਕਾਲਮਾਨਿਗ਼ਾਰ ਤੋਂ ਇਲਾਵਾ ਡਰਾਮਾ ਹਿਦਾਇਤਕਾਰ, ਟੈਲੀਵਿਜ਼ਨ ਅਦਾਕਾਰ ਤੇ ਸਟੇਜ ਸੰਚਾਲਕ ਦੇ ਫਰਜ਼ ਨਿਭਾਏ।

ਡਾ. ਸੁਰਿੰਦਰ ਸ਼ਰਮਾ ਨੇ ਆਪਣੇ ਫ਼ਨੀ ਸਫ਼ਰ ਦੀ ਇਬਤਿਦਾ ਰੰਗਮੰਚ ਤੋਂ ਕੀਤੀ ਤੇ ਫਿਰ ਫਿਲਮਾਂ ਨੂੰ ਸਮਰਪਿਤ ਹੋ ਗਏ। ਇਨਾਂ ਨੂੰ ਪੰਜਾਬੀ ਫਿਲਮਾਂ ਵਿੱਚ ਲਿਆਉਣ ਦਾ ਸਿਹਰਾ ਅਦਾਕਾਰ ਪ੍ਰੇਮ ਨਾਥ ਨੂੰ ਹਾਸਿਲ ਹੈ। ਜਦੋਂ ਪ੍ਰੇਮ ਨਾਥ ਨੇ ਆਪਣੇ ਫਿਲਮਸਾਜ਼ ਅਦਾਰੇ ਪੀ. ਐੱਨ. ਫਿਲਮਜ਼, ਬੰਬੇ ਦੇ ਬੈਨਰ ਹੇਠ ਚਮਨ ਨੀਲੇ ਦੀ ਹਿਦਾਇਤਕਾਰੀ ਵਿੱਚ ਧਾਰਮਿਕ ਪੰਜਾਬੀ ਫਿਲਮ 'ਸਤਿ ਸ੍ਰੀ ਅਕਾਲ' (1977) ਬਣਾਈ ਤਾਂ ਡਾ. ਸੁਰਿੰਦਰ ਸ਼ਰਮਾ ਨੂੰ ਨਵੇਂ ਚਿਹਰੇ ਵਜੋਂ ਮੁਤਆਰਿਫ਼ ਕਰਵਾਇਆ। ਉਨਾਂ ਨੇ ਇਸ ਫਿਲਮ ਵਿੱਚ ਚਰਿੱਤਰ ਅਦਾਕਾਰ ਦਾ ਰੋਲ ਨਿਭਾਇਆ। ਫਿਲਮ ਦੇ ਮਰਕਜ਼ੀ ਕਿਰਦਾਰ ਵਿੱਚ ਪ੍ਰੇਮ ਨਾਥ (ਗਿਆਨੀ ਜੀ), ਕਾਮਿਨੀ ਕੌਸ਼ਲ (ਮਾਂ) ਤੇ ਦੀਗ਼ਰ ਫ਼ਨਕਾਰਾਂ ਵਿੱਚ ਸੁਨੀਲ ਦੱਤ, ਰੀਨੇ ਰਾਏ, ਪ੍ਰੀਕਸ਼ਤ ਸਾਹਨੀ, ਜ਼ਾਹਿਰਾ, ਸ਼ਤਰੂਘਣ ਸਿਨਹਾ, ਰਾਜਿੰਦਰ ਨਾਥ, ਨਾਜ਼, ਅਮਰੀਸ਼ ਪੁਰੀ, ਗੌਤਮ ਸਰੀਨ ਵਗੈਰਾ ਨੁਮਾਇਆ ਸਨ। 8 ਦਸੰਬਰ 1978 ਨੂੰ ਸੰਗਮ ਸਿਨਮਾ, ਅੰਮ੍ਰਿਤਸਰ 'ਚ ਨੁਮਾਇਸ਼ ਹੋਈ ਇਹ ਫਿਲਮ ਹਿੰਦੀ ਵਿੱਚ 'ਗਿਆਨੀ ਜੀ' (8 ਦਸੰਬਰ 1978 ਸੈਂਸਰ) ਦੇ ਨਾਮ ਨਾਲ ਸੈਂਸਰ ਹੋਈ।

ਜਦੋਂ ਦਾਰਾ ਸਿੰਘ ਨੇ ਆਪਣੇ ਫਿਲਮਸਾਜ਼ ਅਦਾਰੇ ਦਾਰਾ ਪ੍ਰੋਡਕਸ਼ਨਜ਼, ਬੰਬੇ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿੱਚ ਭਗਤੀ ਪ੍ਰਧਾਨ ਪੰਜਾਬੀ ਫਿਲਮ 'ਧਿਆਨੂੰ ਭਗਤ' 1978) ਬਣਾਈ ਤਾਂ ਡਾ. ਸੁਰਿੰਦਰ ਸ਼ਰਮਾ ਨੂੰ ਛੋਟਾ ਜਿਹਾ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ ਜਦੋਂਕਿ 'ਧਿਆਨੂੰ ਭਗਤ' ਦਾ ਮਰਕਜ਼ੀ ਕਿਰਦਾਰ ਦਾਰਾ ਸਿੰਘ ਨਿਭਾ ਰਿਹਾ ਸੀ। 16 ਜੂਨ 1978 ਨੂੰ ਇੰਦਰ ਪੈਲੇਸ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ ਇਹ ਫਿਲਮ ਹਿੰਦੀ ਵਿੱਚ 'ਭਗਤੀ ਮੇਂ ਸ਼ਕਤੀ' (1978) ਸਿਰਲੇਖ ਹੇਠ ਡੱਬ ਹੋਈ। ਜਦੋਂ ਸਤਿੰਦਰਜੀਤ ਸਰਕਾਰੀਆ ਤੇ ਅਮਰਜੀਤ ਸਰਕਾਰੀਆ ਨੇ ਆਪਣੇ ਫਿਲਮਸਾਜ਼ ਅਦਾਰੇ ਪਰਨੀਤ ਇੰਟਰਨੈਸ਼ਨਲ, ਬੰਬੇ ਦੇ ਬੈਨਰ ਹੇਠ ਸਤੀਸ਼ ਭਾਖੜੀ ਦੀ ਹਿਦਾਇਤਕਾਰੀ ਵਿੱਚ ਦੇਸ਼ ਭਗਤੀ ਦੀ ਪੰਜਾਬੀ ਫਿਲਮ 'ਸਰਦਾਰ-ਏ-ਆਜ਼ਮ' (1979) ਸ਼ੁਰੂ ਕੀਤੀ ਤਾਂ ਡਾ. ਸੁਰਿੰਦਰ ਸ਼ਰਮਾ ਨੂੰ 'ਸੋਹਨ ਲਾਲ' ਦਾ ਛੋਟਾ ਜਿਹਾ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ, ਪਰ ਇਨਾਂ ਪੰਜਾਬੀ ਫਿਲਮਾਂ ਵਿੱਚ ਨਿਭਾਏ ਛੋਟੇ-ਛੋਟੇ ਕਿਰਦਾਰਾਂ ਨਾਲ ਉਸ ਨੂੰ ਪੁਖਤਾ ਪਛਾਣ ਨਹੀਂ ਮਿਲੀ।

ਜਦੋਂ ਸ਼ਿਆਮ ਲਾਲ ਬੰਸੀਵਾਲ ਤੇ ਵਰਿੰਦਰ ਨੇ ਫਿਲਮਸਾਜ਼ ਅਦਾਰੇ ਜਿਓਤੀ ਫਿਲਮਜ਼, ਇੰਟਰਨੈਸ਼ਨਲ, ਬੰਬੇ ਦੇ ਬੈਨਰ ਹੇਠ ਵਰਿੰਦਰ (ਸਹਾਇਕ ਬਲਬੀਰ ਬੇਗਮਪੁਰੀ) ਦੀ ਹਿਦਾਇਤਕਾਰੀ ਵਿੱਚ ਪੰਜਾਬੀ ਫਿਲਮ 'ਲੰਬੜਦਾਰਨੀ' (1980) ਸ਼ੁਰੂ ਕੀਤੀ ਤਾਂ ਸੁਰਿੰਦਰ ਸ਼ਰਮਾ ਨੂੰ 'ਖੋਤਾ ਰਾਮ' ਦਾ ਮਜ਼ਾਹੀਆ ਪਾਰਟ ਦਿੱਤਾ। ਮਸ਼ਹੂਰ ਮਜ਼ਾਹੀਆ ਅਦਾਕਾਰ ਮਿਹਰ ਮਿੱਤਲ ਨਾਲ ਉਸ ਦੀ ਜੋੜੀ ਨੂੰ ਦਰਸ਼ਕਾਂ ਨੇ ਖ਼ੂਬ ਪਸੰਦ ਕੀਤਾ। ਇਸ ਤੋਂ ਬਾਅਦ ਉਨਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। 12 ਦਸੰਬਰ 1980 ਨੂੰ ਮਾਲਵਾ ਸਿਨਮਾ, ਪਟਿਆਲਾ 'ਚ ਨੁਮਾਇਸ਼ ਹੋਣ ਵਾਲੀ ਇਹ ਕਾਮਯਾਬ ਫਿਲਮ ਹਿੰਦੀ ਵਿੱਚ 'ਖੇਲ ਮੁਕੱਦਰ ਕਾ' (1981) ਦੇ ਸਿਰਲੇਖ ਹੇਠ ਡੱਬ ਹੋਈ। ਬੀ. ਐੱਚ. ਕੇ. ਜੀ ਪ੍ਰੋਡਕਸ਼ਨਜ਼, ਬੰਬੇ ਦੀ ਵਰਿੰਦਰ ਨਿਰਦੇਸ਼ਿਤ ਪੰਜਾਬੀ ਫਿਲਮ 'ਬਲਬੀਰੋ ਭਾਬੀ' (1981) 'ਚ ਅਦਾਕਾਰ ਵਰਿੰਦਰ ਨੇ ਮਿਹਰ ਮਿੱਤਲ (ਰੁਲਦੂ ਰਾਮ) ਨਾਲ ਡਾ. ਸੁਰਿੰਦਰ ਸ਼ਰਮਾ (ਮਾਮਾ) ਨੂੰ ਜੋੜੀਦਾਰ ਵਜੋਂ ਪੇਸ਼ ਕੀਤਾ। ਦੋਵਾਂ ਦੀ ਮਜ਼ਾਹੀਆ ਅਦਾਕਾਰੀ ਨੇ ਖ਼ੂਬ ਰੰਗ ਬੰਨੇ। ਫਿਲਮ ਵਿਚ 'ਬਲਬੀਰੋ ਭਾਬੀ' ਦਾ ਟਾਈਟਲ ਰੋਲ ਬੰਬੇ ਦੀ ਮੁਟਿਆਰ ਸ਼ੋਮਾ ਆਨੰਦ ਨੇ ਅਦਾ ਕੀਤਾ। ਇਹ ਸੁਪਰਹਿੱਟ ਫਿਲਮ 18 ਜੂਨ 1982 'ਚ ਮਾਲਵਾ ਸਿਨਮਾ, ਪਟਿਆਲਾ ਵਿਖੇ ਰਿਲੀਜ਼ ਹੋਈ। ਬਲਬੀਰ ਸਿੰਘ ਦੇ ਫਿਲਮਸਾਜ਼ ਅਦਾਰੇ ਜਗਦੇਵਾ ਫਿਲਮਜ਼, ਬੰਬੇ ਦੀ ਭਗਤੀ ਪ੍ਰਧਾਨ ਪੰਜਾਬੀ ਫਿਲਮ 'ਜੈ ਬਾਬਾ ਬਾਲਕ ਨਾਥ' (1981) ਵਿਚ ਸੁਰਿੰਦਰ ਸ਼ਰਮਾ ਨੇ 'ਚੀਕੂ ਰਾਮ' ਦਾ ਪਾਰਟ ਨਿਭਾਇਆ ਜਦੋਂਕਿ ਆਸ਼ੂ ਭਾਰਤੀ 'ਬਾਬਾ ਬਾਲਕ ਨਾਥ' ਦਾ ਕਿਰਦਾਰ ਅਦਾ ਕਰ ਰਿਹਾ ਸੀ। ਜਿਓਤੀ ਫਿਲਮਜ਼ ਇੰਟਰਨੈਸ਼ਨਲ, ਬੰਬੇ ਦੀ ਹੀ ਵਰਿੰਦਰ ਨਿਰਦੇਸ਼ਿਤ ਪੰਜਾਬੀ ਫਿਲਮ 'ਸਰਪੰਚ' (1981) ਵਿੱਚ ਅਦਾਕਾਰੀ ਕੀਤੀ। ਇਸ ਫਿਲਮ 'ਚ ਵਰਿੰਦਰ ਨੇ ਆਪਣੇ ਕਰੀਬੀ ਮਿੱਤਰ ਡਾ. ਸੁਰਿੰਦਰ ਸ਼ਰਮਾ ਨੂੰ 'ਭੋਲਾ ਰਾਮ' ਦਾ ਮਜ਼ਾਹੀਆ ਪਾਰਟ ਦਿੱਤਾ ਜਦੋਂ ਕਿ ਸਰਪੰਚ ਦਾ ਟਾਈਟਲ ਕਿਰਦਾਰ ਯਸ਼ ਸ਼ਰਮਾ ਅਦਾ ਕਰ ਰਿਹਾ ਸੀ। ਇਹ ਕਾਮਯਾਬ ਫਿਲਮ 5 ਮਾਰਚ 1982 ਨੂੰ ਮਾਲਵਾ ਸਿਨਮਾ, ਪਟਿਆਲਾ ਵਿਖੇ ਨੁਮਾਇਸ਼ ਹੋਈ। ਆਰ. ਐੱਲ. ਸ਼ਰਮਾ ਦੇ ਫਿਲਮਸਾਜ਼ ਅਦਾਰੇ ਚੇਤਨ ਫਿਲਮਜ਼, ਬੰਬੇ ਦੀ ਸੁਭਾਸ਼ ਸੀ. ਭਾਖੜੀ (ਸਹਾਇਕ ਰਵੀ ਭਾਖੜੀ, ਗ਼ਰੀਬ ਦਾਸ) ਨਿਰਦੇਸ਼ਿਤ ਪੰਜਾਬੀ ਫਿਲਮ 'ਛਮਕ ਛੱਲੋ' (1982) 'ਚ ਡਾ. ਸੁਰਿੰਦਰ ਨੇ ਮਿਹਰ ਮਿੱਤਲ (ਹੁਸ਼ਿਆਰੀ ਲਾਲ) ਦੇ ਪਿਓ 'ਸ਼ਾਹ ਜੀ' ਦਾ ਕਿਰਦਾਰ ਅਦਾ ਕੀਤਾ। ਇਹ ਫਿਲਮ 31 ਦਸੰਬਰ 1982 ਨੂੰ ਨੀਲਮ ਥੀਏਟਰ, ਚੰਡੀਗੜ ਵਿਖੇ ਰਿਲੀਜ਼ ਹੋਈ। ਜਦੋਂ




ਵਰਿੰਦਰ ਨੇ ਆਪਣੀ ਪਤਨੀ ਦੇ ਨਾਮ 'ਤੇ ਬਣਾਏ ਆਪਣੇ ਫਿਲਮਸਾਜ਼ ਅਦਾਰੇ ਪੰਮੀ ਪਿਕਚਰਜ਼, ਬੰਬੇ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿੱਚ ਪੰਜਾਬੀ ਫਿਲਮ 'ਬਟਵਾਰਾ' (1983) ਬਣਾਈ ਤਾਂ ਡਾ. ਸੁਰਿੰਦਰ ਸ਼ਰਮਾ ਨੂੰ ਹਰਿਆਣਵੀ ਕਿਰਦਾਰ 'ਚ ਇੱਕ ਵਾਰ ਫਿਰ ਮਿਹਰ ਮਿੱਤਲ ਨਾਲ ਪੇਸ਼ ਕੀਤਾ। ਦੋਵਾਂ ਦੀ ਮਜ਼ਾਹੀਆ ਅਦਾਕਾਰੀ ਨੇ ਖ਼ੂਬ ਰੰਗ ਬੰਨੇ। ਪੂਜਾ ਫਿਲਮਜ਼ ਇੰਟਰਨੈਸ਼ਨਲ, ਬੰਬੇ ਦੀ ਵਰਿੰਦਰ ਨਿਰਦੇਸ਼ਿਤ ਪੰਜਾਬੀ ਫਿਲਮ 'ਲਾਜੋ' (1983) 'ਚ ਡਾ. ਸੁਰਿੰਦਰ ਨੇ 'ਮੁਨੀਮ' ਦਾ ਰੋਲ ਕੀਤਾ। ਦਾਰਾ ਸਿੰਘ ਦੇ ਫਿਲਮਸਾਜ਼ ਅਦਾਰੇ ਦਾਰਾ ਪਿਕਚਰਜ਼, ਬੰਬੇ ਦੀ ਦਾਰਾ ਸਿੰਘ ਨਿਰਦੇਸ਼ਿਤ ਪੰਜਾਬੀ ਫਿਲਮ 'ਅਣਖੀਲੀ ਮੁਟਿਆਰ' (1983) 'ਚ ਡਾ. ਸ਼ਰਮਾ ਨੇ ਰਤਨ ਔਲਖ (ਚੌਧਰੀ ਬੱਗੜ) ਦੇ ਸਾਥੀ ਦਾ ਨਕਾਰਾਤਮਕ ਰੋਲ ਨਿਭਾਇਆ। ਇਹ ਫਿਲਮ 18 ਮਈ 1987 ਨੂੰ ਪ੍ਰਕਾਸ਼ ਸਿਨਮਾ, ਅੰਮ੍ਰਿਤਸਰ ਵਿਖੇ ਰਿਲੀਜ਼ ਹੋਈ। ਪ੍ਰੇਮ ਦਿਓਲ ਦੇ ਫਿਲਮਸਾਜ਼ ਅਦਾਰੇ ਪ੍ਰੇਮ ਫਿਲਮਜ਼, ਬੰਬੇ ਦੀ ਕੇ. ਪੱਪੂ ਨਿਰਦੇਸ਼ਿਤ ਫਿਲਮ 'ਜਿਗਰੀ ਯਾਰ' (1984) 'ਚ ਡਾ. ਸੁਰਿੰਦਰ ਸ਼ਰਮਾ ਨੇ ਖ਼ਲਨਾਇਕ ਯਸ਼ ਸ਼ਰਮਾ (ਚੌਧਰੀ ਹਰਨਾਮ/ਸ਼ਾਹ ਜੀ) ਦੇ ਸਾਥੀ 'ਜੋਗਿੰਦਰ' ਦਾ ਨਕਾਰਾਤਮਕ ਪਾਰਟ ਅਦਾ ਕੀਤਾ। ਡੈਡੀ ਸਿਆਲ (ਨਰਿੰਦਰਪਾਲ ਸਿਆਲ) ਦੇ ਫਿਲਮਸਾਜ਼ ਅਦਾਰੇ ਅਰਾਧਨਾ ਪ੍ਰੋਡਕਸ਼ਨਜ਼, ਬੰਬੇ ਦੀ ਵਰਿੰਦਰ ਨਿਰਦੇਸ਼ਿਤ ਫਿਲਮ 'ਨਿੰਮੋ' (1984) ਜਿਸ ਦਾ ਟਾਈਟਲ ਰੋਲ ਕਸ਼ਮੀਰੀ ਪੰਜਾਬਣ ਪ੍ਰੀਤੀ ਸਪਰੂ ਨੇ ਕੀਤਾ, ਇਸ ਫਿਲਮ 'ਚ ਡਾ. ਸ਼ਰਮਾ ਨੇ ਨਿੰਮੋ ਦੇ ਸਾਥੀ ਸਟੇਜ ਸੰਚਾਲਕ ਦਾ ਪਾਰਟ ਬਾਖ਼ੂਬੀ ਨਿਭਾਇਆ। ਕਮਲ ਕਾਂਤ ਦੇ ਸੰਗੀਤ 'ਚ ਇੱਕ ਅਖਾੜਾ ਗੀਤ 'ਓ ਬੱਲੇ-ਬੱਲੇ ਕੋਠੇ 'ਤੇ ਲਵਾ ਦੇ ਛੱਤਰੀ' (ਅਨੁਰਾਧਾ ਪੌਡਵਾਲ, ਮਹਿੰਦਰ ਕਪੂਰ) ਪ੍ਰੀਤੀ ਸਪਰੂ, ਸੁਰਿੰਦਰ ਸ਼ਰਮਾ ਤੇ ਵਰਿੰਦਰ 'ਤੇ ਫਿਲਮਾਇਆ ਗਿਆ ਸੀ। ਅਦਾਕਾਰੀ ਕਰਨ ਦੇ ਨਾਲ-ਨਾਲ ਉਨਾਂ ਫਿਲਮ ਦੇ ਮੁਕਾਲਮੇ ਵੀ ਤਹਿਰੀਰ ਕੀਤੇ। ਇਹ ਫਿਲਮ 7 ਫਰਵਰੀ 1986 ਨੂੰ ਚੰਦਾ ਸਿਨਮਾ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ। ਡੀ. ਆਈ. ਆਰਟਸ, ਬੰਬੇ ਦੀ ਇਕਬਾਲ ਢਿੱਲੋਂ ਨਿਰਦੇਸ਼ਿਤ ਫਿਲਮ 'ਗੱਭਰੂ ਪੰਜਾਬ ਦਾ' (1986) 'ਚ ਡਾ. ਸੁਰਿੰਦਰ ਨੇ ਗੁੱਗੂ ਗਿੱਲ ਦੇ ਸਾਥੀ 'ਖੜਕੂ' ਦਾ ਨੈਗੇਟਿਵ ਰੋਲ ਕੀਤਾ। ਹਰਿਆਣਵੀ ਭਾਸ਼ਾ ਵਿੱਚ ਇਹ ਫਿਲਮ 'ਛੋਰਾ ਹਰਿਆਣੇ ਕਾ' (20 ਅਪ੍ਰੈਲ 1987 ਸੈਂਸਰ) ਦੇ ਸਿਰਲੇਖ ਹੇਠ ਡੱਬ ਹੋਈ। ਪੁਖਰਾਜ ਪ੍ਰੋਡਕਸ਼ਨਜ਼, ਬੰਬੇ ਦੀ ਜਗਜੀਤ ਨਿਰਦੇਸ਼ਿਤ ਫਿਲਮ 'ਕੀ ਬਣੂੰ ਦੁਨੀਆ ਦਾ' (1987) 'ਚ ਡਾ. ਸੁਰਿੰਦਰ ਨੇ 'ਨਾਈ' ਦਾ ਰੋਲ ਕੀਤਾ। ਐੱਸ. ਐੱਚ. ਓ. ਆਰ. ਫ਼ਿਲਮਜ਼, ਬੰਬੇ ਦੀ ਵਰਿੰਦਰ ਨਿਰਦੇਸ਼ਿਤ ਫਿਲਮ 'ਯਾਰੀ ਜੱਟ ਦੀ' (1987) 'ਚ ਪ੍ਰੀਤੀ ਸਪਰੂ ਦੀ ਮਤਰੇਈ ਮਾਂ ਪੰਮੀ ਸੰਧੂ ਦੇ ਭਰਾ ਮਾਮੇ 'ਲੱਲੂ ਰਾਮ' ਦਾ ਪਾਰਟ ਅਦਾ ਕੀਤਾ।

1990ਵਿਆਂ ਦੇ ਦਹਾਕੇ 'ਚ ਡਾ. ਸੁਰਿੰਦਰ ਸ਼ਰਮਾ ਦੀ ਮਜ਼ਾਹੀਆ ਅਦਾਕਾਰੀ ਨੂੰ ਹੋਰ ਭਰਵਾਂ ਹੁਲਾਰਾ ਮਿਲਿਆ। ਦਵਿੰਦਰ ਗਿੱਲ (ਭਰਾ ਗੁੱਗੂ ਗਿੱਲ) ਤੇ ਇਕਬਾਲ ਸਿੰਘ ਨੇ ਆਪਣੇ ਫਿਲਮਸਾਜ਼ ਅਦਾਰੇ ਗਿੱਲ ਆਰਟਸ, ਬੰਬੇ ਦੇ ਬੈਨਰ ਹੇਠ ਰਵਿੰਦਰ ਰਵੀ ਨਿਰਦੇਸ਼ਿਤ ਐਕਸ਼ਨ ਪੰਜਾਬੀ ਫਿਲਮ 'ਅਣਖ ਜੱਟਾਂ ਦੀ' (1990) 'ਚ ਇੱਕ ਵਾਰ ਫਿਰ ਡਾ. ਸੁਰਿੰਦਰ ਸ਼ਰਮਾ ਤੇ ਮਿਹਰ ਮਿੱਤਲ (ਮੰਗਲ ਚੌਕੀਦਾਰ) ਨੂੰ ਜੋੜੀਦਾਰ ਬਣਾਇਆ। ਫਿਲਮ 'ਚ ਉਸ ਨੇ 'ਰੱਖੀ' ਦਾ ਕਿਰਦਾਰ ਨਿਭਾ ਰਹੀ ਅਦਾਕਾਰਾ ਜਤਿੰਦਰ ਜੀਤੂ ਦੇ ਪਿਓ ਦਾ ਮਜ਼ਾਹੀਆ ਰੋਲ ਕੀਤਾ। ਭਾਰਤ ਭੂਸ਼ਨ, ਸੁੱਖੀ ਅਕਲੀਆ, ਇਕਬਾਲ ਸਿੰਘ ਦੇ ਫਿਲਮਸਾਜ਼ ਅਦਾਰੇ ਨੇਹਾ ਮੂਵੀਜ਼, ਬੰਬੇ ਦੀ ਰਵਿੰਦਰ ਰਵੀ ਨਿਰਦੇਸ਼ਿਤ ਐਕਸ਼ਨ ਪੰਜਾਬੀ ਫਿਲਮ 'ਬਦਲਾ ਜੱਟੀ ਦਾ' (1991) 'ਚ ਡਾ. ਸੁਰਿੰਦਰ ਸ਼ਰਮਾ ਨੇ ਅਦਾਕਾਰ ਗੁੱਗੂ ਗਿੱਲ ਦੇ ਸਾਥੀ 'ਟੁੰਡਾ' ਦਾ ਪਾਰਟ ਅਦਾ ਕੀਤਾ। ਰੁਪਿੰਦਰ ਸਿੰਘ ਗਿੱਲ ਤੇ ਇਕਬਾਲ ਸਿੰਘ ਢਿੱਲੋਂ ਨੇ ਫਿਲਮਸਾਜ਼ ਅਦਾਰੇ ਸੁਰਜੀਤ ਮੂਵੀਜ਼, ਬੰਬੇ ਦੇ ਬੈਨਰ ਹੇਠ ਰਵਿੰਦਰ ਰਵੀ ਦੀ ਹਿਦਾਇਤਕਾਰੀ ਵਿੱਚ ਪੰਜਾਬੀ ਫਿਲਮ 'ਦਿਲ ਦਾ ਮਾਮਲਾ' (1991) ਬਣਾਈ। ਫਿਲਮ 'ਚ ਡਾ. ਸੁਰਿੰਦਰ ਨੇ 'ਮਹਿੰਗੇ' ਦਾ ਪਾਤਰ ਨਿਭਾਇਆ। ਭੂਸ਼ਣ ਮਦਾਨ ਤੇ ਇਕਬਾਲ ਸਿੰਘ ਦੇ ਫਿਲਮਸਾਜ਼ ਅਦਾਰੇ ਨੇਹਾ ਮੂਵੀਜ਼, ਬੰਬੇ ਦੀ ਕ੍ਰਿਸ਼ਨ ਸਾਹਨੀ ਨਿਰਦੇਸ਼ਿਤ ਐਕਸ਼ਨ ਪੰਜਾਬੀ ਫਿਲਮ 'ਲਲਕਾਰਾ ਜੱਟੀ ਦਾ' (1992) 'ਚ ਡਾ. ਸੁਰਿੰਦਰ ਨੇ 'ਫੰਨੇ ਖਾਂ' ਦਾ ਮਜ਼ਾਹੀਆ ਰੋਲ ਕੀਤਾ ਤੇ ਮਸ਼ਹੂਰ ਮੁਕਾਲਮੇ 'ਮੈਂ ਫੰਨੇ ਖਾਂ ਬਦਮਾਸ਼ ਢਸਾ ਢੱਸ...ਖਚਾ ਖਚ...ਓਏ ਪੁਲਿਸ ਮੁਕਾਬਲੇ ਟੰਗਾਂ ਵਿੰਗੀਆਂ' ਨੇ ਵੀ ਦਰਸ਼ਕ ਖ਼ੂਬ ਹਸਾਏ। ਰੁਪਿੰਦਰ ਗਿੱਲ ਤੇ ਸੁੱਖੀ ਅਕਲੀਆ ਨੇ ਫਿਲਮਸਾਜ਼ ਅਦਾਰੇ ਐੱਸ. ਆਰ. ਮੂਵੀਜ਼ ਇੰਟਰਨੈਸ਼ਨਲ, ਬੰਬੇ ਹੇਠ ਰੂਮਾਨੀ ਪੰਜਾਬੀ ਫਿਲਮ 'ਮਿਰਜ਼ਾ ਸਾਹਿਬਾਂ' (1992) ਬਣਾਈ, ਜਿਸ ਵਿੱਚ ਗੁੱਗੂ ਗਿੱਲ ਨੇ 'ਮਿਰਜ਼ਾ' ਦਾ ਤੇ ਮਨਜੀਤ ਕੁਲਾਰ ਨੇ 'ਸਾਹਿਬਾਂ' ਦਾ ਟਾਈਟਲ ਰੋਲ ਕੀਤਾ ਜਦੋਂਕਿ ਸ਼ਰਮਾ ਨੇ 'ਕਰਮੂ' ਦਾ ਮਜ਼ਾਹੀਆ ਪਾਰਟ ਨਿਭਾਇਆ। ਰੁਪਿੰਦਰ ਗਿੱਲ ਤੇ ਇਕਬਾਲ ਸਿੰਘ ਨੇ ਫਿਲਮਸਾਜ਼ ਅਦਾਰੇ ਸੁਰਜੀਤ ਮੂਵੀਜ਼, ਬੰਬੇ ਹੇਠ ਲੋਕ ਨਾਇਕ ਜਿਓਣਾ ਮੌੜ 'ਤੇ ਪੰਜਾਬੀ ਫਿਲਮ 'ਜੱਟ ਜਿਓਣਾ ਮੌੜ' (1992) ਬਣਾਈ। ਫਿਲਮ ਦੀ ਕਹਾਣੀ, ਮੰਜ਼ਰਨਾਮਾ, ਮੁਕਾਲਮੇ ਤੇ ਹਿਦਾਇਤਕਾਰੀ ਦੇ ਫਰਜ਼ ਰਵਿੰਦਰ ਰਵੀ ਨੇ ਅੰਜਾਮ ਦਿੱਤੇ। ਫਿਲਮ 'ਚ 'ਜਿਓਣਾ ਮੌੜ' ਦਾ ਟਾਈਟਲ ਰੋਲ ਗੁੱਗੂ ਗਿੱਲ ਨੇ ਤੇ ਡਾ. ਸੁਰਿੰਦਰ ਸ਼ਰਮਾ ਨੇ ਉਸ ਦੇ ਸਾਥੀ ਮਜ਼ਾਹੀਆ ਸ਼ਾਇਰ 'ਭੰਬੀਰੀ' ਦਾ ਕਿਰਦਾਰ ਨਿਭਾਇਆ। ਸਾਧੂ ਸਿੰਘ ਬਨਵੈਤ ਦੇ ਫਿਲਮਸਾਜ਼ ਅਦਾਰੇ ਆਜ਼ਾਦ ਕਲਾ ਫਿਲਮਜ਼, ਬੰਬੇ ਦੀ ਇਕਬਾਲ ਚਾਨਾ ਨਿਰਦੇਸ਼ਿਤ ਫਿਲਮ 'ਪੱਗੜੀ ਸੰਭਾਲ ਜੱਟਾ' (1992) 'ਚ ਡਾ. ਸੁਰਿੰਦਰ ਸ਼ਰਮਾ ਨੇ 'ਪੰਡਤ' ਦਾ ਰੋਲ ਕੀਤਾ।

ਇਸ ਤੋਂ ਬਾਅਦ ਉਨਾਂ ਨੇ ਯੂਨਾਈਟਡ ਫਿਲਮਜ਼ ਇੰਟਰਨੈਸ਼ਨਲ, ਬੰਬੇ ਦੀ ਸ਼ਸ਼ੀ ਰਾਜ ਨਿਰਦੇਸ਼ਿਤ ਪੰਜਾਬੀ ਫਿਲਮ 'ਪੁੱਤ ਸਰਦਾਰਾਂ ਦੇ' (1992), ਟਾਂਡਾ ਫਿਲਮਜ਼, ਬੰਬੇ ਦੀ ਬੀ. ਐੱਸ. ਸ਼ਾਦ ਨਿਰਦੇਸ਼ਿਤ ਫਿਲਮ 'ਵੈਰੀ' (1992), ਦਲਜੀਤ ਆਰਟਸ, ਬੰਬੇ ਦੀ ਫਿਲਮ 'ਤਬਾਹੀ' (1993), ਨੀਲਮ ਫਿਲਮਜ਼, ਬੰਬੇ ਦੀ ਫਿਲਮ 'ਗਵਾਹੀ ਜੱਟ ਦੀ' (1994), ਦਰਸ਼ਨ ਆਰਟਸ ਇੰਟਰਨੈਸ਼ਨਲ, ਬੰਬੇ ਦੀ ਫਿਲਮ 'ਮੇਰਾ ਪੰਜਾਬ' (1994), ਦਲਜੀਤ ਆਰਟਸ, ਬੰਬੇ ਦੀ ਹਰਿੰਦਰ ਗਿੱਲ ਨਿਰਦੇਸ਼ਿਤ ਫਿਲਮ 'ਬਗਾਵਤ' (1995), ਟਾਂਡਾ ਗਿੰਨੀ ਆਰਟਸ, ਬੰਬੇ ਭੂਸ਼ਣ ਮਦਾਨ ਨਿਰਦੇਸ਼ਿਤ ਫਿਲਮ 'ਧੀ ਜੱਟ ਦੀ' (1995), ਸਾਈਂ ਸਪਰੂ ਕ੍ਰਿਏਸ਼ਨ, ਬੰਬੇ ਦੀ ਰਵਿੰਦਰ ਰਵੀ ਨਿਰਦੇਸ਼ਿਤ ਫਿਲਮ 'ਪ੍ਰਤਿੱਗਿਆ' (1995), ਹਿਦਾਇਤਕਾਰ ਜਰਨੈਲ ਸਿੰਘ ਚੰਨੀ ਦੀ ਫਿਲਮ 'ਹੱਕਦਾਰ' (1995) ਆਦਿ। ਡਾ. ਸ਼ਰਮਾ ਦੀ ਆਖ਼ਰੀ ਪੰਜਾਬੀ ਫਿਲਮ ਬਲਬੀਰ ਬੇਗਮਪੁਰੀ ਨਿਰਦੇਸ਼ਿਤ 'ਦਿੱਲੀ ਤੋਂ ਲਾਹੌਰ' (2018) ਸੀ। ਇਸ ਤੋਂ ਬਾਅਦ ਤਬੀਅਤ ਦੇ ਨਾਸਾਜ਼ ਚੱਲਦਿਆਂ ਉਨਾਂ ਨੇ ਫਿਲਮਾਂ ਤੋਂ ਮੁਕੰਮਲ ਕਿਨਾਰਾਕਸ਼ੀ ਕਰ ਲਈ।

ਪੰਜਾਬੀ ਤੋਂ ਇਲਾਵਾ ਡਾ. ਸ਼ਰਮਾ ਨੇ ਕੁਝ ਹਿੰਦੀ ਫਿਲਮਾਂ, ਟੈਲੀ ਫਿਲਮਾਂ ਤੇ ਟੈਲੀਵਿਜ਼ਨ ਨਾਟਕਾਂ ਵਿੱਚ ਵੀ ਕਿਰਦਾਰਨਿਗ਼ਾਰੀ ਕੀਤੀ। ਉਨਾਂ ਦੇ ਖ਼ਿਆਲ ਮੁਤਾਬਿਕ ਕਾਮੇਡੀ ਕਰਨਾ ਜਾਂ ਹਸਾਉਣਾ ਸਭ ਤੋਂ ਔਖਾ ਕੰਮ ਹੈ। ਕਈ ਵਾਰ ਅੰਦਰੋਂ ਟੁੱਟਿਆ ਕਲਾਕਾਰ ਵੀ ਆਪਣੇ ਮਜ਼ਾਹੀਆ ਫ਼ਨ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਦਾ ਹੈ ਤੇ ਇਹੀ ਉਸ ਦਾ ਅਸਲ ਹੁਨਰ ਹੁੰਦਾ ਹੈ। ਡਾ. ਸ਼ਰਮਾ ਆਪਣੇ ਵੱਖਰੇ ਅੰਦਾਜ਼ ਨਾਲ ਫਿਲਮ ਦੀ ਕਹਾਣੀ ਅਨੁਸਾਰ ਆਪਣੇ ਮੁਕਾਲਮੇ ਆਪ ਲਿਖਦੇ ਸਨ, ਜਿਵੇਂ ਮਿਹਰ ਮਿੱਤਲ ਆਪਣੇ ਮੁਕਾਲਮੇ ਆਪ ਤਹਿਰੀਰ ਕਰਦੇ ਸਨ। ਫਿਲਮੀ ਅਦਾਕਾਰੀ ਤੋਂ ਇਲਾਵਾ ਬਹੁਤ ਸਾਰੇ ਸਟੇਜ ਸ਼ੋਅ'ਜ਼ ਦੀ ਐਂਕਰਿੰਗ ਕਰਨ ਵਾਲੇ ਡਾ. ਸੁਰਿੰਦਰ ਸ਼ਰਮਾ 27 ਜੂਨ 2022 ਨੂੰ 77 ਸਾਲ ਦੀ ਉਮਰ ਵਿੱਚ ਚੰਡੀਗੜ ਵਿਖੇ ਅਕਾਲ ਚਲਾਣਾ ਕਰ ਗਏ। ਉਨਾਂ ਦੇ ਦੋ ਪੁੱਤਰ ਡਾ. ਮਨੂੰ ਸ਼ਰਮਾ ਤੇ ਦਿਨਕਰ ਸ਼ਰਮਾ ਹਨ।



# A-ONE EXPRESS

**ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ**

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

**ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ**

28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

**Toll Free: 888.725.7441, Office: 209.537.0975, Fax: 209.537.0375**

# DIAMOND TRANSPORTATION

DIAMOND
Transportation Logistics, Inc.

**Dry Van ਤੇ Reefer ਦੇ ਕੰਮ ਲਈ**
**Owner Operators ਦੀ ਲੋੜ**

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
**209.487.3699**

ਹਰਨੇਕ ਸਿੰਘ ਅਟਵਾਲ
**209.351.5965**

**2850 Loomis Rd, Stockton, CA 95205**

# ਅੱਖੀਂ ਦੇਖਿਆ ਤੇ ਹੰਡਾਇਆ ਜੂਨ 1984 : 6 ਜੂਨ 1984

## ਭਾਗ 6



**ਬਾਬਾ ਮੁਖਤਿਆਰ ਸਿੰਘ**
ਮੁਖੀ USA (ਵਿਦਿਆਰਥੀ ਦਮਦਮੀ ਟਕਸਾਲ)

5 ਅਤੇ 6 ਜੂਨ ਨੂੰ ਸਾਰੀ ਰਾਤ ਹੀ ਬਹੁਤ ਭਿਆਨਕ ਘਮਾਸਾਣ ਦਾ ਯੁੱਧ ਹੁੰਦਾ ਰਿਹਾ ਅਤੇ 6 ਜੂਨ ਨੂੰ ਅੰਮ੍ਰਿਤ-ਵੇਲੇ ਸ੍ਰੀ ਅਕਾਲ ਤਖਤ ਸਾਹਿਬ ਦੀ ਰੋਜ਼ਾਨਾ ਦੀ ਮਾਣ-ਮਰਿਯਾਦਾ ਕੋਈ ਵੀ ਨਹੀਂ ਨਿਭ ਸਕੀ ਅਤੇ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਵੀ ਨਹੀਂ ਹੋ ਸਕਿਆ।

ਅਤਿ ਦੀ ਗਰਮੀ ਸੀ, ਦੋ ਦਿਨਾਂ ਤੋਂ ਬਹੁਤੇ ਸਿੰਘਾਂ ਇਸ਼ਨਾਨ ਅਤੇ ਆਪਣੀ ਸਰੀਰਕ ਕਿਰਿਆ ਵੀ ਨਹੀਂ ਸੀ ਕਰ ਸਕੇ ਅਤੇ ਭੁੱਖਣ ਭਾਣੇ ਹੀ ਫੌਜ ਦਾ ਪੂਰਾ ਮੁਕਾਬਲਾ ਕਰ ਰਹੇ ਸਨ। ਜਿਵੇਂ ਜਿਵੇਂ ਫੌਜ ਨੇ ਤੋਪਾਂ, ਟੈਂਕਾਂ ਦੇ ਗੋਲਿਆਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਵੱਲ ਵਧਣਾ ਸ਼ੁਰੂ ਕੀਤਾ, ਉਸੇ ਤਰਾਂ ਗੁਰੂ ਸਾਹਿਬ ਦੇ ਸਿੰਘ ਵੀ ਫੌਜੀਆਂ ਨੂੰ ਫੇਰ ਧੁਰ ਦੀ ਗੱਡੀ ਚਾੜਾਉਂਦੇ ਗਏ ਅਤੇ ਕਈ ਸਿੰਘ ਵੀ ਮੋਰਚਿਆਂ ਵਿੱਚ ਸ਼ਹੀਦੀਆਂ ਪ੍ਰਾਪਤ ਕਰ ਗਏ ਸਨ। ਬਹੁਤੇ ਸਿੰਘ ਫੌਜ ਨਾਲ ਮੁਕਾਬਲਾ ਕਰਦੇ ਹੋਏ ਵੀ ਸੰਤਾਂ ਦੇ ਕੋਲ ਸ੍ਰੀ ਅਕਾਲ ਤਖਤ ਸਾਹਿਬ ਤੇ ਪਹੁੰਚ ਗਏ ਸਨ। 6 ਜੂਨ ਨੂੰ ਸਵੇਰੇ ਜਦੋਂ ਸੂਰਜ ਦੀ ਲੋਅ ਲੱਗਣੀ ਸ਼ੁਰੂ ਹੋਈ ਤਾਂ ਟੈਂਕ ਸਾਹਮਣੇ ਦਿਖਣੇ ਸ਼ੁਰੂ ਹੋ ਗਏ ਸਨ। ਅੰਮ੍ਰਿਤ ਵੇਲੇ ਦਮਦਮੀ ਟਕਸਾਲ ਦਾ ਵਿਦਿਆਰਥੀ ਪੰਜਾਂ ਪਿਆਰਿਆਂ ਵਿੱਚ ਸੇਵਾ ਕਰਨ ਵਾਲਾ ਭਾਈ ਰਣਜੀਤ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ਸਤਰਾਂ ਵਾਲੀ ਪਾਲਕੀ ਦੇ ਬਾਹਰ ਵਾਲੀ ਸਾਇਡ ਤੇ ਫੌਜ ਨਾਲ ਬਹੁਤ ਹੀ ਦਲੇਰੀ ਨਾਲ ਜੂਝਦਾ ਹੋਇਆ ਸ਼ਹੀਦੀ ਪ੍ਰਾਪਤ ਕਰ ਗਿਆ।

ਸਵੇਰੇ 6 ਕੁ ਵਜੇ ਦੇ ਕਰੀਬ ਸੰਤ ਕੁਝ ਸਿੰਘਾਂ ਨਾਲ ਭੋਰੇ ਵਿੱਚੋਂ ਸਰੀਰਕ ਕਿਰਿਆ ਕਰਨ ਵਾਸਤੇ ਬਹਾਰ ਆਏ, ਦਾਸ ਵੀ ਉਨਾਂ ਸਿੰਘਾਂ ਦੇ ਨਾਲ ਸੀ। ਮਹਾਂਪੁਰਖਾਂ ਨੇ ਦੋ ਦਿਨਾਂ ਤੋਂ ਕੁਝ ਵੀ ਨਹੀਂ ਸੀ ਛੱਕਿਆ, ਉਹ ਸਾਰੇ ਹਾਲਤ ਦੇਖ ਕੇ ਉਸ ਸਮੇਂ ਮਹਾਂਪੁਰਖਾਂ ਦੀ ਉਹ ਧਾਰਨਾ ਦਾਸ ਨੂੰ ਵਾਰ ਵਾਰ ਯਾਦ ਆ ਰਹੀ ਸੀ ਅਤੇ ਮਨ 'ਤੇ ਗਹਿਰਾ ਅਸਰ ਕਰ ਰਹੀ ਸੀ, ਜੋ ਸੰਤ ਆਪ ਸਾਰੀਆਂ ਸਿੱਖ ਸੰਗਤਾਂ ਨੂੰ ਪੜਾਇਆ ਕਰਦੇ ਸਨ (ਇਹ ਪੰਛੀ ਇਕੱਲਾ ਹੈ, ਇਹਦੇ ਮਗਰ ਸ਼ਿਕਾਰੀ ਬਹੁਤੇ)।

ਉਸ ਸਮੇਂ ਆਪੁਣੇ ਪੰਥਕ ਲੀਡਰ ਅਖਵਾਉਣ ਵਾਲੇ ਲੋਕਾਂ ਦਾ ਵੀ ਪਤਾ ਲੱਗ ਗਿਆ ਜਿਨਾਂ ਨੇ ਸਿੱਖ ਸੰਗਤਾਂ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਪੰਥ ਲਈ ਸ਼ਹੀਦੀਆਂ ਪਾਉਣ ਲਈ ਮਰਜੀਵੜੇ ਬਣ ਕੇ ਸਹੁੰਆਂ ਚੁੱਕੀਆਂ ਸਨ। ਉਹ ਵੀ ਸਾਰੇ ਸਾਥ ਛੱਡ ਗਏ ਸਨ ਅਤੇ ਜਿਹੜੇ ਇਹ ਕਹਿੰਦੇ ਸਨ ਕਿ ਅਗਰ ਸ੍ਰੀ ਦਰਬਾਰ ਸਾਹਿਬ ਵਿਖੇ ਪੁਲਿਸ ਜਾਂ ਮਿਲਟਰੀ ਅੰਦਰ ਦਾਖਲ ਹੋਈ ਤਾਂ ਉਹ ਸਾਡੀਆਂ ਲਾਸ਼ਾਂ 'ਤੋਂ ਦੀ ਹੋ ਕੇ ਅੱਗੇ ਜਾਵੇਗੀ। ਜਦੋਂ ਫੌਜ ਸ੍ਰੀ ਦਰਬਾਰ ਸਾਹਿਬ ਵਿਖੇ ਅੰਦਰ ਆਈ ਤਾਂ ਉਹ ਪੰਥਕ ਲੀਡਰ ਅਖਵਾਉਣ ਵਾਲਿਆਂ ਦੀਆਂ ਲਾਸ਼ਾਂ ਤੋਂ ਨਹੀਂ, ਧਰਮੀ ਗੁਰਸਿੱਖਾਂ ਦੀਆਂ ਲਾਸ਼ਾਂ ਤੋਂ ਲੰਘ ਕੇ ਆਈ। ਪਰ ਇਹ ਸਾਰੇ ਲੀਡਰ ਉਲਟਾ ਹੱਥ ਖੜੇ ਕਰਕੇ ਧਰਮੀ ਸਿੰਘਾਂ ਦੀਆਂ ਅਤੇ ਸਿੱਖ ਸੰਗਤਾਂ ਦੀਆਂ ਲਾਸ਼ਾਂ ਉੱਤੋਂ ਦੀ ਲੰਘ ਕੇ ਸਰਕਾਰੀ ਫੌਜੀਆਂ ਦੀਆਂ ਗੱਡੀਆਂ ਵਿੱਚ ਬੈਠ ਕੇ ਔਹ ਗਏ ਤੇ ਔਹ ਗਏ।

ਦੂਜੇ ਪਾਸੇ ਮਹਾਂਪੁਰਖ ਕਹਿਣੀ ਕਥਨੀ ਦੇ ਪੂਰੇ, ਸੂਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਬਹਾਰਲੇ ਪਾਸੇ ਬਣੇ ਹੋਏ ਬਾਥਰੂਮਾਂ ਵਿੱਚ ਆਪਣੀ ਸਰੀਰਕ ਕਿਰਿਆ ਕਰਕੇ ਫੇਰ ਪੰਜ ਇਸ਼ਨਾਨਾ ਕੀਤਾ ਅਤੇ ਭਾਈ ਗੁਰਮੁਖ ਸਿੰਘ ਗੜਬਈ ਜਦੋਂ ਸੰਤਾਂ ਦੇ ਹੱਥ ਸੁੱਚੇ ਕਰਵਾ ਰਿਹਾ ਸੀ ਤਾਂ ਸੰਤਾਂ ਨੇ ਹੱਥ ਸੁੱਚੇ ਕਰਦਿਆਂ ਸਿੰਘਾਂ ਨੂੰ ਪੁੱਛਿਆ, ਖ਼ਬਰਾਂ ਸੁਣੋ ਕਰਵਿਓ ਕਿੰਨੇ ਵਜੇ ਤੱਕ ਹੈ। ਕੋਲੋ ਖੜੇ ਸਿੰਘਾਂ ਨੇ ਵਿੱਚੋਂ ਹੀ ਕਿਹਾ ਕਿ ਬਾਬਾ ਜੀ ਕਰਫਿਊ 9 ਵਜੇ ਤੱਕ ਹੈ। ਉਸ ਸਮੇਂ ਫੌਜ ਨਾਲ ਪਰਕਰਮਾ ਵਿੱਚ ਗਹਿਗਚ ਲੜਾਈ ਚਲ ਰਹੀ ਸੀ। ਜਿਸ ਪਾਸੇ ਤੋਂ ਵੀ ਸਿੰਘ ਗੋਲੀ ਚਲਾਉਂਦੇ ਸਨ, ਉੱਥੇ ਫੌਜ ਵੱਲੋਂ ਟੈਂਕਾਂ ਦੇ ਗੋਲਿਆਂ ਦੀ ਵਛਾੜ ਹੀ ਕੀਤੀ ਜਾਂਦੀ ਸੀ।

ਸੰਤ ਦੁਬਾਰਾ ਫੇਰ ਸਿੰਘਾਂ ਨਾਲ ਥੱਲੇ ਭੋਰੇ ਵਿੱਚ ਚਲੇ ਗਏ, ਦਾਸ ਭੋਰੇ ਵਿਚੋਂ ਥੋੜੇ ਸਮੇਂ ਲਈ ਉੱਪਰ ਸਿੰਘਾਂ ਕੋਲ ਆਇਆ ਤਾਂ ਭਾਈ ਅਜਾਇਬ ਸਿੰਘ ਮਹਿਤੇ ਵਾਲੇ, ਭਾਈ ਹਰਵਿੰਦਰ ਸਿੰਘ ਸ਼ੈਤਾਨ ਮਨਾਵੇਂ ਵਾਲਾ, ਭਾਈ ਪ੍ਰੀਤਮ ਸਿੰਘ ਪ੍ਰੀਤਾ ਫੱਤੂਢੀਂਗੇ ਵਾਲਾ, ਭਾਈ ਲਾਭ ਸਿੰਘ, ਭਾਈ ਅਨੋਖ ਸਿੰਘ ਉਭੋਕੇ ਅਤੇ ਹੋਰ ਸਿੰਘ ਬਹੁਤ ਦਲੇਰੀ ਅਤੇ ਬਹਾਦਰੀ ਨਾਲ ਸ੍ਰੀ ਅਕਾਲ ਤਖਤ ਸਾਹਿਬ ਤੋਂ ਦਿੱਖ ਰਹੇ ਨੇੜੇ ਆਏ ਫੌਜੀਆਂ ਨੂੰ ਭਾਜੜਾਂ ਪਾ ਰਹੇ ਸਨ ਅਤੇ ਉੱਚੀ ਉੱਚੀ ਜੈਕਾਰੇ ਲਾਉਂਦੇ ਫੌਜੀਆਂ ਨੂੰ ਉੱਚੀ ਉੱਚੀ ਕਹਿ ਰਹੇ ਸਨ ਕਿ ਜ਼ਰਾ ਨੇੜੇ ਆਓ ਤੁਹਾਨੂੰ ਭਿੰਡਰਾਂਵਾਲਾ ਦਈਏ। ਲਾੜੀ ਮੌਤ ਨੂੰ ਪੂਰੇ ਮਖੌਲ ਕਰ ਰਹੇ ਸਨ ਤੇ ਕਿਸੇ ਵੀ ਸਿੰਘ 'ਤੇ ਮੌਤ ਦਾ ਕੋਈ ਵੀ ਅਸਰ ਨਹੀਂ ਸੀ ਦਿਖ ਰਿਹਾ, ਬਲਕਿ ਸ਼ਹੀਦੀਆਂ ਪਾਉਣ ਦੇ ਲਈ ਬਹੁਤ ਚਾਅ ਚੜ੍ਹੇ ਹੋਏ ਸਨ।

ਮੈਂ ਦੇਖ ਰਿਹਾ ਸੀ ਕਿ ਮਹਾਂਪੁਰਖਾਂ ਦੇ ਵੱਡੇ ਭਰਾ ਬਾਪੂ ਜੰਗੀਰ ਸਿੰਘ ਜੀ ਨੂੰ ਉਨਾਂ ਨੇ ਆਪਣੇ ਗਲ ਵਿੱਚ ਨਵਾਂ ਚੋਲਾ ਪਾਇਆ ਅਤੇ ਗਲ਼ ਵਿੱਚ ਪਾਈ ਸ੍ਰੀ ਸਾਹਿਬ ਨੂੰ ਨਵਾਂ ਗਾਤਰਾ ਪਾ ਰਹੇ ਸਨ, ਮੈਂ ਪੁੱਛਿਆ ਬਾਪੂ ਜੀ ਤੁਸੀਂ ਇਹ ਕੀ ਕਰਦੇ ਹੋ? ਮੈਨੂੰ ਬਾਪੂ ਨੇ ਕਿਹਾ ਮੁਖੀ ਤੈਨੂੰ ਨਹੀਂ ਪਤਾ ਥੋੜੇ ਸਮੇਂ ਨੂੰ ਸੰਤਾਂ ਨੇ ਬਰਾਤ ਲੈ ਕੇ ਲਾੜੀ ਮੌਤ ਦੀ ਘੋੜੀ ਚੜਨਾ ਹੈ? ਉਮਰ ਵਿੱਚ ਸੰਤ ਭਾਵੇਂ ਮੇਰੇ ਨਾਲੋਂ ਕਾਫ਼ੀ ਛੋਟੇ ਹਨ ਤੇ ਮੈਂ ਵੱਡਾ ਹਾਂ, ਪਰ ਭਰਾ ਹੋਣ ਕਰਕੇ ਸਰਵਾਲਾ ਤਾਂ ਸੰਤਾਂ ਦਾ ਮੈਂ ਹੀ ਬਣੂੰਗਾ। ਬਾਪੂ ਨੇ ਮੈਨੂੰ ਵੀ ਕਿਹਾ ਮੁਖੀ ਤੈਂ ਨਹੀਂ ਜਾਣਾ ਬਰਾਤੇ? ਮੈਂ ਕਿਹਾ ਮੈਂ ਵੀ ਜਾਣਾ ਹੈ, ਪਰ ਹਰ ਕਿਸੇ ਨੂੰ ਉੱਤਮ ਭਾਗਾਂ ਤੋਂ ਬਗੈਰ ਸ਼ਹਾਦਤ ਦੀ ਪ੍ਰਾਪਤੀ ਨਹੀਂ ਹੁੰਦੀ। ਉਹ ਬਾਪੂ ਦੇ ਬੋਲ ਉਸੇ ਤਰਾਂ ਅੱਜ ਵੀ ਮੇਰੇ ਕੰਨਾਂ ਵਿੱਚ ਗੂੰਜਦੇ ਹਨ ਅਤੇ ਗੁਰਬਾਣੀ ਦਾ ਉਹ ਪਾਵਨ ਸ਼ਬਦ ਅਟੱਲ ਹੈ (ਜੋਰੁ ਨ ਜੀਵਣਿ ਮਰਣਿ ਨਹ ਜੋਰੁ) ਭਾਵ ਜੀਵਨ ਅਤੇ ਮਰਨ ਵਿੱਚ ਸਾਡੀ ਕੋਈ ਵੀ ਕਿਸੇ ਦੀ ਸਮਰੱਥਾ ਕੰਮ ਨਹੀਂ ਕਰਦੀ।

ਫੇਰ ਉਸ ਤੋਂ ਬਾਅਦ ਮੈਂ ਭਾਈ ਹਰਚਰਨ ਸਿੰਘ ਜੀ ਮੁਕਤਾ ਜੀ ਨੂੰ ਮਿਲਿਆ, ਉਨਾਂ ਨੇ ਆਪਣੇ ਸਿਰ ਉਤੇ ਲੋਹੇ ਦੀ ਇਕ ਬਾਲਟੀ ਪਾ ਕੇ ਦਿਖਾਈ, ਮੈਂ ਬੇਨਤੀ ਕੀਤੀ ਮੁਕਤਾ ਜੀ ਤੁਸੀਂ ਇਹ ਲੋਹੇ ਦੀ ਬਾਲਟੀ ਕਿਉਂ ਪਾ ਲਈ ਹੈ? ਮੁਕਤਾ ਜੀ ਨੇ ਜੋ ਉਸ ਵੇਲੇ ਮੈਨੂੰ ਜੋ ਬਚਨ ਕਿਹਾ ਉਸ ਨੂੰ ਸੁਣ ਕੇ ਮੈਂ ਹੈਰਾਨ ਹੋ ਕੇ ਪੁਰਾਤਨ ਸਿੰਘਾਂ ਦੇ ਵਿਚਾਰ ਜੋ ਪੜਦਾ ਤੇ ਸੁਣਦਾ ਸੀ ਕਿ ਸਿੰਘ ਮੌਤ ਨੂੰ ਕਿਸ ਤਰਾਂ ਮਖੌਲ ਕਰਦੇ ਸੀ, ਅੱਜ ਉਹ ਸਾਰਾ ਕੁਝ ਆਪਣੀਆਂ ਅੱਖਾਂ ਨਾਲ ਦੇਖ ਅਤੇ ਕੰਨਾਂ ਨਾਲ ਸੁਣ ਰਿਹਾ ਸੀ। ਦਾਸ ਆਪ ਮੁਹਾਰੇ ਬੋਲ ਰਿਹਾ ਸੀ ਧੰਨ ਗੁਰੂ ਕਲਗੀਧਰ ਸੱਚੇ ਪਾਤਸ਼ਾਹ, ਤੁਹਾਡੀ ਸਿੱਖੀ ਅਤੇ ਧੰਨ ਤੁਹਾਡੇ ਇਹ ਮਰਜੀਵੜੇ ਸਿੱਖ! ਜੋ ਸਾਹਮਣੇ ਖੜੀ ਮੌਤ ਨੂੰ ਕਿਸ ਤਰਾਂ ਮਖੌਲ ਕਰਦੇ ਹਨ। ਮੁਕਤਾ ਜੀ ਕਹਿੰਦੇ ਆਪਾਂ ਨੇ ਅੱਜ ਸ਼ਹੀਦ ਹੋ ਜਾਣਾ ਹੈ, ਸ਼ਹੀਦੀ ਤੋਂ ਬਾਅਦ ਕਿਸੇ ਨੂੰ ਮੇਰੀ ਪਛਾਣ ਕਰਨ ਵਿੱਚ ਕੋਈ ਮੁਸ਼ਕਲ ਨਾ ਆਵੇ, ਜਦੋਂ ਸਿਰ ਤੋਂ ਬਾਲਟੀ ਪਰੇ ਕਰਨਗੇ ਤਾਂ ਦੁਸ਼ਮਣਾਂ ਨੂੰ ਪਤਾ ਲੱਗੇਗਾ ਕਿ ਇਹ ਹੈ ਭਾਈ ਹਰਚਰਨ ਸਿੰਘ ਮੁਕਤਾ ਜੋ ਦੀਵਾਨ ਮੰਜੀ ਸਾਹਿਬ ਹਾਲ ਵਿਖੇ ਸਟੇਜ ਤੇ ਕਵਿਤਾ ਰਾਹੀਂ ਕਹਿੰਦਾ ਹੁੰਦਾ ਸੀ 'ਸੁਣੋ ਵੀਰ ਜਵਾਨੋ ਗਭਰੂਓ ਸਿੱਖੀ ਤੋਂ ਜੁਆਨੀ ਵਾਰ ਦਿਉ, ਅੱਜ ਪੰਥ ਬੜਾ ਕਰਜਈਐ ਸਿਰ ਦੇ ਕੇ ਕਰਜ਼ ਉਤਾਰ ਦਿਓ', ਦਾਸ ਦਾ ਉਸ ਵੇਲੇ ਮਨ ਕਰਦਾ ਸੀ ਕਿ ਮੁਕਤਾ ਜੀ ਦੇ ਚਰਨਾਂ ਨੂੰ ਛੋਹ ਲਵਾਂ। ਮੈਂ ਇਤਿਹਾਸ ਵਿੱਚ ਪੜ੍ਹਿਆ ਸੀ ਅਤੇ ਗੁਰੂ ਘਰ ਦੇ ਪ੍ਰਚਾਰਕਾਂ ਤੋਂ ਸੁਣਦਾ ਸੀ ਕਿ ਪੁਰਾਤਨ ਸਿੰਘਾਂ ਨੂੰ ਵੀ ਲਾੜੀ ਮੌਤ ਦਾ ਕੋਈ ਕਿਸੇ ਕਿਸਮ ਦਾ ਭੈ ਨਹੀਂ ਸੀ ਹੁੰਦਾ ਅਤੇ ਭੈ ਤੋਂ ਰਹਿਤ ਹੋ ਕੇ ਲਾੜੀ ਮੌਤ ਨਾਲ ਮਖੌਲ ਅਤੇ ਕਲੋਲ ਕਰਦੇ ਹੁੰਦੇ ਸਨ, ਮੈਂ ਅੱਜ ਉਹ ਸਭ ਕੁਝ ਆਪਣੀਆਂ ਅੱਖਾਂ ਅੱਗੇ ਹੁੰਦਾ ਦੇਖ ਰਿਹਾ ਸੀ।

ਦਾਸ ਫੇਰ ਥੱਲੇ ਭੋਰੇ ਵਿੱਚ ਸੰਤਾਂ ਦੇ ਕੋਲ ਆ ਗਿਆ। ਉਸ ਵੇਲੇ ਸੰਤਾਂ ਕੋਲ ਸ੍ਰੀ ਅਕਾਲ ਤਖਤ ਸਾਹਿਬ ਤੇ ਤਕਰੀਬਨ 70 ਕੁ ਸਿੰਘ ਇਕੱਠੇ ਹੋ ਗਏ ਸਨ। ਜੋ ਸਿੰਘ ਨੇੜੇ ਦੇ ਮੋਰਚਿਆਂ ਵਿੱਚ ਸਨ, ਉਹ ਵੀ ਸਾਰੇ ਸੰਤਾਂ ਕੋਲ ਇਕੱਠੇ ਹੋ ਗਏ ਸਨ। 8.30 ਕੁ ਵਜੇ ਟੈਂਕਾਂ ਦੇ ਗੋਲਿਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਅੰਦਰ ਬੜਾ ਸਾਹਿਬ ਤੇ ਸੁਭਾਇਮਾਨ ਗੁਰੂ ਸਾਹਿਬ ਜੀ ਦੇ ਸ਼ਸਤਰਾਂ ਵਾਲੀ ਪਾਲਕੀ ਸਾਹਿਬ ਨੂੰ ਤੋਪ ਦਾ ਗੋਲਾ ਮਾਰਕੇ ਉਡਾ ਦਿੱਤਾ। ਭਾਈ ਗੁਰਮੁਖ ਸਿੰਘ ਗੜਬਈ ਨੇ ਥੱਲੇ ਆ ਕੇ ਸੰਤਾਂ ਨੂੰ ਕਿਹਾ ਕਿ ਬਾਬਾ ਜੀ ਟੈਂਕਾਂ ਅਤੇ ਤੋਪਾਂ ਦੇ ਗੋਲਿਆਂ ਨਾਲ ਫੌਜ ਨੇ ਸ਼ਸਤਰਾਂ ਵਾਲੀ ਪਾਲਕੀ ਸਾਹਿਬ ਉਡਾ ਦਿੱਤੀ ਹੈ। ਐਨੀ ਗੱਲ ਜਦੋਂ ਸੰਤਾਂ ਨੇ ਸੁਣੀ ਤਾਂ ਇਕ ਦਮ ਬਹੁਤ ਹੀ ਬੀਰਰਸ ਵਿੱਚ ਆ ਕੇ ਕਹਿਣ ਲੱਗੇ ਚਲੋ ਸਿੰਘੋ ਦੁਸ਼ਮਣਾਂ ਨੂੰ ਬਾਹਰ ਨਿਕਲ ਕੇ ਭਾਜੜਾਂ ਪਾਈਏ ਅਤੇ ਰਣ ਤੱਤੇ ਵਿੱਚ ਜੂਝ ਕੇ ਸ਼ਹਾਦਤਾਂ ਦਈਏ।

ਸੰਤ ਇਹ ਬਚਨ ਕਰਕੇ ਭੋਰੇ 'ਚੋਂ ਉਪਰ ਆ ਗਏ, ਦਾਸ ਵੀ ਉਸ ਵੇਲੇ ਮਹਾਂਪੁਰਖਾਂ ਦੇ ਨਾਲ ਹੀ ਸਿੰਘਾਂ ਵਿੱਚ ਸੀ, ਕੁਝ ਸਿੰਘ ਪਉੜੀਆਂ ਵਿੱਚ ਖੜੇ ਸਨ ਅਤੇ ਕੁਝ ਸਿੰਘ ਸੰਤਾਂ ਦੇ ਨਾਲ ਜਾਣ ਲਈ ਪਹਿਲਾਂ ਹੀ ਅੱਗੇ ਹੋ ਕੇ ਖੜੇ ਸਨ। ਸੰਤਾਂ ਨੇ ਉਤੇ ਆ ਕੇ ਅਰਦਾਸ ਕਰਨ ਤੋਂ ਪਹਿਲਾਂ ਭਾਈ ਕਾਬਲ ਸਿੰਘ (ਨਿਰੰਤਰ ਸਿੰਘ) ਨੂੰ ਕਿਹਾ (ਦਾਸ ਇੱਥੇ ਇਹ ਦਸ ਦੇਵੇ ਭਾਈ ਕਾਬਲ ਸਿੰਘ, ਉਹ ਸਿੰਘ ਸੀ ਜਿਸ ਨੇ ਭਾਈ ਰਣਜੀਤ ਸਿੰਘ ਨਾਲ ਦਿੱਲੀ ਵਿਖੇ ਨਰਕਧਾਰੀਏ ਦੁਸ਼ਟ ਗੁਰਬਾਚਨੇ ਨੂੰ ਗੱਡੀ ਚੜਾਇਆ ਸੀ ਤੇ ਸੰਤਾਂ ਨੇ ਭਾਈ ਰਣਜੀਤ ਸਿੰਘ ਨੂੰ ਅਤੇ ਭਾਈ ਕਾਬਲ ਸਿੰਘ ਨੂੰ ਸੋਨੇ ਨਾਲ ਤੋਲਣ ਦਾ ਐਲਾਨ ਕੀਤਾ



ਹੋਇਆ ਸੀ) 'ਸੰਤ ਕਹਿਣ ਲੱਗੇ ਕਾਬਲ ਸਿੰਘ ਤੈਨੂੰ ਅਤੇ ਭਾਈ ਰਣਜੀਤ ਸਿੰਘ ਨੂੰ ਸੋਨੇ ਨਾਲ ਤੋਲਣਾ ਸੀ, ਸੰਤਾਂ ਨੇ ਇਹ ਵੀ ਦਸਿਆ ਕਿ ਸਿੱਖ ਸੰਗਤਾਂ ਨੇ 80, 90 ਕਿੱਲੋ ਦੇ ਕਰੀਬ ਸੋਨਾ ਇਕੱਠਾ ਕਰਕੇ ਦਿੱਤਾ ਹੋਇਆ ਸੀ ਜੋ 5 ਜੂਨ ਦੀ ਰਾਤ ਨੂੰ ਸਿੰਘਾਂ ਨੇ ਉਹ ਸਾਰਾ ਸੋਨਾ ਖੂਹ ਵਿੱਚ ਸੁੱਟ ਦਿੱਤਾ। ਇਹ ਸਾਰੀ ਗੱਲਬਾਤ ਦਾ ਭਾਈ ਕਾਬਲ ਸਿੰਘ ਜੀ ਨੂੰ ਚੰਗੀ ਤਰਾਂ ਪਤਾ ਸੀ। ਸੰਤਾਂ ਨੇ ਫੇਰ ਕਿਹਾ ਕਿ ਹੁਣ ਅੱਗੇ ਜਾ ਕੇ ਸੋਨਾ ਨਾ ਮੰਗ ਲਵੀਂ। ਭਾਈ ਕਾਬਲ ਸਿੰਘ ਜੀ ਨੇ ਬਹੁਤ ਨਿਮਰਤਾ ਨਾਲ ਕਿਹਾ ਸਤਿਬਚਨ ਬਾਬਾ ਜੀ। ਭਾਈ ਕਾਬਲ ਸਿੰਘ ਨੇ ਕਿਹਾ ਕਿ ਮੇਰੀ ਇਕ ਬੇਨਤੀ ਜ਼ਰੂਰ ਪ੍ਰਵਾਨ ਕਰਿਓ ਮੈਨੂੰ ਆਪਣੇ ਨਾਲ ਹੀ ਰੱਖਿਓ, ਸੰਤ ਕਹਿੰਦੇ ਤੂੰ ਸਾਡੇ ਨਾਲ ਹੀ ਰਹੇਂਗਾ।

ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ ਵੀ ਪੂਰੇ ਤਿਆਰ ਬਰ ਤਿਆਰ ਆਪਣੇ ਹੱਥਾਂ ਵਿੱਚ ਥਾਮਸਨ ਗੰਨ ਲੈ ਕੇ ਸਿੰਘਾਂ ਸਮੇਤ ਸੰਤਾਂ ਦੇ ਨਾਲ ਅਰਦਾਸ ਵਿੱਚ ਸ਼ਾਮਲ ਸਨ। ਸੰਤਾਂ ਨੇ ਸਿਰਫ ਚੰਦ ਸ਼ਬਦਾਂ ਵਿੱਚ ਹੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ।

ਅਰਦਾਸ ਦੇ ਸ਼ਬਦ ਸਨ :

ਮੀਰੀ ਪੀਰੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਆਪ ਜੀ ਦੇ ਚਰਨਾਂ ਵਿੱਚ ਬੇਨਤੀ ਹੈ ਸੱਚੇ ਪਾਤਸ਼ਾਹ ਜੀ ਆਪ ਦੀ ਦੇ ਪਵਿੱਤਰ ਅਸਥਾਨਾਂ ਦੀ ਅਤੇ ਤਖਤ ਸਾਹਿਬਾਨ ਦੀ ਸਮੇਂ ਦੀ ਜਾਲਮ ਸਰਕਾਰ ਵੱਲੋਂ ਬਹੁਤ ਬੇਅਦਬੀ ਕੀਤੀ ਜਾ ਰਹੀ ਹੈ, ਸਾਨੂੰ ਇਨਾਂ ਨਾਲ ਆਖਰੀ ਸੁਆਸ ਤੱਕ ਜੂਝਣ ਦਾ ਅਤੇ ਸ਼ਹੀਦੀਆਂ ਪਾਉਣ ਦਾ ਬਲ ਬਖ਼ਸ਼ੋ ਜੀ ਅਤੇ ਤੁਹਾਡੇ ਚਰਨਾਂ ਵਿੱਚ ਇਹ ਵੀ ਬੇਨਤੀ ਕਰਦਾ ਹਾਂ, ਜਿਨਾਂ ਚਿਰ ਸਿੱਖ ਕੌਮ ਦਾ ਘਰ ਨਹੀਂ ਬਣਦਾ ਮੈਂ ਵਾਰ ਵਾਰ ਜਨਮ ਲਵਾਂ।

ਸਿੰਘਾਂ ਨੇ ਬਹੁਤ ਉੱਚੀ ਉੱਚੀ ਜੈਕਾਰੇ ਛੱਡੇ, ਉਸ ਸਮੇਂ ਸੰਤਾਂ ਦੇ ਸੀਸ ਤੇ ਨੀਲੀ ਦਸਤਾਰ ਸਜਾਈ ਹੋਈ ਸੀ, ਚਿੱਟਾ ਚੋਲਾ ਪਾਇਆ ਹੋਇਆ ਸੀ, ਗਾਤਰੇ ਵਾਲੀ ਕ੍ਰਿਪਾਨ ਸੀ ਅਤੇ ਬਰਾਊਨ ਬੈਲਟ ਵਿੱਚ ਗੋਲੀਆਂ ਅਤੇ ਰਿਵਾਲਵਰ ਸੀ ਜੋ ਸੰਤਾਂ ਨੇ ਉੱਤੋਂ ਦੀ ਸ੍ਰੀ ਸਾਹਿਬ ਦੇ ਨਾਲ ਗਲ਼ ਵਿੱਚ ਪਾਇਆ ਹੋਇਆ ਸੀ ਅਤੇ ਗਲ਼ ਵਾਲੇ ਚਿੱਟੇ ਪਰਨੇ ਦਾ ਕਮਰਕੱਸਾ ਕਰਕੇ ਦੋ ਮੈਗਜ਼ੀਨ 32-32 ਗੋਲੀਆਂ ਦੇ ਭਰਕੇ ਟੰਗੇ ਹੋਏ ਸਨ ਅਤੇ ਹੱਥ ਵਿੱਚ ਲੋਡਡ ਥਾਮਸਨ ਗੰਨ ਸੀ। ਸੰਤਾਂ ਦੇ ਨਾਲ ਹੀ ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ, ਭਾਈ ਗੁਰਮੁਖ ਸਿੰਘ ਜੀ ਗੜਬਈ, ਭਾਈ ਕਾਬਲ ਸਿੰਘ ਜੀ, ਸੰਤਾਂ ਦਾ ਵੱਡਾ ਭਰਾ ਬਾਪੂ ਜੰਗੀਰ ਸਿੰਘ ਜੀ, ਭਾਈ ਹਰਵਿੰਦਰ ਸਿੰਘ ਸ਼ੈਤਾਨ ਮਨਾਵਾਂ, ਭਾਈ ਪ੍ਰੀਤਮ ਸਿੰਘ ਪ੍ਰੀਤਾ, ਭਾਈ ਅਜਾਇਬ ਸਿੰਘ ਜੀ ਮਹਿਤਾ ਜੋ ਸੰਤਾਂ ਦਾ ਡਰਾਇਵਰ ਸੀ, ਭਾਈ ਤਰਲੋਚਨ ਸਿੰਘ ਜੀ ਫ਼ੌਜੀ ਲੱਧੂਵਾਲ, ਭਾਈ ਦਾਰਾ ਸਿੰਘ ਜੀ ਸੰਤਾਂ ਦਾ ਡਰਾਇਵਰ, ਭਾਈ ਸੰਤੋਖ ਸਿੰਘ ਟੇਪਾਂਵਾਲਾ, ਭਾਈ ਰਾਮ ਸਿੰਘ ਬੋਲਾ ਛੋਟਾ ਗੜਵਈ ਅਤੇ ਹੋਰ ਵੀ ਕਈ ਸਿੰਘ ਸਨ।

ਇਕ ਦਮ ਸੰਤਾਂ ਦੇ ਨਾਲ ਪ੍ਰਕਰਮਾ ਵਿੱਚ ਬਾਹਰ ਨਿਕਲ ਕੇ ਸਿੰਘ ਬਹੁਤ ਉੱਚੀ ਉੱਚੀ ਪੂਰੇ ਜੋਸ਼ ਨਾਲ ਬੋਲੇ ਸੋ ਨਿਹਾਲ ਦੇ ਜੈ ਕਾਰੇ ਲਾਉਂਦੇ ਹੋਏ ਗਏ। ਸੰਤ ਸਿੱਧੇ ਹੀ ਦੋ ਨਿਸ਼ਾਨ ਸਾਹਿਬਾਂ ਕੋਲ ਪਹੁੰਚ ਗਏ। ਉਸੇ ਵੇਲੇ ਟੈਂਕਾਂ ਨੇ ਜਿਹੜੇ ਦਰਵਾਜੇ ਰਾਹੀਂ ਅਸੀਂ ਸਾਰੇ ਸਿੰਘ ਪਰਕਰਮਾ ਵੱਲ ਨੂੰ ਨਿਕਲ ਰਹੇ ਸੀ, ਉਸ ਦਰਵਾਜ਼ੇ ਉਤੇ ਗੋਲੇ ਮਾਰਨੇ ਸ਼ੁਰੂ ਕਰ ਦਿੱਤੇ ਕੁਝ ਸਿੰਘ ਤਾਂ ਉਨਾਂ ਗੋਲਿਆਂ ਨਾਲ ਉੱਥੇ ਹੀ ਸ਼ਹੀਦ ਹੋ ਗਏ, ਮੇਰੇ ਨਾਲ ਭਾਈ ਗੁਰਮੁਖ ਸਿੰਘ ਸੰਤਾਂ ਦਾ ਡਰਾਇਵਰ, ਭਾਈ ਲਾਭ ਸਿੰਘ, ਭਾਈ ਅਨੋਖ ਸਿੰਘ ਉਭੋਕੇ, ਭਾਈ ਬਲਵਿੰਦਰ ਸਿੰਘ ਖੋਜਕੀਪੁਰ, ਭਾਈ ਗੁਰਜੀਤ ਸਿੰਘ ਹਰੀ ਹਰਿ ਝੋਕ ਅਤੇ ਕੁਝ ਹੋਰ ਸਿੰਘ ਖੜੇ ਸਨ ਜੋ ਇਕ ਦਮ ਪਉੜੀਆਂ ਵਿੱਚ ਹੀ ਰੁਕ ਗਏ। ਦਾਸ ਅਤੇ ਭਾਈ ਗੁਰਮੁਖ ਸਿੰਘ (ਸੰਤਾਂ ਦਾ ਡਰਾਇਵਰ) ਉਥੇ ਹੀ ਥਲੇ ਲੇਟ ਗਏ ਅਤੇ ਇਹ ਸਾਰਾ ਭਾਣਾ ਬਹੁਤ ਹੀ ਤੇਜ਼ੀ ਨਾਲ ਅਤੇ ਥੋੜੇ ਸਮੇਂ ਵਿੱਚ ਹੀ ਵਰਤ ਗਿਆ।

ਜਦੋਂ ਅਸੀਂ ਸੰਤਾਂ ਨੂੰ ਦੇਖਿਆ ਤਾਂ ਸੰਤ ਦੋ ਨਿਸ਼ਾਨ ਸਾਹਿਬਾਂ ਤੋਂ ਥੋੜਾ ਜਾ ਅੱਗੇ ਸੀ, ਸੰਤ ਫੌਜੀਆਂ ਨਾਲ ਪੂਰਾ ਮੁਕਾਬਲਾ ਕਰ ਰਹੇ ਸਨ, ਬਿਲਕੁਲ ਸੰਤਾਂ ਦੇ ਸਾਹਮਣੇ ਟੈਂਕ ਗੋਲਾਵਾਰੀ ਕਰਦਾ ਹੋਇਆ ਮਸ਼ੀਨਗੰਨ ਨਾਲ ਗੋਲੀਆਂ ਦੇ ਬਰਸਟ ਮਾਰ ਰਿਹਾ ਸੀ। ਉਸ ਸਮੇਂ ਸੰਤਾਂ ਦੇ ਗੋਲੀਆਂ ਦਾ ਬ੍ਰਸਟ ਫੌਜੀਆਂ ਨੇ ਮਾਰਿਆ ਅਤੇ ਸੰਤ ਜੈਕਾਰੇ ਛੱਡਦੇ ਹੋਏ ਹਿੰਦੋਸਤਾਨ ਦੀ ਜਾਲਮ ਸਰਕਾਰ ਦੇ ਫੌਜੀਆਂ ਨਾਲ ਜੂਝਦੇ ਹੋਏ ਸ਼ਹੀਦ ਹੋ ਗਏ ਅਤੇ ਸੰਤਾਂ ਨੇ ਆਪਣੇ ਕਹੇ ਹੋਏ ਬਚਨਾਂ 'ਤੇ ਪੂਰਾ ਪਹਿਰਾ ਦਿੰਦਿਆਂ 6 ਜੂਨ ਨੂੰ ਸਵੇਰੇ 8.30 ਅਤੇ 9 ਵਜੇ ਦੇ ਵਿੱਚ ਵਿੱਚ ਇਹ ਸਾਰਾ ਸ਼ਹੀਦੀਆਂ ਪਾਉਣ ਵਾਲਾ ਭਾਣਾ ਵਰਤਾਇਆ ਹੈ, ਜਿਸ ਨੂੰ ਮੇਰੇ ਸਮੇਤ ਕਈ ਸਿੰਘਾਂ ਨੇ ਅੱਖੀਂ ਦੇਖਿਆ ਸੀ।

ਉਸੇ ਸਮੇਂ ਹੀ ਰਾਗੀ ਭਾਈ ਗੁਰਸ਼ਰਨ ਸਿੰਘ ਜੀ ਅਤੇ ਭਾਈ ਠਾਕੁਰ ਸਿੰਘ ਜੀ ਮੇਰੇ ਨਾਲੋਂ ਵੱਖਰੇ ਹੋ ਕੇ ਕਿਸੇ ਹੋਰ ਪਾਸੇ ਚਲੇ ਗਏ ਸਨ। ਪਿਛੇ ਅਸੀਂ 35-40 ਕੁ ਸਿੰਘ ਰਹਿ ਗਏ ਸੀ। ਸ੍ਰੀ ਅਕਾਲ ਤਖਤ ਸਾਹਿਬ ਦੇ ਉਪਰ ਕਿਉਂਕਿ ਪਰਕਰਮਾ ਵਿੱਚ ਜਾਣ ਲਈ ਸਾਰੇ ਰਸਤੇ ਮਲਬੇ ਨਾਲ ਬੰਦ ਹੋ ਚੁੱਕੇ ਸਨ ਅਤੇ ਟੈਂਕਾਂ ਤੋਪਾਂ ਨਾਲ ਪਰਕਰਮਾ ਵਿਚ ਬਹੁਤ ਭਾਰੀ ਗੋਲਬਾਰੀ ਕੀਤੀ ਜਾ ਰਹੀ ਸੀ। ਭਾਈ ਲਾਭ ਸਿੰਘ, ਭਾਈ ਅਨੋਖ ਸਿੰਘ ਉਭੋਕੇ, ਭਾਈ ਬਲਵਿੰਦਰ ਸਿੰਘ ਖੋਜਕੀਪੁਰ, ਭਾਈ ਗੁਰਮੁਖ ਸਿੰਘ ਸੰਤਾਂ ਦਾ ਡਰਾਇਵਰ, ਭਾਈ ਗੁਰਜੀਤ ਸਿੰਘ ਨੇ ਸਾਰੇ ਸਿੰਘਾਂ ਨਾਲ ਗੁਰਮਤਾ ਕੀਤਾ ਅਤੇ ਕਿਹਾ ਕਿ ਕਾਠੀਆਂ ਵਾਲੇ ਬਜ਼ਾਰ ਵਿੱਚ ਦੀ ਸਾਰੇ ਸਿੰਘ ਬੱਚਿਆਂ ਬੀਬੀਆਂ ਬਜ਼ੁਰਗਾਂ ਨੂੰ ਨਾਲ ਲੈ ਕੇ ਬਹਾਰ ਨਿਕਲੋ, ਜਦੋਂ ਅਸੀਂ ਉਸ ਪਾਸੇ ਆਏ ਤਾਂ ਮਿਲਟਰੀ ਨੇ ਸਾਨੂੰ ਸਾਰਿਆਂ ਨੂੰ ਗ੍ਰਿਫਤਾਰ ਕਰਕੇ ਬਹੁਤ ਜ਼ੁਲਮੀ ਢੰਗ ਨਾਲ ਮਾਰਿਆ ਅਤੇ ਭਾਈ ਸੁਰਜੀਤ ਸਿੰਘ ਬੰਬਈ ਵਾਲੇ ਦੇ ਭੁਝੰਗੀ ਨੂੰ ਫੌਜੀਆਂ ਨੇ ਗੋਲੀ ਮਾਰਕੇ ਸਾਡੇ ਸਾਹਮਣੇ ਹੀ ਸ਼ਹੀਦ ਕਰ ਦਿੱਤਾ। ਫੌਜੀ ਸਾਨੂੰ ਵੀ ਸਾਰਿਆਂ ਨੂੰ ਗੋਲੀਆ ਮਾਰਨ ਲਗੇ ਸਨ, ਪਰ ਮੌਕੇ ਤੇ ਕਿਸੇ ਵੱਡੇ ਅਫਸਰ ਨੇ ਆ ਕੇ ਫੌਜੀਆਂ ਨੂੰ ਰੋਕਿਆ। ਫੇਰ ਸਾਨੂੰ ਸਾਰਿਆਂ ਨੂੰ ਕੋਤਵਾਲੀ ਵਿੱਚ ਭੇਜ ਦਿੱਤਾ, ਉਸ ਵੇਲੇ ਹਲਾਤ ਇਨੇ ਭਿਆਨਕ ਸਨ, ਮੈਨੂੰ ਨਹੀਂ ਸੀ ਪਤਾ ਮੇਰੀ ਸਿੰਘਣੀ ਅਤੇ ਭੁਝੰਗੀ ਜਿਊਂਦੇ ਹਨ ਜਾਂ ਨਹੀਂ ਅਤੇ ਮੇਰੇ ਬਾਰੇ ਮੇਰੀ ਸਿੰਘਣੀ ਨੂੰ ਵੀ ਨਹੀਂ ਸੀ ਪਤਾ ਕਿ ਮੈਂ ਜਿਊਂਦਾ ਹਾਂ ਕਿ ਨਹੀਂ। ਸਾਨੂੰ ਇਕ ਦੂਜੇ ਨੂੰ ਤਕਰੀਬਨ 8 ਮਹੀਨਿਆਂ ਤੋਂ ਬਾਅਦ ਹੀ ਇਕ ਦੂਜੇ ਦਾ ਪਤਾ ਲੱਗਾ ਸੀ। ਅੱਗੇ ਜਿਸ ਤਰਾਂ ਸਾਡੇ ਨਾਲ ਸਮੇਂ ਦੀ ਜਾਲਮ ਸਰਕਾਰ ਨੇ ਪੰਜ ਸਾਲ ਜ਼ੁਲਮ ਅਤੇ ਦੁਰਵਿਹਾਰ ਕੀਤਾ ਉਸ ਨੂੰ ਫੇਰ ਸਾਂਝਾ ਕਰਨ ਦਾ ਯਤਨ ਕਰਾਂਗਾ।

ਆਓ ਸਾਰੇ ਰਲ ਕੇ ਉਨਾਂ ਮਹਾਨ ਸ਼ਹੀਦਾਂ ਸਿੰਘਾਂ ਦੇ ਚਰਨਾਂ ਤੇ ਕੋਟਿ ਕੋਟਿ ਪ੍ਰਣਾਮ ਕਰਦੇ ਹੋਏ ਪ੍ਰਣ ਕਰੀਏ ਉਨਾਂ ਸ਼ਹੀਦਾਂ ਦੇ ਹੀ ਮਾਰਗ 'ਤੇ ਚੱਲਦੇ ਹੋਏ ਉਨਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਬਚਨਬੱਧ ਹੋਈਏ। ਦਾਸ ਦੀਆਂ ਭੁੱਲਾਂ ਗਲਤੀਆਂ ਨਾ ਚਿਤਾਰਨੀਆਂ, ਖਿਮਾਂ ਕਰ ਦੇਣਾ ਜੀ।

ਸਾਰਿਆਂ ਨੂੰ ਦਾਸ ਵਲੋਂ :-

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀਕੀ ਫਤਿਹ ਜੀ

# ਪਾਕਿਸਤਾਨ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਿਰਜਣ ਵਾਲਾ ਕਲਾਕਾਰ ਸੈਫ਼-ਉਦ-ਦੀਨ

ਵਿਰਾਸਤ

**ਗੁਰਮੀਤ ਕੌਰ**

ਇਸ ਸਾਲ ਅਪ੍ਰੈਲ ਵਿਚ ਮੇਰਾ ਲਾਹੌਰ ਜਾਣ ਦਾ ਸਬੱਬ ਬਣਿਆ। ਮੈਂ ਮਹਾਰਾਜਾ ਰਣਜੀਤ ਸਿੰਘ ਸਰਕਾਰ ਦੇ ਵਜ਼ੀਰ ਨੂਰ-ਉਦ-ਦੀਨ, ਫ਼ਕੀਰ ਅਜ਼ੀਜ਼-ਉਦ-ਦੀਨ ਤੇ ਫ਼ਕੀਰ ਈਮਾਨ-ਉਦ-ਦੀਨ ਦੇ ਵਾਰਿਸ ਫ਼ਕੀਰ ਸੱਯਦ ਸੈਫ਼-ਉਦ-ਦੀਨ ਨੂੰ ਵੀ ਮਿਲਣਾ ਸੀ। ਇਨਾਂ ਆਪਣੀ ਅੰਦਰੂਨੀ ਲਾਹੌਰ ਵਾਲੀ ਜੱਦੀ-ਪੁਸ਼ਤੀ ਹਵੇਲੀ ਫ਼ਕੀਰਖ਼ਾਨਾ ਨੂੰ ਲਾਹੌਰ ਦਰਬਾਰ ਦੀਆਂ ਦੁਰਲੱਭ ਵਸਤਾਂ ਤੇ ਦਸਤਾਵੇਜ਼ਾਂ ਦੀਆਂ ਨਿਸ਼ਾਨੀਆਂ ਦਾ ਅਜਾਇਬਘਰ ਬਣਾਇਆ ਹੋਇਆ ਹੈ।ਲਾਹੌਰ ਕਿਲੇ ਵਿਚ ਤਖ਼ਤ 'ਤੇ ਬਹਿ ਕੇ ਪੰਜਾਬ ਦੇ ਮਹਾਰਾਜੇ ਨੇ ਚਾਲ਼ੀ ਵਰੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ ਸੀ। 27 ਜੂਨ 2019 ਨੂੰ ਮਹਾਰਾਜੇ ਦੇ 180ਵੀਂ ਬਰਸੀ 'ਤੇ ਲੱਗੇ ਬੁੱਤ ਕਰਕੇ ਦੁਨੀਆ ਭਰ ਦੇ ਪੰਜਾਬੀਆਂ ਨੂੰ ਬੜਾ ਚਾਅ ਚੜਿਆ ਸੀ। ਪਹਿਲੀ ਵਾਰ ਪਾਕਿਸਤਾਨ ਸਰਕਾਰ ਨੇ ਮਹਾਰਾਜੇ ਦਾ ਇਸ ਤਰਾਂ ਦਾ ਮਾਣ ਕੀਤਾ ਸੀ। ਇੰਜ ਲੱਗਾ ਸੀ ਜਿਵੇਂ ਲਹਿੰਦੇ ਪੰਜਾਬ ਦੇ ਵਾਸੀਆਂ ਨੇ ਸਭਨਾਂ ਪੰਜਾਬੀਆਂ ਦੇ ਸਾਂਝੇ ਮਹਾਰਾਜੇ ਦੀ ਰਵਾਦਾਰੀ, ਸਿਆਣਪ ਤੇ ਨਿਰਮਾਣਤਾ ਨੂੰ ਤਸਲੀਮ ਕੀਤਾ ਹੈ। ਸੁਣਿਆ ਸੀ ਕਿ ਸੈਫ਼-ਉਦ-ਦੀਨ ਹੁਰਾਂ ਦੇ ਉਦਮ ਨਾਲ ਹੀ ਇਹ ਬੁੱਤ ਕਿਲੇ ਵਿਚ ਲੱਗਾ ਸੀ। ਸੋ ਉਨਾਂ ਨੂੰ ਮਿਲਣ ਦਾ ਮਨ ਸੀ।

ਮੈਂ ਫ਼ਕੀਰਖ਼ਾਨੇ ਪੁੱਜੀ ਤਾਂ ਵਿਹੜੇ ਵਿਚ ਘੋੜੇ ਦੀ ਸਵਾਰੀ ਕਰ ਰਹੇ ਮਹਾਰਾਜਾ ਰਣਜੀਤ ਸਿੰਘ ਦਾ ਆਦਮ-ਕੱਦ ਬੁੱਤ ਵੇਖ ਕੇ ਮੈਨੂੰ ਬੜੀ ਹੈਰਾਨੀ ਹੋਈ। ਇਹ ਬਿਲਕੁਲ ਓਸ ਬੁੱਤ ਵਰਗਾ ਸੀ ਜੋ ਤਿੰਨ ਸਾਲ ਪਹਿਲਾਂ ਲਾਹੌਰ ਕਿਲੇ ਵਿਚ ਸਥਾਪਿਤ ਕੀਤਾ ਗਿਆ ਸੀ। ਨਵੇਂ ਸਿਰਿਓਂ ਬਣਾਏ ਤੇ ਤੋੜੇ ਬੁੱਤ ਦੇ ਟੋਟੇ ਹੁਣ ਲਾਹੌਰ ਫ਼ਕੀਰਖ਼ਾਨੇ ਵਿਚ ਹਨ।

ਮੈਂ ਫ਼ਕੀਰ ਸਾਹਿਬ ਨੂੰ ਮਿਲਣਸਾਰ ਵਿਹੜੇ ਵਿਚ ਪਏ ਬੁੱਤ ਬਾਰੇ ਪੁੱਛ ਲਿਆ। ਉਹ ਬੜੀ ਬੇਬਸੀ ਵਿਚ ਕਹਿਣ ਲੱਗੇ : 'ਜਿੱਥੇ ਗਿਆ ਸੀ, ਓਥੇ ਈ ਲਿਆ ਕੇ ਰੱਖਣਾ ਪਿਆ। ਇਕ ਨਹੀਂ, ਕਈ ਵਾਰ ਨਫ਼ਰਤ ਦੇ ਡੰਗਿਆਂ ਨੇ ਇਸ ਨੂੰ ਤੋੜਨ-ਭੰਨਣ ਵਿਚ ਕੋਈ ਕਸਰ ਨਾ ਛੱਡੀ। ਇਹ ਨੇ ਸਾਡੀ ਖ਼ੁਦਫ਼ਰੇਬ ਕੌਮ ਦੀਆਂ ਕਰਤੂਤਾਂ। ਸਾਨੂੰ ਦੋਸਤ ਦੁਸ਼ਮਣ ਦੀ ਪਹਿਚਾਣ ਹੀ ਨਹੀਂ।'

ਬੁੱਤ ਭੰਨਣ ਦੀਆਂ ਤਿੰਨ ਵਾਰਦਾਤਾਂ ਦੀ ਤਾਂ ਅਖ਼ਬਾਰਾਂ ਵਿਚ ਖ਼ਬਰ ਛਪ ਗਈ ਸੀ। ਤੀਜੀ ਵਾਰੀ ਇਨਾਂ ਨੇ ਧੜ ਨੂੰ ਬੁੱਤ ਤੋਂ ਪੂਰੀ ਤਰਾਂ ਲਾਹ ਕੇ ਟੋਟੇ-ਟੋਟੇ ਕਰ ਦਿੱਤਾ ਸੀ। ਪਰ ਕਿਲੇ ਤੋਂ ਉਖਾੜ ਕੇ ਵਾਪਸ ਫ਼ਕੀਰਖ਼ਾਨੇ ਲਿਆ ਕੇ ਲਾਉਣ ਦੀ ਖ਼ਬਰ ਮੀਡੀਏ ਵਾਸਤੇ ਖ਼ਬਰ ਨਾ ਰਹੀ। ਸਭ ਤੋਂ ਵੱਧ ਦੁੱਖ ਦੀ ਗੱਲ ਇਹ ਹੈ ਕਿ ਸਰਕਾਰ ਨੇ ਬੁੱਤ ਦੀ ਕਈ ਵਾਰ ਕੀਤੀ ਤੋੜ-ਭੰਨ ਦੀ ਬਹੁਤੀ ਪ੍ਰਵਾਹ ਨਹੀਂ ਕੀਤੀ। ਨਾ ਹੀ ਦੱਸਿਆ ਕਿ ਫੜੇ ਗਏ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਵੀ ਕੀਤੀ ਗਈ ਹੈ ਜਾਂ ਨਹੀਂ।

ਫ਼ਕੀਰ ਸੈਫ਼-ਉਦ-ਦੀਨ ਹੋਰਾਂ ਨਾਲ ਹੋਈਆਂ ਮੇਰੀਆਂ ਗੱਲਾਂ ਦਾ ਸਾਰ ਇੰਜ ਹੈ :

ਪ੍ਰਸ਼ਨ : ਮੈਨੂੰ ਮੁਜੱਸਮੇ (ਬੁੱਤ) ਦੇ ਤੋੜੇ ਜਾਣ ਦਾ ਬਹੁਤ ਅਫ਼ਸੋਸ ਹੈ। ਪਰ ਮੈਂ ਤੁਹਾਨੂੰ ਦਾਦ ਦੇਣੀ ਆਂ ਕਿ ਤੁਸੀਂ ਮਹਾਰਾਜਾ ਰਣਜੀਤ ਸਿੰਘ ਦਾ ਮੁਜੱਸਮਾ ਲਾਹੌਰ ਕਿਲੇ ਵਿਚ ਸਥਾਪਤ ਕੀਤਾ। ਜਦ ਇਹ ਬਣਿਆ ਤੇ ਤੁਸੀਂ ਪਹਿਲੀ ਵੇਰ ਵੇਖਿਆ ਸੀ ਤਾਂ ਤੁਹਾਨੂੰ ਕੀ ਲੱਗਾ ਸੀ?

– ਮੇਰੀ ਨਜ਼ਰੇ ਮਹਾਰਾਜ ਦਾ ਏਨਾ ਸੁਹਣਾ ਮੁਜੱਸਮਾ ਪਹਿਲਾਂ ਕਦੇ ਨਹੀਂ ਤਾਮੀਰ ਹੋਇਆ। ਮੈਂ ਜਿਸਰਾਂ ਦਾ ਸੋਚਿਆ ਸੀ, ਐਨ ਓਸਰਾਂ ਈ ਬਣਿਆ। ਪਹਿਲਾਂ ਬਣਾਏ ਮੁਜੱਸਮੇ ਵਿਚ ਮੈਂ ਕੁਝ ਤਬਦੀਲੀ ਕੀਤੀ ਸੀ। ਸਭ ਤੋਂ ਪਹਿਲੇ ਅਸਾਂ ਮਹਾਰਾਜ ਨੂੰ ਅਸਪ-ਏ-ਲੈਲਾ 'ਤੇ ਸਵਾਰੀ ਕਰਦਿਆਂ ਘੜਿਆ ਸੀ। ਇਹ ਘੋੜਾ ਮਹਾਰਾਜ ਨੂੰ ਬਹੁਤ ਪਿਆਰਾ ਸੀ। ਖ਼ਾਲਸ ਈਰਾਨੀ ਨਸਲ ਦਾ, ਬੜੇ ਮੋਕਲੇ ਜੁੱਸੇ ਵਾਲਾ। ਪਤਾ ਈ ਏ ਮਹਾਰਾਜ ਮੱਧਰੇ ਕੱਦ ਤੇ ਪਤਲੀ ਕਾਠੀ ਵਾਲੇ ਸਨ। ਸੋ ਮੁਜੱਸਮੇ ਵਿਚ ਘੋੜੇ ਤੇ ਮਹਾਰਾਜ ਦੀ ਸਾਵੀਂ ਨਿਸਬਤ ਰੱਖਣ ਦਾ ਮਸਲਾ ਸੀ ; ਖ਼ਾਸ ਕਰ ਕੇ ਜਦੋਂ ਜ਼ਮੀਨ ਤੋਂ ਉਤਾਂਹ ਮੂੰਹ ਕਰਕੇ ਵੇਖਣ ਨਾਲ ਨਿਸਬਤ ਸੂਤਰ ਨਹੀਂ ਸੀ ਪੈਂਦੀ। ਸੋ ਅਸੀਂ ਸੋਚਿਆ ਕਿ ਲੈਲਾ ਦੀ ਥਾਵੇਂ ਮਹਾਰਾਜਾ ਦਾ ਇਕ ਹੋਰ ਪਸੰਦੀਦਾ ਅਰਬੀ ਘੋੜਾ 'ਕਹਿਰ ਬਹਾਰ' ਠੀਕ ਰਹੇਗਾ। ਉਹ ਸੀ ਬੜਾ ਚੁਸਤ, ਦਰਮਿਆਨੀ ਕਾਠੀ ਵਾਲਾ ਤੇ ਫੁਰਤੀਲਾ ਵੀ ਬਹੁਤ ਸੀ। ਮਹਾਰਾਜ ਦੀ ਦੂਜੀ ਪਸੰਦ ਵਾਲੇ ਘੋੜੇ ਵਾਲਾ ਮੁਜੱਸਮਾ ਬਣਦਿਆਂ ਅੱਠ ਮਹੀਨੇ ਲੱਗ ਗਏ।

ਪ੍ਰਸ਼ਨ : ਕਈ ਇਹ ਸੋਚਦੇ ਨੇ ਕਿ ਤੁਸੀਂ ਮਹਾਰਾਜਾ ਦੇ ਹੱਥ ਵਿਚ ਤਲਵਾਰ ਕਿਉਂ ਨਹੀਂ ਫੜਾਈ? ਇਹਦੀ ਜਗਾ ਤੀਰ ਤੇ ਕਮਾਨ ਹੈ ਵੇ।

– ਲੋਕਾਂ ਨੂੰ ਪਤਾ ਹੋਣਾ ਚਾਹੀਦੈ ਹਜ਼ਾਰਾਂ ਸਾਲ ਵਿਚ ਪਹਿਲੀ ਵਾਰ ਲਾਹੌਰ ਦਰਬਾਰ ਵੇਲੇ ਪੰਜਾਬ ਨੂੰ ਹੁਨਰ, ਤਾਲੀਮ, ਸਿਹਤ ਸ਼ਫ਼ਾ ਤੇ ਤਫ਼ਰੀਹ ਨਸੀਬ ਹੋਏ। ਮਹਾਰਾਜ ਨੇ ਪੰਜਾਬ ਦੀਆਂ ਹੱਦਾਂ ਨੂੰ ਮਜ਼ਬੂਤ ਕੀਤਾ ਤੇ ਅਪਣੀ ਹਿਫ਼ਾਜ਼ਤ ਵਾਸਤੇ ਜੰਗਾਂ ਲੜੀਆਂ, ਪਰ ਨਾਲ ਹੀ ਤਬਾਹ ਹੋਏ ਪੰਜਾਬ ਦੀ ਮੁੜ ਤਾਮੀਰ ਕੀਤੀ ਤੇ ਅਵਾਮ ਦੇ ਹੌਸਲੇ ਬੁਲੰਦ ਕੀਤੇ। ਆਪ ਨੂੰ ਘੋੜਸਵਾਰੀ ਦਾ ਇਸ਼ਕ ਸੀ ਤੇ ਤੀਰਅੰਦਾਜ਼ੀ ਵਿਚ ਵੀ ਪਰਵੀਨ ਸਨ। ਲਿਹਾਜ਼ਾ ਮੈਂ ਇਹ ਦੋਵੇਂ ਅਨਾਸਰ ਮੁਜੱਸਮੇ ਵਿਚ ਪੇਸ਼ ਕੀਤੇ।

ਪ੍ਰਸ਼ਨ : ਤਾਰੀਖ਼ ਦੱਸਦੀ ਏ ਪਈ ਦਰਅਸਲ ਲਹੌਰੀਆਂ ਨੇ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੂੰ ਆਪ ਬੁਲਾਇਆ ਸੀ ਤੇ ਉਹ ਆਇਆ ਵੀ। ਮਹਾਰਾਜਾ ਦਾ ਲਾਹੌਰ ਨਾਲ ਰਿਸ਼ਤਾ ਬੜਾ ਖ਼ੈਰਸਗਾਲੀ ਵਾਲਾ ਸੀ, ਲਾਹੌਰ ਦਰਬਾਰ ਤੇ ਰਣਜੀਤ ਸਿੰਘ ਇਕ-ਮਿਕ ਸਨ। ਤੁਸੀਂ ਦੱਸੋ ਤੁਸੀਂ ਅਪਣੇ ਬਜ਼ੁਰਗਾਂ ਤੋਂ ਕੀ ਕੁਝ ਸੁਣ ਰੱਖਿਆ ਏ?

– ਹਾਂ ਸਹੀ ਏ। ਲਹੌਰੀਆਂ ਨੇ ਮਹਾਰਾਜ ਨੂੰ ਆਪ ਸੱਦਿਆ ਸੀ। ਲੋਕ ਜੰਗਾਂ, ਧਾੜਵੀਆਂ ਹਮਲਾਵਰਾਂ ਪਾਸੋਂ ਤੰਗ ਪੈ ਚੁੱਕੇ ਸਨ। ਅਫ਼ਗਾਨਾਂ ਤੇ ਭੰਗੀ ਮਿਸਲ ਦੀ ਲੜਾਈ ਤੇ ਲੁੱਟ ਲੱਗੀ ਰਹਿੰਦੀ ਸੀ। ਲੋਕ ਸ਼ਹਿਰ ਛੱਡਦੇ ਗਏ। ਅਬਾਦੀ ਘਟ ਕੇ 35 ਫ਼ੀਸਦੀ ਰਹਿ ਗਈ ਸੀ। ਲਹੌਰੀਆਂ ਨੂੰ ਜਾਪਿਆ ਕਿ ਸਾਨੂੰ ਐਸੇ ਹੁਕਮਰਾਨ ਦੀ ਲੋੜ ਏ ਜੋ ਹਮਲਾਵਰਾਂ ਨੂੰ ਸ਼ਿਕਸਤ ਦੇਵੇ ਤੇ ਲਹੌਰ 'ਤੇ ਸਾਡਾ ਅਪਣਾ ਰਾਜ ਹੋਵੇ। ਕਈ ਸਿੱਖ ਮਿਸਲਾਂ ਦੀ ਗੱਲ ਹੋਈ : ਪਰ ਨਿਗਾਹ ਟਿਕੀ 18-19 ਵਰਿਆਂ ਦੇ ਰਣਜੀਤ ਸਿੰਘ 'ਤੇ, ਕਿਉਂਕਿ ਉਹਦੀ ਨੇਕਨਾਮੀ ਇਹ ਸੀ ਕਿ ਓਹ ਦਿਆਨਤਦਾਰ ਤੇ ਇਨਸਾਫ਼ਪ੍ਰਸਤ ਹੈ।



ਪਾਕਿਸਤਾਨ ਵਿਚ ਅੰਗਰੇਜ਼ਾਂ ਦਾ ਘੜਿਆ ਇਹ ਝੂਠ ਚੱਲਦਾ ਏ ਕਿ ਮਹਾਰਾਜਾ ਰਣਜੀਤ ਸਿੰਘ ਮੁਸਲਮਾਨਾਂ 'ਤੇ ਜ਼ੁਲਮ ਕਰਦਾ ਸੀ ਤੇ ਮਸਜਿਦਾਂ ਦੀ ਬੇਹੁਰਮਤੀ ਕਰਦਾ ਸੀ। ਮੈਂ ਚੈਲਿੰਜ ਕਰਦਾ ਕਿ ਕੋਈ ਮੈਨੂੰ ਸ਼ਾਹੀ ਮਸਜਿਦ ਵਿਚ ਘੋੜੇ ਬੰਨਣ ਦਾ ਸਬੂਤ ਪੇਸ਼ ਕਰੇ।

ਲਹੌਰ ਦੇ ਤੇਰਾਂ ਮੋਹਤਬਰਾਂ (11 ਮੁਸਲਮਾਨ, 1 ਹਿੰਦੂ, ਤੇ 1 ਸਿੱਖ) ਨੇ ਮਿਲ ਕੇ ਰੁੱਕਾ ਲਿਖ ਕੇ ਮਹਾਰਾਜ ਨੂੰ ਭੇਜਿਆ ਕਿ ਆ ਕੇ ਲਹੌਰ ਦੀ ਹਕੂਮਤ ਸੰਭਾਲ਼ਣ। ਨਾਲ਼ ਚਾਰ ਸ਼ਰਤਾਂ ਰੱਖੀਆਂ : 1. ਤੂੰ ਰਾਜ ਕਰੇਂਗਾ : ਸਾਡੀ ਲੁੱਟਮਾਰ ਨਹੀਂ, 2. ਤੂੰ ਸਾਨੂੰ ਅਫ਼ਗਾਨਾਂ ਤੇ ਭੰਗੀ ਸਰਦਾਰਾਂ ਤੋਂ ਬਚਾਵੇਂਗਾ, 3. ਸਾਡੀਆਂ ਬੰਦ ਪਈਆਂ ਇਬਾਦਤਗਾਹਾਂ ਖੁੱਲਵਾਏਂਗਾ, ਅਤੇ 4. ਤੂੰ ਸਾਰੇ ਲੋਕਾਂ ਨਾਲ ਬਰਾਬਰ ਦਾ ਇਨਸਾਫ਼ ਕਰੇਂਗਾ। ਉਸ ਤੋਂ ਬਾਅਦ ਜੋ ਹੋਇਆ, ਤਾਰੀਖ਼ ਉਹਦੀ ਗਵਾਹੀ ਦਿੰਦੀ ਹੈ। ਰਣਜੀਤ ਸਿੰਘ ਨੇ ਅਪਣਾ ਕੌਲ ਆਖ਼ਿਰੀ ਸਾਹ ਤਕ ਨਿਭਾਇਆ।

ਪ੍ਰਸ਼ਨ : ਅਜੋਕਾ ਲਹੌਰ ਮਹਾਰਾਜ ਨੂੰ ਕਿਉਂ ਵਿਸਾਰੀ ਬੈਠਾ ਹੈ? ਇਤਨੀ ਨਫ਼ਰਤ ਦੀ ਭਲਾ ਕੀ ਵਜ੍ਹਾ ਹੈ?

– ਫ਼ਰੰਗੀਆਂ ਨੇ ਜਨੂਬੀ ਏਸ਼ੀਆ ਦੇ ਆਖ਼ਿਰੀ ਆਜ਼ਾਦ ਮੁਲਕ ਪੰਜਾਬ 'ਤੇ ਕਬਜ਼ਾ ਕਰਨ ਦੀ ਸੋਚ ਦੇ ਨਾਲ ਹੀ ਨਫ਼ਰਤ ਭਰਿਆ ਝੂਠਾ ਪ੍ਰਾਪੇਗੰਡਾ ਵੀ ਸ਼ੁਰੂ ਕਰ ਦਿੱਤਾ ਸੀ। ਕਿਉਂਕਿ ਮਹਾਰਾਜ ਉਨਾਂ ਦੇ ਰਾਹ ਦੀ ਵੱਡੀ ਰੁਕਾਵਟ ਸਨ, ਉਹ ਮੁਸਲਮਾਨਾਂ ਨੂੰ ਉਨਾਂ ਦੇ ਖ਼ਿਲਾਫ਼ ਕਰਨ ਲੱਗ ਪਏ ਤੇ ਸਿੱਖਾਂ ਹਿੰਦੂਆਂ ਨੂੰ ਮੁਸਲਮਾਨਾਂ ਦੇ ਖ਼ਿਲਾਫ਼। ਜਦ ਮਹਾਰਾਜ ਦੇ ਇੰਤਕਾਲ ਦੇ ਦਸ ਸਾਲ ਬਾਅਦ ਈਸਟ ਇੰਡੀਆ ਕੰਪਨੀ ਨੇ ਪੰਜਾਬ 'ਤੇ ਕਬਜ਼ਾ ਕੀਤਾ, ਤਾਂ ਫ਼ਰੰਗੀਆਂ ਨੇ ਜਾਅਲੀ ਤਸਵੀਰਾਂ ਛਾਪ ਕੇ ਵੰਡੀਆਂ, ਜਿਨਾਂ ਵਿਚ ਇਹ ਦਿਖਾਇਆ ਗਿਆ ਸੀ ਕਿ ਸਿੱਖਾਂ ਦੇ ਰਾਜ ਵਿਚ ਬਾਦਸ਼ਾਹੀ ਮਸਜਿਦ ਦੀ ਕਿਤਨੀ ਮਾੜੀ ਹਾਲਤ ਸੀ। ਫ਼ਰੰਗੀ ਅਪਣੇ ਆਪ ਨੂੰ ਬੜੇ ਮੁਹੱਜ਼ਬ ਸਾਬਿਤ ਕਰਨ ਲਈ ਐਸੇ ਝੂਠ ਦੇ ਪੁਲੰਦੇ ਘੜਦੇ ਰਹੇ। ਮਹਾਰਾਜ ਦੇ ਅਪਣੇ ਰਾਜ ਵਿਚ ਤਾਲੀਮ ਦੇ ਬੜੇ ਆਹਲਾ ਕਿਸਮ ਦੇ ਕਾਇਮ ਕੀਤੇ ਨਿਜ਼ਾਮ ਨੂੰ ਫ਼ਰੰਗੀਆਂ ਨੇ ਜਿਸਰਾਂ ਤਬਾਹ ਕੀਤਾ, ਉਹ ਸਾਨੂੰ ਪਤਾ ਈ ਏ।

ਉੱਨੀ ਸੌ ਸੰਤਾਲ਼ੀ ਤੋਂ ਬਾਅਦ ਅਸੀਂ ਇਸ ਨਫ਼ਰਤ ਨੂੰ ਦੂਰ ਕਰਨ ਲਈ ਕੁਝ ਵੀ ਨਹੀਂ ਕੀਤਾ, ਸਗੋਂ ਅੰਗਰੇਜ਼ ਦੀਆਂ ਲਿਖੀਆਂ-ਲਿਖਵਾਈਆਂ ਕਿਤਾਬਾਂ ਸਕੂਲਾਂ ਮਦਰੱਸਿਆਂ ਤੇ ਅਜਾਇਬਘਰਾਂ ਵਿਚ ਪੜਾਈ ਜਾਂਦੇ ਹਾਂ। ਭਾਰਤ ਵਿਚ ਵੀ ਇਹੀਓ ਹਾਲ ਹੈ। ਪਾਕਿਸਤਾਨ ਵਿਚ ਇਹ ਗੱਲ ਧੁਮਾਈ ਗਈ ਏ ਕਿ ਮਹਾਰਾਜ ਮੁਸਲਮਾਨਾਂ 'ਤੇ ਜ਼ੁਲਮ ਕਰਦਾ ਸੀ ਤੇ ਮਸਜਿਦਾਂ ਦੀ ਬੇਹੁਰਮਤੀ ਕਰਦਾ ਸੀ। ਉਨਾਂ ਨਾਲ ਨਫ਼ਰਤ ਦੀ ਇਹੀ ਅਸਲ ਵਜ੍ਹਾ ਏ।

ਪ੍ਰਸ਼ਨ : ਜਦ ਮੈਂ ਲਹਿੰਦੇ ਪੰਜਾਬ ਵੱਲ ਦਿਆਂ ਨੂੰ - ਏਥੋਂ ਤੱਕ ਕਿ ਬਾਖ਼ਬਰ ਤਾਲੀਮਯਾਫ਼ਤਾ ਲੋਕਾਂ ਨੂੰ- ਪੁੱਛਨੀ ਆਂ ਕਿ ਤੁਹਾਨੂੰ ਰਣਜੀਤ ਸਿੰਘ ਨਾਲ ਕੀ ਸ਼ਿਕਾਇਤ ਏ ਤਾਂ ਉਹ ਦੱਸਦੇ ਨੇ ਕਿ ਰਣਜੀਤ ਸਿੰਘ ਨੇ ਬਾਦਸ਼ਾਹੀ ਮਸਜਿਦ ਵਿਚ ਘੋੜੇ ਬੰਨੇ ਸਨ, ਅਸਲਾ ਤੇ ਬਾਰੂਦ ਰੱਖਿਆ ਸੀ, ਓਥੇ ਨਮਾਜ਼ ਮਨਾ ਕਰ ਛੋੜੀ ਸੀ। ਆਖ਼ਿਰ ਸੱਚ ਕੀ ਹੈ?

– ਇਹ ਸਰਾਸਰ ਝੂਠ ਹੈ। ਜੇ ਇੰਜ ਹੋਇਆ ਹੁੰਦਾ ਤਾਂ ਮੇਰੇ ਬਜ਼ੁਰਗ ਆਪਣੇ ਵੇਲੇ ਦੇ ਸਭ ਤੋਂ ਵੱਡੇ ਬੇਗ਼ੈਰਤ ਮੰਨੇ ਜਾਣੇ ਸਨ। ਉਨਾਂ ਐਸੀ ਗੱਲ ਹੋਣ ਈ ਨਹੀਂ ਸੀ ਦੇਣੀ। ਇਹ ਆਖਣਾ ਕਿ ਮਹਾਰਾਜ ਨੇ ਮੁਸਲਮਾਨਾਂ ਨੂੰ ਦਬਾਅ ਕੇ ਰੱਖਿਆ, ਇਹ ਬੜਾ ਵੱਡਾ ਝੂਠ ਹੈ। ਓਦੋਂ ਲਹੌਰ ਵਿਚ ਮੁਸਲਮਾਨਾਂ ਦੀ ਅਬਾਦੀ 75 ਫ਼ੀਸਦੀ ਸੀ। ਉਨਾਂ ਨੂੰ ਦਬਾਅ ਕੇ ਜ਼ੁਲਮ ਕਰ ਕੇ ਭਲਾ ਉਹ ਕਿਵੇਂ ਹਕੂਮਤ ਕਰ ਸਕਦਾ ਸੀ? ਮਹਾਰਾਜ ਨੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ। ਮੁਸਲਮਾਨਾਂ 'ਤੇ ਹੋਏ ਜਬਰ ਦੀ ਇਕ ਵੀ ਮਿਸਾਲ ਕੋਈ ਦੇ ਕੇ ਦੱਸੇ। ਮਹਾਰਾਜ ਸਾਰਿਆਂ ਮਜ਼ਹਬਾਂ ਦੀ ਇੱਜ਼ਤ ਕਰਦੇ ਸਨ। ਉਨਾਂ ਦੇ ਰਾਜ ਵਿਚ ਕੋਈ ਸੈਕੰਡ ਕਲਾਸ ਸਿਟੀਜ਼ਨ ਨਹੀਂ ਸੀ। ਕੋਈ ਫ਼ਿਰਕੂ ਟੈਨਸ਼ਨ ਜਾਂ ਫ਼ਸਾਦਾਤ ਕਦੇ ਨਹੀਂ ਹੋਏ, ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਹੋਈ। ਮੇਰੇ ਕੋਲ ਦਸਤਾਵੇਜ਼ੀ ਸਬੂਤ ਨੇ ਕਿ ਮਹਾਰਾਜ ਨੇ ਅਪਣੇ ਰਾਜ ਦੀਆਂ ਮਸਜਿਦਾਂ, ਮੰਦਰਾਂ ਤੇ ਗੁਰਦੁਆਰਿਆਂ ਨੂੰ ਜਗੀਰਾਂ ਗਰਾਂਟਾਂ ਦਿੱਤੀਆਂ। ਉਨਾਂ ਨੇ ਮਸਜਿਦਾਂ ਦੀ ਪੂਰੀ ਸੰਭਾਲ਼ ਕੀਤੀ ਤੇ ਆਪ ਵੀ ਬਹੁਤ ਸਾਰੀਆਂ ਤਾਮੀਰ ਕਰਵਾਈਆਂ। ਹਰ ਮਸਜਿਦ ਦੇ ਨਾਲ ਮਦਰੱਸਾ ਹੁੰਦਾ ਸੀ। ਦਰਅਸਲ, ਬਾਦਸ਼ਾਹੀ ਮਸਜਿਦ ਆਮ ਲੋਕਾਂ ਵਾਸਤੇ ਨਹੀਂ ਸੀ ਹੁੰਦੀ, ਕਿਉਂਕਿ ਇਹ ਸ਼ਾਹੀ ਕਿਲੇ ਤੇ ਹਵੇਲੀਆਂ ਦੀ ਜ਼ਦ ਵਿਚ ਸੀ। ਸਿਰਫ਼ ਅਸ਼ਰਾਫ਼ੀਆ ਨੂੰ ਓਥੇ ਨਮਾਜ਼ ਅਦਾ ਕਰਨ ਦੀ ਇਜਾਜ਼ਤ ਸੀ। ਅਸਲੀਅਤ ਇਹ ਹੈ ਕਿ ਮਹਾਰਾਜ ਨੇ ਸੰਨ 1811 ਵਿਚ ਮਸਜਿਦ ਆਮ ਲੋਕਾਂ ਵਾਸਤੇ ਪਹਿਲੀ ਵੇਰ ਖੋਲੀ ਸੀ। ਪਹਿਲੇ ਤੇ ਲੋਕ ਮਸਜਿਦ ਵਿਚ ਵੜਨ ਤੇ ਨਮਾਜ਼ ਪੜਨੋਂ ਝਿਜਕਦੇ ਸਨ। ਮੇਰੇ ਬਜ਼ੁਰਗਾਂ ਤੇ ਵੇਲੇ ਦੇ ਲਾਹੌਰ ਦੇ ਮੁਫ਼ਤੀ ਕਾਜ਼ੀ ਫ਼ੈਜ਼ਉੱਲਾ ਦੀ ਇਹ ਹਕੀਕਤ ਸਨਦ ਕੀਤੀ ਮੇਰੇ ਕੋਲ਼ ਮੌਜੂਦ ਹੈ।

ਮੈਂ ਚੈਲਿੰਜ ਕਰਦਾਂ ਕਿ ਕੋਈ ਮੈਨੂੰ ਸ਼ਾਹੀ ਮਸਜਿਦ ਵਿਚ ਘੋੜੇ ਬੰਨਣ ਦਾ ਸਬੂਤ ਪੇਸ਼ ਕਰੇ। ਅੰਗਰੇਜ਼ ਦੇ ਲਿਖੇ ਨੂੰ ਮੈਂ ਨਹੀਂ ਮੰਨਦਾ।

ਪ੍ਰਸ਼ਨ : ਆਖ਼ਰੀ ਸਵਾਲ : ਜੇ ਫ਼ਾਈਬਰ ਗਲਾਸ ਦੀ ਬਜਾਇ ਮੁਜੱਸਮਾ ਠੋਸ ਧਾਤ ਦਾ ਬਣਾਉਂਦੇ ਤਾਂ ਕੀ ਕੋਈ ਭੰਨ ਨਾ ਸਕਦਾ?

– ਜਿਨਾਂ ਦੇ ਜ਼ਿਹਨ ਵਿਚ ਐਨੀ ਨਫ਼ਰਤ ਭਰੀ ਪਈ ਹੋਵੇ, ਉਨਾਂ ਮਜ਼ਬੂਤ ਧਾਤ ਕਾਂਸੀ ਦੇ ਮੁਜੱਸਮੇ ਨੂੰ ਵੀ ਭੰਨਣ ਦਾ ਰਸਤਾ ਕੱਢ ਲੈਣਾ ਸੀ। ਅਫ਼ਸੋਸ ਕਿ ਸਾਨੂੰ ਵੰਡਣ ਲੁੱਟਣ ਵਾਲੇ ਕਿਸੇ ਫ਼ਰੰਗੀ (ਅਲਫ਼ਰੇਡ ਵੂਲਨਰ) ਦਾ ਮੁਜੱਸਮਾ ਤਾਂ ਹਾਲੇ ਵੀ ਲਹੌਰ ਵਿਚ ਲੱਗਾ ਹੋਇਆ ਹੈ। ਪਰ ਪੰਜਾਬ ਵਿਚ ਅਮਨ, ਖ਼ੁਸ਼ਹਾਲੀ ਤੇ ਯਕਜਹਿਤੀ ਲਿਆਉਣ ਵਾਲੇ ਮਹਾਰਾਜਾ ਦੇ ਮੁਜੱਸਮੇ ਨੂੰ ਭੰਨਣ ਦੀ ਵਾਰਦਾਤ ਕਿੰਨੀ ਵੇਰ ਕੀਤੀ ਗਈ। ਇਹ ਹੈ ਸਾਡੀ ਬਦਕਿਸਮਤੀ ਹੈ, ਸਾਡਾ ਦੀਵਾਲੀਆਪਣ ਹੈ।

# ਭਾਈ ਤਾਰੂ ਸਿੰਘ ਜੀ ਦੀ ਅਦੁੱਤੀ ਸ਼ਹੀਦੀ

**ਸ਼ਹੀਦੀ ਦਿਵਸ ’ਤੇ ਵਿਸ਼ੇਸ਼ 1 ਸਾਵਣ 1745 ( 16 ਜੁਲਾਈ1745)**



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਨਾਂ ਦੇ ਸਿੰਘਾਂ ਦੀ ਸ਼ਹੀਦੀ 1716 ਤੋਂ ਬਾਅਦ ਸਿੰਘਾਂ ’ਤੇ ਬੜੀ ਮੁਸੀਬਤ ਦਾ ਸਮਾਂ ਸੀ। ਮੁਗਲ ਹਾਕਮਾਂ ਨੇ ਸਿੰਘਾਂ ’ਤੇ ਅਤਿਆਚਾਰ ਕਰਨ ਦੀ ਅਤਿ ਹੀ ਚੁੱਕ ਲਈ ਸੀ। ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਹੇਠ, ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਹੀ ਚੱਲ ਪਈ। ਸਿੰਘਾਂ ਨੇ ਹਮੇਸ਼ਾ ਲੋਕ ਭਲਾਈ ਲਈ ਜੁਲਮ ਦੇ ਵਿਰੁਧ ਟਾਕਰੇ ਕਰਦੇ ਹੋਏ, ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਲਾਸਾਨੀ ਕੁਰਬਾਨੀਆਂ ਦਿੱਤੀਆਂ।

ਮੱਧ ਕਾਲੀਨ ਯੁੱਗ ਵਿਚ ਸਮਾਜ ਸੁਧਾਰਕਾਂ ਵਲੋਂ ਭਗਤੀ ਲਹਿਰ ਚਲਾਈ ਗਈ। ਸਮਾਜ ਵਿਚ ਝੂਠੇ ਕਰਮ ਕਾਂਡਾਂ ਵਿਰੁਧ ਚੇਤਨਾ ਆਈ। ਸੂਫ਼ੀ ਰੰਗ ਵਿਚ ਰੰਗੀ ਬਾਣੀ ਵਿਚ ਬੀਰਰਸ ਭਰਿਆ ਗਿਆ। ਕਿਸੇ ਵੀ ਅੰਦੋਲਨ ਵਿਚ ਜਾਨ ਪਾਉਣ ਲਈ ਬੀਰਰਸ ਦੀ ਬੜੀ ਅਹਿਮੀਅਤ ਹੁੰਦੀ ਹੈ। ਗੁਰਬਾਣੀ ਦੇ ਸ਼ਬਦ ‘ਜਉ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ’॥ ਅੰਗ-1412, ਤੋਂ ਧਰਮ ਦੀ ਬੁਨਿਆਦ ਨੂੰ ਪੱਕਾ ਕਰਨ ਦਾ ਉਪਦੇਸ਼ ਮਿਲਦਾ ਹੈ। ਸੱਚ-ਧਰਮ ਦੇ ਮਾਰਗ ਦੇ ਕੁਰਬਾਨੀ ਦੇਣ ਲਈ ਤਿਆਰ ਰਹੋ, ਦਾ ਉਪਦੇਸ਼ ਮਿਲਦਾ ਹੈ। ਇਕ ਪ੍ਰਮਾਤਮਾ ਵਿਚ ਯਕੀਨ ਰੱਖ ਕੇ ਉਸ ਦਾ ਨਾਮ ਜਪਣਾ। ਖੁਸ਼ੀ ਅਤੇ ਗਮੀ ਵਿਚ ਹਮੇਸ਼ਾ ਰੱਬ ਦਾ ਭਾਣਾ ਮੰਨਣਾ। ਨਾਨਕ ਪੰਥ ਕੀ ਸਮੁੱਚੀ ਬੰਦਗੀ ਵਿਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ। ਹਰੇਕ ਨੂੰ ਸੱਚੀ ਮਿਹਨਤ ਅਤੇ ਇਮਾਨਦਾਰੀ ਨਾਲ ਕ੍ਰਿਤ ਕਰਨੀ ਹੈ। ਆਪਣੀ ਮਿਹਤਨ ਦੀ ਕਮਾਈ ਦਾ ਫ਼ਲ, ਦੂਜਿਆਂ ਨਾਲ ਵੰਡ ਕੇ ਛਕਣਾ ਹੈ। ਜੀਵਨ ਜਾਚ ਲਈ ਸਿਧਾਂਤ ਹੈ ਕਿ ‘ਕ੍ਰਿਤ ਕਰੋ, ਨਾਮ ਜਪੋ, ਵੰਡ ਛਕੋ’’। ਬਰਾਬਰਤਾ ਦੇ ਸਮਾਜ ਵਿਚ ਖੁਦਗਰਜੀ ਤੋਂ ਉਪਰ ਉਠ ਕੇ ਸੇਵਾ ਕਰਨੀ ਹੈ। ਸਰਬੱਤ ਦੇ ਭਲੇ ਲਈ ਇਨਸਾਨੀ ਹੱਕਾਂ ਤੇ ਪਹਿਰਾ ਦੇਣਾ ਹੈ।

ਸਿੱਖ ਧਰਮ ਦੇ ਬਾਨੀ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਪੰਗਤ ਲੰਗਰ ਅਤੇ ਪ੍ਰਚਾਰ ਲਈ ਮੰਜੀਆਂ ਆਦਿ ਸੰਸਥਾਵਾਂ ਚਲਾਈਆਂ। ਅੱਗੇ ਜਾ ਕੇ ਸਿੱਖ ਗੁਰੂਆਂ ਨੇ ਚਲਦੀਆਂ ਸੰਸਥਾਵਾਂ ਨੂੰ ਹੋਰ ਮਜਬੂਤ ਕੀਤਾ ਅਤੇ ਵਧਾਇਆ। ਧਰਮ ਯੁੱਧ ਦੇ ਦੌਰ ਵਿਚ ਜਿੱਥੇ ਰਸਦ ਅਤੇ ਮਾਇਆ ਭੇਟ ਕੀਤੀ ਜਾਂਦੀ ਹੈ, ਉਥੇ ਲੋੜ ਪੈਣ ਤੇ ਸੀਸ ਵੀ ਭੇਟ ਕੀਤੇ ਜਾਣ ਲੱਗੇ। ਇਸ ਤੇ ਚਲਦਿਆਂ ਸਿੱਖ ਇਤਿਹਾਸ ਤਸੀਹਿਆਂ, ਕੁਰਬਾਨੀਆਂ ਅਤੇ ਸ਼ਹੀਦੀਆਂ ਦੀ ਵਿਲੱਖਣ ਮਿਸਾਲ ਹੈ। ਉਸੇ ਸੰਘਰਸ਼ ਦੀ ਲੜੀ ਵਿਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹੋਏ ਹਨ।

ਜਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸ ਦਾ ਭਰਾ ਸਿੱਖਾਂ ਨਾਲ ਹੋਈ ਇਕ ਜੰਗ ਵਿਚ ਮਾਰਿਆ ਗਿਆ। ਉਸ ਦਾ ਬਦਲਾ ਲੈਣ ਲਈ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਚਲਾ ਰੱਖੀ ਸੀ। ਉਸ ਨੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ, ਬੇਲਿਆਂ, ਪਹਾੜਾਂ, ਮਾਰੂਥਲਾਂ ਆਦਿ ਦੀਆਂ ਪਨਾਹਗਾਹਾਂ ਵਿਚ ਚਲੇ ਗਏ। ਬਾਕੀ ਕੁਝ ਬਚੇ ਹੋਏ ਸਿੱਖ ਅਤੇ ਦੂਸਰੇ ਵਰਗਾਂ ਦੇ ਲੋਕ ਮੁਗਲਾਂ ਦੇ ਘੋਰ ਜੁਲਮ ਹੇਠ ਜੀਅ ਰਹੇ ਸਨ। ਉਹ ਗੁਰੂਆਂ ਦੀ ਸਿੱਖਿਆ ਤੇ ਚਲਦੇ, ਬਿਨਾਂ ਭੇਦ ਭਾਵ ਦੇ ਆਪਸ ਵਿਚ ਪਿਆਰ ਅਤੇ ਸ਼ਾਂਤਮਈ ਰਹਿ ਰਹੇ ਸਨ। ਇਕ ਦੂਸਰੇ ਦੀ ਮਦਦ ਕਰਕੇ ਖੁਸ਼ ਹੁੰਦੇ ਸਨ। ਉਹ ਜੋ ਕੁਝ ਕਮਾਉਂਦੇ ਵਿਚੋਂ ਲੋੜਵੰਦਾਂ ਦੀ ਮਦਦ ਕਰਦੇ। ਗੁਰਬਾਣੀ ਪੜਦੇ ਅਤੇ ਵਿਚਾਰਦੇ ਸਾਦਾ ਜੀਵਨ ਜਿਉਂਦ ਸਨ।

ਅਜਿਹੇ ਸਮੇਂ ਵਿਚ ਹੀ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ, 1720 ਈ. ਨੂੰ ਪਿੰਡ ਪੂਹਲਾ ਜ਼ਿਲਾ ਅੰਮ੍ਰਿਤਸਰ ਵਿਖੇ ਮਾਤਾ ਧਰਮ ਕੌਰ ਅਤੇ ਪਿਤਾ ਭਾਈ ਜੋਧ ਸਿੰਘ ਦੇ ਘਰ ਹੋਇਆ। ਉਨਾਂ ਦੇ ਪਿਤਾ ਜੀ ਇਕ ਜੰਗ ਵਿਚ ਸ਼ਹੀਦ ਹੋ ਗਏ ਸਨ। ਉਨਾਂ ਦੀ ਛੋਟੀ ਭੈਣ ਤਾਰ ਕੌਰ ਸੀ। ਭਾਈ ਸਾਹਿਬ ਨੇ ਇਕ ਵਾਰ ਸਿੰਘਾਂ ਨੂੰ ਮੁਗਲਾਂ ਦੇ ਚੁੰਗਲ ਵਿਚੋਂ ਇਕ ਗਰੀਬ ਲੜਕੀ ਨੂੰ ਛੁਡਾਉਂਦੇ ਵੇਖ ਕੇ ਸਿੰਘ ਸਜਣ ਦਾ ਫੈਸਲਾ ਕੀਤਾ। ਉਨਾਂ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ਭਾਈ ਮਨੀ ਸਿੰਘ ਜੀ ਦੀ ਸ਼ਖ਼ਸੀਅਤ ਦਾ ਭਾਈ ਸਾਹਿਬ ਤੇ ਬੜਾ ਪ੍ਰਭਾਵ ਸੀ। ਉਹ ਕਿਰਸਾਨੀ ਕਰਦੇ ਅਤੇ ਮੱਕੀ ਕਾਸ਼ਤ ਕਰਦੇ ਸਨ। ਸਿੱਖਾਂ ਦਾ ਮੁਗਲ ਹਾਕਮ ਜਕਰੀਆ ਖਾਨ ਨਾਲ ਟਾਕਰਾ ਚੱਲ ਰਿਹਾ ਸੀ।

ਉਨਾਂ ਦੀ ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ ਤੇ ਚਲਦਿਆਂ ਲੋੜਵੰਦਾਂ ਦੀ ਸੇਵਾ ਕਰਨ ਦਾ ਕੰਮ ਸੌਂਪਿਆ ਹੋਇਆ ਸੀ। ਭਾਈ ਸਾਹਿਬ ਸੰਗਤਾਂ ਦੀ ਸੇਵਾ ਆਪ ਅੱਗੇ ਹੋ ਕੇ ਕਰਦੇ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵਿਚ ਹਮੇਸ਼ਾ ਤਤਪਰ ਰਹਿੰਦੇ। ਉਹ ਅਣਥੱਕ ਸੇਵਾ ਕਰਨ ਦੇ ਪਾਂਧੀ ਸਨ। ਜਿਵੇਂ ਕਿ ਸਿੰਘ ਪਨਾਹਗਾਹਾਂ ਵਿਚ ਚਲੇ ਗਏ ਸਨ, ਉਸੇ ਤਰਾਂ ਦੀ ਇਕ ਪਨਾਹਗਾਹ ‘ਬੀੜ ਬਾਬਾ ਬੁੱਢਾ ਜੀ’ ਪਿੰਡ ਪੂਹਲੇ ਦੇ ਨੇੜੇ ਸੀ।

ਭਾਈ ਸਾਹਿਬ ਨੇ ਖੇਤੀ ਦੇ ਕੰਮ ਦੇ ਨਾਲ ਨਾਲ ਸਿੰਘਾਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਲਈ ਹੋਈ ਸੀ। ਉਨਾਂ ਦੀ ਮਾਤਾ ਜੀ ਅਤੇ ਭੈਣ ਆਟਾ ਪੀਹ ਕੇ ਮਿੱਸੇ ਪ੍ਰਸ਼ਾਦੇ ਅਤੇ ਦੁੱਧ ਦਾ ਤਾਜ਼ਾ ਲੰਗਰ ਤਿਆਰ ਕਰਦੀਆਂ ਤੇ ਪਾਈ ਸਾਹਿਬ ਲੰਗਰ, ਰਸਦ ਅਤੇ ਹੋਰ ਲੋੜੀਂਦੀਆਂ ਰੋਜ਼ਮਰਾ ਦੀਆਂ ਵਸਤਾਂ ਬੀੜ ਤੇ ਟਿਕਾਣਾ ਕਰੀ ਬੈਠੇ ਸਿੰਘਾਂ ਤੱਕ ਪਹੁੰਚਾਉਂਦੇ ਸਨ। ਦੇਰ ਰਾਤ ਤੱਕ ਭਾਈ ਸਾਹਿਬ ਨੂੰ ਸਿੰਘਾਂ ਨਾਲ ਚਲੰਘ ਮਾਮਲਿਆਂ ਤੇ ਵਾਰਤਾਲਾਪ ਕਰਨ ਦੀ ਦਿਲਚਸਪੀ ਵੀ ਸੀ। ਉਹ ਸਿੰਘਾਂ ਨਾਲ ਮੁਗਲ ਹਾਕਮਾਂ ਦੀਆਂ ਚਾਲਾਂ ਤੇ ਭਵਿੱਖ ਦੇ ਮਨਸੂਬਿਆਂ, ਸਕੀਮਾਂ ਬਾਰੇ ਢੇਰ ਸਾਰੀ ਜਾਣਕਾਰੀ ਤੇ ਚਰਚਾ ਕਰਦੇ ਸਨ। ਆਉਣ ਵਾਲੇ ਬੁਰੇ ਸਮਿਆਂ ਬਾਰੇ ਸਿੰਘਾਂ ਨੂੰ ਸੁਚੇਤ ਵੀ ਕਰਦੇ ਸਨ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਭਾਈ ਸਾਹਿਬ ਜੀ ਦੀ ਉਮਰ 25 ਸਾਲ ਤੱਕ ਅੱਪੜ ਗਈ ਸੀ। ਇਸ ਤੋਂ ਇਲਾਵਾ ਭਾਈ ਸਾਹਿਬ ਪਿੰਡਾਂ ਵਿਚ ਆਉਂਦੇ ਜਾਂਦੇ ਮੁਸਾਫਰਾਂ ਦੀ ਲੰਗਰਾਂ ਨਾਲ ਸੇਵਾ ਕਰਦੇ ਸਨ। ਲੋੜਵੰਦਾਂ ਲਈ ਠਹਿਰ ਦਾ ਪ੍ਰਬੰਧ ਕਰ ਲੈਂਦੇ ਸਨ। ਇਸ ਕਰਕੇ ਉਹ ਇਲਾਕੇ ਵਿਚ ਹਰਮਨ ਪਿਆਰੇ ਹੋ ਗਏ ਸਨ। ਹਰ ਵਰਗ ਦੇ ਲੋਕ ਉਨਾਂ ਦੀ ਹਮਦਰਦੀ ਅਤੇ ਪਿਆਰ ਦਾ ਸਤਿਕਾਰ ਕਰਦੇ ਸਨ।

ਜੰਡਿਆਲਾ ਦਾ ਹਰਿਭਗਤ ਮੁਗਲ ਹਾਕਮਾਂ ਦਾ ਮੁਖਬਰ ਸੀ। ਉਹ ਸਿੰਘਾਂ ਨਾਲ ਈਰਖਾ ਕਰਦਾ ਸੀ। ਉਸ ਨੇ ਵੇਖਿਆ ਕਿ ਭਾਈ ਸਾਹਿਬ ਜੀ ਦੀ ਸੇਵਾ ਭਾਵਨਾ ਕਰਕੇ ਸਮਾਜ ਵਿਚ ਉਨਾਂ ਦੀ ਬੜੀ ਪ੍ਰਸਿੱਧੀ ਹੈ। ਉਸ ਨੇ ਈਰਖਾ ਵਿਚ ਆ ਕੇ ਭਾਈ ਸਾਹਿਬ ਜੀ ਦੀਆਂ ਸਰਗਰਮੀਆਂ ਨੂੰ ਕੁਚਲਣ ਦੀ ਠਾਣ ਲਈ। ਉਸ ਨੂੰ ਪਹਿਲਾਂ ਹੀ ਹਾਕਮਾਂ ਦੀ ਸ਼ਹਿ ਪ੍ਰਾਪਤ ਸੀ। ਉਸ ਨੇ ਗੁੱਸੇ ਵਿਚ ਆ ਕੇ ਮੁਗਲ ਸਰਕਾਰ ਨੂੰ ਖ਼ਬਰ ਦਿੱਤੀ ਕਿ ਪਿੰਡ ਪੂਹਲੇ ਵਿਚ ਇਕ ਸਿੱਖ ਭਾਈ ਤਾਰੂ ਸਿੰਘ ਬਾਗੀ ਰਹਿੰਦਾ ਹੈ। ਉਹ ਹਕੂਮਤ ਦੇ ਬਾਗੀ ਸਿੰਘਾਂ ਦੀ ਸੇਵਾ ਕਰਦਾ ਹੈ। ਉਹ ਦੁਰਾਚਾਰੀ ਮੁਸਾਫਰਾਂ ਨੂੰ ਪਨਾਹ ਵੀ ਦੇਂਦਾ ਹੈ। ਉਹ ਇਕ ਖਤਰਨਾਕ ਬਾਗੀ ਸਿੱਖ ਹੈ। ਉਸ ਦੀਆਂ ਕਾਰਵਾਈਆਂ ਦੀ ਉਸ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਹਰਿਭਗਤ ਨੂੰ ਭਾਈ ਸਾਹਿਬ ਤੇ ਲਾਏ ਦੋਸ਼ਾਂ ਦੀ ਸੂਹ ਦੇਣ ਲਈ ਹਕੂਮਤ ਤੋਂ ਇਨਾਮ ਮਿਲਣ ਦੀ ਆਸ ਸੀ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਉਣ ਲਈ ਸਿਪਾਹੀ ਭੇਜ ਦਿੱਤੇ ਗਏ। ਸਿਪਾਹੀਆਂ ਨੇ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਪੂਹਲੇ ਤੇ ਧਾਵਾ ਬੋਲ ਦਿੱਤਾ। ਭਾਈ ਸਾਹਿਬ ਨੂੰ ਲਾਹੌਰ ਲਿਆਂਦਾ ਗਿਆ। ਜੇਲ ਵਿਚ ਰੱਖ ਕੇ ਅਣ-ਮਨੁੱਖੀ ਤਸ਼ੱਦਦ ਢਾਹਿਆ ਗਿਆ। ਕਈ ਦਿਨਾਂ ਤੱਕ ਤਸ਼ੱਦਦ ਹੁੰਦਾ ਰਿਹਾ। ਇਸਲਾਮ ਕਬੂਲ ਕਰ ਲਓ ਤੇ ਜ਼ੋਰ ਦਿੱਤਾ ਗਿਆ। ਇਸਲਾਮ ਕਬੂਲ ਕਰ ਲਓ ਤੁਹਾਡੀ ਜਾਨ ਬਖਸ਼ ਦਿੱਤੀ ਜਾਵੇਗੀ। ਲਿਹਾਜਾ ਕੇਸ ਕਤਲ ਕਰ ਦਿੱਤੇ ਜਾਣਗੇ। ਇਸਲਾਮ ਕਬੂਲ ਕਰਵਾਉਣ ਲਈ ਭਾਈ ਸਾਹਿਬ ਨੂੰ ਕਈ ਲਾਲਚ ਦਿੱਤੇ ਗਏ, ਜਿਵੇਂ ਤੁਹਾਨੂੰ ਸਰਕਾਰੀ ਅਹੁਦਾ, ਮਾਨ ਸਲਮਾਨ ਅਤੇ ਦੌਲਤ ਨਾਲ ਮਾਲੋ ਮਾਲ ਕਰ ਦਿੱਤਾ ਜਾਵੇਗਾ। ਇਸ ਤਰਾਂ ਅਰਾਮ ਦੀ ਜ਼ਿੰਦਗੀ ਬਿਤਾ ਸਕੋਗੇ। ਨਹੀਂ ਤਾਂ ਤਸ਼ੱਦਦ ਚਲਦਾ ਰਹੇਗਾ। ਚਰਖੜੀ ਤੇ ਚੜਾ ਕੇ ਕਤਲ ਕੀਤੇ ਜਾਓਗੇ। ਇਹ ਨਸੀਹਤ ਵੀ ਦਿੱਤੀ ਕਿ ਕਿਉਂ ਸਿੱਖੀ ਲਈ ਜਾਨ ਗੁਆ ਰਹੇ ਹੋ। ਭਾਈ ਸਾਹਿਬ ਨੇ ਕਿਹਾ ਕਿ ਮੈਂ ਆਪਣੇ ਧਰਮ ਵਿਚ ਰਹਿ ਕੇ ਮਰਨਾ ਚਾਹਾਂਗਾ। ਭਾਈ ਸਾਹਿਬ ਜੀ ਨੇ ਬੜੇ ਦ੍ਰਿੜ ਇਰਾਦੇ ਨਾਲ ਕਿਹਾ ਕਿ ਇਹ ਜੋ ਤੂੰ ਐਸ਼ੋ ਅਰਾਮ ਦੇ ਸੌਦੇ ਵਿਖਾ ਰਿਹਾ ਏਂ ਇਹ ਮੈਂ ਆਪਣੀ ਜੁੱਤੀ ਦੀ ਨੋਕ ਤੇ ਲਿਖਦਾ ਹਾਂ। ਜੇਕਰ ਸਾਰੇ ਜਹਾਨ ਦੀਆਂ ਬਾਦਸ਼ਾਹੀਆਂ, ਧੰਨ ਦੌਲਤ ਮੇਰੇ ਪੈਰਾਂ ਵਿਚ ਰੱਖ ਦੇਵੇਂ, ਸਾਰਾ ਜਹਾਨ ਮੇਰਾ ਨੌਕਰ ਹੋ ਜਾਵੇ ਤਾਂ ਵੀ ਮੈਂ ਆਪਣਾ ਸਿੱਖੀ ਸਿਦਕ ਨਹੀਂ ਛੱਡਾਂਗਾ। ਇਸ ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਵਾਂਗਾ। ਇਨਾਂ ਸਾਰੀਆਂ ਦੁਰਲੱਭ ਵਸਤੂਆਂ ਤੋਂ ਮੇਰਾ ਧਰਮ ਉੱਚਾ ਹੈ। ਮੈਂ ਆਪਣਾ ਵਾਲ਼ ਵੀ ਬਾਂਕਾ ਨਹੀਂ ਕਰਨ ਦਿਆਂਗਾ। ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੇਰਾ ਪ੍ਰਮਾਤਮਾ ਮੇਰੇ ਨਾਲ ਸਹਾਈ ਹੋਵੇਗਾ।

ਜਕਰੀਆ ਖਾਨ ਨੇ ਹੰਕਾਰ ਵਿਚ ਆ ਕੇ ਕਿਹਾ ਇਸ ਵੇਲੇ ਤੇਰਾ ਪ੍ਰਮਾਤਮਾ ਮੈਂ ਹਾਂ, ਜੋ ਤੇਰੀ ਜਾਨ ਬਖਸ਼ ਸਕਦਾ ਹੈ। ਪਰ ਮੈਂ ਤੇਰੀ ਗੱਲ ਮੰਨਦਾ ਹਾਂ ਕਿ ਤੇਰੇ ਕੇਸ ਕਤਲ ਨਾ ਕੀਤਾ ਜਾਣ। ਤੇਰੇ ਕੇਸ ਤੇਰੀ ਖੋਪੜੀ ਸਮੇਤ ਉਤਾਰੇ ਜਾਣ। ਇਸ ਬਾਰੇ ਤੇਰਾ ਕੀ ਖਿਆਲ ਹੈ। ਭਾਈ ਸਾਹਿਬ ਨੇ ਕਿਹਾ ਕਿ ਤੇਰੀ ਇਹ ਦਿਆਲਤਾ ਮੈਨੂੰ ਮਨਜ਼ੂਰ ਹੈ। ਮੈਨੂੰ ਭਾਵੇਂ ਕਿਸੇ ਵੀ ਤਰੀਕੇ ਨਾਲ ਸ਼ਹੀਦ ਕਰ ਪਰ ਮੇਰੇ ਕੇਸ ਮੇਰੇ ਸੁਆਸਾਂ ਤੱਕ ਕਾਇਮ ਰਹਿਣ। ਹੁਣ ਜਲਦੀ ਮੈਨੂੰ ਸ਼ਹੀਦ ਕਰੋ, ਮੈਂ ਪ੍ਰਮਾਤਮਾ ਦਾ ਕਰਜ ਉਤਾਰਾਂ, ਜਕਰੀਆ ਖਾਨ ਨੇ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਜੀ ਨੂੰ ਘੋੜਾ ਮੰਡੀ, ਨਾਖਾਸ ਚੌਕ ਦਿੱਲੀ ਗੇਟ ਲਾਹੌਰ ਵਿਖੇ ਲਿਜਾਇਆ ਜਾਵੇ। ਇੱਥੇ ਪਹਿਲਾਂ ਹੀ ਕਈ ਸਿੰਘ ਸ਼ਹੀਦ ਹੋਏ ਸਨ। ਜਲਾਦ ਨੂੰ ਭਾਈ ਸਾਹਿਬ ਦੀ ਖੋਪੜੀ ਉਤਾਰਨ ਦਾ ਹੁਕਮ ਹੋਇਆ। ਭਾਈ ਸਾਹਿਬ ਸ਼ਾਤ ਚਿੱਤ ਅਡੋਲ ਰਹੇ। ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਭਾਈ ਸਾਹਿਬ ਜੀ ਦੀ ਖੋਪੜੀ ਉਤਾਰ ਕੇ ਸਾਹਮਣੇ ਰੱਖ ਦਿੱਤੀ। ਭਾਈ ਸਾਹਿਬ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਮੇਰੇ ਕੇਸ ਬਚਾ ਲਏ ਹਨ।

ਭਾਈ ਸਾਹਿਬ ਨੂੰ ਫਿਰ ਵਾਪਸ ਜੇਲ ਭੇਜਿਆ ਗਿਆ। ਤਸ਼ੱਦਦ ਜਾਰੀ ਰਿਹਾ। ਉਨਾਂ ਦਿਨਾਂ ਵਿਚ ਜਕਰੀਆ ਖਾਨ ਦੇ ਗੁਰਦੇ ਖਰਾਬ ਹੋ ਗਏ। ਉਹ ਅਤਿਅੰਤ ਦਰਦ ਵਿਚ ਸੀ ਕਿ ਉਸ ਦਾ ਸਾਹ ਰੁਕਣ ਲੱਗਾ। ਉਸ ਨੇ ਪਛਤਾਵਾ ਕੀਤਾ ਕਿ ਮੈਂ ਇਕ ਬੇਕਸੂਰ ਸੰਤ ਰੂਪੀ ਸਿੰਘ ਨੂੰ ਬੜੇ ਤਸੀਹੇ ਦਿੱਤੇ ਹਨ। ਇਹ ਮੇਰਾ ਉਨਾਂ ਕਰਮਾਂ ਦਾ ਹੀ ਫਲ਼ ਹੈ ਕਿ ਮੈਂ ਬਿਮਾਰੀ ਭੋਗ ਰਿਹਾ ਹਾਂ। ਉਸ ਨੇ ਭਾਈ ਸੁਬੇਗ ਸਿੰਘ ਜੀ ਨੂੰ ਭਾਈ ਸਾਹਿਬ ਕੋਲ ਭੇਜਿਆ ਕਿ ਮੈਨੂੰ ਮੁਆਫ਼ ਕਰ ਦਿਓ। ਭਾਈ ਸਾਹਿਬ ਜੀ ਨੇ ਸੁਨੇਹਾ ਦਿੱਤਾ ਕਿ ਜੋ ਕੁਝ ਵਾਪਰ ਰਿਹਾ ਹੈ, ਉਸ ਪ੍ਰਮਾਤਮਾ ਦੇ ਭਾਣੇ ਵਿਚ ਹੈ। ਉਹ ਪ੍ਰਮਾਤਮਾ ਸਭ ਦਾ ਇਨਸਾਫ਼ ਕਰਦਾ ਹੈ। ਜਕਰੀਆ ਖਾਨ ਦੀ ਬਿਮਾਰੀ ਕੁਝ ਕੁ ਠੀਕ ਹੋ ਗਈ। ਪਰ ਉਹ 22 ਦਿਨਾਂ ਬਾਅਦ ਮਰ ਗਿਆ। ਉਸ ਦੇ ਮਰਨ ਦੀ ਖ਼ਬਰ ਜਦ ਭਾਈ ਸਾਹਿਬ ਜੀ ਨੂੰ ਮਿਲੀ, ਉਨਾਂ 1 ਜੁਲਾਈ, 1945 ਨੂੰ ਸ਼ਹੀਦੀ ਪਾ ਲਈ। ਬਿਨਾਂ ਖੋਪੜੀ ਤੋਂ ਕੇਸਾਂ ਸੰਗ ਰਹਿਣਾ, ਇਕ ਵਿਲੱਖਣ ਸ਼ਹੀਦੀ ਹੈ। ਸਿੱਖ ਧਰਮ ਦੀਆ ਸ਼ਹੀਦੀਆਂ ਨੂੰ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ ਕਿ : ਜਿਨਾਂ ਸਿੰਘ ਸਿੰਘਣੀਆ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ। ਧਰਮ ਨਹੀਂ ਹਾਰਿਆ। ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿੰਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ, ਵਾਹਿਗੁਰੂ।

ਭਾਈ ਸਾਹਿਬ ਦੀ ਵਿਰਾਸਤ ਹੈ ਕਿ 1762 ਵਿਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਨੂੰ ਜਿੱਤ ਲਿਆ। ਉਨਾਂ ਜਨਤਕ ਚੌਕ ਤੇ ਕਬਜਾ ਕਰ ਲਿਆ। ਜਿੱਥੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਰਿਹਾ ਸੀ। ਚੌਕ ਦੇ ਨਾਲ ਲਗਦੀ ਅਬਦੁੱਲਾ ਖਾਨ ਮਸਜਿਦ ਤੇ ਕਬਜਾ ਕਰਕੇ ਸ਼ਹੀਦ ਗੰਜ ਗੁਰਦੁਆਰੇ ਵਿਚ ਤਬਦੀਲ ਕਰ ਦਿੱਤਾ ਗਿਆ। ਇਸ ਅਸਥਾਨ ਤੇ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੌਲੱਖਾ ਬਾਜ਼ਾਰ ਵਿਚ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ, ਜਿੱਥੇ ਸਿੰਘ ਦੀ ਖੋਪਰੀ ਅਤੇ ਕੇਸ ਹਟਾਏ ਗਏ ਸਨ।

# ਹਰਿਮੰਦਰ ਸਾਹਿਬ ਵਿਖੇ ਕੜਾਹ ਪ੍ਰਸ਼ਾਦਿ ਪਰਚੀ ਦੀ ਰਸਮ ਦਾ ਇਤਿਹਾਸ

**ਅਵਤਾਰ ਸਿੰਘ ਅਨੰਦ**

ਕੜਾਹ ਪ੍ਰਸ਼ਾਦਿ ਪਰਚੀ ਦੀ ਰਸਮ ਖ਼ਾਲਸਾ ਸਰਕਾਰ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ਼ੁਰੂ ਹੋਈ। 1802 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ’ਤੇ ਕਬਜ਼ਾ ਕਰਨ ਤੋਂ ਬਾਅਦ 1804 ਵਿਚ ਅੰਮ੍ਰਿਤਸਰ ’ਤੇ ਵੀ ਕਬਜ਼ਾ ਹੋ ਗਿਆ। ਅੰਮ੍ਰਿਤਸਰ ’ਤੇ ਕਬਜ਼ਾ ਕਰਨ ਤੋਂ ਬਾਅਦ ਅੰਮ੍ਰਿਤਸਰ ਸ਼ਹਿਰ ’ਤੇ ਭੰਗੀ ਮਿਸਲ ਨੂੰ ਖ਼ਤਮ ਕਰ ਕੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਜਥੇਦਾਰ ਅਕਾਲੀ ਫੂਲਾ ਸਿੰਘ ਨੂੰ ਸੌਂਪ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੂੰ ਸਿਰ ਝੁਕਾ ਕੇ ਸਾਰੇ ਪੰਜਾਬ ਵਾਸੀ ‘ਮਹਾਰਾਜਾ’ ਕਹਿ ਕੇ ਪੁਕਾਰਦੇ ਸਨ, ਪਰ ਉਸ ਸਮੇਂ ਕੇਵਲ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਬਿਨਾਂ ਝੁਕੇ ‘ਭਾਈ ਸਾਬ’ ਕਹਿ ਕੇ ਬੁਲਾਉਂਦੇ ਸਨ।

ਅੰਮ੍ਰਿਤਸਰ ’ਤੇ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕਬਜ਼ਾ ਕੀਤਾ ਤਾਂ ਇਸ ਖ਼ੁਸ਼ੀ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੰਡੀ ਜਾਣ ਵਾਲੀ ਦੇਗ ਕੜਾਹ ਪ੍ਰਸ਼ਾਦਿ ਲਈ ਮਾਇਆ ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਅਨੁਸਾਰ ਸ਼ਾਹੀ ਖ਼ਜ਼ਾਨੇ ’ਚੋਂ ਆਉਣ ਲੱਗ ਪਈ। ਜਥੇ: ਅਕਾਲੀ ਫੂਲਾ ਸਿੰਘ ਮਹਾਰਾਜਾ ਰਣਜੀਤ ਸਿੰਘ ਤੋਂ ਇਸ ਗੱਲ ਤੋਂ ਖ਼ੁਸ਼ ਸਨ ਕਿ ਇਸ ਯੋਧੇ ਨੇ ਸਾਰੀਆਂ ਮਿਸਲਾਂ ਨੂੰ ਇਕਮੁੱਠ ਕਰ ਕੇ ਸਿੱਖ ਰਾਜ ਸਥਾਪਤ ਕੀਤਾ ਹੈ ਅਤੇ ਅਫ਼ਗਾਨੀ ਧਾੜਵੀਆਂ ਨੂੰ ਰੋਕਣ ਦੀ ਹਿੰਮਤ ਦਿਖਾਈ ਹੈ। ਇਸੇ ਕਰ ਕੇ ਜਥੇ: ਅਕਾਲੀ ਫੂਲਾ ਸਿੰਘ ਸ਼ੇਰ-ਏ-ਪੰਜਾਬ ਦਾ ਕੋਈ ਵੀ ਕਹਿਣਾ ਨਹੀਂ ਸਨ ਮੋੜਦੇ ਤਾਂ ਹੀ ਅਕਾਲੀ ਫੂਲਾ ਸਿੰਘ ਦੇ ਕਹਿਣ ’ਤੇ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਅਰਦਾਸ ਵਿਚ ਇਹ ਵੀ ਬੋਲਿਆ ਜਾਣ ਲੱਗ ਪਿਆ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ-ਭਾਗ ਸਦਾ ਸਲਾਮਤ ਰਹੇ।

ਸਮਾਂ ਆਪਣੇ ਅਨੁਸਾਰ ਚਲਦਾ ਗਿਆ। ਇਕ ਦਿਨ ਜਥੇਦਾਰ ਅਕਾਲੀ ਫੂਲਾ ਸਿੰਘ ਕੋਲ ਸਿੱਖ ਸੰਗਤਾਂ ਨੇ ਆ ਕੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਮੋਰਾਂ ਨਾਚੀ ਦੇ ਇਸ਼ਕ ਵਿਚ ਪੈ ਜਾਣ ਬਾਰੇ ਦੱਸਿਆ ਅਤੇ ਕਿਹਾ



ਕਿ ਸ਼ੇਰ-ਏ-ਪੰਜਾਬ ਹੁਣ ਸਿੱਖ ਰਾਜ ਦੀ ਪ੍ਰਗਤੀ ਵੱਲ ਘੱਟ ਅਤੇ ਜ਼ਨਾਨੀਆਂ ਵੱਲ ਜ਼ਿਆਦਾ ਧਿਆਨ ਦੇਣ ਲੱਗ ਪਿਆ ਹੈ ਅਤੇ ਹੁਣ ਮਹਾਰਾਜਾ ਦਾੜੀ ਵੀ ਰੰਗਣ ਲੱਗ ਪਿਆ ਹੈ ਅਤੇ ਸ਼ਰਾਬ ਦਾ ਸੇਵਨ ਵੀ ਕਰਦਾ ਹੈ, ਜੋ ਕਿ ਪੰਜਾਬ ਦਾ ਰਾਜਾ ਹੋਣ ਕਰਕੇ ਉਨਾਂ ਨੂੰ ਇਹ ਗੱਲਾਂ ਸ਼ੋਭਾ ਨਹੀਂ ਦਿੰਦੀਆਂ। ਇਸ ਲਈ ਸਿੱਖ ਸੰਗਤਾਂ ਨੇ ਜਥੇਦਾਰ ਨੂੰ ਕਿਹਾ ਕਿ ਤੁਸੀਂ ਉਨਾਂ ਨੂੰ ਸਮਝਾਓ।

ਜਥੇਦਾਰ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸੁਨੇਹਾ ਭੇਜਿਆ ਕਿ ਤੁਰੰਤ ਹਾਜ਼ਰ ਹੋ ਕੇ ਇਸ ਬਾਬਤ ਸਫ਼ਾਈ ਦੇਣ। ਪਰ ਉਨਾਂ ਦਿਨਾਂ ’ਚ ਮੁਲਤਾਨ ’ਤੇ ਚੜਾਈ ਦੀਆਂ ਤਿਆਰੀਆਂ ਹੋ ਰਹੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਇਸ ਸੁਨੇਹੇ ਨੂੰ ਅਣ-ਗੌਲਿਆ ਕਰ ਦਿੱਤਾ। ਇੰਤਜ਼ਾਰ ਕਰਨ ਤੋਂ ਬਾਅਦ ਜਦੋਂ ਮਹਾਰਾਜਾ ਰਣਜੀਤ ਸਿੰਘ ਸਫ਼ਾਈ ਦੇਣ ਲਈ ਨਹੀਂ ਆਇਆ ਤਾਂ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੋ ਹੁਕਮਨਾਮੇ ਜਾਰੀ ਕੀਤੇ। ਪਹਿਲਾ ਇਹ ਕਿ ਕੜਾਹ ਪ੍ਰਸ਼ਾਦਿ ਲਈ ਲਾਹੌਰ ਦੇ ਸ਼ਾਹੀ ਖ਼ਜ਼ਾਨੇ ’ਚੋਂ ਮਾਇਆ ਨਹੀਂ ਲਈ ਜਾਵੇਗੀ ਅਤੇ ਅੱਜ ਤੋਂ ਸੰਗਤਾਂ ਹੀ ਜਿਹੜੀ ਮਾਇਆ ਭੇਟ ਕਰਨਗੀਆਂ ਉਸ ਨਾਲ ਹੀ ਦੇਗ ਤਿਆਰ ਹੋਵੇਗੀ ਅਤੇ ਲਿਖਤੀ ਰਸੀਦ ਲਵੇਗੀ। ਇਸ ਤਰਾਂ ਸੰਗਤ ਦੀ ਮਾਇਆ ਨਾਲ ਕੜਾਹ ਪ੍ਰਸ਼ਾਦਿ ਦੀਆਂ ਦੇਗਾਂ ਤਿਆਰ ਹੋਣ ਲੱਗ ਪਈਆਂ ਅਤੇ ਦੂਜਾ

ਬਾਕੀ ਸਫ਼ਾ 30 ’ਤੇ

# ਅਜਨਬੀ...

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਭਾਗ-4



ਲੇਖਕ : ਆਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਸਾਰਾ ਹਫ਼ਤਾ ਦਫ਼ਤਰ ਵਿਚ ਸਿਰ ਖੁਰਕਣ ਦੀ ਵਿਹਲ ਨਹੀਂ ਮਿਲੀ। ਰੇਮੰਡ ਇਕ ਵਾਰੀ ਆ ਕੇ ਦੱਸ ਗਿਆ ਕਿ ਉਸਨੇ ਚਿੱਠੀ ਪਾ ਦਿੱਤੀ ਏ। ਇਮਾਨੁਅਲ ਦੇ ਨਾਲ ਮੈਂ ਦੋ ਵਾਰੀ ਸਿਨਮਾ ਵੀ ਦੇਖ ਆਇਆ। ਸਾਹਮਣੇ ਪਰਦੇ 'ਤੇ ਕੀ-ਕੀ ਚੱਲ ਰਿਹਾ ਏ, ਇਹ ਪੂਰੀ ਤਰਾਂ ਉਸਦੇ ਪੱਲੇ ਨਹੀਂ ਪੈਂਦਾ-ਇਸ ਲਈ ਵਾਰੀ-ਵਾਰੀ ਪੁੱਛਦਾ ਰਹਿੰਦਾ ਏ।

ਕੱਲ ਸ਼ਨੀਵਾਰ ਸੀ। ਪਹਿਲਾਂ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਮੇਰੀ ਆ ਗਈ। ਲਾਲ-ਚਿੱਟੀਆਂ ਧਾਰੀਆਂ ਵਾਲੇ ਸੁੰਦਰ ਕੱਪੜੇ, ਪੈਰਾਂ ਵਿਚ ਚਮੜੇ ਦੇ ਸੈਂਡਲ। ਮੇਰੀਆਂ ਤਾਂ ਉਸ ਉੱਤੋਂ ਅੱਖਾਂ ਈ ਨਹੀਂ ਸੀ ਹਟ ਰਹੀਆਂ। ਛੋਟੀਆਂ-ਛੋਟੀਆਂ ਸੁਡੌਲ ਛਾਤੀਆਂ ਦੇ ਉਭਾਰ ਵੱਖਰੇ ਈ ਦਿਖਾਈ ਦਿੰਦੇ ਸੀ। ਧੁੱਪ ਸਿਕਿਆ ਚਿਹਰਾ ਬਾਦਾਮੀ ਰੰਗ ਦੇ ਮਖਮਲੀ ਗੇਂਦੇ ਦੇ ਫੁੱਲ ਵਰਗਾ ਲੱਗ ਰਿਹਾ ਸੀ। ਬੱਸ ਵਿਚ ਅਸੀਂ ਲੋਕ ਅਲਜੀਯਰਸ ਤੋਂ ਕੁਝ ਮੀਲ ਦੂਰ ਇਕ ਜਾਣੇ-ਪਛਾਣੇ ਸਮੁੰਦਰੀ ਤਟ 'ਤੇ ਜਾ ਪਹੁੰਚੇ। ਇੱਥੇ ਦੋ ਉਭਰੀਆਂ ਹੋਈਆਂ ਚਟਾਨਾਂ ਵਿਚਕਾਰ ਰੇਤ ਸਿਰਫ਼ ਇਕ ਪਗਡੰਡੀ ਵਾਂਗ ਫ਼ੈਲੀ ਏ। ਜਵਾਰ ਸਮੇਂ ਪਾਣੀ ਇੱਥੋਂ ਤੀਕ ਆ ਜਾਂਦਾ ਏ, ਉਸ ਪਗਡੰਡੀ ਦੇ ਕਿਨਾਰੇ-ਕਿਨਾਰੇ ਪਿੱਛੇ ਦੂਰ ਤੱਕ ਝਾਊ ਦੇ ਰੁੱਖਾਂ ਕੀ ਕਤਾਰ ਏ। ਚਾਰ ਵਜੇ ਦੇ ਲਗਭਗ ਧੁੱਪ ਏਨੀ ਤੇਜ਼ ਨਹੀਂ ਸੀ-ਹਾਂ, ਪਾਣੀ ਜ਼ਰੂਰ ਸੋਂਹਦਾ-ਗੁਣਗੁਣਾ ਲੱਗਿਆ ਸੀ। ਛੋਟੀਆਂ-ਛੋਟੀਆਂ ਲਹਿਰਾਂ ਅਲਮਸਤ ਭਾਵ ਨਾਲ ਰੇਤ ਨਾਲ ਕਲੋਲਾਂ ਕਰ ਰਹੀਆਂ ਸੀ।

ਮੇਰੀ ਨੇ ਮੈਨੂੰ ਇਕ ਨਵੀਂ ਖੇਡ ਸਿਖਾਈ-ਪਹਿਲਾਂ ਤੈਰਦੇ-ਤੈਰਦੇ ਲਹਿਰਾਂ ਦੀ ਉਛਾਲੀ ਹੋਈ ਝੱਗ ਨੂੰ ਮੂੰਹ ਵਿਚ ਭਰ ਲਓ ਤੇ ਜਦੋਂ ਖ਼ੂਬ ਝੱਗ ਮੂੰਹ ਵਿਚ ਭਰ ਜਾਵੇ ਤਾਂ ਚਿਤ ਲੇਟ ਕੇ ਆਸਮਾਨ ਵੱਲ ਫੁਆਰੇ ਵਾਂਗ ਸੁੱਟੋ। ਇਸ ਨਾਲ ਝੱਗ ਦੀ ਇਕ ਧੁੰਦ-ਜਿਹੀ ਬਣ ਜਾਂਦੀ ਏ। ਇਹ ਧੁੰਦ ਜਾਂ ਤਾਂ ਉਪਰਲੀ ਹਵਾ ਵਿਚ ਘੁਲ ਜਾਂਦੀ ਏ ਜਾਂ ਗੁਣਗੁਣੀ ਫੁਆਰ ਵਾਂਗ ਵਾਪਸ ਗੱਲਾਂ 'ਤੇ ਆ ਡਿੱਗਦੀ ਏ। ਪਰ ਇਸ ਖੇਡ ਵਿਚ ਜਦੋਂ ਨਮਕ ਮੂੰਹ ਵਿਚ ਗਿਆ ਤਾਂ ਛੇਤੀ ਈ ਮੂੰਹ ਚਮਲਾਉਂਣ ਲੱਗ ਪਿਆ। ਤਦ ਮੇਰੀ ਨੇ ਆ ਕੇ ਪਾਣੀ ਦੇ ਅੰਦਰ ਈ ਮੈਨੂੰ ਕਸ ਕੇ ਬਾਹਾਂ ਵਿਚ ਜਕੜ ਲਿਆ ਤੇ ਆਪਣੇ ਬੁੱਲ ਮੇਰੇ ਬੁੱਲਾਂ 'ਤੇ ਕਸੀ ਰੱਖੇ। ਉਸਦੀ ਜੀਭ ਨਾਲ ਮੇਰੇ ਬੁੱਲਾਂ ਦੀ ਜਲਨ ਸ਼ਾਂਤ ਹੋ ਗਈ। ਦੋ-ਤਿੰਨ ਪਲਾਂ ਲਈ ਅਸੀਂ ਆਪਣੇ-ਆਪ ਨੂੰ ਲਹਿਰਾਂ ਦੇ ਹੱਥਾਂ ਵਿਚ ਸੌਂਪ ਦਿੱਤਾ-ਜਿਧਰ ਮਰਜ਼ੀ ਵਹਾਅ ਲੈ ਜਾਣ। ਫੇਰ ਤੈਰਦੇ ਹੋਏ ਵਾਪਸ ਕਿਨਾਰੇ 'ਤੇ ਆ ਗਏ।

ਅਸੀਂ ਕੱਪੜੇ ਪਾ ਲਏ ਤਾਂ ਮੈਂ ਦੇਖਿਆ ਕਿ ਮੇਰੀ ਇਕਟਕ ਮੇਰੇ ਵੱਲ ਦੇਖੀ ਜਾ ਰਹੀ ਏ। ਉਸਦੀਆਂ ਅੱਖਾਂ ਵਿਚ ਤਾਰੇ ਝਿਲਮਿਲਾ ਰਹੇ ਨੇ। ਮੈਂ ਦੋਵਾਂ ਬਾਹਾਂ ਵਿਚ ਭਰ ਕੇ ਉਸਨੂੰ ਚੁੰਮ ਲਿਆ। ਇਸ ਪਿੱਛੋਂ ਸਾਡੇ ਦੋਵਾਂ ਵਿਚੋਂ ਕੋਈ ਕੁਝ ਨਾ ਬੋਲਿਆ। ਇਕ ਦੂਜੇ ਨਾਲ ਹੋੜ ਲਾ ਕੇ, ਅਸੀਂ, ਡਿੱਗਦੇ-ਢਹਿੰਦੇ ਸਾਹਮਣੇ ਉੱਚੇ ਸਿਰੇ ਵੱਲ ਦੌੜ ਪਏ। ਸਾਰੀ ਰਾਹ ਮੈਂ ਉਸਨੂੰ ਆਪਣੀ ਵੱਖੀ ਨਾਲ ਘੁੱਟੀ ਰੱਖਿਆ। ਦੋਵਾਂ ਨੂੰ ਲੱਗੀ ਸੀ ਕਿ ਜਲਦੀ ਤੋਂ ਜਲਦੀ ਬੱਸ ਫੜ ਲਈਏ, ਕਮਰੇ ਵਿਚ ਪਹੁੰਚੀਏ ਤੇ ਸਿੱਧੇ ਬਿਸਤਰੇ 'ਚ ਵੜ ਜਾਈਏ। ਜਾਣ ਵੇਲੇ ਮੈਂ ਕਮਰੇ ਦੀ ਖਿੜਕੀ ਖੁੱਲੀ ਛੱਡ ਗਿਆ ਸੀ, ਸੋ ਰਾਤ ਨੂੰ ਆਉਂਦੀ ਠੰਢੀ ਮਿੰਨੀ-ਮਿੰਨੀ ਹਵਾ ਸਾਡੇ ਧੁੱਪ ਝੁਲਸਾਏ ਸਰੀਰਾਂ ਨੂੰ ਬੜੀ ਚੰਗੀ ਲੱਗ ਰਹੀ ਸੀ।

ਮੇਰੀ ਨੇ ਦੱਸਿਆ ਕਿ ਅਗਲੇ ਦਿਨ ਵੀ ਉਸਨੂੰ ਕੋਈ ਕੰਮ ਨਹੀਂ। ਮੈਂ ਕਿਹਾ, 'ਫੇਰ ਕੱਲ ਮੇਰੇ ਨਾਲ ਈ ਦੁਪਹਿਰ ਦਾ ਖਾਣਾ ਕਿਉਂ ਨਈਂ ਖਾਂਦੀ?' ਉਸਨੇ ਹਾਮੀਂ ਭਰ ਲਈ। ਮੈਂ ਗੋਸ਼ਤ ਖ਼ਰੀਦਨ ਹੇਠਾਂ ਚਲਾ ਗਿਆ। ਵਾਪਸ ਆਉਂਦਿਆਂ ਹੋਇਆਂ ਸੁਣਿਆਂ, ਰੇਮੰਡ ਦੇ ਕਮਰੇ 'ਚੋਂ ਕਿਸੇ ਔਰਤ ਦੇ ਬੋਲਣ ਦੀ ਆਵਾਜ਼ ਆ ਰਹੀ ਏ। ਕੁਝ ਚਿਰ ਬਾਅਦ ਦੂਜੇ ਪਾਸੇ ਬੁੱਢੇ ਸਲਾਮਾਨੋ ਤੇ ਉਸਦੇ ਕੁੱਤੇ ਦਾ ਰੋਣਾ ਸ਼ੁਰੂ ਹੋ ਗਿਆ। ਜਲਦੀ ਈ ਪੌੜੀਆਂ 'ਤੇ ਪੰਜਿਆਂ ਤੇ ਬੂਟਾਂ ਦੀ ਥਪਥਪ ਸੁਣਾਈ ਦਿੱਤੀ। ਫੇਰ ਉਹੀ 'ਗੰਦੇ ਕੁੱਤੇ, ਸਾਲਿਆ, ਅਗਾਂਹ ਮਰ।' ਉਸ ਪਿੱਛੋਂ ਦੋਵੇਂ ਸੜਕ 'ਤੇ ਉੱਤਰ ਗਏ। ਮੇਰੀ ਨੂੰ ਮੈਂ ਇਸ ਬੁੱਢੇ ਤੇ ਕੁੱਤੇ ਦੀਆਂ ਆਦਤਾਂ ਬਾਰੇ ਦੱਸਿਆ ਤਾਂ ਖਿੜਖਿੜ ਕਰਕੇ ਹੱਸਣ ਲੱਗੀ। ਉਸਨੇ ਮੇਰਾ ਪਾਜਾਮਾ ਕਮੀਜ਼ ਪਾ ਲਿਆ ਸੀ ਤੇ ਬਾਹਾਂ ਉੱਤੇ ਟੁੰਗ ਲਈਆਂ ਸਨ। ਉਸਨੂੰ ਹੱਸਦਿਆਂ ਦੇਖ ਕੇ ਮਨ ਹੋਇਆ ਕਿ ਇਹ ਇਵੇਂ ਈ ਹੱਸਦੀ ਰਹੇ। ਪਲ ਕੁ ਬਾਅਦ ਉਸਨੇ ਪੁੱਛਿਆ, 'ਤੂੰ ਮੈਨੂੰ ਪਿਆਰ ਕਰਦਾ ਏਂ ਨਾ?' ਜਵਾਬ ਵਿਚ ਮੈਂ ਕਿਹਾ ਕਿ ਅਸਲ ਵਿਚ ਇਸ ਤਰਾਂ ਦੇ ਸਵਾਲ ਦੀ ਕੋਈ ਤੁਕ ਈ ਨਹੀਂ ਏਂ। ਪਰ ਜਿੱਥੋਂ ਤੱਕ ਮੈਂ ਸਮਝਦਾ ਹਾਂ, ਮੈਂ ਉਸਨੂੰ ਪਿਆਰ-ਪਿਊਰ ਨਹੀਂ ਕਰਦਾ। ਸੁਣ ਕੇ ਉਹ ਜ਼ਰਾ ਦੁਖੀ-ਜਿਹੀ ਦਿਖਾਈ ਦਿੱਤੀ, ਪਰ ਜਦੋਂ ਖਾਣਾ ਤਿਆਰ ਹੋ ਗਿਆ ਤਾਂ ਫੇਰ ਟਹਿਕਣ ਲੱਗ ਪਈ। ਗੱਲ-ਗੱਲ 'ਤੇ ਹੱਸਣ ਲੱਗੀ। ਜਦੋਂ ਵੀ ਉਹ ਇੰਜ ਹੱਸਦੀ ਏ, ਮੇਰਾ ਮਨ ਹੁੰਦਾ ਏ ਉਸਨੂੰ ਚੁੰਮ ਲਵਾਂ। ਐਨ ਉਸੇ ਛਿਣ ਰੇਮੰਡ ਦੇ ਕਮਰੇ ਵਿਚ ਕੋਹਰਾਮ ਮੱਚ ਗਿਆ-ਚੀਕਾ-ਰੌਲੀ ਸ਼ੁਰੂ ਹੋ ਗਈ।

ਪਹਿਲਾਂ ਸੁਣਿਆਂ ਕਿ ਕੋਈ ਔਰਤ ਖ਼ੂਬ ਉੱਚੀ-ਉੱਚੀ ਚੀਕਵੀਂ ਆਵਾਜ਼ ਵਿਚ ਕੁਝ ਕਹਿ ਰਹੀ ਏ। ਫੇਰ ਰੇਮੰਡ ਦੀ ਦਹਾੜ ਸੁਣਾਈ ਦਿੱਤੀ, 'ਤੂੰ ਮੇਰੇ ਨਾਲ ਦਗਾ ਕੀਤਾ.. ਕੁੱਤੀਏ, ਕਮੀਨੀਏਂ, ਅੱਜ ਦੱਸਾਂਗਾ ਕਿ ਮੇਰੇ ਨਾਲ ਦਗਾ ਕਰਨ ਦਾ ਕੀ ਨਤੀਜਾ ਹੁੰਦਾ ਐ।' ਧੈਂ-ਧੈਂ ਕੁੱਟਣ ਦੀ ਆਵਾਜ਼। ਫੇਰ ਦਿਲ ਕੰਬਾਊ ਚੀਕਾਂ ਕਿ ਸੁਣ ਕੇ ਤਨ-ਮਨ ਰੋਮਾਂਚਿਤ ਹੋ ਉੱਠੇ। ਦੇਖਦੇ-ਦੇਖਦੇ ਪੌੜੀਆਂ 'ਚ ਲੋਕਾਂ ਦੀ ਭੀੜ ਜੁੜ ਗਈ। ਮੇਰੀ ਤੇ ਮੈਂ ਵੀ ਬਾਹਰ ਨਿਕਲ ਆਏ। ਔਰਤ ਅਜੇ ਤੱਕ ਚੀਕੀ-ਕੂਕੀ ਜਾ ਰਹੀ ਸੀ ਤੇ ਰੇਮੰਡ ਲੱਤਾਂ-ਮੁੱਕੀਆਂ ਨਾਲ ਉਸਨੂੰ ਅੰਨੇਵਾਹ ਕੁੱਟ ਰਿਹਾ ਸੀ। ਮੇਰੀ ਬੋਲੀ, 'ਉਫ਼, ਕੈਸੀ ਬੇਹੂਦਗੀ ਏ?' ਮੈਂ ਕੁਝ ਨਾ ਬੋਲਿਆ। ਇਸ ਪਿੱਛੋਂ ਮੇਰੀ ਬੋਲੀ, 'ਜਾ ਕੇ ਕਿਸੇ ਸਿਪਾਹੀ ਨੂੰ ਬੁਲਾ ਲਿਆਓ।' ਮੈਂ ਕਿਹਾ, 'ਮੈਂ ਸਿਪਾਹੀ-ਵਿਪਾਹੀ ਤੋਂ ਕੀ ਲੈਣਾ-ਦੇਣੈ।' ਖ਼ੈਰ, ਦੇਖਦੇ-ਦੇਖਦੇ ਇਕ ਸਿਪਾਹੀ ਵੀ ਆ ਹਾਜ਼ਰ ਹੋਇਆ। ਦੂਜੀ ਮੰਜ਼ਿਲ ਦਾ ਇਕ ਨਲਕਾ ਮਿਸਤਰੀ ਉਸਦੇ ਨਾਲ ਆਇਆ ਸੀ। ਜਿਵੇਂ ਈ ਸਿਪਾਹੀ ਨੇ ਧੜਾ-ਧੜ ਦਰਵਾਜ਼ੇ 'ਤੇ ਮੁੱਕੇ ਮਾਰੇ-ਅੰਦਰਲੀਆਂ ਆਵਾਜ਼ਾਂ ਬੰਦ ਹੋ ਗਈਆਂ। ਉਸਨੇ ਫੇਰ ਦਰਵਾਜ਼ਾ ਖੜਕਾਇਆ। ਪਲ ਕੁ ਬਾਅਦ ਅੰਦਰਲੀ ਔਰਤ ਨੇ ਫੇਰ ਰੋਣਾ ਸ਼ੁਰੂ ਕਰ ਦਿੱਤਾ। ਰੇਮੰਡ ਨੇ ਦਰਵਾਜ਼ਾ ਖੋਲਿਆ। ਉਸਦੇ ਹੇਠਲੇ ਬੁੱਲ 'ਤੇ ਟਿਕੀ ਸਿਗਰਟ ਥਰਥਰ ਕੰਬ ਰਹੀ ਸੀ ਤੇ ਚਿਹਰੇ ਉੱਤੇ ਰੋਂਦੜ-ਜਿਹੀ ਮੁਸਕਾਨ ਸੀ। 'ਤੇਰਾ ਨਾਂ?' ਰੇਮੰਡ ਨੇ ਨਾਂ ਦੱਸ ਦਿੱਤਾ। ਸਿਪਾਹੀ ਨੇ ਕਠੋਰ ਗ਼ੈਰ-ਮੁਲਾਹਿਜਾ ਸੁਰ ਵਿਚ ਕਿਹਾ, 'ਮੇਰੇ ਨਾਲ ਗੱਲ ਕਰਨ ਵੇਲੇ ਸਿਗਰਟ ਮੂੰਹ 'ਚੋਂ ਕੱਢ ਲੈ।' ਰੇਮੰਡ ਥੋੜਾ-ਜਿਹਾ ਥਿੜਕਿਆ, ਪਰ ਮੇਰੇ ਵੱਲ ਦੇਖ ਕੇ ਸਿਗਰਟ ਮੂੰਹ ਵਿਚ ਈ ਲਈ ਰੱਖੀ। ਸਿਪਾਹੀ ਨੇ ਅਹੁਲ ਕੇ ਹੱਥ ਘੁਮਾਇਆ ਤੇ ਫਟਾਕ ਕਰਕੇ ਉਸਦੀ ਖੱਬੀ ਗੱਲ ਉੱਤੇ ਇਕ ਕਰਾਰਾ ਥੱਪੜ ਜੜ ਦਿੱਤਾ। ਬੁੱਲਾਂ 'ਚੋਂ ਛੁੱਟ ਕੇ ਸਿਗਰਟ ਕਈ ਗਜ਼ ਦੂਰ ਜਾ ਡਿੱਗੀ। ਸੱਟ ਨਾਲ ਰੇਮੰਡ ਦਾ ਚਿਹਰਾ ਤਣਿਆਂ ਗਿਆ, ਪਰ ਇਕ ਛਿਣ ਉਹ ਮੂੰਹੋਂ ਕੁਝ ਨਹੀਂ ਬੋਲਿਆ। ਫੇਰ ਬੜੇ ਈ ਮੁਲਾਇਮ ਲਹਿਜੇ ਵਿਚ ਪੁੱਛਿਆ, 'ਹੁਣ ਸਿਗਰਟ ਦਾ ਬਚਿਆ ਹਿੱਸਾ ਚੁੱਕ ਲਵਾਂ ਨਾ?'

'ਚੁੱਕ ਲੈ,' ਸਿਪਾਹੀ ਨੇ ਕਿਹਾ, 'ਪਰ ਅੱਗੋਂ ਤੋਂ ਚੇਤੇ ਰੱਖੀਂ, ਅਸੀਂ ਬਦਤਮੀਜੀ ਬਰਦਾਸ਼ਤ



ਨਈਂ ਕਰਦੇ, ਨਾਲੇ ਤੇਰੇ ਵਰਗੇ ਹਬਸ਼ੀਆਂ ਦੀ ਤਾਂ ਕਿਸੇ ਵੀ ਹਾਲਤ 'ਚ ਨਈਂ ਕਰਦੇ।'

ਇਸ ਦੌਰਾਨ ਕੁੜੀ ਰੋਂਦੀ-ਡੁਸਕਦੀ ਤੇ ਵਾਰੀ-ਵਾਰੀ ਇਕੋ ਗੱਲ ਕਹਿੰਦੀ ਰਹੀ-'ਇਸ ਮਰਦੂਦ ਨੇ ਮੈਨੂੰ ਮਾਰਿਆ...ਦਲਾਲ ਕਿਤੋਂ ਦਾ...'

ਰੇਮੰਡ ਨੇ ਵਿਚਕਾਰ ਈ ਪੁੱਛਿਆ, 'ਮਾਫ਼ ਕਰਨਾ ਜਮਾਦਾਰ ਸਾਹਬ, ਏਨੇ ਚਸ਼ਮਦੀਦ ਗਵਾਹਾਂ ਸਾਹਮਣੇ ਕਿਸੇ ਭਲ਼ੇ ਆਦਮੀ ਨੂੰ ਦਲਾਲ ਕਹਿਣਾ ਕਿਸ ਕਾਨੂੰਨ 'ਚ ਆਊਂਦੈ...?'

ਸਿਪਾਹੀ ਬੋਲਿਆ, 'ਆਪਣੀ ਚਾਲਾਕੀ ਬੰਦ ਕਰ।'

ਇਸ 'ਤੇ ਰੇਮੰਡ ਨੇ ਕੁੜੀ ਵੱਲ ਭੌਂ ਕੇ ਕਿਹਾ, 'ਫਿਕਰ ਨਾ ਕਰ ਜਾਨੇ-ਮਨ, ਅਸੀਂ ਲੋਕ ਫੇਰ ਮਿਲਾਂਗੇ।'

'ਬਸ-ਬਸ,' ਸਿਪਾਹੀ ਗੜਕਿਆ ਤੇ ਕੁੜੀ ਵੱਲ ਭੌਂ ਕੇ ਬੋਲਿਆ, 'ਚਲ, ਦੌੜ ਜਾ ਏਥੋਂ।' ਤੇ ਰੇਮੰਡ ਨੂੰ ਕਿਹਾ, 'ਥਾਣੇ 'ਚੋਂ ਜਦ ਤਕ ਬੁਲਾਵਾ ਨਾ ਆਏ, ਤੂੰ ਆਪਣੇ ਕਮਰੇ ਵਿਚੋਂ ਬਾਹਰ ਨਈਂ ਜਾਏਂਗਾ। ਜ਼ਰਾ ਤਾਂ ਸ਼ਰਮ ਕਰ। ਨਸ਼ੇ ਵਿਚ ਏਨਾ ਧੁੱਤ ਹੋਇਆ ਹੋਇਐਂ ਕਿ ਸਿੱਧਾ ਖੜਾ ਵੀ ਨਈਂ ਹੋਇਆ ਜਾਂਦਾ। ਇਹ ਤੇਰਾ ਸਰੀਰ ਕੰਬ ਕਿਸ ਲਈ ਰਿਹੈ?'

'ਧੁੱਤ ਨਈਂ ਆਂ, ਜਮਾਦਾਰ ਸਾਹਬ!' ਰੇਮੰਡ ਨੇ ਦੱਸਿਆ, 'ਮੈਂ ਤਾਂ ਜਦੇ-ਜਦੇ ਤੁਹਾਨੂੰ ਇੰਜ ਖੜੇ ਹੋ ਕੇ ਆਪਣੇ ਵੱਲ ਘੂਰਦਿਆਂ ਦੇਖਦਾਂ ਤਾਂ ਖ਼ੁਦ-ਬ-ਖ਼ੁਦ ਕਾਂਬਾ ਛੁੱਟ ਪੈਂਦੈ। ਅੱਛਾ, ਝੂਠ ਕਹਿ ਰਿਹਾ ਆਂ ਕਿ?'

ਫਟਾਕ ਕਰਕੇ ਉਸਨੇ ਦਰਵਾਜ਼ਾ ਬੰਦ ਕਰ ਲਿਆ ਤਾਂ ਅਸੀਂ ਸਾਰੇ ਲੋਕ ਵਾਪਸ ਆ ਗਏ। ਮੈਂ ਤੇ ਮੇਰੀ ਨੇ ਰਲ ਕੇ ਖਾਣਾ ਬਣਾਇਆ। ਉਸਨੂੰ ਭੁੱਖ ਨਹੀਂ ਸੀ, ਲਗਭਗ ਸਾਰਾ ਈ ਮੈਨੂੰ ਖਾਣਾ ਪਿਆ। ਇਕ ਵਜੇ ਉਹ ਚਲੀ ਗਈ ਤਾਂ ਮੈਂ ਇਕ ਝਪਕੀ ਲੈ ਲਈ।

ਤਿੰਨ ਦੇ ਲਗਭਗ ਦਰਵਾਜ਼ੇ 'ਤੇ ਖਟ-ਖਟ ਹੋਈ ਤੇ ਰੇਮੰਡ ਅੰਦਰ ਆਇਆ। ਚੁੱਪਚਾਪ ਆ ਕੇ ਬਾਹੀ 'ਤੇ ਬੈਠ ਗਿਆ। ਇਕ ਮਿੰਟ ਸਾਡੇ ਦੋਵਾਂ ਵਿਚੋਂ ਕੋਈ ਨਾ ਬੋਲਿਆ। ਫੇਰ ਮੈਂ ਪੁੱਛਿਆ, 'ਕੀ ਹੋਇਆ ਸੀ?' ਉਸਨੇ ਦੱਸਿਆ ਕਿ ਸ਼ੁਰੂ ਵਿਚ ਤਾਂ ਸਾਰਾ ਕੰਮ ਵਿਉਂਤ ਅਨੁਸਾਰ ਈ ਹੁੰਦਾ ਰਿਹਾ, ਪਰ ਜਿਸ ਵੇਲੇ ਕੁੜੀ ਨੇ ਰੇਮੰਡ ਦੇ ਮੂੰਹ 'ਤੇ ਥੱਪੜ ਜੜ ਦਿੱਤਾ ਤੇ ਉਸਨੇ ਖ਼ੂਨ ਦੇਖਿਆ ਤਾਂ ਉਹ ਆਪੇ ਵਿਚੋਂ ਬਾਹਰ ਹੋ ਗਿਆ ਤੇ ਪਰਤ ਕੇ ਉਸਦੀ ਧੁਨਾਈ ਸ਼ੁਰੂ ਕਰ ਦਿੱਤੀ। ਬਾਅਦ ਵਿਚ ਜੋ ਕੁਝ ਹੋਇਆ, ਉਸਨੂੰ ਦੱਸਣ ਦੀ ਲੋੜ ਈ ਨਈਂ ਸੀ। ਮੈਂ ਖ਼ੁਦ ਸੀ ਉੱਥੇ। 'ਚਲੋ, ਤੂੰ ਉਸਨੂੰ ਚੰਗਾ ਸਬਕ ਸਿਖਾ ਦਿੱਤਾ। ਕਿਉਂ, ਇਹੋ ਤਾਂ ਤੇਰੀ ਖਵਾਹਿਸ਼ ਸੀ ਨਾ?'

'ਹਾਂ, ਇਹੋ ਈ।' ਉਹ ਮੰਨ ਗਿਆ। ਬੋਲਿਆ, 'ਹੁਣ ਪੁਲਸ, ਜੋ ਮਨ ਆਏ ਸੋ ਕਰਦੀ ਰਹੇ। ਉਸਨੂੰ ਆਪਣੇ ਕੀਤੇ ਦੀ ਸਜ਼ਾ ਮਿਲ ਗਈ। ਤੇ ਰਹੀ ਪੁਲਸ, ਉਸ ਨਾਲ ਭੁਗਤਨ ਦਾ ਗੁਰ ਰੇਮੰਡ ਜਾਣਦੈ...।' ਪਰ ਜਾਣਨਾ ਉਹ ਇਹ ਚਾਹੁੰਦਾ ਏ ਕਿ ਜਦੋਂ ਸਿਪਾਹੀ ਨੇ ਉਸਦੇ ਮਾਰਿਆ, ਤਾਂ ਕੀ ਮੈਂ ਚਾਹੁੰਦਾ ਸੀ ਕਿ ਉਹ ਵੀ ਪਲਟਵਾਂ ਉਸਦੇ ਮਾਰੇ।

ਮੈਂ ਕਿਹਾ ਕਿ ਮੈਂ ਤਾਂ ਕੁਝ ਵੀ ਨਹੀਂ ਚਾਹੁੰਦਾ ਸੀ। ਸੱਚ ਤਾਂ ਇਹ ਸੀ ਕਿ ਪੁਲਸ-ਵੁਲਸ ਨਾਲ ਕਦੀ ਮੇਰਾ ਵਾਸਤਾ ਈ ਨਹੀਂ ਸੀ ਪਿਆ। ਇਸ ਗੱਲ 'ਤੇ ਰੇਮੰਡ ਖ਼ੁਸ਼ ਹੋ ਗਿਆ ਤੇ ਬੋਲਿਆ, 'ਉੱਠ, ਜ਼ਰਾ ਟਹਿਲ ਆਈਏ।' ਮੈਂ ਬਿਸਤਰਾ ਛੱਡ ਕੇ ਵਾਲ ਵਾਹੁਣ ਲੱਗ ਪਿਆ। ਹੁਣ ਰੇਮੰਡ ਨੇ ਕਿਹਾ, 'ਤੈਥੋਂ ਤਾਂ ਮੈਂ ਬਸ, ਐਨਾ ਚਾਹੁੰਦਾਂ ਬਈ ਮੇਰੀ ਗਵਾਹੀ ਦੇ ਦਵੀਂ।' ਮੈਂ ਕਿਹਾ ਕਿ ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ। ਪਰ ਮੈਨੂੰ ਇਹ ਵੀ ਤਾਂ ਪਤਾ ਲੱਗੇ ਕਿ ਉੱਥੇ ਕਹਿਣਾ ਕੀ ਪਵੇਗਾ?

'ਬਈ, ਕਹਿਣਾ-ਕੁਹਣਾ ਕੀ ਐ।' ਉਸਨੇ ਜਵਾਬ ਦਿੱਤਾ, 'ਤੂੰ ਤਾਂ ਬਸ ਇਹ ਦੱਸ ਦਵੀਂ ਕਿ ਕੁੜੀ ਨੇ ਵਾਕੱਈ ਮੇਰੇ ਨਾਲ ਦਗਾ ਕੀਤਾ ਐ।' ਮੈਂ ਗਵਾਹ ਬਣਨ ਲਈ ਰਾਜ਼ੀ ਹੋ ਗਿਆ। ਅਸੀਂ ਨਾਲੋ-ਨਾਲ ਬਾਹਰ ਨਿਕਲੇ। ਰੇਮੰਡ ਨੇ ਇਕ ਕੈਫ਼ੇ ਵਿਚ ਲੈ ਜਾ ਕੇ ਮੈਨੂੰ ਇਕ ਪੈਗ ਬਰਾਂਡੀ ਪਿਆਈ। ਫੇਰ ਅਸੀਂ ਬਿਲੀਅਰਡ ਦੀ ਇਕ ਬਾਜ਼ੀ ਲਾਈ। ਉਸਨੇ ਕਿਸੇ ਚਕਲੇ ਵਿਚ ਚੱਲਣ ਦਾ ਸੁਝਾਅ ਦਿੱਤਾ, ਪਰ ਮੈਂ ਮਨਾਂ ਕਰ ਦਿੱਤਾ। ਮੇਰਾ ਮਨ ਨਹੀਂ ਸੀ। ਹੌਲੀ-ਹੌਲੀ ਚਹਿਲ-ਕਦਮੀ ਕਰਦੇ ਹੋਏ ਜਦੋਂ ਅਸੀਂ ਵਾਪਸ ਆਏ ਤਾਂ ਉਹ ਦੱਸਣ ਲੱਗਾ ਕਿ ਆਪਣੀ 'ਮਹਿਬੂਬਾ' ਤੋਂ ਜੀਅ ਭਰ ਕੇ ਬਦਲਾ ਲੈਣ ਦੀ ਉਸਨੂੰ ਕਿੰਨੀ ਖ਼ੁਸ਼ੀ ਹੋ ਰਹੀ ਏ। ਤਰਾਂ-ਤਰਾਂ ਦੀਆਂ ਗੱਲਾਂ ਕਰ-ਕਰ ਉਸਨੇ ਮੇਰਾ ਮਨ ਪ੍ਰਚਾਈ ਰੱਖਿਆ। ਇਸ ਸੈਰ ਵਿਚ ਮੈਨੂੰ ਵੀ ਮਜ਼ਾ ਆਇਆ।

ਘਰ ਕੋਲ ਪਹੁੰਚਦੇ ਈ, ਡਿਓਢੀ ਵਿਚ ਸਲਾਮਾਨੋ ਦਿਖਾਈ ਦਿੱਤਾ। ਬੜਾ ਬੌਂਦਲਿਆ-ਜਿਹਾ ਲੱਗ ਰਿਹਾ ਸੀ। ਧਿਆਨ ਆਇਆ ਕਿ ਨਾਲ ਕੁੱਤਾ ਨਹੀਂ ਏਂ। ਚਾਰੇ-ਪਾਸੇ ਦੇਖਦਾ ਹੋਇਆ ਸਲਾਮਾਨੋ ਫਿਰਕੀ ਵਾਂਗ ਘੁੰਮ ਰਿਹਾ ਸੀ। ਕਦੀ ਆਪਣੀਆਂ ਛੋਟੀਆਂ-ਛੋਟੀਆਂ ਸੁਰਖ਼ ਅੱਖਾਂ ਹਨੇਰੇ 'ਤੇ ਗੱਡ ਕੇ ਉੱਥੇ ਕੁਝ ਲੱਭਦਾ, ਫੇਰ ਆਪ ਈ ਬੁੜਬੁੜ ਕਰਦਾ ਹੋਇਆ ਕਦੀ ਸੜਕ ਦੇ ਇੱਧਰ ਤੇ ਕਦੀ ਉੱਧਰ ਦੇਖਣ ਲੱਗ ਪੈਂਦਾ।

ਰੇਮੰਡ ਨੇ ਪੁੱਛਿਆ, 'ਕੀ ਹੋਇਆ?' ਤਾਂ ਜਵਾਬ ਵਿਚ ਯਕਦਮ ਕੁਝ ਨਹੀਂ ਬੋਲਿਆ। ਫੇਰ ਸੁਣਿਆਂ, ਸੂਰ ਵਰਗੀ ਘੁਰਘੁਰੀ ਆਵਾਜ਼ ਵਿਚ ਕਹਿ ਰਿਹਾ ਸੀ, 'ਦੋਗਲਾ, ਸਾਲਾ, ਲੇਂਡੀ, ਕੁੱਤਾ...।' ਮੈਂ ਪੁੱਛਿਆ, 'ਕੁੱਤਾ ਕਿੱਥੇ ਚਲਾ ਗਿਆ?' ਇਸ 'ਤੇ ਪਹਿਲਾਂ ਤਾਂ ਉਸਨੇ ਤਿਓੜੀ ਪਾ ਕੇ ਮੇਰੇ ਵੱਲ ਦੇਖਿਆ, ਫੇਰ ਝੱਟ ਕਿਹਾ, 'ਜਹੱਨੁਮ 'ਚ।' ਕੁਝ ਚਿਰ ਬਾਅਦ ਅਚਾਨਕ ਉਸਨੇ ਕੁੱਤਾ-ਪੁਰਾਣ ਸ਼ੁਰੂ ਕਰ ਦਿੱਤਾ...।

'ਬਈ, ਜਿਵੇਂ ਹੋਰ ਦਿਨੀਂ ਲੈ ਜਾਂਦਾ ਸੀ, ਅੱਜ ਵੀ ਪ੍ਰੇਡ ਗਰਾਊਂਡ 'ਚ ਲੈ ਗਿਆ। ਉੱਥੇ ਕੋਈ ਮੇਲਾ ਲੱਗਿਆ ਸੀ, ਸੋ ਤਿਲ ਸੁੱਟਣ ਦੀ ਜਗਾ ਨਈਂ ਸੀ। ਮੈਂ ਇਕ ਤੰਬੂ ਸਾਹਵੇਂ ਖੜਾ ਹੋ ਕੇ 'ਹੱਥਕੜੀ ਬਾਦਸ਼ਾਹ' ਦਾ ਤਮਾਸ਼ਾ ਦੇਖਣ ਲੱਗ ਪਿਆ। ਚੱਲਣ ਲਈ ਮੁੜਿਆ ਤਾਂ ਕੁੱਤਾ ਗ਼ਾਇਬ...। ਰੋਜ਼ ਸੋਚਦਾ ਸੀ ਕਿ ਛੋਟਾ ਪੱਟਾ ਲਿਆਵਾਂਗਾ, ਪਰ ਇਹ ਤਾਂ ਸੁਪਨੇ 'ਚ ਵੀ ਖ਼ਿਆਲ ਨਈਂ ਸੀ ਕਿ ਸਾਲਾ ਜੰਗਲੀ ਇਸ 'ਚੋਂ ਇਓਂ ਸਿਰ ਸਰਕਾਅ ਕੇ ਨੌਂ ਦੋ ਗਿਆਰਾਂ ਹੋ ਜਾਵੇਗਾ।"

ਰੇਮੰਡ ਨੇ ਦਲਾਸਾ ਦਿੱਤਾ ਕਿ ਕੁੱਤਾ ਆਪਣੇ-ਆਪ ਘਰ ਲੱਭ ਕੇ ਆ ਜਾਵੇਗਾ। ਫਿਕਰ ਕਰਨ ਵਾਲੀ ਕੋਈ ਗੱਲ ਨਹੀਂ। ਉਸਨੇ ਅਜਿਹੇ ਅਨੇਕਾਂ ਕੁੱਤਿਆਂ ਦੇ ਕਿੱਸੇ ਸੁਣਾ ਦਿੱਤੇ, ਜਿਹੜੇ ਮੀਲਾਂ ਰਸਤਾ ਤੈਅ ਕਰਕੇ ਵਾਪਸ ਆ ਗਏ ਸਨ। ਪਰ ਲੱਗਿਆ, ਇਸ ਨਾਲ ਬੁੱਢੇ ਦੀ ਪ੍ਰੇਸ਼ਾਨੀ ਦੁੱਗਣੀ ਹੋ ਗਈ ਏ। 'ਅੱਛਾ, ਇੰਜ ਤਾਂ ਨਈਂ ਹੋਏਗਾ ਕਿ ਉਹ ਲੋਕ ਉਸਨੂੰ ਮਾਰ-ਮੁਰ ਦੇਣਗੇ-ਮੇਰਾ ਮਤਲਬ ਪੁਲਸ-ਪਲਸ ਵਾਲੇ? ਉਸਦੀ ਖਾਜ ਦੇਖ ਕੇ ਹਰ ਕੋਈ ਭੱਜਦਾ ਏ, ਇਸ ਲਈ ਇਹ ਵੀ ਨਈਂ ਕਿ ਕੋਈ ਉਸਨੂੰ ਆਪਣੇ ਰੱਖ ਕੇ ਪਾਲ ਈ ਲਏ।'

ਮੈਂ ਦੱਸਿਆ, 'ਥਾਣੇ ਦੇ ਕੋਲ ਈ ਇਕ ਪਸ਼ੂਵਾੜਾ ਏ। ਗਵਾਚੇ ਹੋਏ ਜਾਂ ਲਾਵਾਰਸ ਕੁੱਤੇ ਉੱਥੇ ਈ ਰੱਖੇ ਜਾਂਦੇ ਨੇ। ਤੁਹਾਡਾ ਕੁੱਤਾ ਜ਼ਰੂਰ ਉੱਥੇ ਈ ਹੋਵੇਗਾ। ਥੋੜਾ-ਬਹੁਤ ਜੁਰਮਾਨਾ ਦੇ ਕੇ ਵਾਪਸ ਮਿਲ ਜਾਵੇਗਾ।' ਉਸਨੇ ਪੁੱਛਿਆ, 'ਅੰਦਾਜ਼ਨ ਕਿੰਨੇ ਕੁ ਲੈ ਲੈਣਗੇ?' ਇਸਦਾ ਮੈਨੂੰ ਪਤਾ ਨਹੀਂ ਸੀ। ਇਸ ਪਿੱਛੋਂ ਉਹ ਫੇਰ ਗੁੱਸੇ ਵਿਚ ਰਿੱਝਣ ਲੱਗਾ।

'ਮੈਂ, ਤੇ ਉਸ ਸਾਲੇ ਕੁੱਤੇ 'ਤੇ, ਪੈਸਾ ਖਰਚ ਕਰਾਂ? ਉਸਦੀ ਐਸੀ ਦੀ ਤੈਸੀ, ਮਾਰ ਦੇਣ ਉਸਨੂੰ, ਮੇਰੀ ਬਲ਼ਾ ਨਾਲ।' ਤੇ ਉਸਨੇ ਕੁੱਤੇ ਨੂੰ ਆਪਣੀਆਂ ਰਟੀਆਂ-ਰਟਾਈਆਂ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।

ਰੇਮੰਡ ਠੱਠਾ ਮਾਰ ਕੇ ਹੱਸਿਆ ਤੇ ਹਾਲ ਵਿਚ ਆ ਗਿਆ। ਮੈਂ ਉਸਦੇ ਪਿੱਛੇ-ਪਿੱਛੇ ਪੌੜੀਆਂ ਚੜਨ ਲੱਗਾ। ਉੱਤੇ ਅਸੀਂ ਇਕ ਦੂਜੇ ਤੋਂ ਵਿਦਾਅ ਲਈ। ਇਕ ਦੋ ਮਿੰਟ ਬਾਅਦ ਈ ਸਲਾਮਾਨੋ ਦੇ ਪੈਰਾਂ ਦਾ ਖੜਾਕ ਸੁਣਾਈ ਦਿੱਤਾ, ਨਾਲ ਈ ਮੇਰਾ ਦਰਵਾਜ਼ਾ ਖੜਕਿਆ।

ਮੈਂ ਉਸਨੂੰ ਅੰਦਰ ਬੁਲਾਇਆ ਤਾਂ ਸਿਰ ਹਿਲਾ ਕੇ ਇਨਕਾਰ ਕਰ ਦਿੱਤਾ, ਨਿਗਾਹ ਬੂਟਾਂ ਦੇ ਪੰਜਿਆਂ 'ਤੇ ਟਿਕੀ ਸੀ ਤੇ ਗੰਢਲ, ਖ਼ੁਰਦਰੇ ਹੱਥ ਥਰਥਰ ਕੰਬ ਰਹੇ ਸਨ। ਬਿਨਾਂ ਅੱਖ ਨਾਲ ਅੱਖ ਮਿਲਾਇਆਂ ਉਸਨੇ ਕਹਿਣਾ ਸ਼ੁਰੂ ਕੀਤਾ।

'ਕਿਓਂ ਮੋਸ਼ੀਓ ਮਯੋਰਸੋਲ, ਪੁਲਸ ਵਾਲੇ ਉਸਨੂੰ ਮੈਥੋਂ ਇੰਜ ਖੋਹ ਲੈਣਗੇ ਕਿ? ਨਈਂ ਖੋਹਣਗੇ ਨਾ?...ਨਈਂ, ਨਈਂ ਅਜਿਹਾ ਕੰਮ ਨਈਂ ਕਰਨਗੇ ਉਹ ਲੋਕ...ਪਰ...ਪਰ ਮੰਨ ਲਓ ਉਹਨਾਂ ਨੇ ਕੁਛ ਕਰ-ਕਰਾ ਦਿੱਤਾ ਤਾਂ ਮੈਂ ਕਿਤੋਂ ਦਾ ਨਈਂ ਰਹਿਣਾ...।'

ਮੈਂ ਦੱਸਿਆ ਕਿ ਜਿੱਥੋਂ ਤੀਕ ਮੇਰੀ ਜਾਣਕਾਰੀ ਏ, ਪਸ਼ੂਵਾੜੇ ਵਿਚ ਲਾਵਾਰਿਸ ਜਾਂ ਗਵਾਚੇ ਕੁੱਤਿਆਂ ਦੇ ਮਾਲਕਾਂ ਦੇ ਆਉਣ ਦੀ ਤਿੰਨ ਦਿਨਾਂ ਤੱਕ ਉਡੀਕ ਕੀਤੀ ਜਾਂਦੀ ਏ। ਇਸ ਪਿੱਛੋਂ ਜਿਵੇਂ ਉਹ ਠੀਕ ਸਮਝਦੇ ਨੇ, ਕਰਦੇ ਨੇ।

ਉਹ ਅੱਖਾਂ ਅੱਡ-ਅੱਡ ਮੇਰੇ ਵੱਲ ਦੇਖਦਾ ਰਿਹਾ। ਮੂੰਹ 'ਚੋਂ ਇਕ ਸ਼ਬਦ ਨਹੀਂ ਸੀ ਨਿਕਲਿਆ। ਫੇਰ 'ਨਮਸਕਾਰ' ਕਹਿ ਕੇ ਚਲਾ ਗਿਆ। ਬਾਅਦ ਵਿਚ ਕਾਫ਼ੀ ਦੇਰ ਤੀਕ ਕਮਰੇ ਵਿਚ ਉਸਦੇ ਇੱਧਰ-ਉੱਧਰ ਘੁੰਮਣ ਦੀ ਆਹਟ ਆਉਂਦੀ ਰਹੀ। ਕੰਧ ਦੇ ਉਸ ਪਾਸਿਓਂ ਧੀਮੀ ਸੂੰ-ਸੂੰ ਦੀ ਆਵਾਜ਼ ਆਈ ਤਾਂ ਮੈਂ ਅੰਦਾਜ਼ਾ ਲਾਇਆ ਕਿ ਬੁੱਢਾ ਰੋ ਰਿਹਾ ਏ। ਉਦੋਂ ਪਤਾ ਨਹੀਂ ਕਿਉਂ...ਮੇਰੇ ਮਨ ਵਿਚ ਮਾਂ ਦੀਆਂ ਗੱਲਾਂ ਉੱਘੜ-ਉੱਘੜ ਆਉਣ ਲੱਗੀਆਂ। ਅਗਲੇ ਦਿਨ ਤੜਕੇ ਈ ਉਠਣਾ ਸੀ। ਭੁੱਖ ਬਿਲਕੁਲ ਨਹੀਂ ਸੀ, ਇਸ ਲਈ ਬਿਨਾਂ ਖਾਧੇ-ਪੀਤੇ ਈ, ਸਿੱਧਾ ਬਿਸਤਰੇ 'ਤੇ ਜਾ ਪਿਆ।

# ਮੀਂਹ ਜਾਵੇ ਅਨੇਰੀ ਜਾਵੇ

**ਸੰਤ ਸਿੰਘ ਸੇਖੋਂ**

ਜਦੋਂ ਦਾ ਮੰਗਲ ਸਿੰਘ ਫੌਜ ਵਿਚ ਭਰਤੀ ਹੋ ਗਿਆ ਸੀ, ਬਸੰਤ ਕੌਰ ਨੂੰ ਮੱਝ ਲਈ ਪੱਠੇ ਖੇਤੋਂ ਆਪ ਲਿਆਉਣੇ ਪੈ ਗਏ ਸਨ। ਪਿਛਲੇ ਛੇ ਮਹੀਨਿਆਂ ਵਿਚ ਦੋ ਬਰਸਾਤ ਦੇ ਸਨ, ਜਦੋਂ ਬੰਜਰਾਂ ਵਿਚ ਘਾਹ ਇਤਨਾ ਉਗਿਆ ਹੋਇਆ ਸੀ ਕਿ ਮੱਝਾਂ ਨੂੰ ਚਾਰ ਕੇ ਲਿਆਉਣ ਤੋਂ ਪਿਛੋਂ ਬਹੁਤਾ ਤੂੜੀ ਪੱਠਾ ਪਾਉਣ ਦੀ ਲੋੜ ਨਹੀਂ ਸੀ ਤੇ ਬਸੰਤ ਕੌਰ ਦੀ ਮੱਝ, ਜੋ ਦੁੱਧੋਂ ਨੱਸ ਚੁੱਕੀ ਸੀ, ਨੂੰ ਤਾਂ ਬੰਜਰਾਂ ਵਿਚ ਚਰਨ ਤੋਂ ਬਿਨਾਂ ਹੋਰ ਕੁਝ ਪਾਇਆ ਵੀ ਨਹੀਂ ਸੀ ਜਾਂਦਾ। ਚਾਰ ਇਸ ਨੂੰ ਵਾਗੀ ਮੁੰਡਾ ਲੈ ਆਉਂਦਾ ਸੀ ਜਿਸ ਨੂੰ ਦੋ ਰੁਪਏ ਮਹੀਨਾ ਦਿੱਤੇ ਜਾਂਦੇ ਸਨ, ਪਰ ਪਿਛਲੇ ਦੋ ਮਹੀਨਿਆਂ ਤੋਂ ਜਦੋਂ ਦੀ ਮੱਝ ਸੂ ਪਈ ਸੀ ਅਤੇ ਸਿਆਲ ਦੀ ਰੁੱਤ ਆ ਰਹੀ ਸੀ, ਇਸ ਨੂੰ ਮੱਕੀ ਦੇ ਪੱਠੇ ਪਾਉਣੇ ਬਹੁਤ ਜ਼ਰੂਰੀ ਹੋ ਗਏ ਸਨ ਜੋ ਵਟਾਈ ਉਤੇ ਦਿੱਤੇ ਖੇਤਾਂ ਵਿਚੋਂ ਬਸੰਤ ਕੌਰ ਨੂੰ ਆਪ ਲਿਆਉਣੇ ਪੈਂਦੇ ਸਨ।

ਬਸੰਤ ਕੌਰ ਦੀ ਸੱਸ, ਬੁੱਢੀ ਮਹਾਂ ਕੌਰ ਨੂੰ ਅੱਖਾਂ ਤੋਂ ਥੋੜਾ ਦਿਸਦਾ ਸੀ ਤੇ ਸ਼ਾਇਦ ਇਸੇ ਕਰ ਕੇ ਉਸ ਨੂੰ ਬਸੰਤ ਕੌਰ ਦੇ ਬਾਹਰ ਖੇਤ ਵਿਚੋਂ ਇਕੱਲੀ ਪੱਠੇ ਲੈਣ ਜਾਣ ਉਤੇ ਬਹੁਤ ਧੁੜਕੂ ਲਗਿਆ ਰਹਿੰਦਾ ਸੀ। ਜੇ ਉਸ ਦੀਆਂ ਅੱਖਾਂ ਦੀ ਜੋਤ ਠੀਕ ਹੁੰਦੀ ਤਾਂ ਉਹ ਸ਼ਾਇਦ ਘਰ ਤੋਂ ਲੈ ਕੇ ਖੇਤ ਤੱਕ ਬਸੰਤ ਕੌਰ ਦੇ ਰਾਹ ਦੀ ਰਾਖੀ ਕਰ ਸਕਦੀ, ਪਰ ਹੁਣ ਤਾਂ ਉਸ ਨੂੰ ਚੁੱਲੇ ਚੌਕੇ ਵਿਚ ਪਈਆਂ ਚੀਜ਼ਾਂ ਵੀ ਘੱਟ ਹੀ ਦਿਸਦੀਆਂ ਸਨ।

'ਪੁੱਤ, ਜ਼ਮਾਨਾ ਬੜਾ ਭੈੜਾ ਆ ਗਿਆ ਏ। ਆਪਣੀ ਪਤ ਆਪੇ ਸੰਭਾਲਣ ਦੀਓ ਈ ਐ', ਉਹ ਬਸੰਤ ਕੌਰ ਨੂੰ ਤਾੜਨਾ ਕਰਦੀ।

'ਕੋਈ ਫਿਕਰ ਨਾ ਕਰ ਬੇਬੇ। ਕੋਈ ਜੰਮਿਆ ਨੀ ਅੱਖ ਚੱਕ ਕੇ ਦੇਖਣ ਵਾਲਾ ਮੈਨੂੰ', ਬਸੰਤ ਕੌਰ ਦਿਲਜਮੀ ਨਾਲ ਉਤਰ ਦਿੰਦੀ।

'ਆਹੋ ਪੁੱਤ, ਆਪਣਾ ਮਨ ਚੰਗਾ ਹੋਵੇ ਤਾਂ ਕਿਸੇ ਦੀ ਕੀ ਮਜਾਲ ਐ।'

ਬਸੰਤ ਕੌਰ ਦਾ ਮਨ ਹਾਲੀ ਤੱਕ ਠੀਕ ਹੀ ਚੰਗਾ ਸੀ, ਪਰ ਜਾਗੀਰਦਾਰ ਹਰਦਿਆਲ ਸਿੰਘ ਦੇ ਪੁੱਤਰ ਗੁਰਦੇਵ ਸਿੰਘ ਦਾ ਮਨ ਚੰਗਾ ਨਹੀਂ ਸੀ। ਪਿਛਲੇ ਪੰਦਰਾਂ ਕੁ ਦਿਨਾਂ ਤੋਂ ਜਦੋਂ ਤੋਂ ਉਸ ਨੂੰ ਬਸੰਤ ਕੌਰ ਦੇ ਪੱਠਿਆਂ ਨੂੰ ਜਾਣ ਦੇ ਰਾਹ ਅਤੇ ਵੇਲੇ ਦਾ ਪੱਕ ਹੋ ਚੁਕਿਆ ਸੀ, ਉਹ ਰੋਜ਼ ਬਸੰਤ ਕੌਰ ਨੂੰ ਅੱਗੇ-ਪਿਛੇ ਰਾਹ ਵਿਚ ਮਿਲਦਾ ਅਤੇ ਖੰਘੂਰਾ ਮਾਰ ਕੇ ਲੰਘਦਾ ਸੀ। ਬਸੰਤ ਕੌਰ ਦਾ ਮਨ ਭਾਵੇਂ ਸਾਫ ਸੀ, ਉਸ ਨੂੰ ਗੁਰਦੇਵ ਸਿੰਘ ਦੇ ਇਸ ਤਰਾਂ ਰੋਜ਼ ਉਸ ਨੂੰ ਰਾਹ ਵਿਚ ਟੱਕਰਨ ਅਤੇ ਖੰਘੂਰਾ ਮਾਰਨ ਤੋਂ ਕੋਈ ਏਡਾ ਰੋਸ ਨਹੀਂ ਸੀ ਚੜਦਾ। ਇਸ ਨਾਲ ਸਗੋਂ ਉਸ ਦੇ ਮਨ ਵਿਚ ਇਕ ਤਰਾਂ ਦਾ ਅਭਿਮਾਨ ਜਿਹਾ ਉਪਜਦਾ ਸੀ। ਉਸ ਦਾ ਮਨ ਅੰਦਰੋ-ਅੰਦਰ ਗੁਰਦੇਵ ਸਿੰਘ ਦੀ ਇਸ ਵਿਅਰਥ ਚੇਸ਼ਟਾ ਉਤੇ ਮੁਸਕਰਾਂਦਾ ਸੀ, ਇਕ ਤੈਰਾਕ ਵਾਕਰ ਜਿਸ ਨੂੰ ਨਦੀ ਦੀ ਲਹਿਰ ਦੇ ਚੜਾਉ ਤੋਂ ਸਗੋਂ ਆਪਣੀ ਸ਼ਕਤੀ ਉਤੇ ਮਾਣ ਉਪਜਦਾ ਹੈ। ਬਸੰਤ ਕੌਰ ਉਸ ਦੇ ਅਤੇ ਉਸ ਦੇ ਖੰਘੂਰੇ ਦੇ ਪਾਸੋਂ ਅਡੋਲ ਲੰਘ ਕੇ ਹਰ ਰੋਜ਼ ਇਕ ਤਰਾਂ ਦੇ ਜਿੱਤ ਭਾਵ ਨਾਲ ਘਰ ਆਉਂਦੀ ਸੀ।

ਮੰਗਲ ਸਿੰਘ ਆਪਣੀ ਮਾਂ ਮਹਾਂ ਕੌਰ ਅਤੇ ਪਤਨੀ ਬਸੰਤ ਕੌਰ ਦੀ ਮਰਜ਼ੀ ਦੇ ਉਲਟ ਫੌਜ ਵਿਚ ਭਰਤੀ ਹੋਇਆ ਸੀ। ਭਰਤੀ ਨਾ ਹੁੰਦਾ ਤਾਂ ਕੀ ਕਰਦਾ? ਫਸਲਾਂ ਦੇ ਭਾਅ ਭਾਵੇਂ ਚੋਖੇ ਚੜੇ ਹੋਏ ਸਨ, ਫਿਰ ਵੀ ਪੰਜੀ ਕੱਚੇ ਵਿਘੇ ਭੋਇੰ ਵਿਚੋਂ ਉਹ ਕੀ ਕਮਾ ਸਕਦਾ ਸੀ? ਮਿੱਟੀ ਨਾਲ ਮਿੱਟੀ ਹੋ ਕੇ ਕੰਮ ਤਾਂ ਭਾਵੇਂ ਉਹ ਕਰਦਾ ਸੀ, ਪਰ ਉਹ ਅਤਿ ਗਰੀਬੀ ਦਾ ਜੀਵਨ ਜੋ ਇਸ ਮਿੱਟੀ ਵਿਚੋਂ ਪ੍ਰਾਪਤ ਹੋ ਸਕਦਾ ਸੀ, ਉਸ ਨੂੰ ਸੰਤੁਸ਼ਟ ਨਹੀਂ ਸੀ ਕਰ ਸਕਿਆ। ਪਿਛਲੇ ਚਾਰ ਵਰਿਆਂ ਵਿਚ ਉਸ ਦੇ ਸਿਰ ਹਜ਼ਾਰ ਦੇ ਕਰੀਬ ਕਰਜ਼ਾ ਹੋ ਗਿਆ ਸੀ। ਤੇ ਜੇ ਉਹ ਇਸੇ ਤਰਾਂ ਚਲਦਾ ਰਹਿੰਦਾ ਤਾਂ ਹੋਰ ਪੰਜਾਂ ਕੁ ਸਾਲਾਂ ਵਿਚ ਉਸ ਨੂੰ ਪਿਉ-ਦਾਦੇ ਦੀ ਭੋਇੰ ਤੋਂ ਵੀ ਹੱਥ ਧੋਣੇ ਪੈਣੇ ਸਨ। ਸੋ ਹਾਰ ਹੁੱਟ ਕੇ ਉਹ ਫੌਜ ਵਿਚ ਭਰਤੀ ਜਾ ਹੋਇਆ ਸੀ। ਉਸ ਨਾਲ ਉਸ ਦਾ ਕਰਜ਼ੇ ਦਾ ਭਾਰ ਵੀ ਹੌਲਾ ਹੋ ਗਿਆ ਸੀ। ਢੱਗੇ-ਢਾਂਡੇ ਵੇਚ ਕੇ ਉਸ ਨੇ ਕਰਜ਼ੇ ਵਿਚੋਂ ਪੰਜ ਸੌ ਉਤਾਰ ਵੀ ਦਿੱਤਾ ਸੀ।

ਪਰ ਘਰ ਵਿਚ ਭੋਇੰ ਤੋਂ ਵੀ ਵਧੇਰੇ ਦੌਲਤ ਸੀ ਬਸੰਤ ਕੌਰ, ਜਿਸ ਦਾ ਬੁੱਢੀ ਮਹਾਂ ਕੌਰ ਨੂੰ ਬਹੁਤ ਫਿਕਰ ਸੀ। ਜੇ ਮਹਾਂ ਕੌਰ ਦੀਆਂ ਅੱਖਾਂ ਠੀਕ ਹੁੰਦੀਆਂ ਤਾਂ ਉਸ ਨੂੰ ਏਡਾ ਫ਼ਿਕਰ ਨਾ ਹੁੰਦਾ, ਪਰ ਹੁਣ ਤਾਂ ਉਹ ਬਸੰਤ ਕੌਰ ਨੂੰ ਜਾਣੋਂ ਬਿਲਕੁਲ ਹੀ ਉਘਾੜ ਪਈ ਵਸਤ ਸਮਝਦੀ ਸੀ। ਉਹ ਅਗਲੇ ਪੰਜ ਸਾਲ ਕਿਸਮਤ ਨੂੰ ਪਰਤਿਆਉਣ ਲਈ ਤਿਆਰ ਸੀ। ਉਹ ਹੋਰ ਗਰੀਬੀ ਵਿਚ ਜੀ ਲੈਣ ਨੂੰ ਤਿਆਰ ਸੀ, ਜੇ ਮੰਗਲ ਸਿੰਘ ਘਰ ਰਹਿ ਕੇ ਬਸੰਤ ਕੌਰ ਦੀ ਰਾਖੀ ਰੱਖੇ, ਪਰ ਮੰਗਲ ਸਿੰਘ ਨਹੀਂ ਸੀ ਮੰਨਿਆ।

ਬਸੰਤ ਕੌਰ ਨੇ ਵੀ ਅੱਖਾਂ ਕਈ ਦਿਨ ਹੰਝੂਆਂ ਵਿਚ ਡੁਬਾਈ ਰੱਖੀਆਂ ਸਨ, ਜਦੋਂ ਮੰਗਲ ਸਿੰਘ ਭਰਤੀ ਹੋ ਕੇ ਘਰੋਂ ਚਲਿਆ ਗਿਆ ਸੀ; ਪਰ ਦੋ ਕੁ ਮਹੀਨੇ ਬਾਅਦ ਉਸ ਦੇ ਪੰਜਾਹ ਰੁਪਏ ਮਨੀਆਰਡਰ ਰਾਹੀਂ ਆ ਗਏ ਸਨ ਜਿਨਾਂ ਵਿਚੋਂ ਵੀਹਾਂ ਕੁ ਦੇ ਮਹਾਂ ਕੌਰ ਨੇ ਬਸੰਤ ਕੌਰ ਨੂੰ ਅਤੇ ਉਸ ਦੀ ਸਾਲ ਕੁ ਦੀ ਧੀ ਨੂੰ ਸਿਆਲ ਆਉਂਦਾ ਦੇਖ ਕੇ ਮੋਟੇ ਕੱਪੜੇ ਸੰਵਾ ਦਿੱਤੇ ਸਨ ਤੇ ਇਕ ਸੂਟ ਜ਼ਰਾ ਪਤਲੇ ਕਪੜੇ ਦਾ ਬਸੰਤ ਕੌਰ ਨੇ ਆਪਣੀ ਪਸੰਦ ਦਾ ਵੀ ਸੰਵਾ ਲਿਆ ਸੀ ਤੇ ਹੋਰ ਵੀਹਾਂ ਕੁ ਦੇ ਖਲ-ਵੜੇਵੇਂ ਆਦਿ ਮੱਝ ਲਈ ਆ ਗਏ ਸਨ ਜਿਨਾਂ ਸਦਕਾ ਘਰ ਵਿਚ ਘਿਉ ਦਾ ਪੀਪਾ ਰੋਜ਼-ਬਰੋਜ਼ ਭਰਦਾ ਜਾ ਰਹਿਆ ਸੀ।

ਜਦੋਂ ਗੁਰਦੇਵ ਸਿੰਘ ਅਤੇ ਬਸੰਤ ਕੌਰ ਨੂੰ ਰਾਹ ਵਿਚ ਟੱਕਰਦਿਆਂ ਪੰਦਰਾਂ ਕੁ ਦਿਨ ਲੰਘ ਗਏ ਤਾਂ ਬਸੰਤ ਕੌਰ ਨੂੰ ਮਹਿਸੂਸ ਹੋਣ ਲੱਗਿਆ ਕਿ ਉਸ ਦੇ ਕੱਪੜੇ ਭਾਵੇਂ ਇਹ ਉਸ ਨੇ ਦੋ-ਤਿੰਨ ਵਾਰੀ ਹੀ ਧੋਤੇ ਸਨ, ਕੁਝ ਵਧੇਰੇ ਹੀ ਉਦਾਸ



ਪੈ ਗਏ ਸਨ। ਸੋ, ਸੋਲਵੇਂ ਕੁ ਦਿਨ ਉਸ ਨੇ ਆਪਣਾ ਸੂਟ ਬਦਲ ਲਿਆ।

ਇਸ ਦਿਨ ਉਹ ਨਾਤੀ ਵੀ ਜ਼ਰਾ ਵਧੇਰੇ ਸ਼ੌਕ ਨਾਲ ਸੀ। ਤੇ ਜਦੋਂ ਉਹ ਖੇਤ ਨੂੰ ਜਾ ਰਹੀ ਸੀ ਤਾਂ ਉਸ ਦੇ ਮਨ ਨੇ ਉਸ ਨੂੰ ਮਖੌਲ ਜਿਹੇ ਨਾਲ ਆਖਿਆ ਸੀ, 'ਅੱਜ ਗੁਰਦੇਵ ਸਿੰਘ ਦੇ ਸੰਘ ਵਿਚੋਂ ਖੰਘੂਰਾ ਨਹੀਂ, ਹਉਕਾ ਨਿਕਲੇਗਾ।

ਤੇ ਹੋਇਆ ਵੀ ਕੁਝ ਇਸੇ ਤਰਾਂ। ਜਦੋਂ ਗੁਰਦੇਵ ਸਿੰਘ ਅਤੇ ਬਸੰਤ ਕੌਰ ਰਾਹ ਵਿਚ ਮਿਲੇ ਤਾਂ ਗੁਰਦੇਵ ਸਿੰਘ ਨੇ ਖੰਘੂਰਾ ਕੋਈ ਨਾ ਮਾਰਿਆ। ਕੁਝ ਹੌਸਲਾ ਕਰ ਕੇ ਉਹ ਬੋਲਿਆ, 'ਬਸੰਤ ਕੌਰੇ, ਅੱਜ ਕਿਧਰੇ ਮੰਗਲ ਸਿਹੁੰ ਤਾਂ ਨਹੀਂ ਆਇਆ?'

'ਨਹੀਂ ਜੀ', ਬਸੰਤ ਕੌਰ ਨੇ ਸ਼ਰਮਾਂਦੀ-ਸ਼ਰਮਾਂਦੀ ਨੇ ਜਵਾਬ ਦਿੱਤਾ।

'ਤਾਂ ਫੇਰ ਕੱਲ ਆਉਣਾ ਹੋਊ।'

ਬਸੰਤ ਕੌਰ ਉਸੇ ਧੀਮੀ 'ਵਾਜ ਅਤੇ ਨੀਵੀਆਂ ਅੱਖਾਂ ਨਾਲ ਜਵਾਬ ਦੇ ਕੇ ਲੰਘ ਗਈ। ਇਸ ਤੋਂ ਤੀਜੇ ਕੁ ਦਿਨ ਗੁਰਦੇਵ ਸਿੰਘ ਐਨ ਉਸ ਵੇਲੇ ਬਸੰਤ ਕੌਰ ਕੋਲ ਖੇਤ ਵਿਚ ਆ ਗਿਆ ਜਦੋਂ ਉਹ ਪੱਠੇ ਵੱਢ ਕੇ ਭਰੀ ਚੁੱਕਣ ਦੀ ਸਲਾਹ ਕਰ ਰਹੀ ਸੀ। ਬਿਨਾਂ ਬੁਲਾਏ ਹੀ ਗੁਰਦੇਵ ਸਿੰਘ ਨੇ ਆ ਕੇ ਪੱਠਿਆਂ ਦੀ ਭਰੀ ਬਸੰਤ ਕੌਰ ਦੇ ਸਿਰ ਉਤੇ ਚੁਕਾ ਦਿੱਤੀ। ਬਸੰਤ ਕੌਰ ਦਾ ਲਹੂ ਜਾਣੋਂ ਉਸ ਦੀਆਂ ਨਾੜੀਆਂ ਵਿਚ ਜੰਮ ਗਿਆ। ਉਹ ਬੋਲੀ-ਚਾਲੀ ਕੁਝ ਨਾ ਅਤੇ ਪੱਠੇ ਚੁੱਕ ਕੇ ਘਰ ਨੂੰ ਆ ਗਈ।

ਘਰ ਆਉਂਦੀ ਨੂੰ ਉਹੋ ਹੀ ਮਹਾਂ ਕੌਰ ਦੀ ਨਿੱਤ ਦਿਹਾੜੀ ਵਾਲੀ ਤਾੜਨਾ ਹੋਈ-'ਦੇਖੀਂ ਪੁੱਤ, ਕਿਸੇ ਦੇ ਝਾਂਸੇ ਵਿਚ ਆ ਕੇ ਘਰ ਨੂੰ ਲਾਜ ਨਾ ਲਵਾ ਦੇਈਂ। ਸਾਡੇ ਪਿੰਡ ਦਾ ਰਵੱਈਆ ਕੁਝ ਚੰਗਾ ਨੀਂ। ਤੇ ਇਹ ਜਾਗੀਰਦਾਰਾਂ ਦਾ ਮੁੰਡਾ ਤਾਂ ਕਿਸੇ ਦੇ ਸਾਧਣ ਦਾ ਹੈ ਨੀਂ।'

ਬਸੰਤ ਕੌਰ ਦੇ ਇਹ ਗੱਲ ਖਾਨੇ ਤਾਂ ਲੱਗੀ, ਪਰ ਉਹ ਆਪਣੇ ਆਪ ਨੂੰ ਕੁੜੱਕੀ ਵਿਚ ਫਸੀ ਮਹਿਸੂਸ ਕਰ ਰਹੀ ਸੀ। ਜੇ ਰੱਬ ਇਸ ਮੁੰਡੇ ਨੂੰ ਆਪ ਹੀ ਸੁਮੱਤ ਦੇਵੇ ਤਾਂ ਚੰਗਾ ਏ, ਉਸ ਨੇ ਸੋਚਿਆ। ਉਸ ਨੇ ਪੰਜ ਪੈਸੇ ਦੇ ਪਤਾਸੇ ਸੁੱਖੇ, ਜੇ ਕੱਲ ਤੋਂ ਗੁਰਦੇਵ ਸਿੰਘ ਉਸ ਦਾ ਪਿੱਛਾ ਛੱਡ ਦੇਵੇ। ਮਹਾਂ ਕੌਰ ਦੀ ਉਸ ਨੇ ਅੱਗੇ ਵਾਂਗ ਹੀ ਦ੍ਰਿੜਤਾ ਭਰੇ ਉਤਰ ਨਾਲ ਤਸੱਲੀ ਕਰਵਾ ਦਿੱਤੀ।

ਪਰ ਕੱਪੜੇ-ਲੱਤੇ ਦੀ ਚੋਂਫ ਬਸੰਤ ਕੌਰ ਦੀ ਕੋਈ ਨਾ ਘਟੀ। ਦੂਜੇ ਨਹੀਂ ਤਾਂ ਤੀਜੇ ਦਿਨ ਤਾਂ ਉਹ ਜ਼ਰੂਰ ਸੂਟ ਬਦਲਦੀ।

ਇਕ ਦਿਨ ਤਾਂ ਇਕ ਗੁਆਂਢਣ ਨੇ ਆਖ ਹੀ ਦਿੱਤਾ, 'ਕੁੜੇ ਪੱਠਿਆਂ ਨੂੰ ਚੱਲੀ ਐਂ ਕਿ ਤੀਆਂ 'ਤੇ।' ਪਰ ਬਸੰਤ ਕੌਰ ਨੇ ਹੱਸ ਕੇ ਗੱਲ ਟਾਲ ਦਿੱਤੀ।

ਫਿਰ ਵੀ ਬਸੰਤ ਕੌਰ ਆਪਣੇ ਪੱਠਿਆਂ ਨੂੰ ਜਾਣ ਦੇ ਵੇਲੇ ਵਿਚ ਥੋੜੇ ਬਹੁਤ ਮਿੰਟਾਂ ਦੀ ਬਦਲੀ ਜ਼ਰੂਰ ਨਿੱਤ ਕਰ ਦਿੰਦੀ। ਤੇ ਇਸ ਤਰਾਂ ਕਈ ਵਾਰੀ ਗੁਰਦੇਵ ਸਿੰਘ ਉਸ ਨੂੰ ਭਰੀ ਚੁਕਾਉਣ ਵੇਲੇ ਨਾ ਮਿਲ ਸਕਦਾ। ਉਨਾਂ ਦੀ ਅੱਗੇ ਪਿਛੇ ਰਾਹ ਵਿਚ ਹੀ ਟੱਕਰ ਹੋ ਜਾਂਦੀ। ਪੰਦਰਾਂ ਵੀਹ ਦਿਨ ਇਸ ਤਰਾਂ ਜਿਉਂ-ਤਿਉਂ ਕਰ ਕੇ ਲੰਘ ਗਏ ਤਾਂ ਮੰਗਲ ਸਿੰਘ ਦੀ ਚਿੱਠੀ ਆ ਗਈ ਕਿ ਉਹ ਹੋਰ ਪੰਦਰਾਂ ਕੁ ਦਿਨ ਤੱਕ ਮਹੀਨੇ ਦੀ ਛੁੱਟੀ ਆਵੇਗਾ। ਮਹਾਂ ਕੌਰ ਦੀ ਤਾਂ ਜਾਨ ਵਿਚ ਜਾਨ ਪੈ ਗਈ। ਬਸੰਤ ਕੌਰ ਦੇ ਭਾਵਾਂ ਨੂੰ ਵੀ ਸੁਭਾਵਕੀ ਹਿਲੂਣਾ ਆ ਗਿਆ। ਉਸ ਦੇ ਦਿਨ ਰਾਤ ਉਡੀਕ ਵਿਚ ਲੰਘਣ ਲਗੇ ਤੇ ਗੁਰਦੇਵ ਸਿੰਘ ਦੇ ਲਛਣਾਂ ਤੋਂ ਵੀ ਉਸ ਦਾ ਮਨ ਕੁਝ ਖਿਝਣ ਜਿਹਾ ਲੱਗ ਪਿਆ। ਦੋ ਚਾਰ ਵਾਰੀ ਤਾਂ ਉਸ ਨੇ ਗੁਰਦੇਵ ਸਿੰਘ ਪਾਸੋਂ ਭਰੀ ਚੁਕਾਉਣ ਤੋਂ ਨਾਂਹ ਵੀ ਕਰ ਦਿੱਤੀ।

ਇਕ ਦਿਨ ਜਦੋਂ ਗੁਰਦੇਵ ਸਿੰਘ ਨੇ ਉਸ ਨੂੰ ਭਰੀ ਚੁਕਾਈ ਤਾਂ ਪਿਛੋਂ ਉਸ ਦੇ ਹੱਥਾਂ ਨੂੰ ਹੱਥ ਲਾ ਦਿੱਤਾ ਜਿਸ ਉਤੇ ਉਸ ਨੇ ਖਿਝ ਕੇ ਗੁਰਦੇਵ ਸਿੰਘ ਨੂੰ ਕੁਝ ਬੁਰਾ ਭਲਾ ਵੀ ਭਾਸਰਿਆ ਜਿਸ ਨੂੰ ਗੁਰਦੇਵ ਸਿੰਘ ਨੇ ਮੁਸਕਰਾ ਕੇ ਸਵੀਕਾਰ ਕਰ ਲਿਆ, ਪਰ ਪਹਿਰਾਵੇ ਬਾਰੇ ਬਸੰਤ ਕੌਰ ਦੀ ਚੋਂਫ ਵਿਚ ਕੋਈ ਫਰਕ ਨਾ ਆਇਆ ਤੇ ਨਾ ਹੀ ਗੁਰਦੇਵ ਸਿੰਘ ਨੇ ਉਸ ਦਾ ਪਿੱਛਾ ਕਰਨ ਦੇ ਜੋਸ਼ ਵਿਚ, ਸਗੋਂ ਪੰਜ ਚਾਰ ਦਿਨ ਬਾਅਦ, ਜਦੋਂ ਉਸ ਨੂੰ ਵੀ ਪਿੰਡ ਵਿਚੋਂ ਸਰੋਤ ਹੋ ਗਈ ਕਿ ਮੰਗਲ ਸਿੰਘ ਛੁੱਟੀ ਆ ਰਿਹਾ ਹੈ, ਉਸੇ ਨੇ ਸਮੇਂ ਨੂੰ ਆਪਣੇ ਵਿਰੁੱਧ ਜਾਂਦਾ ਅਨੁਭਵ ਕਰ ਕੇ ਕੁਝ ਅਗਲੇ ਕਦਮ ਪੁੱਟਣ ਦੀ ਧਾਰ ਲਈ।

ਹੁਣ ਜੇ ਕਦੀ ਬਸੰਤ ਕੌਰ ਜ਼ਰਾ ਦੇਰ ਕਰ ਕੇ ਵੀ ਪੱਠਿਆਂ ਵਾਲੇ ਖੇਤ ਵਿਚ ਪਹੁੰਚਦੀ ਤਾਂ ਉਹ ਉਥੋਂ ਮੁੜਦਾ ਨਾ ਅਤੇ ਜਿਤਨਾ ਚਿਰ ਉਹ ਪੱਠੇ ਨਾ ਵੱਢ ਲੈਂਦੀ, ਖੇਤ ਦੇ ਨੇੜੇ-ਨੇੜੇ ਘੁੰਮਦਾ ਰਹਿੰਦਾ। ਫਿਰ ਉਹ ਪੱਠੇ ਚੁਕਾਉਣ ਲਗਿਆ ਬਸੰਤ ਕੌਰ ਨੂੰ ਕੋਈ ਨਾ ਕੋਈ ਗੱਲ ਵੀ ਕਹਿਣ ਲੱਗ ਗਿਆ, ਉਸ ਦੀ ਸੁੰਦਰਤਾ ਬਾਰੇ ਅਤੇ ਆਪਣੀ ਬਿਹਬਲਤਾ ਬਾਰੇ। ਬਸੰਤ ਕੌਰ ਇਨਾਂ ਗੱਲਾਂ ਦਾ ਕੋਈ ਜਵਾਬ ਨਾ ਦਿੰਦੀ।

ਕਈ ਵਾਰੀ ਉਹ ਭਰੀ ਚੁਕਾਉਣ ਤੋਂ ਪਹਿਲਾਂ ਬਸੰਤ ਕੌਰ ਨੂੰ ਕੋਈ ਗੱਲ ਆਖਦਾ ਤਾਂ ਉਹ ਜਵਾਬ ਵਿਚ ਛੜਾ ਕਹਿ ਛੱਡਦੀ, 'ਚੰਗਾ, ਪਰਾਂ ਹੋ। ਮੈਂ ਪੱਠੇ ਆਪੇ ਚੱਕ ਲਊਂ।' ਤੇ ਨਿਰੁੱਤਰ ਹੋ ਕੇ ਗੁਰਦੇਵ ਸਿੰਘ ਉਸ ਨੂੰ ਭਰੀ ਚੁਕਾ ਦੇਣ ਹੀ ਗਨੀਮਤ ਸਮਝਦਾ।

ਫਿਰ ਇਕ ਦਿਨ ਭਰੀ ਚੁਕਾਉਣ ਵੇਲੇ ਗੁਰਦੇਵ ਸਿੰਘ ਨੇ ਬਸੰਤ ਕੌਰ ਦੇ ਦੋਵੇਂ ਹੱਥ ਫੜ ਲਏ ਅਤੇ ਉਸ ਦੇ ਚਿਹਰੇ ਵਿਚ ਅੱਖਾਂ ਗੱਡ ਦਿਤੀਆਂ।

'ਛੱਡ ਦੇ, ਗੁਰਦੇਵ ਸਿਆਂਹ ਮੇਰੇ ਹੱਥ', ਬਸੰਤ ਕੌਰ ਬੜੀ ਸਹਿਨਸ਼ੀਲਤਾ ਨਾਲ ਬੋਲੀ,

'ਭਲਕੇ ਮੇਰੇ ਸਰਦਾਰ ਨੇ ਛੁੱਟੀ ਆ ਜਾਣੈਂ।'

ਗੁਰਦੇਵ ਸਿੰਘ ਪਾਸੋਂ ਬਸੰਤ ਕੌਰ ਦੇ ਹੱਥ ਇਕਦਮ ਛੁੱਟ ਗਏ ਅਤੇ ਉਸ ਨੇ ਪੁੱਛਿਆ, 'ਕਿੰਨੇ ਚਿਰ ਦੀ ਛੁੱਟੀ ਆਉਣੈ ਮੰਗਲ ਸਿਹੁੰ ਨੇ?'

'ਮਹੀਨੇ ਦੀ', ਬਸੰਤ ਕੌਰ ਨੇ ਜਵਾਬ ਦਿੱਤਾ।

ਗੁਰਦੇਵ ਸਿੰਘ ਨੇ ਚੁੱਪ ਕਰ ਕੇ ਭਰੀ ਚੁਕਾ ਦਿੱਤੀ ਅਤੇ ਬਸੰਤ ਕੌਰ ਘਰ ਨੂੰ ਤੁਰ ਪਈ। ਉਸ ਦੇ ਮਨ ਵਿਚ ਅੱਜ ਫਿਰ ਕਿਸੇ ਵਿਸ਼ੇਸ਼ ਜਿੱਤ ਦਾ ਅਨੁਭਵ ਸੀ। ਇਹ ਜਿੱਤ ਉਸ ਦੀ ਆਪਣੇ ਆਪ ਉਤੇ ਸੀ ਕਿ ਗੁਰਦੇਵ ਸਿੰਘ ਉਤੇ, ਇਸ ਦਾ ਸ਼ਾਇਦ ਉਸ ਨੂੰ ਆਪ ਨੂੰ ਨਿਰਣੈਮਈ ਪਤਾ ਨਹੀਂ ਸੀ।

ਦੂਜੇ ਦਿਨ ਸਵੇਰ ਨੂੰ ਮੰਗਲ ਸਿੰਘ ਪਿੰਡ ਆ ਗਿਆ ਅਤੇ ਅੱਜ ਤੋਂ ਬਸੰਤ ਕੌਰ ਦੀ ਪੱਠੇ ਲਿਆਉਣ ਦੀ ਰੌਲ ਖਤਮ ਹੋ ਗਈ।

ਦਿਨ ਢਲੇ ਜਦੋਂ ਗੁਰਦੇਵ ਸਿੰਘ ਅੱਗੇ ਵਾਂਗ ਪੱਠਿਆਂ ਵਾਲੇ ਖੇਤ ਵਿਚ ਆਇਆ, ਤਾਂ ਉਸ ਨੂੰ ਬਸੰਤ ਕੌਰ ਦੀ ਥਾਂ ਮੰਗਲ ਸਿੰਘ ਪੱਠੇ ਵੱਢਦਾ ਦਿਸਿਆ। ਪਹਿਲਾਂ ਤਾਂ ਉਸ ਦਾ ਮਨ ਉਥੋਂ ਹੀ ਮੁੜ ਜਾਣ ਨੂੰ ਕੀਤਾ, ਪਰ ਉਸ ਨੇ ਕੋਲ ਜਾ ਕੇ ਮੰਗਲ ਸਿੰਘ ਨੂੰ ਬੁਲਾਉਣਾ ਹੀ ਵਧੇਰੇ ਮੁਨਾਸਿਬ ਸਮਝਿਆ।

'ਕਦੋਂ ਆਇਐਂ ਮੰਗਲ ਸਿਆਂ?' ਉਸ ਨੇ ਪੱਠੇ ਵੱਢ ਰਹੇ ਮੰਗਲ ਸਿੰਘ ਦੇ ਪਾਸ ਦੀ ਲੰਘਦੇ ਖਲੋ ਕੇ ਆਖਿਆ।

'ਅੱਜ ਈ ਆਇਐਂ ਸਰਦਾਰ ਗੁਰਦੇਵ ਸਿਆਂ। ਤੁਸੀਂ ਕਿਵੇਂ ਏਧਰ?' ਮੰਗਲ ਸਿੰਘ ਨੇ ਜਵਾਬ ਵਿਚ ਪੁਛਿਆ।

'ਮੈਂ ਵੀ ਫਿਰਦਾ-ਫਿਰਦਾ ਏਧਰ ਆ ਗਿਆ ਅੱਜ', ਗੁਰਦੇਵ ਸਿੰਘ ਕਹਿਣ ਲਗਿਆ। 'ਅਗੇ ਕੌਣ ਪੱਠੇ ਲਿਜਾਂਦਾ ਹੁੰਦਾ ਸੀ?'

'ਬਸੰਤ ਕੌਰ ਈ ਲੈ ਜਾਂਦੀ ਸੀ', ਮੰਗਲ ਸਿੰਘ ਨੇ ਜ਼ਰਾ ਨਿਮਰ ਹੋ ਕੇ ਆਖਿਆ।

ਬਾਕੀ ਸਫ਼ਾ 30 'ਤੇ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਸੁਹਾਗ

**ਈਸ਼ਵਰ ਚੰਦਰ ਨੰਦਾ**

(ਕੌਰਾਂ ਤੇ ਲਾਜੋ ਆਉਂਦੀਆਂ ਹਨ)

(ਲਾਜੋ ਨਚਦੀ ਟੱਪਦੀ ਗੁਡੀਆਂ ਕੋਲ ਜਾ ਬੈਠਦੀ ਹੈ)

ਹੁਸ਼ਿਆਰ ਚੰਦ-ਬਾਹਰ ਕਿਉਂ ਚਲੀ ਗਈ ਸੈਂ? ਤੂੰ ਕਦੀ ਮੇਰੇ ਆਖੇ ਵੀ ਲਗੇਂਗੀ ਕਿ ਨਾ?

ਕੌਰਾਂ-ਜਰਾ ਨੈਣ ਵੱਲ ਚੱਲੀ ਸਾਂ। ਰਾਹ ਵਿਚ ਕਰਮੋ ਦੀ ਮਾਂ ਮਿਲ ਪਈ, ਗੱਲਾਂ ਕਰਦਿਆਂ ਕਰਦਿਆਂ ਜਰਾ ਡੇਰ ਹੋ ਗਈ।

ਹੁਸ਼ਿਆਰ ਚੰਦ-ਬੁੱਢੀਆਂ ਗੱਲਾਂ ਨੂੰ ਨਹੀਂ ਛਡਦੀਆਂ ਤੇ ਨਾਂ ਗੱਲਾਂ ਬੁੱਢੀਆਂ ਨੂੰ ਛੱਡਦੀਆਂ ਨੇ। ਬੇ-ਵਕੂਫਾਂ ਨਾਲ ਵਾਹ ਪੈਣਾ ਵੀ ਪਚਾਨਵਿਆਂ ਦਾ ਘਾਟਾ ਏ।

ਕੌਰਾਂ-ਬਸ, ਤੂੰ ਤਾਂ ਸਦਾ ਏਸੇ ਤਰਾਂ ਈ ਕਰਦਾ ਰਹਿਨਾ ਏਂ। ਹੱਛਾ,ਹੁਣ ਮੈਨੂੰ ਜੰਞ ਵਲੋਂ ਦਸ ਕੁਝ।

ਹੁਸ਼ਿਆਰ ਚੰਦ-ਜੰਞ ਆ ਗਈ ਹੋਈ ਏ ਤੇ ਸਾਰਾ ਇੰਤਜ਼ਾਮ ਠੀਕ ਏ। ਬਸ ਉਹ ਦੂਜੇ ਘਰ ਢੁਕਣ ਈ ਵਾਲੇ ਨੇ (ਇਸ ਵੇਲੇ ਦੂਰੋਂ ਢੋਲ ਵਾਜਿਆਂ ਦੀ ਆਵਾਜ਼ ਆਉਂਦੀ ਹੈ) ਲੈ, ਆ ਗਏ ਨੀ, ਹੁਣ ਬਸ ਸਾਨੂੰ ਸੱਦਾ ਆਇਆ ਕਿ ਆਇਆ।

ਕੌਰਾਂ-ਫੇਰ ਮੈਂ ਲਾਲ ਸਾਲੂ ਲੈ ਲਵਾਂ (ਸੰਦੂਕ ਚੋਂ ਲਾਲ ਸਾਲੂ ਕੱਢ ਕੇ ਉੱਤੇ ਲੈਂਦੀ ਹੈ)

ਪਾਂਧਾ-(ਬਾਹਰੋਂ ਈ) ਏ ਮਹਾਰਾਜ ਛੇਤੀ ਕਰੋ, ਡੇਰੀ ਕਿਉਂ ਕਰਦੇ ਓ?

ਹੁਸ਼ਿਆਰ ਚੰਦ-ਡੇਰੀ ਕੋਈ ਨਹੀਂ, ਪਾਂਧਾ ਜੀ। ਤੁਸੀਂ ਚਲੋ, ਅਸੀਂ ਆਏ ਤੁਹਾਡੇ ਮਗਰੇ ਮਗਰ। (ਕੌਰਾਂ ਨੂੰ) ਕੁੜੀ ਨੂੰ ਸਦ, ਉਹਨੂੰ ਨਵੇਂ ਕਪੜੇ ਪਾ ਤੇ ਛੇਤੀ ਕਰ।

ਕੌਰਾਂ-ਕੁੜੀ ਤਾਂ ਇੱਥੇ ਹੈ ਨਹੀਂ, ਅੰਦਰ ਹੋਣੀ ਏ (ਕੋਠੜੀ ਵਲ ਜਾ ਕੇ) ਨੀ ਮੇਲ, ਨੀ ਮੇਲੋ, ਕੁੜੀਏ ਲੁਕਦੀ ਕਿਉਂ ਫਿਰਨੀ ਏਂ? ਛੇਤੀ ਕਰ, ਇਹ ਵੇਲਾ ਸ਼ਰਮਾਉਣ ਦਾ ਨਹੀਂ। ਛੇਤੀ ਕਰ, ਮੇਰੀ ਬੀਬੀ ਧੀ।

ਹੁਸ਼ਿਆਰ ਚੰਦ-ਕੁੜੀਏ, ਤੂੰ ਕਿੱਥੇ ਪਈ ਹੋਈ ਏਂ? ਆਉਂਦੀ ਕਿਉਂ ਨਹੀਂ? ਛੇਤੀ ਕਰ।

ਪਾਂਧਾ-(ਬਾਹਰੋਂ ਈ) ਏ ਮਹਾਰਾਜ, ਵੇਲਾ ਲੰਘਦਾ ਜਾਂਦਾ ਏ, ਤੁਹਾਨੂੰ ਸਦਦੇ ਨੇ।

ਹੁਸ਼ਿਆਰ ਚੰਦ-ਚਲੋ ਪਾਂਧਾ ਜੀ, ਅਸੀਂ ਆਏ ਹੁਣੇ ਈ। ਕੁੜੀ ਨੂੰ ਕੱਪੜੇ ਪਏ ਪਾਉਣੇ ਆਂ। (ਕੌਰਾਂ ਨੂੰ) ਬੋਲਦੀ ਨਹੀਂ, ਜਾ ਅੰਦਰ ਵੇਖ ਤੇ ਉਹਨੂੰ ਬਾਹਰ ਲਿਆ। ਭਲਾ ਇਹ ਕਿਹੜਾ ਵੇਲਾ ਹੋਇਆ ਸ਼ਰਮਾਉਣ ਦਾ?

ਕੌਰਾਂ-(ਕੋਠੜੀ ਦੇ ਅੰਦਰ ਜਾਂਦੀ ਹੈ) ਨੀ ਮੇਲੋ, ਆ ਜਾ ਬਾਹਰ ਮੇਰੀ ਬੀਬੀ ਧੀ। ਡਰਨੀ ਕਾਹਨੂੰ ਫਿਰਨੀ ਏਂ? ਆ ਜਾ, ਮੇਲੋ, ਨੀ ਮੇਲੋ। (ਹੱਥ ਮਲਦੀ ਮਲਦੀ ਬਾਹਰ ਆਉਂਦੀ ਹੈ) ਕੁੜੀ ਤਾਂ ਏਥੇ ਹੈ ਨਹੀਂ। ਹੁਣ ਕੀ ਕਰਾਂਗੇ, ਹਾਏ ਹੁਣ ਕੀ ਕਰਾਂਗੇ।

ਹੁਸ਼ਿਆਰ ਚੰਦ-ਨਹੀਂ, ਨਹੀਂ, ਏਥੇ ਈ ਹੋਣੀ ਏ, ਵਾਜ ਮਾਰ ਉਹਨੂੰ, ਵਾਜ ਮਾਰ।

ਕੌਰਾਂ-ਮੇਲੋ, ਨੀ ਮੇਲੋ, ਵੇਲੇ ਸਿਰ ਕਿੱਥੇ ਮਰ ਗਈਓਂ? (ਹੁਸ਼ਿਆਰ ਚੰਦ ਵੀ ਏਧਰ ਉਧਰ ਵੇਖਦਾ ਏ ਤੇ ਨਾਲੇ ਵਾਜਾਂ ਮਾਰਦਾ ਏ) ਹਾਏ, ਅਸੀਂ ਭੰਡੇ ਗਏ, ਕੁੜੀ ਤਾਂ ਇੱਥੇ ਹੈ ਨਹੀਂ, ਹੁਣ ਕੀ ਕਰਾਂਗੇ? ਭਾਵੇਂ ਕਿਤੇ ਨੱਠ ਗਈ ਏ, ਹਾਏ, ਸਿਰ ਸਵਾਹ ਪੈ ਗਈ ਸਾਡੇ!

ਹੁਸ਼ਿਆਰ ਚੰਦ-ਮੈਂ ਤੈਨੂੰ ਆਖਿਆ ਸੀ ਪਈ ਘਰ ਛੱਡ ਕੇ ਨਾ ਜਾਈਂ। ਹੁਣ ਰੋ ਬੈਠ ਕੇ ਜੰਣਦਿਆਂ ਨੂੰ।

ਕੌਰਾਂ-ਨੀ ਕੁੜੀਏ, ਨੀ ਕੁੜੀਏ, ਹਾਏ, ਲੋਕਾਂ ਵਿਚ ਬੜੀ ਭੰਡੀ ਹੋਊ ਸਾਡੀ, ਹੁਣ ਲਾਵਾਂ ਤੇ ਕਿਨੂੰ ਬਠਾਵਾਂਗੇ। ਹਾਏ, ਮੈਂ ਮਰ ਜਾਵਾਂ, ਕੀ ਕਰਾਂ।

ਪਾਂਧਾ-(ਬਾਹਰੋਂ) ਏ ਮਹਾਰਾਜ, ਮਹਾਰਾਜ, ਮੈਂ ਤਿੰਨ ਵਾਰੀ ਆਇਆ ਆਂ, ਤੁਸੀ ਆਉਂਦੇ ਕਿਉਂ ਨਹੀਂ? ਸ਼ੁਭ ਲਗਨ ਦੀਆਂ ਘੜੀਆਂ ਤਾਂ ਬੀਤਦੀਆਂ ਜਾਂਦੀਆਂ ਨੇ। ਦੂਜੇ ਬੰਨੇ ਦਾ ਪਰੋਹਤ ਨਰਾਜ਼ ਹੁੰਦਾ ਪਿਆ ਏ।

ਹੁਸ਼ਿਆਰ ਚੰਦ-(ਟੁੱਟੀ ਹੋਈ ਆਵਾਜ਼ ਵਿਚ) ਚਲੋ, ਚਲੋ, ਪਾਂਧਾ ਜੀ, ਅਸੀਂ ਆਵੇ ਕਰਨੇ ਆਂ। (ਕੌਰਾਂ ਨੂੰ) ਹੁਣ ਦਸ ਕੀ ਕਰਨਾ ਏਂ? ਹੁਣ ਵੇਲਾ ਕਿੱਦਾਂ ਪੂਰਨਾ ਈ?

ਕੌਰਾਂ-ਹਾਏ ਕੁੜੀ ਨਿੱਜ ਜੰਮਦੀ, ਮੈਂ ਕੀ ਦੱਸਾਂ? ਮੈਨੂੰ ਕੁਝ ਨਹੀ ਅੌੜਦੀ।

ਹੁਸ਼ਿਆਰ ਚੰਦ-ਛੇਤੀ ਕਰ, ਲਾਵਾਂ ਵਾਲੀ ਚੁੰਨੀ ਪਾ ਲਾਜ ਤੇ, ਨਹੀਂ ਤਾਂ ਰਹਿ ਨਹੀਓਂ ਆਉਂਦੀ।

ਕੌਰਾਂ-(ਤਰੱਬਕ ਕੇ ਹੁਸ਼ਿਆਰ ਚੰਦ ਕੋਲੋਂ ਪਰੇ ਹਟ ਜਾਂਦੀ ਹੈ ਤੇ ਚੁੰਨੀ ਨੂੰ ਘੁੱਟ ਕੇ ਫੜ ਲੈਂਦੀ ਹੈ) ਹਾਏ, ਨਹੀਂ, ਨਹੀਂ, ਹਾਏ ਜ਼ੁਲਮ, ਜ਼ੁਲਮ...,

ਹੁਸ਼ਿਆਰ ਚੰਦ-ਜ਼ੁਲਮ ਦੀ ਲਗਦੀ ਨਾ ਹੋਵੇ (ਚੁੰਨੀ ਖੋਹ ਕੇ ਲਾਜੋ ਉੱਤੇ ਪਾਉਂਦਾ ਹੈ ਤੇ ਉਹਨੂੰ ਗੁੱਡੀਆਂ ਨਾਲ ਖੇਡਦੀ ਨੂੰ ਚੁੱਕ ਕੇ ਲੈ ਜਾਂਦਾ ਹੈ।)

ਕੌਰਾਂ-(ਪਿੱਛੇ ਪਿੱਛੇ ਕੁਰਲਾਂਦੀ ਤੇ ਦੁਹੱਥੜਾਂ ਮਾਰਦੀ ਏ) ਹਾਏ ਵੇ ਜ਼ੁਲਮ ਹੋ ਗਿਆ, ਜ਼ੁਲਮ ਹੋ ਗਿਆ।

ਲਾਜੋ-(ਪਿਉ ਦੇ ਕੁਛੜੋਂ ਉਤਰਨ ਲਈ ਲੱਤਾਂ ਬਾਹੀਆਂ ਮਾਰਦੀ ਹੈ) ਮੇਰੀਆਂ ਗੁੱਡੀਆਂ, ਹਾਏ ਮੇਰੀਆਂ ਗੁੱਡੀਆਂ। ਮੈਨੂੰ ਗੁੱਡੀਆਂ ਨਾਲ ਖੇਡਣ ਦਿਉ।

ਪਰਦਾ

# ਸ਼ਹੀਦਾਨਿ-ਵਫ਼ਾ’ ਅਤੇ ‘ਗੰਜਿ-ਸ਼ਹੀਦਾਂ’ ਲਿਖਣ ਵਾਲਾ ਮਹਾਨ ਸ਼ਾਇਰ ਅੱਲਾ ਯਾਰ ਖਾਂ ਜੋਗੀ

**ਹਰਮਨਪ੍ਰੀਤ ਸਿੰਘ**

ਅੱਲਾ ਯਾਰ ਖਾਂ ਜੋਗੀ ਦਾ ਜਨਮ 19ਵੀਂ ਸਦੀ ’ਚ ਹੋਇਆ। ਉਨਾਂ ਦੇ ਵੱਡ-ਵਡੇਰਿਆਂ ਦਾ ਪਿਛੋਕੜ ਦੱਖਣ ਦਾ ਸੀ, ਜੋ ਅਨਾਰਕਲੀ ਲਾਹੌਰ ਵਿਚ ਆ ਵਸੇ ਤੇ ਇੱਥੇ ਹੀ ਅੱਲਾ ਯਾਰ ਖਾਂ ਜੋਗੀ ਦਾ ਜਨਮ ਹੋਇਆ। 19ਵੀਂ ਸਦੀ ਦੇ ਅਖ਼ੀਰ ਅਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਅੱਲਾ ਯਾਰ ਖਾਂ ਜੋਗੀ ਉੱਚ ਕੋਟੀ ਦੇ ਲਿਖਾਰੀ ਤੇ ਬੇਹੱਦ ਮਕਬੂਲ ਸ਼ਾਇਰ ਹੋਏ। ਉਹ ਉਰਦੂ, ਫਾਰਸੀ ਤੋਂ ਇਲਾਵਾ ਹਿੰਦੀ ਜ਼ੁਬਾਨ ਦੇ ਵੀ ਚੰਗੇ ਜਾਣਕਾਰ ਸਨ। ਉਹ ਹਕੀਮ, ਮਿਰਜ਼ਾ, ਰਹਿਮਾਨੀ, ਜੋਗੀ ਤੇ ਦੱਖਣੀ ਵਰਗੇ ਕਈ ਤਖੱਲਸਾਂ ਨਾਲ ਵੀ ਲੋਕਾਂ ’ਚ ਮਸ਼ਹੂਰ ਹੋਏ। ਆਪਣੇ ਸਮੇਂ ਦੇ ਮਸ਼ਹੂਰ ਹਕੀਮ ਹੋਣ ਕਾਰਨ ਉਨਾਂ ਨੂੰ ‘ਹਕੀਮ’ ਆਖ ਬੁਲਾਇਆ ਜਾਂਦਾ ਹੈ।

ਅੱਲਾ ਯਾਰ ਖਾਂ ਜੋਗੀ ਜਦੋਂ ਆਪਣੇ ਸੂਫ਼ੀਆਨਾ ਅੰਦਾਜ਼ ’ਚ ਕਾਵਿ-ਉਡਾਰੀ ਭਰਦੇ ਤਾਂ ਉਨਾਂ ਨੂੰ ਸੁਣਨ ਵਾਲਿਆਂ ਦੇ ਚਹਿਰੇ ਗਦ-ਗਦ ਤੇ ਮਨ/ਚਿੱਤ ਅਸ਼-ਅਸ਼ ਕਰ ਉੱਠਦੇ। ਉਨਾਂ ਵੱਲੋ ਗੁਰੂ ਗੋਬਿਦ ਸਿੰਘ ਜੀ ਅਤੇ ਉਨਾਂ ਦੇ ਸਾਹਿਬਜ਼ਾਦਿਆਂ ਬਾਰੇ ਲਿਖੀਆਂ ਦੋ ਲੰਮੀਆਂ ਨਜ਼ਮਾਂ ‘ਸ਼ਹੀਦਾਨਿ-ਵਫ਼ਾ’ ਅਤੇ ‘ਗੰਜਿ-ਸ਼ਹੀਦਾਂ’ ਨਾਲ ਉਹ ਸਿੱਖ ਸੰਗਤ ’ਚ ਬੇਹੱਦ ਮਕਬੂਲ ਹੋਏ। ਉਹ ‘ਗੰਜਿ-ਸ਼ਹੀਦਾਂ’ ਵਿੱਚ ਗੁਰੂ ਗੋਬਿਦ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਆਖਦੇ ਹਨ :

ਕਰਤਾਰ ਕੀ ਸੌਗੰਦ ਹੈ ਨਾਨਕ ਕੀ ਕਸਮ ਹੈ
ਜਿਤਨੀ ਭੀ ਹੋ ਗੋਬਿੰਦ ਕਿ ਤਾਰੀਫ ਵੁਹ ਕਮ ਹੈ।
ਹਰਚੰਦ ਮੇਰੇ ਹਾਥ ਮੇਂ ਪੁਰ ਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ਼ ਕਹਾਂ ਤਾਬੇ-ਰਕਮ ਹੈ।
ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਰ ਕੋ ਦੇਖੇ।
ਸਾਹਿਲ ਕੋ, ਯਾ ਮੰਝਧਾਰ ਕੋ, ਯਾ ਲਹਰ ਕੋ ਦੇਖੇ।

ਉਨਾਂ ਪਹਿਲਾਂ ‘ਸ਼ਹੀਦਾਨਿ-ਵਫ਼ਾ’ ਦੀ ਰਚਨਾ ਕੀਤੀ। ਇਸ ਵਿੱਚ ਉਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਦੀ ਸ਼ਹਾਦਤ ਦਾ ਬਿਆਨ ਕੀਤਾ। ‘ਸ਼ਹੀਦਾਨਿ-ਵਫ਼ਾ’ ਦੀ ਰਚਨਾ ਉਨਾਂ ਵੱਲੋਂ ਸੰਨ 1913 ’ਚ ਉਰਦੂ ਵਿਚ ਕੀਤੀ ਗਈ। ਇਹ ਰਚਨਾ ਸਾਕਾ ਸਰਹਿੰਦ ਦੀ ਦਾ ਸਫਰ ਪੇਸ਼ ਕਰਦੀ ਹੈ। ਇਸ ਨਜ਼ਮ ਦੇ 6-6 ਮਿਸਰੇ ਹਨ, ਜੋ ਉਨਾਂ ਵੱਲੋਂ ਮਰਸੀਏ ਦੀ ਦਿਲ-ਟੁੰਬਵੀਂ ਸ਼ੈਲੀ ਵਿੱਚ ਕਲਮਬੰਦ ਕੀਤੇ ਗਏ ਹਨ। ਇਸ ਨਜ਼ਮ ਦੇ ਕੁੱਲ 110 ਬੰਦ ਹਨ। ਜਦੋਂ ਸਾਹਿਬਜ਼ਾਦਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਹੇ ਜਾਣ ਦੀ ਗੱਲ ਆਉਂਦੀ ਹੈ ਤਾਂ ਵੀ ਉਨਾਂ ਆਪਣੀ ਕਲਮ ਦਾ ਮੂੰਹ ਨਹੀਂ ਮੋੜਿਆ ਤੇ ਉਸ ਸਮੇਂ ਦਾ ਸੱਚ ਬਿਆਨ ਕੀਤਾ। ਉਹ ਸਰਹਿੰਦ ਨੂੰ ਸਿੱਖੀ ਦੇ ਮਹਿਲ ਦੀ ਬੁਨਿਆਦ ਦੱਸਦਿਆਂ ਆਪਣੀ ਨਜ਼ਮ ’ਚ ਆਖਦੇ ਹਨ :

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ।
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ।
ਸਿੰਘੋ ਕਿ ਸਲਤਨਤ ਕਾ ਹੈਂ ਪੌਦਾ ਲਗਾ ਚਲੇ।
ਗੱਦੀ ਸੇ ਤਾਜ-ਓ-ਤਖ਼ਤ ਬਸ ਅਬ ਕੌਮ ਪਾਏਗੀ।
ਦੁਨੀਆ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ।

‘ਸ਼ਹੀਦਾਨਿ-ਵਫ਼ਾ’ ਦੀ ਮਕਬੂਲੀਅਤ ਤੋਂ ਮਗਰੋਂ ਉਨਾਂ ਦੂਸਰੀ ਨਜ਼ਮ ‘ਗੰਜਿ-ਸ਼ਹੀਦਾਂ’ ਲਿਖੀ ਤੇ ਉਸ ਸਮੇਂ ਦੀਆਂ ਘਟਨਾਵਾਂ ਬੜੇ ਹੀ ਸੁੱਚਜੇ ਢੰਗ ਨਾਲ ਕਾਵਿ-ਰੂਪ ’ਚ ਬਿਆਨ ਕੀਤੀਆਂ। ਇਸ ਵਿੱਚ ਉਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੀ ਸ਼ਹਾਦਤ ਬਿਆਨ ਕੀਤੀ ਹੈ। ‘ਗੰਜਿ-ਸ਼ਹੀਦਾਂ’ ਉਨਾਂ 1915 ’ਚ ਉਰਦੂ ਵਿਚ ਨਜ਼ਮ ਦੇ ਰੂਪ ’ਚ ਲਿਖੀ। ਉਨਾਂ ਇਸ ਨਜ਼ਮ ਦੇ 6-6 ਮਿਸਰੇ ਮਰਸੀਏ ਦੀ ਸ਼ੈਲੀ ਵਿੱਚ ਬਿਆਨ ਕੀਤੇ ਹਨ। ਇਸ ਦੇ ਕੁੱਲ 117 ਬੰਦ ਹਨ। ਇਸ ਵਿਚ ਚਮਕੌਰ ਸਾਹਿਬ ਦੀ ਧਰਤੀ ਦੀ ਤੁਲਨਾ ਉਹ ਕਰਬਲਾ ਦੇ ਮੈਦਾਨ ਨਾਲ ਕਰਦੇ ਹਨ। ਕਰਬਲਾ ਦਾ ਮੈਦਾਨ ਉਹ ਜਗਾ ਹੈ, ਜਿੱਥੇ ਯਦੀਦ ਦੇ ਲਸ਼ਕਰ ਨੇ ਹਜ਼ਰਤ ਇਮਾਮ ਹੁਸੈਨ ’ਤੇ ਹਮਲਾ ਕਰ ਕੇ ਉਨਾਂ ਨੂੰ 72 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਸੀ। ਹਜ਼ਰਤ ਇਮਾਮ ਹੁਸੈਨ ਦੀ ਉਮਰ ਸ਼ਹਾਦਤ ਵੇਲੇ 58 ਸਾਲ ਸੀ ਤੇ ਕਰਬਲਾ ਦੇ ਮੈਦਾਨ ਵਿਚ ਸ਼ਹੀਦ ਹੋਣ ਵਾਲੇ ਉਨਾਂ ਦੇ ਦੋ ਬੇਟੇ ਅਲੀ ਅਕਬਰ ਦੀ ਉਮਰ 18 ਸਾਲ ਅਤੇ ਅਲੀ ਅਸਗਰ ਦੀ ਉਮਰ ਸਿਰਫ ਚੇ ਮਹੀਨੇ ਸੀ। ਉਨਾਂ ਦੇ ਦੋ ਭਾਣਜੇ ਔਨ ਅਤੇ ਮੁਹੰਮਦ ਕ੍ਰਮਵਾਰ 9 ਅਤੇ 10 ਸਾਲ ਦੇ ਸਨ। ਹਜ਼ਰਤ ਇਮਾਮ ਹੁਸੈਨ ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਸਨ, ਉਨਾਂ ਨੂੰ ਉਨਾਂ



ਦੇ ਸਾਥੀਆਂ ਸਮੇਤ 680 ਈ: ਨੂੰ ਇਕ ਸਾਜ਼ਿਸ਼ ਤਹਿਤ ਇਰਾਕ ਦੇ ਕੂਫ਼ਾ ਸ਼ਹਿਰ ਨਜ਼ਦੀਕ ਦਰਿਆ ਫ਼ਰਾਤ ਕਿਨਾਰੇ ਕਰਬਲਾ ਦੇ ਮੈਦਾਨ ਵਿਚ ਤਿੰਨ ਦਿਨ ਪਿਆਸਾ ਰੱਖ ਕੇ ਸ਼ਹੀਦ ਕੀਤਾ ਗਿਆ ਸੀ।

ਅਰਬੀ ਅਤੇ ਫ਼ਾਰਸੀ ਵਿਚ ਖਾਸ ਮੁਹਾਰਤ ਰੱਖਣ ਵਾਲੇ ਅੱਲਾ ਯਾਰ ਖਾਂ ਜੋਗੀ ਨੂੰ ਆਨੰਦਪੁਰ ਸਾਹਿਬ ਦੀ ਧਰਤੀ ਤੋਂ ਚਮਕੌਰ ਸਾਹਿਬ ਤੇ ਸਰਹਿੰਦ ਦੀ ਧਰਤੀ ਤੱਕ ਦੀਆਂ ਸ਼ਹਾਦਤਾਂ ਦਾ ਸਫ਼ਰ ਦੋ ਲੰਮੀਆਂ ਨਜ਼ਮਾਂ ਦੇ ਰੂਪ ਵਿੱਚ ਉਰਦੂ ਲਿੱਪੀ ’ਚ ਲਿਖਣ ਵਾਲੇ ਪਹਿਲੇ ਕਵੀ ਹੋਣ ਦਾ ਮਾਣ ਹਾਸਲ ਹੈ। ਉਨਾਂ ਕਿਸੇ ਵੀ ਤਰਾਂ ਦੇ ਪੱਖਪਾਤ ਤੋਂ ਨਿਰਲੇਪ ਹੋ ਕੇ ਇਨਾਂ ਨਜ਼ਮਾਂ ਦੀ ਰਚਨਾ ਕੀਤੀ। ਜਦੋਂ ਵੀ ਕੋਈ ਇਨਾਂ ਰਚਨਾਵਾਂ ਨੂੰ ਪੜਦਾ ਤੇ ਸੁਣਦਾ ਹੈ ਤਾਂ ਬੀਰ-ਰਸ ਤੇ ਕਰੁਣਾ-ਰਸ ਨਾਲ ਭਰਪੂਰ ਰਚਨਾਵਾਂ ਉਸ ਦੇ ਮਨ ’ਤੇ ਡੂੰਗੀ ਛਾਪ ਛੱਡਦੀਆਂ ਹਨ। ਉਨਾਂ ਦੀਆ ਇਹ ਦੋਵੇਂ ਰਚਨਾਵਾਂ ਸਾਹਿਤ ਦੇ ਨਾਲ ਇਤਿਹਾਸਕ ਪੱਖੋਂ ਵੀ ਉੱਚ ਪੱਧਰ ਦੀਆਂ ਹੋ ਨਿੱਬੜੀਆਂ।

ਉਨਾਂ ਧਰਮ ਦੀਆ ਜ਼ੰਜੀਰਾਂ ਨੂੰ ਤੋੜ ਕੇ ਸਿੱਖ ਸ਼ਹਾਦਤਾਂ ਕਲਮਬੱਧ ਕਰ ਕੇ ਗੁਰੂ ਸਾਹਿਬ ਪ੍ਰਤੀ ਆਪਣੀ ਮੁਹੱਬਤ ਨੂੰ ਬਾਖੂਬੀ ਨਿਭਾਇਆ। ਕੁੱਝ ਲੋਕਾਂ ਨੇ ਉਨਾਂ ਨੂੰ ‘ਕਾਫ਼ਰ’ ਬੁਲਾਉਣਾ ਸ਼ੁਰੂ ਕਰ ਦਿੱਤਾ ਪਰ ਉਨਾਂ ਕਿਸੇ ਦੀ ਵੀ ਪਰਵਾਹ ਨਾ ਕੀਤੀ ਅਤੇ ਮਾਨਵਤਾ ਦਾ ਦਰਦ ਸਮਝਦਿਆਂ ਸੱਚ ਬਿਆਨਦੀ ਆਪਣੀ ਕਲਮ ਚੱਲਦੀ ਰੱਖੀ। ਅੱਲਾ ਯਾਰ ਖਾਂ ਜੋਗੀ ਆਪਣੀ ਰਚਨਾ ਵਿੱਚ ਚੰਗੀਆਂ-ਮਾੜੀਆਂ ਸ਼ਖ਼ਸੀਅਤ ਬਾਰੇ ਆਖਦੇ ਹਨ :

ਮਿਰਜ਼ੇ ਕਈ ਸੈਦੇ ਸੇ ਭੀ ਕੁਰਬਾਨ ਹੂਏ ਹੈਂ।
ਮਾਮੂੰ ਸੇ ਤਸੱਦੁਕ ਭੀ ਕਈ ਖ਼ਾਨ ਹੂਏ ਹੈਂ।
ਚੰਦੂ ਸੇ ਗੰਗੂ ਸੇ ਭੀ ਸ਼ੈਤਾਨ ਹੂਏ ਹੈਂ।
ਬਾਜ਼ੀਦ ਸੇ ਭੀ ਬਾਜ਼ ਬੇਈਮਾਨ ਹੂਏ ਹੈਂ।
ਹਿੰਦੂ ਹੈਂ ਸਭ ਅੱਛੇ ਨ ਮੁਸਲਮਾਨ ਹੈਂ ਅੱਛੇ।
ਦਿਲ ਨੇਕ ਹੈਂ ਜਿਨ ਕੇ ਵੁਹੀ ਇਨਸਾਨ ਹੈਂ ਅੱਛੇ।

ਉਹ ਆਪਣੀਆਂ ਨਜ਼ਮਾਂ ਜਦੋ ਦੀਵਾਨਾਂ ਵਿਚ ਪੜਦੇ ਤਾਂ ਲੋਕ ਅਸ਼-ਅਸ਼ ਕਰ ਉੱਠਦੇ। ਉਨਾਂ ਦੀਆਂ ਇਹ ਦੋਵੇਂ ਲੰਮੀਆਂ ਨਜ਼ਮਾਂ ਸੰਨ 1988 ਵਿਚ ਪਹਿਲੀ ਵਾਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ, ਜਿਨਾਂ ਨੂੰ ਮੁੜ 2000, ਫਿਰ 2011 ਤੇ ਚੌਥੀ ਵਾਰੀ ਸੰਨ 2021 ’ਚ ਸ਼ਾਹਮੁਖੀ ਤੇ ਗੁਰਮੁਖੀ ਲਿੱਪੀ ’ਚ ਪ੍ਰਕਾਸ਼ਿਤ ਕੀਤਾ ਗਿਆ। ਆਪਣੇ ਜੀਵਨ ਦੇ ਅੰਤਿਮ ਸਮੇਂ ਤੱਕ ਉਹ ਅਨਾਰਕਲੀ ਬਾਜ਼ਾਰ, ਲਾਹੌਰ ਵਿੱਚ ਰਹੇ। ਉਨਾਂ ਦਾ ਦੇਹਾਂਤ ਵੀ ਲਾਹੌਰ ਵਿਚ ਹੀ ਹੋਇਆ।

## ਪੰਜਾਬੀ ਸਾਹਿਤ ਸਭਾ ਮੁਢਲੀ ਵੱਲੋਂ ਸਮਾਗਮ

# ਮਨੁੱਖੀ ਅਧਿਕਾਰਾਂ ਦੀ ਪਹਿਰੇਦਾਰ ਤੀਸਤਾ ਸੀਤਲਵਾੜ ਸਮੇਤ ਹੋਰਨਾਂ ਸ਼ਖ਼ਸੀਅਤਾਂ ਦੀ ਗ੍ਰਿਫਤਾਰੀ ਦੀ ਪੰਜਾਬੀ ਸਾਹਿਤ ਸਭਾ ਮੁਢਲੀ ਵੱਲੋਂ ਪੁਰਜ਼ੋਰ ਨਿਖੇਧੀ

**- ਕਹਾਣੀਕਾਰ ਕੁਲਵੰਤ ਗਿੱਲ ਅਤੇ ਸ਼ਾਇਰ ਤੇ ਪੱਤਰਕਾਰ ਡਾ. ਬਲਵਿੰਦਰ ਸਿੰਘ ਕਾਲੀਆ ਨਾਲ ਸਾਹਿਤਕ ਮਿਲਣੀ**

ਪੰਜਾਬੀ ਸਾਹਿਤ ਸਭਾ ਮੁਢਲੀ ਰਜਿਸਟਰਡ ਐਬਸਫੋਰਡ ਵੱਲੋਂ ਗਦਰੀ ਬਾਬਿਆਂ ਦੀ ਚਰਨ ਛੋਹ ਪ੍ਰਾਪਤ ਵਿਰਾਸਤੀ ਗੁਰਦੁਆਰਾ ਸਾਹਿਬ ਦੇ ਕਾਨਫਰੰਸ ਹਾਲ ਵਿਚ ਹੋਈ ਇਕੱਤਰਤਾ ਮੌਕੇ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ, ਪੱਤਰਕਾਰਾਂ ਲੇਖਕਾਂ ਅਤੇ ਬੁੱਧੀਜੀਵੀਆਂ ਉੱਤੇ ਭਾਰਤੀ ਸਟੇਟ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਦੇ ਖ਼ਿਲਾਫ਼ ਮਤੇ ਪਾਸ ਕੀਤੇ ਗਏ। ਬੀਤੇ ਦਿਨੀਂ ਮਨੁੱਖੀ ਅਧਿਕਾਰਾਂ ਦੀ ਪਹਿਰੇਦਾਰ ਤੇ ਬੁਲੰਦ ਆਵਾਜ਼ ਤੀਸਤਾ ਸੀਤਲਵਾੜ ਨੂੰ ਭਾਰਤੀ ਹਕੂਮਤ ਨੇ ਝੂਠੇ ਕੇਸ ਵਿਚ ਜੇਲ ਵਿਚ ਡੱਕ ਦਿੱਤਾ ਹੈ। ਤੀਸਤਾ ਨੇ ਗੁਜਰਾਤ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਆਵਾਜ਼ ਬੁਲੰਦ ਕੀਤੀ ਸੀ ਅਤੇ ਹਕੂਮਤ ਨੂੰ ਵੰਗਾਰਿਆ ਸੀ। ਪੰਜਾਬੀ ਸਾਹਿਤ ਸਭਾ ਮੁਢਲੀ ਐਬਟਸਫੋਰਡ ਦੇ ਕੋਆਰਡੀਨੇਟਰ ਡਾ. ਗੁਰਵਿੰਦਰ ਸਿੰਘ ਵੱਲੋਂ ਤੀਸਤਾ ਸੀਤਲਵਾੜ ਸਮੇਤ ਹੋਰਨਾਂ ਸ਼ਖ਼ਸੀਅਤਾਂ ਇਰਸ਼ਾਦ ਮੱਟੂ, ਪ੍ਰੋਫੈਸਰ ਜੀ ਐਨ ਸਾਈਂ ਬਾਬਾ, ਬਾਰਬਰਾ ਰਾਓ, ਆਨੰਦ ਤੇਲਤੁੰਬੜੇ, ਗੌਤਮ ਨਵਲੱਖਾ ਅਤੇ ਮੁਹੰਮਦ ਜ਼ੁਬੈਰ ਆਦਿ ’ਤੇ ਭਾਰਤੀ ਹਕੂਮਤ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਖ਼ਿਲਾਫ਼ ਨਾਲ ਮਤੇ ਪੇਸ਼ ਕੀਤੇ ਗਏ, ਜੋ ਕਿ ਸਰਬਸੰਮਤੀ ਨਾਲ ਪਾਸ ਕੀਤੇ ਗਏ। ਇਸ ਮੌਕੇ ’ਤੇ ਸਭਾ ਵੱਲੋਂ ਸੱਦਾ ਦਿੱਤਾ ਗਿਆ ਹੈ ਕਿ ਬਦਲਾਖੋਰੀ ਦੇ ਤਹਿਤ ਕੀਤੀ ਗਈ ਇਸ ਧੱਕੇਸ਼ਾਹੀ ਦਾ ਵਿਰੋਧ ਕਰਦਿਆਂ ਤੀਸਤਾ ਸੀਤਲਵਾੜ ਵਰਗੀ ਮਹਾਨ ਚਿੰਤਕ ਸਮੇਤ ਸਮੂਹ ਸ਼ਖਸੀਅਤਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕੀਤੀ ਜਾਵੇ। ਤੀਸਤਾ ਸੀਤਲਾਵਾੜ ਲਗਾਤਾਰ ਮੋਦੀ ਸਰਕਾਰ ਅਤੇ ਭਾਰਤ ਦੀਆਂ ਹਿੰਦੂਤਵੀ ਤਾਕਤਾਂ ਦੇ ਜਬਰ ਖ਼ਿਲਾਫ਼ ਬੋਲਦੀ ਅਤੇ ਲਿਖਦੀ ਰਹੀ ਹੈ। ਇਸ ਦੌਰਾਨ ਉਹ 2018 ਨੂੰ ਕੈਨੇਡਾ ਵਿੱਚ ਪੰਜਾਬੀ ਸਾਹਿਤ ਸਭਾ ਮੁੱਢਲੀ ਰਜਿਸਟਰਡ ਦੇ ਸੱਦੇ ’ਤੇ ਖਾਲਸਾ ਦੀਵਾਨ ਸੁਸਾਇਟੀ, ਗੁਰਦੁਆਰਾ ਹੈਰੀਟੇਜ ਐਬਸਫੋਰਡ ਪੁੱਜੀ ਸੀ, ਜਿੱਥੇ ਉਸ ਨੇ 21 ਅਪ੍ਰੈਲ 1913 ਨੂੰ ਸਥਾਪਤ ਹੋਈ ਗਦਰ ਪਾਰਟੀ, ਮੌਜੂਦਾ ਸਮੇਂ ਭਾਰਤ ਦੇ ਫਾਸ਼ੀਵਾਦੀ ਅਤੇ ਮਨੁੱਖੀ ਅਧਿਕਾਰਾਂ ਦੀਆਂ ਹੋ ਰਹੀਆਂ ਘਾਣ ਅਤੇ



ਘੱਟ ਗਿਣਤੀਆਂ ਤੇ ਹੋ ਰਹੇ ਵਿਉਂਤਬੰਦ ਢੰਗ ਨਾਲ ਹਮਲਿਆਂ, ਬਾਰੇ ਸੰਗਤਾਂ ਨੂੰ ਸੰਬੋਧਨ ਕੀਤਾ ਸੀ। ਇਸ ਮੌਕੇ ਤੇ ਤੀਸਤਾ ਸੀਤਲਵਾੜ ਨੂੰ ਪੰਜਾਬੀ ਸਾਹਿਤ ਸਭਾ ਮੁੱਢਲੀ ਅਤੇ ਖਾਲਸਾ ਦੀਵਾਨ ਸੁਸਾਇਟੀ ਵੱਲੋਂ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ ਸੀ।

ਪੰਜਾਬੀ ਸਾਹਿਤ ਸਭਾ ਮੁੱਢਲੀ ਦੇ ਸਮਾਗਮ ਦੇ ਦੂਸਰੇ ਹਿੱਸੇ ਵਿੱਚ ਪੰਜਾਬ ਤੋਂ ਪਹੁੰਚੀਆਂ ਸਾਹਿਤਕ ਸ਼ਖ਼ਸੀਅਤਾਂ ਕਹਾਣੀਕਾਰ ਕੁਲਵੰਤ ਗਿੱਲ ਤੇ ਸ਼ਾਇਰ ਅਤੇ ਪੱਤਰਕਾਰ ਡਾ ਬਲਵਿੰਦਰ ਸਿੰਘ ਕਾਲੀਆ ਨਾਲ ਸਾਹਿਤਕ ਮਿਲਣੀ ਕੀਤੀ ਗਈ। ਕਹਾਣੀਕਾਰ ਕੁਲਵੰਤ ਗਿੱਲ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਰੋਸ਼ਨੀ ਪਾਈ ਅਤੇ ਆਪਣੇ ਕਹਾਣੀ ਸੰਗ੍ਰਹਿ ‘ਅੰਤਰ ਲੀਲਾ’, ਘੋਰੜੂ ਤੇ ਦਾਦੇ ਮਗੌਣਾ’ ਬਾਰੇ ਵਿਸ਼ੇਸ਼ ਜ਼ਿਕਰ ਕੀਤਾ। ਉਨਾਂ ਆਪਣੀਆਂ ਕਹਾਣੀਆਂ ਦੇ ਸਰੋਕਾਰਾਂ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਸਥਾਪਤੀ ਖ਼ਿਲਾਫ਼ ਆਵਾਜ ਬੁਲੰਦ ਕਰਨਾ ਉਨਾਂ ਦਾ ਮੁੱਖ ਕਦਮ ਰਿਹਾ ਹੈ। ਕੁਲਵੰਤ ਗਿੱਲ ਨੇ ਪੰਜਾਬੀ ਸਾਹਿਤ ਖੇਤਰ ਵਿੱਚ ਵਧ ਰਹੇ ਸਾਹਿਤ ਮਾਫੀਏ ਦੇ ਪ੍ਰਭਾਵ ਤੇ ਵੀ ਚਿੰਤਾ ਦਾ ਇਜ਼ਹਾਰ ਕੀਤਾ। ਕਹਾਣੀਕਾਰ ਕੁਲਵੰਤ ਗਿੱਲ ਦੀ ਸੁਪਤਨੀ ਅਤੇ ਸੂਫੀਆਨਾ ਅੰਦਾਜ਼ ਵਿੱਚ ਗੀਤਕਾਰੀ ਤੇ ਗਾਇਕੀ ਦੀ ਮੁਹਾਰਤ ਰੱਖਣ ਵਾਲੀ ਬੀਬੀ ਸੁਖਰਾਜ ਸੁਖਨ ਨੇ ਆਪਣੀ ਲਿਖਤ ਦੀ ਤਰੰਨਮ ’ਚ ਸਾਂਝ ਪਾਉਂਦਿਆਂ ਸਰੋਤਿਆਂ ਨੂੰ ਕੀਲ ਲਿਆ। ਸਮਾਗਮ ਵਿਚ ਪੰਜਾਬ ਤੋਂ ਪਹੁੰਚੇ ਸ਼ਾਇਰ, ਪੱਤਰਕਾਰ ਅਤੇ ਬਾਲ ਸਾਹਿਤਕਾਰ ਡਾ ਬਲਵਿੰਦਰ ਸਿੰਘ ਕਾਲੀਆ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ ਅਤੇ ਕਾਵਿ ਸੰਗ੍ਰਿਹਾਂ ਜਿੰਦੇ ਮੇਰੀਏ, ਹੇ ਬਾਬਲਾ ਅਤੇ ਮਾਵਾਂ ਬਾਰੇ ਜਾਣਕਾਰੀ ਦਿੱਤੀ। ਉਨਾਂ ਪੰਜਾਬ ਦੇ ਸਕੂਲੀ ਵਿਦਿਆਰਥੀਆਂ ਦੀ ਲੋੜ ਨੂੰ ਮੁੱਖ ਰੱਖਦਿਆਂ ‘ਅੱਖਰ ਮਾਲਾ’ ਸਮੇਤ ਲਿਖੀਆਂ ਕੁਝ ਪੁਸਤਕਾਂ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅੱਜ ਨਵੀਂ ਪੀੜੀ ਨੂੰ ਪੰਜਾਬੀ ਨਾਲ ਜੋੜਨ ਲਈ ਸਰਲ ਸੁਖੈਨ ਕਿਤਾਬਾਂ ਦੀ ਜ਼ਰੂਰਤ ਹੈ।

ਇਸ ਸਾਹਿਤਕ ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਕੈਨੇਡਾ ਦੀ ਧਰਤੀ ’ਤੇ ਪੰਜਾਬੀ ਕਾਵਿ ਖੇਤਰ ਦੇ ਸਮਰੱਥ, ਪਰ ਅਣਗੌਲੀ ਸ਼ਖ਼ਸੀਅਤ ਦਵਿੰਦਰ ਸਿੰਘ ਪੂਨੀਆ ਨੇ ਮਨ ਦੇ ਵਲਵਲੇ ਸਾਂਝੇ ਕੀਤੇ। ਦਸ ਕਾਵਿ ਸੰਗ੍ਰਹਿ ਰਚੇਤਾ ਦਵਿੰਦਰ ਸਿੰਘ ਪੂਨੀਆ ਨੇ ਪੰਜਾਬੀ ਸ਼ਾਇਰੀ ਦੇ ਖੇਤਰ ਵਿੱਚ ਲਗਾਤਾਰ ਵਧ ਰਹੇ ਅਸਾਹਿਤਕ ਸਿਆਸੀ ਪ੍ਰਭਾਵ ਨੂੰ ਅਤਿ ਨੁਕਸਾਨਦੇਹ ਕਰਾਰ ਦਿੰਦਿਆਂ, ਇਸ ਤੋਂ ਮੁਕਤ ਹੋਣ ਦਾ ਸੱਦਾ ਦਿੱਤਾ। ਉੱਭਰ ਰਹੇ ਕਵੀ ਗੁਰਵਿੰਦਰ ਸਿੰਘ ਸੰਧੂ ਕੋਟਲਾ ਅਜਨੇਰ ਨੇ ਬਾਬਰੀ ਮਸਜਿਦ ਢਾਹੁਣ ਮਗਰੋਂ ਉਸਾਰੇ ਗਏ ਰਾਮ ਮੰਦਰ ਦੇ ਵਿਸ਼ੇ ’ਤੇ ਕੱਟੜਵਾਦ ਖ਼ਿਲਾਫ਼ ਆਪਣੀ ਕਵਿਤਾ ਕਿਤਾਬ ਤੇਰਾ ਰੰਗ ਚੜ੍ਹਿਆ ਵਿੱਚੋਂ ਸਾਂਝੀ ਕੀਤੀ ਅਤੇ ਵਾਹ ਵਾਹ ਖੱਟੀ। ਜਾਣੇ ਪਛਾਣੇ ਸਾਹਿਤਕਾਰ ਮਹਿਮਾ ਸਿੰਘ ਤੂਰ ਹਲਵਾਰਵੀ ਨੇ ਸਮਾਗਮ ਵਿਚ ਦੋਹੇ ਸੁਣਾਉਂਦਿਆਂ ਮੌਜੂਦਾ ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਹਾਲਤਾਂ ਤੇ ਟਿੱਪਣੀਆਂ ਕੀਤੀਆਂ। ਸਾਹਿਤ ਪ੍ਰੇਮੀ ਅਤੇ ਵਿਚਾਰਵਾਨ ਦਿਲਬਾਗ ਸਿੰਘ ਅਖਾੜਾ ਨੇ ਪੰਜਾਬ ਦੀ ਜਵਾਨੀ ਨੂੰ ਕਲਾਕਾਰਾਂ ਵੱਲੋਂ ਬਦਨਾਮ ਕਰਨ ’ਤੇ ਦੁੱਖ ਪ੍ਰਗਟਾਉਂਦਿਆਂ, ਆਪਣੀਆਂ ਕਾਵਿ ਸਤਰਾਂ ਰਾਹੀਂ ਹਲੂਣੇ ਦਿੱਤੇ। ਕੈਨੇਡਾ ਦੇ ਦਿਹਾੜੇ ਨੂੰ ਸਮਰਪਤ ਕਾਵਿ ਰਚਨਾ ਰਾਹੀਂ ਮੁਲਖ ਰਾਜ ਬਜਾਜ ਪ੍ਰੇਮੀ ਨੇ ਕੈਨੇਡਾ ਦੀਆਂ ਵਿਸ਼ੇਸ਼ਤਾਵਾਂ ’ਤੇ ਰੋਸ਼ਨੀ ਪਾਈ। ਅਖ਼ੀਰ ਵਿਚ ਪੰਜਾਬੀ ਸਾਹਿਤ ਸਭਾ ਮੁੱਢਲੀ ਦੇ ਸਕੱਤਰ ਸੁਰਜੀਤ ਸਿੰਘ ਸਹੋਤਾ ਨੇ ਮਹਿਮਾਨ ਸ਼ਖਸੀਅਤਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਕਹਾਣੀਕਾਰ ਕੁਲਵੰਤ ਗਿੱਲ ਅਤੇ ਪੱਤਰਕਾਰ ਤੇ ਸ਼ਾਇਰ ਡਾ. ਬਲਵਿੰਦਰ ਸਿੰਘ ਕਾਲੀਆ ਨੂੰ ਸਭਾ ਵੱਲੋਂ ਸਨਮਾਨ ਪੱਤਰ ਭੇਟ ਕੀਤੇ ਗਏ। ਇਸ ਮੌਕੇ ’ਤੇ ਪੰਜਾਬੀ ਸਾਹਿਤ ਸਭਾ ਮੁੱਢਲੀ ਦੇ ਮੈਂਬਰ ਪੱਤਰਕਾਰ ਡਾ ਸੁਖਮਿੰਦਰ ਸਿੰਘ ਬਰਾੜ ਭਗਤਾ ਭਾਈ ਕਾ, ਜਗਰੂਪ ਸਿੰਘ ਗਿੱਲ ਅਤੇ ਕਈ ਹੋਰ ਨਾਮਵਰ ਸ਼ਖ਼ਸੀਅਤਾਂ ਸ਼ਾਮਿਲ ਸਨ।

## 1. ਗ਼ਮ

ਸਿਰ ਉੱਤੇ ਟੋਕਰਾ ਤੇ ਟੋਕਰੇ 'ਚ ਪਾਥੀਆਂ।
ਕਦੇ ਵੀ ਨਾ ਪੈਣ ਰੱਬਾ ਗ਼ਮ ਦੀਆਂ ਲਾਠੀਆਂ।
ਵਸਲਾਂ ਦੇ ਹਾਸੇ ਰੱਖੀਂ ਸਦਾ ਹੀ ਜਵਾਨ ਤੂੰ,
ਵੇਖੀਂ ਕਿਤੇ ਹਿਜਰ ਨਾ ਪਾ ਲਵੇ ਕਾਠੀਆਂ।
ਨਾ ਜੁੜਨ ਬੇਸ਼ੱਕ ਕਦੇ ਹੀਰੇ ਜੜੇ ਵਸਤਰ,
ਪਰ ਸਾਥੋਂ ਦੂਰ ਵੀ ਤੂੰ ਰੱਖੀਂ ਲੀਰਾਂ ਪਾਟੀਆਂ।
ਵੱਢ ਵੱਢ ਧਰ ਦੇਣ ਖੇਤ ਜਿੰਨੇ ਮਰਜੀ,
ਪਰ ਧੌਣਾਂ ਵੀਰਾਂ ਦੀਆਂ ਵੱਢਣ ਨਾ ਦਾਤੀਆਂ।
ਚੁੱਲਿਆਂ ਦੀ ਅੱਗ ਜਾਣੀ ਸਿਵਿਆਂ 'ਚ ਰੋਕਦੇ,
ਵੰਡਾਂਗੀ ਪਤਾਸੇ ਆਪ ਭਰ ਭਰ ਬਾਟੀਆਂ।

**ਰਜਿੰਦਰ**

## 2. ਜਬਰੀ ਰੁੱਖਾਂ ਨਾਲ ਚਿੰਬੜੇ ਪੱਤੇ

ਲੇਖਾਂ ਦੀਆਂ ਲੇਲੜੀਆਂ ਨੇ ਲੱਜ਼ਤਾਂ ਦੇ ਲਾਣੇ ਨੂੰ।
ਲਮਕਣ ਲੰਗਾਰ-ਲੰਗੋਟੇ ਮੈਲ਼ੇ ਜਿਹੇ ਬਾਣੇ ਨੂੰ।
ਦੇਈਏ ਲੀਰਾਂ ਨੂੰ ਗੱਠਾਂ ਵੱਧਰਾਂ ਦੇ ਕੱਸਣ ਨੂੰ।
ਸਾਡਾ ਵੀ ਦਿਲ ਕਰਦਾ ਏ ਜ਼ਿੰਦਗੀਏ ਹੱਸਣ ਨੂੰ।
ਸਾਡੇ ਕੋਠੇ 'ਤੇ ਆ ਕੇ ਮੋਰ ਕੀ ਚੁਗਦਾ ਏ ?
ਮਿੱਲ ਦਾ ਮਾਲਕ ਸਾਡਾ ਆਥਣ ਨੂੰ ਉੱਗਦਾ ਏ।
ਚੂੰਡੀ ਦਾ ਭਾਅ ਮੰਨ ਲੈਣਾ ਸੱਪਾਂ ਦੇ ਡੱਸਣ ਨੂੰ।
ਸਾਡਾ ਵੀ ਦਿਲ ਕਰਦਾ ਏ ਜ਼ਿੰਦਗੀਏ ਹੱਸਣ ਨੂੰ।
ਲੋਕਾਂ ਨੂੰ ਚਾਅ ਚੜ ਜਾਂਦੇ ਨੇ ਮੀਹਾਂ ਦੀ ਰੁੱਤੇ ਜੀ।
ਸਾਉਣ ਦੀ ਰਾਤ ਇੱਕ ਵੀ ਰੱਜ ਕੇ ਨਾ ਸੁੱਤੇ ਜੀ।
ਮੋਹਰੀ ਅਖਬਾਰਾਂ ਖ਼ਬਰਾਂ ਰਾਹਤ ਦੀਆਂ ਦੱਸਣ ਨੂੰ।
ਸਾਡਾ ਵੀ ਦਿਲ ਕਰਦਾ ਏ ਜ਼ਿੰਦਗੀਏ ਹੱਸਣ ਨੂੰ।
ਟੰਗ ਡੰਡੇ ਨਾਲ਼ ਡੱਬਾ ਜੀ ਪੈਡਲ ਜਦ ਮਾਰੀਦਾ।
ਸੁਪਨੇ ਸਭ ਸਰ ਕਰ ਲੈਣੇ ਜ਼ਿਹਨਾਂ ਵਿੱਚ ਧਾਰੀਦਾ।
ਖੁੜ ਜਾਂਦਾ ਤੇਲ ਸਰੋਂ ਦਾ ਮਗਜਾਂ 'ਤੇ ਝੱਸਣ ਨੂੰ।
ਸਾਡਾ ਵੀ ਦਿਲ ਕਰਦਾ ਏ ਜ਼ਿੰਦਗੀਏ ਹੱਸਣ ਨੂੰ।
ਲਾਲਾ ਸੌਦਾ ਨਹੀਂ ਦਿੰਦਾ ਜੀ ਛੱਬੀ ਤਾਰੀਕ ਦਾ।
ਜੀਅ ਘਰ ਦਾ ਕੱਲਾ-ਕੱਲਾ ਪਹਿਲੀ ਨੂੰ 'ਡੀਕਦਾ।
ਪੁੱਤ ਦਾ ਜੀਅ ਕਰਦਾ ਏ 'ਮਿਲਖੇ' ਜਿਹਾ ਨੱਸਣ ਨੂੰ।
ਸਾਡਾ ਵੀ ਜੀਅ ਕਰਦਾ ਏ ਜ਼ਿੰਦਗੀਏ ਹੱਸਣ ਨੂੰ।

**(ਸੁੱਕੇ ਹੋਏ ਪਰ ਜਬਰੀ ਰੁੱਖਾਂ ਨਾਲ ਚਿੰਬੜੇ ਪੱਤਿਆਂ ਦੇ ਨਾਮ .....ਗੁਰਬੀਰ ਸਿੰਘ)**

## 3. 'ਸੱਟ'

ਮਾਂ ਗ਼ੁਸਲਖਾਨੇ ਵਿੱਚ
ਤਿਲਕ ਕੇ ਡਿੱਗੀ
ਡੂੰਘੀ ਸੱਟ ਲੱਗੀ
ਤਿੰਨ ਥਾਂਵਾਂ ਤੋਂ
ਲੱਤ ਦੀ ਹੱਡੀ ਟੁੱਟੀ
ਪੁੱਤਰ ਨੇ ਮਾਂ ਚੁੱਕੀ
ਲਿਆ ਕੇ ਅੰਦਰ
ਮੰਜੇ 'ਤੇ ਸੁੱਟੀ
ਰਾਤੀਂ ਸੌਣ ਤੋਂ ਪਹਿਲਾਂ
ਮਾਂ ਨੇ ਸੁਣਿਆਂ
ਪੁੱਤਰ ਕਹਿ ਰਿਹਾ ਸੀ
ਭੈਣ ਨੂੰ ਫੋਨ 'ਤੇ
'ਆ ਕੇ ਲੈ ਜਾ ਬੀਬੀ
ਇਹ ਪੰਡ ਨਹੀਂ ਮੇਰੀ
ਘਰਵਾਲੀ ਦੇ ਵੱਸ ਦੀ
ਇਹ ਸਭ ਸੁਣ
ਮਾਂ ਐਸੀ ਸੁੱਤੀ
ਮੁੜ ਨਾ ਉੱਠੀ

**ਕੁਲਵਿੰਦਰ ਚਾਵਲਾ**

## 4. ਪੈਂਡੇ

ਤੁਰਨਾ ਵੀ ਤੇ ਭੁਰਨਾ ਵੀ
ਸੱਭ ਦੀ ਕਸ਼ਮਕਸ਼ ਪੁਰਾਣੀ ਏ
ਤੁਰਨਾ ਵੀ ਤੇ ਥੱਕਣਾ ਵੀ
ਅਮੂਮਨ ਸੱਭ ਦੀ ਕਥਾ ਕਹਾਣੀ ਏ
ਹੇ ਪਾਂਧੀ ਕਠਿਨ ਰਾਹਾਂ ਦੇ
ਵਿਆਕੁਲ ਨਾ ਹੋ ਨਿਰਾਸ਼ ਨਾ ਹੋ
ਜੇ ਪੰਧ ਨਹੀਂ ਵੀ ਮੁੱਕਦਾ
ਹਤਾਸ਼ ਨਾ ਹੋ ਗ਼ਮਖਾਰ ਨਾ ਹੋ
ਬੱਸ ਚਲਦਾ ਰਹਿ ਤੇ ਚਲਦਾ ਹੀ ਰਹਿ
ਭਾਵੇਂ ਦੋ ਘੜੀਆਂ ਵਿਸ਼ਰਾਮ ਦੀਆਂ ਲੈ
ਆਣ ਜ਼ਿੰਦਗੀ ਦੇ ਰਸਤੇ ਚ ਪਹਾੜ ਅਥਾਹ
ਪਰ ਹਾਰ ਨਾ ਮੰਨ ਤੇ ਦਿੱਲ ਨਾ ਢਾਹ
ਤੁਰਿਆ ਹੈਂ ਤਾਂ ਤੁਰਿਆ ਹੀ ਰਹੋ
ਨਾ ਕਰ ਵਿਰਲਾਪ ਤੇ ਮੰਨ ਨਾ ਭਉ
ਘੁੱਪ ਹਨੇਰੇ ਤੋਂ ਬਾਦ ਚਾਨਣੇ ਵੀ ਚਮਕਣਗੇ
ਜੇ ਕੰਢੇ ਨੇ ਉਪਜੇ ਤਾਂ ਫੁੱਲ ਵੀ ਮਹਿਕਣਗੇ

**...ਗੁਰਮੀਤ ਸਚਦੇਵਾ**

## 5. ਫੁੱਲ

ਦੋ ਫੁੱਲਾਂ 'ਚੋਂ ਦੱਸ ਭਲਾਂ ਤੂ, ਕਿਹੜਾ ਫੁੱਲ ਸੁਵੱਲਾ ਹੂ
ਇੱਕ ਫੁੱਲ ਤਾਂ ਮੈਨੂੰ ਸੋਝੀ ਦਿੰਦਾ, ਦੂਜਾ ਕਰਦਾ ਝੱਲਾ ਹੂ
ਸੋਝੀ ਲੈ ਵੀ ਕੋਝਾ ਥੀਂਵਾ, ਕਿਸ ਵਿਧ ਮਰਸਾਂ, ਕਿਸ ਵਿਧ ਜੀਵਾਂ
ਇੱਕ ਥੀਂ ਰਿਸ਼ਮ ਤੇ ਇੱਕ ਥੀਂ ਖੁਸ਼ਬੂ, ਵਿਚ ਮੈਂ ਕੱਲ-ਮ-ਕੱਲਾ ਹੂ
ਜਦ ਇਹ ਦੁਨੀਆਂ ਰੰਗ ਦਿਖਾਵੇ, ਬੇਰੰਗੇ ਨੂੰ ਰਾਸ ਨਾ ਆਵੇ
ਪੀੜ ਕੁਲਿਹਣੀ ਵੱਢ ਵੱਢ ਖਾਵੇ, ਬੰਦਾ ਕਰਦਾ ਅੱਲਾ ਹੂ
ਅੰਤਾਂ ਦੇ ਇਹ ਪੰਧ ਮੁਕਾਉਣੇ, ਜੇ ਨੇ ਬੇੜੇ ਪਾਰ ਲੰਘਾਉਣੇ
ਫਿਰ ਕਿਉਂ ਬੰਦਿਆ ਵਕਤ ਖੁੰਜਾਉਣੇ, ਫੜ ਸੱਜਣਾਂ ਦਾ ਪੱਲਾ ਹੂ
ਪਲ ਪਲ ਗੇੜਾਂ, ਪਲ ਪਲ ਟੋਹਵਾਂ ਸਾਰਾ ਦਿਨ ਹੀ ਇਸਨੂੰ ਛੋਹਵਾਂ
ਇਕ ਉਂਗਲ 'ਚੋਂ ਦੂਜੀ ਪਾਵਾਂ.. ਮੈਂ ਸੱਜਣਾ ਦਾ ਛੱਲਾ ਹੂ
ਦਿਲ ਪਰੀਚੈ, ਉਮਰ ਵੀ ਬੀਤੇ, ਸਾਹ ਦੇ ਗੇੜੇ ਗੇੜੇ ਨਾਲ
ਤਕੜੈਂ ਜੋ ਜ਼ਿੰਦਗੀ ਨਾਲ ਨਿਭ ਗਿਉਂ ਸਦਕੇ ਤੇਰੇ ਮੱਲਾ ਹੂ।

**ਪਰਮਜੀਤ ਸਿੰਘ ਢਿੱਲੋਂ**

## 6. ਪੁੱਤ, ਪ੍ਰਦੇਸ਼ ਅਤੇ ਮਾਪੇ

ਕੌਡੀ ਕੌਡੀ ਜੋੜ ਕੇ, ਦਿੱਤਾ ਪੁੱਤ ਪੜਨ ਕਨੇਡਾ ਭੇਜ,
ਜਿਸ ਦਿਨ ਦਾ ਗਿਆ, ਸਗੋਂ ਜਿਆਦਾ ਆਉਂਦਾ ਹੇਜ।
ਭੇਜਣ ਲਈ ਥਾਂ ਥਾਂ ਤੋਂ ਕਰਜਾ ਚੁੱਕਿਆ, ਸਮੇਤ ਸ਼ਾਹੂਕਾਰਾਂ,
ਜਿਉਂਦੇ ਜੀਅ ਵਿਛੋੜਾ ਪੈ ਗਿਆ, ਉੱਤੋਂ ਕਰਜੇ ਦੀਆਂ ਮਾਰਾਂ।
ਪੁੱਤ ਓਥੇ ਦੋ ਦੋ ਸਿਫਟਾਂ ਲਾਵੇ, ਅੱਗੇ ਨਾਲੋਂ ਹੋ ਗਿਆ ਮਾੜਾ,
ਕਬੀਲਦਾਰੀ ਭਾਰੀ ਹੋਈ, ਮਾਪੇ ਦੁੱਧ ਵੇਚ ਕਰਨ ਗੁਜਾਰਾ।
ਰਾਤੀ ਪੁੱਤ ਕੰਮ ਤੋਂ ਮੁੜਿਆ, ਮਾਂ ਪਿਓ ਦਾ ਚੇਤਾ ਆਇਆ,
ਥੱਕੇ ਹਾਰੇ ਹੋਏ ਨੇ ਫੇਰ ਪਿੰਡ ਮਾਂ-ਪਿਓ ਨੂੰ ਫੋਨ ਲਗਾਇਆ।
ਬਾਪੂ ਨਾਲ ਕਰ ਗੱਲਾਂ ਦਿਲ ਨੂੰ ਕੁੱਝ ਧਰਵਾਸ ਆਇਆ,
ਕਿਵੇਂ ਕਿਵੇਂ ਲੰਘਦੀ ਜਿੰਦਗੀ ਬਾਪੂ ਨੂੰ ਹਾਲ ਸੁਣਾਇਆ।
ਕਹਿੰਦਾ ਬੇਬੇ ਨਾਲ ਵੀ ਕਰਾ ਗੱਲ ਕਿਉਂ ਸਮਾਂ ਲਗਾਇਆ,
ਬਾਪੂ ਨੇ ਧਾਰ ਕੱਢਦੀ ਬੇਬੇ ਦੇ ਕੰਨ ਨਾਲ ਫੋਨ ਲਾਇਆ।
ਸੌਖੇ ਨੀ ਪ੍ਰਦੇਸੀ ਪੁੱਤ ਭੇਜਣੇ, ਗੱਲਾਂ ਕਰਨ ਦੀਆਂ ਨੇ ਹੋਰ,
ਗੰਦੇ ਸਿਸਟਮ ਕਰਕੇ 'ਸੇਖੋਂ' ਮਾਪੇ ਰਹੇ ਪੁੱਤਾਂ ਪ੍ਰਦੇਸ਼ੀ ਤੋਰ।

**ਭੁਪਿੰਦਰ ਸਿੰਘ ਸੇਖੋਂ**
**ਮੋ. 9817082208**

## ਯੋਧੇ ਜੰਮਦੀਆਂ ਮਾਵਾਂ

ਮਾਵਾਂ ਪੁੱਤ ਹੀ ਨਹੀਂ
ਯੋਧੇ ਵੀ ਜੰਮਦੀਆਂ ਨੇ।
ਜ਼ਰੂਰੀ ਨਹੀਂ ਕਿ ਪੁੱਤ ਦੇ
ਹੱਥ 'ਚ ਛਣਕਣਾ ਹੀ ਹੋਵੇ
ਯੋਧੇ ਪੁੱਤ ਦੇ ਹੱਥ 'ਚ ਛਣਕਦੀਆਂ
ਹੱਥਕੜੀਆਂ ਵੀ
ਮਾਂ ਦੇ ਦੁੱਧ ਨੂੰ
ਅਣਮੁੱਲਾ ਕਰ ਦਿੰਦੀਆਂ ਹਨ।
ਬਹੁਤ ਔਖਾ ਹੁੰਦਾ ਹੈ
ਜੇਲ ਦੀਆਂ ਸੀਖਾਂ ਪਿੱਛੇ ਖੜੇ
ਪੁੱਤ ਦਾ ਮੂੰਹ ਦੇਖਣਾ,
ਤਪਦਾ ਲੋਹਾ ਅਤੇ ਲੋਹੇ ਦੇ ਜਿਗਰੇ ਵਰਗੇ
ਪੁੱਤ ਦਾ ਮੂੰਹ ਚੁੰਮਣਾ
ਇੱਕੋ ਜਿਹਾ ਹੀ ਹੁੰਦਾ ਹੈ।
ਮਾਵਾਂ ਪੁੱਤ ਹੀ ਨਹੀਂ
ਯੋਧੇ ਵੀ ਜੰਮਦੀਆਂ ਨੇ।
ਅਤੇ ਯੋਧੇ ਜੰਮਣ ਵਾਲੀਆਂ ਮਾਵਾਂ
ਆਮ ਨਹੀਂ ਹੁੰਦੀਆਂ
ਜਿਵੇਂ ਮਾਂ ਹੋਣਾ ਵੀ ਆਮ ਨਹੀਂ ਹੁੰਦਾ।
ਓਵੇਂ ਹੀ ਯੋਧੇ ਦੀ ਮਾਂ ਹੋਣਾ ਵੀ
ਬਹੁਤ ਖਾਸ ਹੁੰਦਾ ਹੈ।

**ਅਮਰਦੀਪ ਸਿੰਘ ਗਿੱਲ**



# ਕਾਵਿ ਸੰਸਾਰ

## ਦੋਗਲੇ ਚਿਹਰੇ

ਅੱਜ ਕੱਲ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ।
ਇੱਕੋ ਥਾਲੀ ਵਿੱਚ ਖਾ ਜ਼ਹਿਰ ਬਣਾਉਂਦੇ
ਉੱਤੋਂ-ਉੱਤੋਂ ਜੋ ਪੱਗ ਵਟਾਉਂਦੇ
ਯਾਰ ਮਾਰ ਉਹੀ ਨੇ ਕਰਦੇ ਜੋ ਦਿਲ ਦੇ ਨੇੜੇ ਨੇ
ਅੱਜ ਕੱਲ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ।
ਜਿਨਾਂ ਉੱਤੇ ਤੂੰ ਫਿਰਦਾ ਏ ਡੁੱਲਿਆ
ਉਨਾਂ ਤੇਰਾ ਚੇਤਾ ਵੀ ਭੁੱਲਿਆ
ਉਹ ਫਿਰ ਨਹੀਓਂ ਸੁਣਦੇ ਜੋ ਬਣ ਜਾਂਦੇ ਗੂੰਗੇ ਬਹਿਰੇ ਨੇ
ਅੱਜ ਕੱਲ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ।
ਭੱਜ-ਭੱਜ ਜੋ ਗਲ਼ ਨੂੰ ਆਉਂਦੇ
ਇੱਕ ਦਿਨ ਓਹੀ ਗਲ ਫਾਹਾ ਲਾਉਂਦੇ
ਗਗਨ ਏਥੇ ਹੀ ਅਮਲਾਂ ਦੇ ਹੋਣੇ ਨਿਬੇੜੇ ਨੇ
ਅੱਜ ਕੱਲ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ।

**ਗਗਨਦੀਪ ਕੌਰ ਧਾਲੀਵਾਲ**

# ਪੂੰਜੀਵਾਦੀ ਪ੍ਰਬੰਧ ਵਿੱਚ ਕੂੜੇ ਦੀ ਪੈਦਾਵਾਰ



**ਸੁਖਵੰਤ ਹੁੰਦਲ**

-ਯੂਰਪੀਅਨ ਕਮਿਸ਼ਨ ਦੇ ਸਾਈਟ 'ਤੇ ਦਿੱਤੇ ਅੰਕੜਿਆਂ ਅਨੁਸਾਰ ਯੂਰਪੀਅਨ ਯੂਨੀਅਨ ਵਿੱਚ ਹਰ ਸਾਲ 8 ਕਰੋੜ 80 ਲੱਖ (88 ਮਿਲੀਅਨ) ਟਨ ਖਾਣਾ ਅੰਞਾਈ ਨਸ਼ਟ ਹੁੰਦਾ ਹੈ ਜਿਸ ਦੀ ਅੰਦਾਜ਼ਨ ਕੀਮਤ 143 ਅਰਬ (ਬਿਲੀਅਨ) ਯੂਰੋ ਦੇ ਕਰੀਬ ਹੈ।

ਖਾਣੇ ਦੇ ਅੰਞਾਈ ਨਸ਼ਟ ਹੋਣ ਦਾ ਇਹ ਅਮਲ ਖੇਤਾਂ ਤੋਂ ਸ਼ੁਰੂ ਹੁੰਦਾ ਹੈ ਅਤੇ ਘਰਾਂ ਵਿੱਚ ਖਾਣੇ ਦੀ ਖਪਤ ਦੇ ਅਖੀਰਲੇ ਪੜਾਅ ਤੱਕ ਜਾਰੀ ਰਹਿੰਦਾ ਹੈ। ਹੁਣ ਅਸੀਂ ਇਸ ਤਰਾਂ ਵੱਡੀ ਮਾਤਰਾ ਵਿੱਚ ਖਾਣਾ ਅੰਞਾਈ ਨਸ਼ਟ ਦੇ ਕੁੱਝ ਮੁੱਖ ਕਾਰਨਾਂ ਬਾਰੇ ਗੱਲਬਾਤ ਕਰਾਂਗੇ। ਸਭ ਤੋਂ ਪਹਿਲਾਂ ਕਾਰਨ ਫਲ ਅਤੇ ਸਬਜ਼ੀਆਂ ਖ੍ਰੀਦਣ ਅਤੇ ਵੇਚਣ ਵਾਲੀਆਂ ਵੱਡੀਆਂ ਸੁਪਰਮਾਰਕੀਟਾਂ ਵੱਲੋਂ ਫਲਾਂ ਅਤੇ ਸਬਜ਼ੀਆਂ ਦੀ ਦਿੱਖ, ਆਕਾਰ, ਰੰਗ ਆਦਿ ਬਾਰੇ ਸਥਾਪਤ ਕੀਤੇ ਸਖਤ ਮਿਆਰ ਹਨ। ਜਿਹੜੇ ਫਲ ਅਤੇ ਸਬਜ਼ੀਆਂ ਇਨਾਂ ਮਿਆਰਾਂ ਉੱਤੇ ਪੂਰੀਆਂ ਨਹੀਂ ਉਤਰਦੀਆਂ, ਉਨਾਂ ਨੂੰ ਰੱਦ ਕਰ ਕੇ ਰੁਲਣ ਲਈ ਛੱਡ ਦਿੱਤਾ ਜਾਂਦਾ ਹੈ। ਜੋਨਾਥੈਨ ਬਲੂਮ ਆਪਣੀ ਕਿਤਾਬ ਅਮਰੀਕਨ ਵੇਸਟਲੈਂਡ: ਹਾਊ ਅਮਰੀਕਾ ਥਰੋਜ਼ ਅਵੇਅ ਨੀਅਰਲੀ ਆਫ ਔਫ ਇਟਸ ਫੂਡ ਵਿੱਚ ਅਮਰੀਕਾ ਦੇ ਸੂਬੇ ਵਰਜੀਨਿਆ ਵਿੱਚ ਖੀਰਿਆਂ ਦੇ ਇਕ ਫਾਰਮ ਦੇ ਹਵਾਲੇ ਨਾਲ ਦਸਦਾ ਹੈ ਕਿ ਉਸ ਫਾਰਮ ਵਿੱਚ ਪੈਦਾ ਹੋਣ ਵਾਲੇ ਅੱਧੇ ਖੀਰੇ ਤੋੜੇ ਨਹੀਂ ਜਾਂਦੇ ਅਤੇ ਖੇਤਾਂ ਵਿੱਚ ਹੀ ਰਹਿਣ ਦਿੱਤੇ ਜਾਂਦੇ ਹਨ, ਕਿਉਂਕਿ ਉਨਾਂ ਵਿੱਚੋਂ ਕੁੱਝ ਜ਼ਿਆਦਾ ਵਿੰਗੇ ਹੁੰਦੇ ਹਨ, ਜਿਸ ਕਾਰਨ ਉਨਾਂ ਨੂੰ ਬਕਸਿਆਂ ਵਿੱਚ ਪੈਕ ਕਰਨ ਅਤੇ ਸੁਪਰਮਾਰੀਕਟਾਂ ਵਿੱਚ ਟਿਕਾਉਣ ਲਈ ਮੁਸ਼ਕਿਲ ਆਉਂਦੀ ਹੈ। ਕੁੱਝ ਇਸ ਕਰਕੇ ਖੇਤਾਂ ਵਿੱਚ ਰਹਿਣ ਦਿੱਤੇ ਜਾਂਦੇ ਹਨ ਕਿਉਂਕਿ ਉਨਾਂ ਦੇ ਇਕ ਸਿਰੇ 'ਤੇ ਮਿੱਟੀ 'ਚ ਦੱਬੇ ਰਹਿਣ ਕਰਕੇ ਛੋਟਾ ਜਿਹਾ ਚਿੱਟਾ ਦਾਗ ਪੈ ਜਾਂਦਾ ਹੈ। ਇਸ ਨਾਲ ਖਾਣੇ ਵਜੋਂ ਉਨਾਂ ਦੀ ਕੁਆਲਟੀ ਵਿੱਚ ਭਾਵੇਂ ਕੋਈ ਵੱਡਾ ਫਰਕ ਨਹੀਂ ਪੈਂਦਾ ਪਰ ਉਹ ਦੇਖਣ ਨੂੰ ਸੋਹਣੇ ਨਹੀਂ ਲਗਦੇ। ਜਿਹੜੇ ਖੀਰੇ ਖੇਤਾਂ ਵਿੱਚੋਂ ਤੋੜ ਲਏ ਜਾਂਦੇ ਹਨ, ਉਨਾਂ ਨੂੰ ਪੈਕਿੰਗ ਸ਼ੈੱਡ ਵਿੱਚ ਲਿਜਾ ਕੇ ਧੋਇਆ ਜਾਂਦਾ ਹੈ। ਉੱਥੇ ਉਨਾਂ ਦੀ ਇਕ ਵਾਰ ਫਿਰ ਛਾਂਟੀ ਕੀਤੀ ਜਾਂਦੀ ਹੈ ਅਤੇ ਦੇਖਣ ਨੂੰ ਸੋਹਣੇ ਨਾ ਲੱਗਣ ਵਾਲੇ ਖੀਰਿਆਂ ਨੂੰ ਸੁੱਟਣ ਲਈ ਇਕ ਪਾਸੇ ਕਰ ਲਿਆ ਜਾਂਦਾ ਹੈ। ਇਸ ਫਾਰਮ ਦੇ ਮਾਲਕ ਅਨੁਸਾਰ ਪੈਕਿੰਗ ਸ਼ੈੱਡ ਵਿੱਚ ਸੁੱਟਣ ਲਈ ਛਾਂਟੇ ਗਏ ਇਨਾਂ ਖੀਰਿਆਂ ਵਿੱਚੋਂ 75% ਖੀਰੇ ਖਾਣ ਲਈ ਬਿਲਕੁਲ ਸਹੀ ਹੁੰਦੇ ਹਨ ਪਰ ਦੇਖਣ ਨੂੰ ਨਹੀਂ ਜਚਦੇ। ਇਸ ਤੋਂ ਬਾਅਦ ਖੀਰਿਆਂ ਦੀ ਇਕ ਹੋਰ ਛਾਂਟੀ ਹੁੰਦੀ ਹੈ, ਜਿਸ ਦੌਰਾਨ ਉਨਾਂ ਨੂੰ ਆਕਾਰ ਦੇ ਹਿਸਾਬ ਨਾਲ ਛਾਂਟਿਆ ਜਾਂਦਾ ਹੈ। ਜਿਹੜੇ ਖੀਰੇ ਮਿੱਥੇ ਗਏ ਆਕਾਰ ਨਾਲੋਂ ਛੋਟੇ ਹੁੰਦੇ ਹਨ, ਉਨਾਂ ਨੂੰ ਸੁੱਟਣ ਲਈ ਵੱਖ ਕਰ ਲਿਆ ਜਾਂਦਾ ਹੈ। ਇਸ ਫਾਰਮ ਦੇ ਮਾਲਕ ਨੇ ਜੋਨਾਥੈਨ ਬਲੂਮ ਨੂੰ ਦੱਸਿਆ ਕਿ ਖੀਰਿਆਂ ਦੀ ਤੁੜਾਈ ਦੇ ਸੀਜ਼ਨ ਵਿੱਚ ਉਸ ਦੇ ਫਾਰਮ ਵਿੱਚ ਹਰ ਚਾਰ ਜਾਂ ਪੰਜ ਦਿਨਾਂ ਬਾਅਦ ਖੀਰਿਆਂ ਦੀ ਤੁੜਾਈ ਅਤੇ ਛਾਂਟੀ ਹੁੰਦੀ ਹੈ ਅਤੇ ਹਰ ਵਾਰੀ ਦੀ ਛਾਂਟੀ ਦੌਰਾਨ 30 ਤੋਂ 40 ਟਨ ਦੇ ਕਰੀਬ ਖੀਰੇ ਸੁੱਟ ਦਿੱਤੇ ਜਾਂਦੇ ਹਨ। ਖੀਰਿਆਂ ਨੂੰ ਅੰਞਾਈ ਸੁੱਟਣ ਦੀ ਇਹ ਮਾਤਰਾ ਸਿਰਫ ਇਕ ਫਾਰਮ ਦੀ ਹੈ। ਅਮਰੀਕਾ ਵਿੱਚਲੇ ਖੀਰਿਆਂ ਦੇ ਸਾਰੇ ਫਾਰਮਾਂ ਵਿੱਚੋਂ ਕਿੰਨੇ ਖੀਰੇ ਅੰਞਾਈ ਸੁੱਟੇ ਜਾਂਦੇ ਹੋਣਗੇ, ਇਸ ਦਾ ਅੰਦਾਜ਼ਾ ਪਾਠਕ ਖੁਦ ਲਾ ਸਕਦੇ ਹਨ।

ਅਮਰੀਕਾ ਵਿੱਚ ਖਾਣੇ ਦੇ ਅੰਞਾਈ ਨਸ਼ਟ ਹੋਣ ਬਾਰੇ ਨੈਚੁਰਲ ਰੀਸੋਰਸਜ਼ ਡਿਫੈਂਸ ਕਾਊਂਸਲ ਦੀ 2017 ਵਿੱਚ ਛਪੀ ਵੇਸਟਡ: ਹਾਊ ਅਮਰੀਕਾ ਇਜ਼ ਲੂਜ਼ਿੰਗ ਅੱਪ ਟੂ 40 ਪਰਸੈਂਟ ਆਫ ਇਟਸ ਫੂਡ ਫਰੌਮ ਫਾਰਮ ਟੂ ਫੋਰਕ ਟੂ ਲੈਂਡਫਿਲ ਨਾਮੀ ਰਿਪੋਰਟ ਦਸਦੀ ਹੈ ਕਿ ਬਹੁਤੀ ਵਾਰ ਫਲ ਅਤੇ ਸਬਜ਼ੀਆਂ ਆਪਣੇ ਆਕਾਰ, ਰੰਗ, ਭਾਰ, ਦਾਗਾਂ ਅਤੇ ਮਿੱਠੇ ਦੀ ਮਾਤਰਾ ਘੱਟ ਜਾਂ ਵੱਧ ਹੋਣ ਕਰਕੇ ਜਾਂ ਤਾਂ ਖੇਤਾਂ ਵਿੱਚ ਹੀ ਰਹਿਣ ਦਿੱਤੀਆਂ ਜਾਂਦੀਆਂ ਹਨ ਜਾਂ ਪੈਕਿੰਗ ਕਰਨ ਵਾਲੀਆਂ ਥਾਂਵਾਂ 'ਤੇ ਛਾਂਟ ਲਈਆਂ ਜਾਂਦੀਆਂ ਹਨ। ਇਸ ਰਿਪੋਰਟ ਅਨੁਸਾਰ ਅਮਰੀਕਾ ਦੇ ਸੂਬੇ ਮਿਨੀਸੋਟਾ ਵਿੱਚ ਪੈਦਾ ਹੋਣ ਵਾਲੀਆਂ ਸਬਜ਼ੀਆਂ ਅਤੇ ਫਲਾਂ ਵਿੱਚੋਂ ਤਕਰੀਬਨ 20% ਦੇ ਕਰੀਬ ਸਬਜ਼ੀਆਂ ਅਤੇ ਫਲ ਖ੍ਰੀਦਦਾਰਾਂ ਵੱਲੋਂ ਮਿੱਥੇ ਮਿਆਰਾਂ ਮੁਤਾਬਕ ਜਾਂ ਤਾਂ ਆਕਾਰ ਵਿੱਚ ਵੱਡੇ ਹੁੰਦੇ ਹਨ, ਜਾਂ ਛੋਟੇ ਹੁੰਦੇ ਹਨ ਜਾਂ ਹੋਰ ਕਾਰਨਾਂ ਕਰਕੇ ਮਿੱਥੇ ਮਿਆਰਾਂ 'ਤੇ ਪੂਰੇ ਨਹੀਂ ਉਤਰਦੇ। ਅਮਰੀਕਾ ਦੇ ਸੂਬੇ ਕੈਲੇਫੋਰਨੀਆ ਦੀ ਸਥਿਤੀ ਦੱਸਣ ਲਈ ਇਸ ਰਿਪੋਰਟ ਵਿੱਚ ਉੱਥੋਂ ਦੇ ਇਕ ਆੜੂਆਂ ਦੇ ਬਾਗਾਂ ਦੇ ਮਾਲਕ ਫਾਰਮਰ ਦਾ ਹਵਾਲਾ ਦਿੱਤਾ ਗਿਆ। ਇਸ ਫਾਰਮਰ ਅਨੁਸਾਰ ਆੜੂਆਂ ਦੇ ਸੀਜ਼ਨ ਦੌਰਾਨ ਉਸ ਕੋਲ ਹਰ ਹਫਤੇ 2 ਲੱਖ ਪੌਂਡ ਆੜੂ ਰਹਿ ਜਾਂਦੇ ਹਨ, ਜਿਨਾਂ ਨੂੰ ਉਹ ਵੇਚ ਨਹੀਂ ਸਕਦਾ। ਇਹਨਾਂ ਵਿੱਚੋਂ 80% ਆੜੂ ਅਜਿਹੇ ਹੁੰਦੇ ਹਨ, ਜਿਨਾਂ ਦੀ ਖਾਣ ਦੀ ਕੁਆਲਟੀ ਵਿੱਚ ਕੋਈ ਨੁਕਸ ਨਹੀਂ ਹੁੰਦਾ।

ਵੇਸਟ : ਅਨਕਵਰਿੰਗ ਦੀ ਗਲੋਬਲ ਵੇਸਟ ਸਕੈਂਡਲ ਦਾ ਲੇਖਕ ਟ੍ਰਿਸਟਰਮ ਸਟੂਅਰਟ ਇੰਗਲੈਂਡ ਦੀ ਯੌਰਕਸ਼ਾਇਰ ਕਾਉਂਟੀ ਵਿਚਲੇ ਐਮ ਐਂਚ ਪੌਸਕਿਟ ਕੈਰਟਸ ਨਾਂ ਦੇ ਗਾਜਰਾਂ ਦੇ ਫਾਰਮ ਬਾਰੇ ਗੱਲ ਕਰਦਿਆਂ ਦਸਦਾ ਹੈ ਕਿ ਇਹ ਫਾਰਮ ਯੂ. ਕੇ. ਦੀ ਵੱਡੀ ਸੁਪਰਮਾਰਕੀਟ ਆਸਡਾ ਲਈ ਗਾਜਰਾਂ ਦਾ ਵੱਡਾ ਸਪਲਾਇਰ ਹੈ। ਆਪਣੀ ਕਿਤਾਬ ਲਈ ਖੋਜ ਕਰਦਿਆਂ ਜਦੋਂ ਟ੍ਰਿਸਟਰਮ ਸਟੂਅਰਟ ਇਸ ਫਾਰਮ 'ਤੇ ਗਿਆ ਤਾਂ ਉਸ ਨੇ ਇਕ ਪਾਸੇ ਗਾਜਰਾਂ ਦਾ ਵੱਡਾ ਸਾਰਾ ਢੇਰ ਦੇਖਿਆ। ਮਾਲਕ ਨੇ ਟ੍ਰਿਸਟਰਮ ਨੂੰ ਦੱਸਿਆ ਕਿ ਉਹ ਗਾਜਰਾਂ ਸੁਪਰਮਾਰਕੀਟ ਦੇ ਮਿਆਰਾਂ 'ਤੇ ਪੂਰੀਆਂ ਨਾ ਉਤਰਨ ਕਾਰਨ ਰੱਦ ਕਰ ਦਿੱਤੀਆਂ ਗਈਆਂ ਹਨ। ਇਸ ਲਈ ਹੁਣ ਉਹ ਜਾਨਵਰਾਂ ਦੇ ਚਾਰੇ ਦੇ ਤੌਰ 'ਤੇ ਵਰਤੀਆਂ ਜਾਣਗੀਆਂ। ਲੇਖਕ ਨੂੰ ਉਹ ਗਾਜਰਾਂ ਦੇਖਣ ਨੂੰ ਬਿਲਕੁਲ ਠੀਕ ਠਾਕ ਲੱਗੀਆਂ। ਫਿਰ ਉਸ ਨੇ ਉਸ ਢੇਰ ਵਿੱਚੋਂ ਇਕ ਗਾਜਰ ਚੁੱਕ ਕੇ ਖਾਧੀ। ਗਾਜਰ ਖਾਣ ਨੂੰ ਵੀ ਬਿਲਕੁਲ ਠੀਕ ਸੀ, ਸੁਆਦ ਅਤੇ ਰਸ ਨਾਲ ਭਰੀ ਹੋਈ। ਹੈਰਾਨ ਹੁੰਦਿਆਂ ਲੇਖਕ ਨੇ ਮਾਲਕ ਨੂੰ ਉਨਾਂ ਦੇ ਰੱਦ ਹੋਣ ਦਾ ਕਾਰਨ ਪੁੱਛਿਆ ਤਾਂ ਮਾਲਕ ਨੇ ਕਿਹਾ, 'ਉਹ ਥੋੜੀਆਂ ਜਿਹੀਆਂ ਵਿੰਗੀਆਂ ਹਨ, ਪੂਰੀ ਤਰਾਂ ਸਿੱਧੀਆਂ ਨਹੀਂ।' ਫਿਰ ਲੇਖਕ ਨੂੰ ਉੱਥੇ ਕੰਮ ਕਰਦੇ ਇਕ ਕਾਮੇ ਨੇ ਦੱਸਿਆ ਕਿ ਆਸਡਾ ਸੁਪਰਮਾਰਕੀਟ ਸਖਤੀ ਨਾਲ ਇਹ ਮੰਗ ਕਰਦੀ ਹੈ ਕਿ ਸਾਰੀਆਂ ਗਾਜਰਾਂ ਪੂਰੀ ਤਰਾਂ ਸਿੱਧੀਆ ਹੋਣ ਤਾਂ ਜੋ ਗਾਹਕ ਉਨਾਂ ਨੂੰ ਛਿੱਲਣ ਵਾਲੀ ਛੁਰੀ (ਪੀਲਰ) ਨਾਲ ਬਿਨਾਂ ਕਿਸੇ ਰੁਕਾਵਟ ਦੇ ਸੌਖ ਨਾਲ ਛਿੱਲ ਸਕਣ। ਫਾਰਮ ਦੇ ਮਾਲਕ ਅਨੁਸਾਰ ਕੁੱਲ ਮਿਲਾ ਕੇ ਉਸ ਦੀਆਂ 25-30 ਫੀਸਦੀ ਗਾਜਰਾਂ ਰੱਦ ਹੋ ਜਾਂਦੀਆਂ ਹਨ, ਜਿਨਾਂ ਵਿੱਚੋਂ ਅੱਧੀਆਂ ਇਸ ਕਰਕੇ ਰੱਦ ਕਰ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਉਹ ਦੇਖਣ ਨੂੰ ਠੀਕ ਨਹੀਂ ਲਗਦੀਆਂ। ਉਨਾਂ ਦੀ ਸ਼ਕਲ ਜਾਂ ਆਕਾਰ ਠੀਕ ਨਹੀਂ ਹੁੰਦਾ ਜਾਂ ਉਹ ਟੁੱਟੀਆਂ ਹੋਈਆਂ ਹੁੰਦੀਆਂ ਹਨ ਜਾਂ ਉਹ ਪਾਟੀਆਂ ਹੋਈਆਂ ਹੁੰਦੀਆਂ ਹਨ।

ਫਲਾਂ ਅਤੇ ਸਬਜ਼ੀਆਂ ਦੇ ਵੱਡੇ ਖ੍ਰੀਦਦਾਰਾਂ ਵਲੋਂ ਫਲਾਂ ਅਤੇ ਸਬਜ਼ੀਆਂ ਦੇ ਦਿਖ ਬਾਰੇ ਸਥਾਪਤ ਕੀਤੇ ਮਿਆਰ ਇਕੱਲੇ ਵਿਕਸਤ ਦੇਸ਼ਾਂ ਦੇ ਫਾਰਮਰਾਂ ਨੂੰ ਹੀ ਪ੍ਰਭਾਵਿਤ ਨਹੀਂ ਕਰਦੇ ਸਗੋਂ ਇਹ ਅਣਵਿਕਸਤ ਅਤੇ ਵਿਕਾਸ਼ੀਲ ਦੇਸ਼ਾਂ ਵਿਚਲੇ ਫਾਰਮਰਾਂ 'ਤੇ ਵੀ ਅਸਰ ਪਾਉਂਦੇ ਹਨ ਕਿਉਂਕਿ ਇਹ ਫਾਰਮਰ ਫਲਾਂ ਅਤੇ ਸਬਜ਼ੀਆਂ ਦੀ ਵਿਸ਼ਵ ਮੰਡੀ ਨਾਲ ਬੱਝੇ ਹੋਏ ਹਨ। ਇਸ ਸੰਬੰਧ ਵਿੱਚ ਯੂ.ਕੇ. ਸਥਿੱਤ ਸੰਸਥਾ ਫੀਡਬੈਕ ਵੱਲੋਂ ਤਿਆਰ ਕੀਤੀ ਕਾਜ਼ਜ਼ ਆਫ ਫੂਡ ਵੇਸਟ ਇਨ ਇਨਟਰਨੈਸ਼ਨਲ ਸਪਲਾਈ ਚੇਨਜ਼ ਨਾਂ ਦੀ ਇਕ ਰਿਪੋਰਟ ਵਿੱਚੋਂ ਕੁੱਝ ਉਦਾਹਰਨਾਂ ਪੇਸ਼ ਹਨ। ਪੀਰੂ ਤੋਂ ਪੀਲੇ ਗੰਢੇ ਯੂਰਪ ਅਤੇ ਅਮਰੀਕਾ ਦੀਆਂ ਮਾਰਕੀਟਾਂ ਨੂੰ ਨਿਰਯਾਤ ਕੀਤੇ ਜਾਂਦੇ ਹਨ। ਬਹੁਤੀ ਵਾਰੀ ਪੀਰੂ ਦੇ ਫਾਰਮਰਾਂ ਨੂੰ ਛੋਟੇ ਅਕਾਰ ਜਾਂ ਗਲਤ ਸ਼ਕਲ ਵਾਲੇ ਗੰਢੇ, ਖਾਣ ਲਈ ਚੰਗੀ ਕੁਆਲਟੀ ਦੇ ਹੋਣ ਦੇ ਬਾਵਜੂਦ, ਅੰਞਾਈ ਨਸ਼ਟ ਕਰਨੇ ਪੈਂਦੇ ਹਨ ਕਿਉਂਕਿ ਨਿਰਯਾਤ ਮਾਰਕੀਟ ਵਿੱਚ ਉਨਾਂ ਲਈ ਕੋਈ ਮੰਗ ਨਹੀਂ ਹੁੰਦੀ। ਖੇਤਾਂ ਵਿੱਚ ਗੰਢਿਆਂ ਦੇ ਸੜਨ ਕਾਰਨ ਬੀਮਾਰੀ ਜਾਂ ਹਾਨੀਕਾਰਕ ਕੀਟਾਂ ਦੇ ਫੈਲਣ ਤੋਂ ਰੋਕਣ ਲਈ ਇਹ ਖੇਤਾਂ ਜਾਂ ਪੈਕਿੰਗ ਕਰਨ ਵਾਲੀਆਂ ਥਾਂਵਾਂ ਦੇ ਨੇੜਲੇ ਰੇਗਿਸਤਾਨ ਵਿੱਚ ਦੱਬੇ ਜਾਂਦੇ ਹਨ।

ਇਸ ਰਿਪੋਰਟ ਵਿੱਚ ਪੀਰੂ ਤੋਂ ਗੰਢੇ ਨਿਰਯਾਤ ਕਰਨ ਵਾਲੇ ਦੋ ਵਪਾਰੀਆਂ ਨਾਲ ਗੱਲ ਕੀਤੀ ਗਈ ਹੈ। ਉਹ ਦੋਵੇਂ ਦਸਦੇ ਹਨ ਕਿ ਗੰਢਿਆਂ ਦੀ ਦਿਖ ਦੇ ਮਿਆਰਾਂ ਕਾਰਨ ਉਨਾਂ ਨੂੰ ਹਰ ਸਾਲ ਆਪਣੇ ਗੰਢਿਆਂ ਦਾ 8.5% ਹਿੱਸਾ ਅੰਞਾਈ ਨਸ਼ਟ ਕਰਨਾ ਪੈਂਦਾ ਹੈ। ਇਹਨਾਂ ਦੋਹਾਂ ਵਪਾਰੀਆਂ ਵੱਲੋਂ ਇਸ ਤਰਾਂ ਨਸ਼ਟ ਕਰਨ ਵਾਲੇ ਗੰਢਿਆਂ ਦੀ ਸਲਾਨਾ ਮਾਤਰਾ 3570 ਟਨ ਦੇ ਬਰਾਬਰ ਬਣਦੀ ਹੈ। ਜਿਨਾਂ ਸਾਲਾਂ ਵਿੱਚ ਗੰਢਿਆਂ ਦੀ ਵਿਸ਼ਵ ਮੰਡੀ ਵਿੱਚ ਜ਼ਿਆਦਾ ਸਪਲਾਈ ਕਾਰਨ ਮੰਦਾ ਚੱਲ ਰਿਹਾ ਹੋਵੇ ਉਨਾਂ ਸਾਲਾਂ ਦੌਰਾਨ ਅੰਞਾਈ ਨਸ਼ਟ ਕੀਤੇ ਜਾਣ ਵਾਲੇ ਗੰਢਿਆਂ ਦੀ ਮਾਤਰਾ ਉਨਾਂ ਦੇ ਕੁੱਲ ਗੰਢਿਆਂ ਦੀ 60% ਮਾਤਰਾ ਤੱਕ ਪਹੁੰਚ ਜਾਂਦੀ ਹੈ, ਜੋ ਕਿ 25,200 ਟਨ ਦੇ ਬਰਾਬਰ ਬਣਦੀ ਹੈ।



ਇਸ ਹੀ ਰਿਪੋਰਟ ਵਿੱਚ ਸੈਨੇਗਲ ਤੋਂ ਵਿਸ਼ਵ ਮੰਡੀ ਲਈ ਨਿਰਯਾਤ ਕੀਤੇ ਜਾਣ ਵਾਲੇ ਅੰਬਾਂ ਬਾਰੇ ਵੀ ਦੱਸਿਆ ਗਿਆ ਹੈ ਕਿ ਔਸਤ ਰੂਪ ਵਿੱਚ ਸੈਨੇਗਲ ਵਿੱਚ ਪੈਦਾ ਹੋਣ ਵਾਲੇ ਅੰਬਾਂ ਦੇ 80% ਹਿੱਸੇ ਨੂੰ ਉਨਾਂ ਦੀ ਦਿਖ ਦੇ ਆਧਾਰ 'ਤੇ ਯੂਰਪ ਨੂੰ ਨਿਰਯਾਤ ਲਈ ਰੱਦ ਕਰ ਦਿੱਤਾ ਜਾਂਦਾ ਹੈ। ਉਦਾਹਰਨ ਲਈ ਅੰਬਾਂ ਦੀ ਛਿੱਲ 'ਤੇ ਆਈ ਨਿੱਕੀ ਜਿਹੀ ਝਰੀਟ ਅੰਬਾਂ ਦੇ ਰੱਦ ਹੋਣ ਦਾ ਕਾਰਨ ਬਣ ਜਾਂਦੀ ਹੈ ਬੇਸ਼ੱਕ ਇਸ ਝਰੀਟ ਨੂੰ ਦੇਖ ਸਕਣਾ ਗਾਹਕ ਲਈ ਮੁਸ਼ਕਿਲ ਹੀ ਹੋਵੇ। ਕੁੱਝ ਕੇਸਾਂ ਵਿੱਚ ਅੰਬ-ਉਤਪਾਦਕ ਇਹਨਾਂ ਰੱਦ ਕੀਤੇ ਅੰਬਾਂ ਦਾ ਕੁੱਝ ਹਿੱਸਾ ਸੈਨੇਗਲ ਦੀ ਘਰੇਲੂ ਮਾਰਕੀਟ ਵਿੱਚ ਵੇਚਣ ਵਿੱਚ ਕਾਮਯਾਬ ਹੋ ਜਾਂਦੇ ਹਨ, ਪਰ ਕਈ ਕੇਸਾਂ ਵਿੱਚ ਘਰੇਲੂ ਮੰਡੀ ਵਿੱਚ ਅੰਬਾਂ ਦੀ ਪਹਿਲਾਂ ਹੀ ਭਰਮਾਰ ਹੋਣ ਕਾਰਨ ਅੰਬ-ਉਤਪਾਦਕ ਅਜਿਹਾ ਕਰਨ ਵਿੱਚ ਕਾਮਯਾਬ ਨਹੀਂ ਹੁੰਦੇ। ਨਤੀਜੇ ਵਜੋਂ ਇਹ ਅੰਬ ਅੰਞਾਈ ਨਸ਼ਟ ਕਰਨੇ ਪੈਂਦੇ ਹਨ। ਇਸ ਰਿਪੋਰਟ ਵਿੱਚ ਅੰਦਾਜ਼ਾ ਲਾਇਆ ਗਿਆ ਹੈ ਕਿ ਸੈਨੇਗਲ ਵਿੱਚ ਹਰ ਸਾਲ 65% ਅੰਬ ਅੰਞਾਈ ਨਸ਼ਟ ਹੁੰਦੇ ਹਨ, ਜਿਹਨਾਂ ਦੀ ਮਾਤਰਾ 88,000 ਟਨ ਬਣਦੀ ਹੈ। ਇੱਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਖਾਣੇ ਦੀ ਕੁਆਲਟੀ ਦੇ ਹਿਸਾਬ ਨਾਲ ਇਹਨਾਂ ਅੰਬਾਂ ਵਿੱਚ ਕੋਈ ਕਮੀ ਨਹੀਂ ਹੁੰਦੀ, ਬੱਸ ਉਹ ਦੇਖਣ ਨੂੰ ਨਹੀਂ ਭਾਉਂਦੇ। ਇੰਨੀ ਵੱਡੀ ਮਾਤਰਾ ਵਿੱਚ ਬਾਗਾਂ ਵਿੱਚ ਛੱਡ ਦਿੱਤੇ ਗਏ ਫਲ਼ ਅੰਬਾਂ ਨੂੰ ਲੱਗਣ ਵਾਲੀ ਮੱਖੀ (ਫਰੂਟ ਫਲਾਈ) ਦੇ ਫੈਲਣ ਦਾ ਕਾਰਨ ਬਣਦੇ ਹਨ, ਜੋ ਅੰਬਾਂ ਦੇ ਹੋਰ ਨੁਕਸਾਨ ਦਾ ਕਾਰਨ ਬਣਦੀ ਹੈ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਸੁਪਰਮਾਰਕੀਟਾਂ ਫਲਾਂ ਅਤੇ ਸਬਜ਼ੀਆਂ ਦੀ ਦਿਖ ਪੱਖੋਂ 'ਸੰਪੂਰਨ' ਹੋਣ ਦੀ ਮੰਗ ਇਸ ਕਰਕੇ ਕਰਦੀਆਂ ਹਨ, ਕਿਉਂਕਿ ਵਿਕਸਤ ਦੇਸ਼ਾਂ ਦੇ ਪਰਚੂਨ ਪੱਧਰ ਦੇ ਖਪਤਕਾਰ/ਗਾਹਕ ਇਸ ਤਰਾਂ ਦੀ 'ਸੰਪੂਰਨ' ਦਿਖ ਦੀ ਮੰਗ ਕਰਦੇ ਹਨ। ਪਰ ਇਹ ਪੂਰਾ ਸੱਚ ਨਹੀਂ। ਫੀਡਬੈਕ ਦੀ ਉਪਰੋਕਤ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਉਨਾਂ ਦੀ ਖੋਜ ਇਹ ਦਰਸਾਉਂਦੀ ਹੈ ਕਿ ਗ੍ਰੋਸਰੀ (ਪਰਚੂਨ ਵਸਤਾਂ) ਦੇ ਸੈਕਟਰ ਵਿੱਚ ਸੁਪਰਮਾਰਕੀਟਾਂ ਦੇ ਹੱਥਾਂ ਵਿੱਚ ਕੇਂਦਰਿਤ ਹੋਈ ਤਾਕਤ ਇਹ ਨਿਸ਼ਚਿਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ ਕਿ ਕਿਹੜੀ ਫਸਲ ਉਗਾਉਣੀ ਹੈ, ਉਸ ਨੂੰ ਕਦੋਂ ਅਤੇ ਕਿਸ ਤਰਾਂ ਵੱਢਣਾ/ਤੋੜਨਾ/ਚੁੱਕਣਾ ਹੈ ਅਤੇ ਕਿਸ ਤਰਾਂ ਢੋਣਾ ਹੈ। ਸੱਤਾ ਦੇ ਇਸ ਕੇਂਦਰੀਕਰਨ ਕਾਰਨ ਫਲਾਂ ਅਤੇ ਸਬਜ਼ੀਆਂ ਦੀ ਦਿਖ ਬਾਰੇ ਸਖਤ ਮਿਆਰ ਨਿਸ਼ਚਿਤ ਕਰਕੇ ਸੁਪਰਮਾਰਕੀਟਾਂ ਫਲਾਂ ਅਤੇ ਸਬਜ਼ੀਆਂ ਦੇ ਸਪਲਾਈਰਾਂ ਨੂੰ ਫਲਾਂ ਅਤੇ ਸਬਜ਼ੀਆਂ ਨੂੰ ਅੰਞਾਈ ਨਸ਼ਟ ਕਰਨ ਲਈ ਮਜਬੂਰ ਕਰਦੀਆਂ ਹਨ। ਇਸ ਰਿਪੋਰਟ ਅਨੁਸਾਰ ਜਦੋਂ ਕਿਸੇ ਫਲ ਜਾਂ ਸਬਜ਼ੀ ਦੀ ਵਿਸ਼ਵ ਮੰਡੀ ਵਿੱਚ ਥੁੜ ਹੁੰਦੀ ਹੈ ਤਾਂ ਉਸ ਫਲ ਜਾਂ ਸਬਜ਼ੀ ਦੀ ਦਿਖ ਦੇ ਮਿਆਰਾਂ ਨੂੰ ਨਰਮ ਕਰ ਦਿੱਤਾ ਜਾਂਦਾ ਹੈ। ਇਸ ਦੇ ਨਾਲ ਹੀ ਜਦੋਂ ਕਿਸੇ ਫਲ ਜਾਂ ਸਬਜ਼ੀ ਦੀ ਮੰਗ ਘੱਟ ਹੋਵੇ ਤਾਂ ਸੁਪਰਮਾਰਕੀਟਾਂ ਇਨਾਂ ਮਿਆਰਾਂ ਨੂੰ ਖ੍ਰੀਦਣ ਦੇ ਉਨਾਂ ਇਕਰਾਰਨਾਮਿਆਂ ਤੋਂ ਨਿਕਲਣ ਲਈ ਵਰਤਦੀਆਂ ਹਨ, ਜਿਹੜੇ ਉਨਾਂ ਨੇ ਫਾਰਮਰਾਂ ਨਾਲ ਪਹਿਲਾਂ ਕੀਤੇ ਹੋਏ ਹੁੰਦੇ ਹਨ। ਮੰਨ ਲਉ ਕੋਈ ਸੁਪਰਮਾਰਕੀਟ ਚੇਨ ਕਿਸੇ ਇਕ ਫਾਰਮਰ ਜਾਂ ਫਾਰਮਰਾਂ ਦੇ ਗਰੁੱਪ (ਜਿਵੇਂ ਕਿਸੇ ਕੋਅਪ੍ਰੇਟਿਵ) ਨਾਲ ਇਹ ਇਕਰਾਰਨਾਮਾ ਕਰਦੀ ਹੈ ਕਿ ਉਹ ਉਸ/ਉਨਾਂ ਤੋਂ 100 ਟਨ ਫਲ ਲਵੇਗੀ। ਪਰ ਜੇ ਫਲ ਦੇ ਪੱਕ ਕੇ ਮਾਰਕੀਟ ਵਿੱਚ ਆਉਣ ਸਮੇਂ ਮਾਰਕੀਟ ਵਿੱਚ 100 ਟਨ ਦੀ ਮੰਗ ਨਾ ਹੋਵੇ ਸਗੋਂ 50 ਟਨ ਦੀ ਹੀ ਮੰਗ ਹੋਵੇ, ਤਾਂ ਅਜਿਹੀ ਹਾਲਤ ਵਿੱਚ ਸੁਪਰਮਾਰਕੀਟ ਚੇਨ 100 ਟਨ ਖ੍ਰੀਦਣ ਦੀ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋਣ ਲਈ ਫਲਾਂ ਦੀ ਦਿਖ ਦੇ ਇਨਾਂ ਮਿਆਰਾਂ ਦੀ ਸਖਤੀ ਨਾਲ ਵਰਤੋਂ ਕਰਦੀ ਹੈ ਅਤੇ ਫਾਰਮਰਾਂ ਦੀ ਪੈਦਾਵਾਰ ਨੂੰ ਰੱਦ ਕਰ ਦਿੰਦੀ ਹੈ। ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਕੁੱਝ ਹਾਲਤਾਂ ਵਿੱਚ ਫਾਰਮਰ ਇਸ ਤਰਾਂ ਰੱਦ ਕੀਤੇ ਫਲਾਂ ਅਤੇ ਸਬਜ਼ੀਆਂ ਦਾ ਕੁੱਝ ਹਿੱਸਾ ਹੋਰ ਥਾਂਵਾਂ 'ਤੇ ਵੇਚਣ ਵਿੱਚ ਕਾਮਯਾਬ ਹੋ ਜਾਂਦੇ ਹਨ, ਪਰ ਬਹੁਤੇ ਕੇਸਾਂ ਵਿੱਚ ਉਹ ਅਜਿਹਾ ਕਰ ਸਕਣ ਦੇ ਕਾਬਲ ਨਹੀਂ ਹੁੰਦੇ ਕਿਉਂਕਿ ਫਲਾਂ ਅਤੇ ਸਬਜ਼ੀਆਂ ਦੀ ਪਰਚੂਨ ਮਾਰਕਿਟ 'ਤੇ ਸੁਪਰਮਾਰਕੀਟਾਂ ਦਾ ਗਲਬਾ ਹੁੰਦਾ ਹੈ। ਉਦਾਹਰਨ ਲਈ ਬਰਤਾਨੀਆ ਵਿੱਚ ਗ੍ਰੋਸਰੀ ਸਟੋਰਾਂ ਦੀ ਮਾਰੀਕਟ ਦੇ 85% ਹਿੱਸੇ ਨੂੰ ਸੁਪਰਮਾਰਕੀਟਾਂ ਕੰਟਰੋਲ ਕਰਦੀਆਂ ਹਨ ਇਸ ਲਈ ਫਾਰਮਰ ਕੋਲ ਰੱਦ ਕੀਤੇ ਫਲਾਂ ਅਤੇ ਸਬਜ਼ੀਆਂ ਨੂੰ ਖਪਾਉਣ ਲਈ ਕੋਈ ਥਾਂ ਨਹੀਂ ਬਚਦੀ। ਇੱਥੇ ਇਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਜਦੋਂ ਫਲਾਂ ਅਤੇ ਸਬਜ਼ੀਆਂ ਨੂੰ ਦਿਖ ਦੇ ਆਧਾਰ 'ਤੇ ਸੁਪਰਮਾਰਕੀਟਾਂ ਵੱਲੋਂ ਰਦ ਕੀਤਾ ਜਾਂਦਾ ਹੈ, ਤਾਂ ਉਸ ਨਾਲ ਹੋਣ ਵਾਲੇ ਨੁਕਸਾਨ ਲਈ ਸੁਪਰਮਾਰਕੀਟਾਂ ਜ਼ਿੰਮੇਵਾਰ ਨਹੀਂ ਹੁੰਦੀਆਂ, ਸਗੋਂ ਇਹ ਨੁਕਸਾਨ ਫਲ ਅਤੇ ਸਬਜ਼ੀਆਂ ਉਗਾਉਣ ਵਾਲਿਆਂ ਨੂੰ ਉਠਾਉਣਾ ਪੈਂਦਾ ਹੈ। ਇਸ ਕਰਕੇ ਸੁਪਰਮਾਰਕੀਟਾਂ 'ਤੇ ਇਨਾਂ ਫਲਾਂ ਅਤੇ ਸਬਜ਼ੀਆਂ ਨੂੰ ਰੱਦ ਨਾ ਕਰਨ ਲਈ ਪ੍ਰੈਸ਼ਰ ਨਹੀਂ ਹੁੰਦਾ, ਇਸ ਕਰਕੇ ਉਨਾਂ ਲਈ ਫਲਾਂ ਅਤੇ ਸਬਜ਼ੀਆਂ ਦਾ ਇਸ ਤਰਾਂ ਰੱਦ ਹੋਣਾ ਕੋਈ ਵੱਡੇ ਫਿਕਰ ਦਾ ਕਾਰਨ ਨਹੀਂ ਬਣਦਾ।

ਉਪਰਲੀ ਗੱਲਬਾਤ ਵਿੱਚ ਅਸੀਂ ਸੁਪਰਮਾਰਕੀਟਾਂ ਵੱਲੋਂ ਫਲਾਂ ਅਤੇ ਸਬਜ਼ੀਆਂ ਦੀ ਦਿੱਖ ਦੇ ਨਿਸ਼ਚਿਤ ਕੀਤੇ ਮਿਆਰਾਂ ਕਾਰਨ ਸੁਪਰਮਾਰਕੀਟਾਂ ਵਿੱਚ ਪਹੁੰਚਣ ਤੋਂ ਪਹਿਲਾਂ ਖੇਤਾਂ ਵਿੱਚ, ਬਾਗਾਂ ਵਿੱਚ, ਪੈਕਿੰਗ ਕਰਨ ਵਾਲੀਆਂ ਥਾਂਵਾਂ ਆਦਿ ਵਿੱਚ ਫਲਾਂ ਅਤੇ ਸਬਜ਼ੀਆਂ ਦੇ ਅੰਞਾਈ ਨਸ਼ਟ ਹੋਣ ਬਾਰੇ ਗੱਲ ਕੀਤੀ ਹੈ। ਹੁਣ ਅਸੀਂ ਸੁਪਰਮਾਰਕੀਟ ਦੇ ਪੱਧਰ 'ਤੇ ਭਾਵ ਖਾਣੇ ਦੀ ਪਰਚੂਨ ਵਿਕਰੀ ਦੇ ਪੱਧਰ 'ਤੇ ਖਾਣਾ ਅੰਞਾਈ ਨਸ਼ਟ ਹੋਣ ਬਾਰੇ ਗੱਲ ਕਰਾਂਗੇ। ਪਹਿਲਾਂ ਜ਼ਿਕਰ ਵਿੱਚ ਆ ਚੁੱਕੀ ਵੇਸਟਡ: ਹਾਊ ਅਮਰੀਕਾ ਇਜ਼ ਲੂਜ਼ਿੰਗ ਅੱਪ ਟੂ 40 ਪਰਸੈਂਟ ਆਫ ਇਟਸ ਫੂਡ.. ਨਾਮੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਮਰੀਕਾ ਦੇ ਖੇਤੀ ਦੇ ਵਿਭਾਗ (ਯੂ ਐੱਸ ਡਿਪਾਰਟਮੈਂਟ ਆਫ ਐਗਰੀਕਲਚਰ) ਦੇ ਇਕ ਅੰਦਾਜ਼ੇ ਅਨੁਸਾਰ ਸੰਨ 2010 ਵਿੱਚ ਅਮਰੀਕਾ ਵਿੱਚ ਸਟੋਰਾਂ ਦੀ ਪੱਧਰ 'ਤੇ 43 ਅਰਬ (ਬਿਲੀਅਨ) ਪੌਂਡ ਖਾਣਾ ਅੰਞਾਈ ਨਸ਼ਟ ਹੋਇਆ ਸੀ, ਜਿਹੜਾ ਪਰਚੂਨ ਪੱਧਰ ਦੇ ਖਾਣੇ ਦੀ ਕੁੱਲ ਸਪਲਾਈ ਦੇ 10% ਦੇ ਬਰਾਬਰ ਸੀ। ਸਟੋਰ ਪੱਧਰ 'ਤੇ ਅੰਞਾਈ ਨਸ਼ਟ ਹੋਣ ਵਾਲੇ ਖਾਣੇ ਵਿੱਚ ਮੁੱਖ ਕਰਕੇ ਬੇਕ ਕੀਤੀਆਂ (ਪਕਾਈਆਂ ਗਈਆਂ) ਵਸਤਾਂ, ਫਲ ਅਤੇ ਸਬਜ਼ੀਆਂ, ਮੀਟ, ਸਮੁੰਦਰਾਂ ਤੋਂ ਪ੍ਰਾਪਤ ਹੋਣ ਵਾਲਾ ਖਾਣਾ, ਖਾਣ ਲਈ ਤਿਆਰ ਖਾਣਾ (ਰੈਡੀਮੇਡ ਫੂਡ) ਵਰਗੀਆਂ ਚੀਜ਼ਾਂ ਸ਼ਾਮਲ ਸਨ। ਅਮਰੀਕਾ ਦੇ ਖੇਤੀ ਵਿਭਾਗ ਵਲੋਂ 2011-2012 ਵਿੱਚ ਕੀਤੇ ਗਏ ਵਿਸ਼ਲੇਸ਼ਣ ਅਨੁਸਾਰ ਸਟੋਰ ਪੱਧਰ 'ਤੇ ਹਰ ਸਾਲ ਅੰਞਾਈ ਨਸ਼ਟ ਕੀਤੇ ਜਾਣ ਵਾਲੇ ਇਕੱਲੇ ਫਲਾਂ ਅਤੇ ਸਬਜ਼ੀਆਂ ਦੀ ਕੀਮਤ ਹੀ 15.4 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਸੀ। ਇਸ ਹੀ ਮਹਿਕਮੇ ਅਨੁਸਾਰ ਅਮਰੀਕਾ ਵਿੱਚ ਹਰ ਸਾਲ 2.7 ਅਰਬ (ਬਿਲੀਅਨ) ਪੌਂਡ ਮੀਟ, ਪੋਲਟਰੀ ਅਤੇ ਸਮੁੰਦਰਾਂ ਤੋਂ ਪ੍ਰਾਪਤ ਹੋਣ ਵਾਲੇ ਖਾਣੇ (ਸੀਅ ਫੂਡ) ਦੇ 2.7 ਅਰਬ (ਬਿਲੀਅਨ) ਪੌਂਡ ਅੰਞਾਈ ਨਸ਼ਟ ਹੁੰਦੇ ਹਨ।

ਸੰਨ 2009 ਵਿੱਚ ਛਪੀ ਵੇਸਟ: ਅਨਕਵਰਿੰਗ ਦੀ ਗਲੋਬਲ ਵੇਸਟ ਸਕੈਂਡਲ ਵਿੱਚ ਯੂ.ਕੇ. ਦੇ ਵੇਸਟ ਐਂਡ ਰਿਸੋਰਸਜ਼ ਐਕਸ਼ਨ ਪ੍ਰੋਗਰਾਮ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਯੂ ਕੇ ਦੇ ਪਰਚੂਨ ਵਿਕ੍ਰੇਤਾ ਹਰ ਸਾਲ 16 ਲੱਖ (1.6 ਮਿਲੀਅਨ) ਟਨ ਖਾਣਾ ਅੰਞਾਈ ਨਸ਼ਟ ਕਰਦੇ ਹਨ। ਇਸ ਕਿਤਾਬ ਵਿੱਚ ਜ਼ਿਕਰ ਕੀਤੀਆਂ ਗਈਆਂ ਹੋਰ ਰਿਪੋਰਟਾਂ ਅਨੁਸਾਰ ਯੂ.ਕੇ. ਵਿੱਚ ਹਰ ਸਾਲ ਸਾਢੇ ਚਾਰ ਲੱਖ ਟਨ ਤੋਂ ਲੈ ਕੇ 5 ਲੱਖ ਟਨ ਤੱਕ ਖਾਣਾ ਅੰਞਾਈ ਨਸ਼ਟ ਹੁੰਦਾ ਹੈ। 27 ਫਰਵਰੀ 2021 ਨੂੰ ਇੰਗਲੈਂਡ ਤੋਂ ਨਿਕਲਦੇ ਅਖਬਾਰ ਇੰਡੀਪੈਨਡਿੰਟ ਵਿੱਚ ਛਪੀ ਇਕ ਰਿਪੋਰਟ ਅਨੁਸਾਰ ਯੂ ਕੇ ਦੀਆਂ ਵੱਡੀਆਂ ਸੁਪਰਮਾਰਕੀਟਾਂ ਹਰ ਸਾਲ ਜਿੰਨੀ ਮਾਤਰਾ ਵਿੱਚ ਖਾਣਾ ਅੰਞਾਈ ਨਸ਼ਟ ਕਰਦੀਆਂ ਹਨ ਉਨੀ ਮਾਤਰਾ ਨਾਲ 19 ਕਰੋੜ (190 ਮਿਲੀਅਨ) ਲੋਕਾਂ ਨੂੰ ਇਕ ਡੰਗ ਦਾ ਖਾਣਾ ਮੁਹੱਈਆ ਕੀਤਾ ਜਾ ਸਕਦਾ ਹੈ।

(ਚਲਦਾ...)

# ਬ੍ਰਹਿਮੰਡੀ ਪਿਆਰ ਦਾ ਅਹਿਸਾਸ

ਹਰਪ੍ਰੀਤ ਗਰੇਵਾਲ

ਪਿਆਰ ਇਕ ਅਜਿਹਾ ਅਹਿਸਾਸ ਹੈ ਜੋ ਕੌੜੇ ਤੋਂ ਕੌੜੇ ਬੰਦੇ ਦੇ ਦਿਲ ਵਿਚ ਵੀ ਕਿਸੇ ਲਈ ਹੁੰਦਾ ਹੈ। ਪਿਆਰ ਇਕ ਅਜਿਹੀ ਘਟਨਾ ਹੈ ਜੋ ਹਰ ਇਨਸਾਨ ਦੀ ਜ਼ਿੰਦਗੀ 'ਚ ਘਟਦੀ ਹੈ। ਪਿਆਰ ਇਕ ਅਜਿਹਾ ਫੁੱਲ ਹੈ ਇਹ ਜਿਥੇ ਖਿਲੇਗਾ ਉਥੇ ਕੰਢਿਆਂ ਨਾਲ ਦਰਦ ਵੀ ਦੇਵੇਗਾ। ਪਿਆਰ ਸੋਚ ਸਮਝ ਕੇ ਕਦੇ ਵੀ ਨਹੀਂ ਕੀਤਾ ਜਾਂਦਾ। ਇਸ ਬ੍ਰਹਿਮੰਡ ਵਿਚ ਹਰ ਸੂਖਮ ਨੂੰ ਪਿਆਰ ਹੈ, ਕੁਦਰਤ ਪਿਆਰ ਦੀ ਸਭ ਤੋਂ ਵੱਡੀ ਮਿਸਾਲ ਹੈ ਜੋ ਕਿਸੇ ਜਾਨਵਰ ਕਿਸੇ ਪੰਛੀ ਕਿਸੇ ਇਨਸਾਨ ਜਾਂ ਹੋਰ ਕਿਸੇ ਵੀ ਜੀਵਾਂ ਵਿਚ ਕਿਸੇ ਵੀ ਆਧਾਰ ਦਾ ਭੇਦ-ਭਾਵ ਨਹੀਂ ਕਰਦੀ, ਬਲਕਿ ਬਿਨਾਂ ਕਿਸੇ ਭੇਦ ਭਾਵ ਦੇ ਸਭ ਨੂੰ ਇਕ ਸਮਾਨ ਵੰਡਦੀ ਹੈ ।

ਕੁਦਰਤ ਬਹੁਤ ਜਲਦ ਤਰਸ ਕਰਦੀ ਹੈ, ਇਸਦਾ ਸਬਰ ਵੀ ਸਭ ਤੋਂ ਵੱਡਾ ਹੈ, ਇਹ ਕ੍ਰੋਧਿਤ ਬਹੁਤ ਦੇਰ ਪਿਛੋਂ ਹੁੰਦੀ ਹੈ, ਕੋਈ ਹੋਰ ਮੌਕਾ ਦੇਵੇ ਜਾਂ ਨਾਂ ਪਰ ਕੁਦਰਤ ਮੌਕਾ ਨਹੀਂ ਮੋਕੇ ਦਿੰਦੀ ਹੈ ।

ਮੇਰੇ ਮੁਤਾਬਿਕ ਪਿਆਰ ਉਹ ਕਸ਼ਿਸ਼, ਉਹ ਪੂਜਾ ਹੈ ਜੋ ਸਾਨੂੰ ਕਿਸੇ ਦੀ ਕਰਨੀ ਚਾਹੀਦੀ ਹੈ, ਇਸ ਪੂਜਾ ਵਿਚ ਆਪ ਭਗਤ ਤੇ ਸਾਹਮਣੇ ਵਾਲਾ ਭਗਵਾਨ ਹੋ ਜਾਂਦਾ ਹੈ। ਪਿਆਰ ਕਰੋ ਪਰ ਪਿਆਰ ਬਦਲੇ ਪਿਆਰ ਪਾਉਣ ਦੀ ਇਛਾ ਕਦੇ ਨਾ ਰਖੋ । ਪਿਆਰ ਉਹੀ ਹੁੰਦਾ ਹੈ ਜਿਸ ਵਿਚ ਆਪਾਂ ਕਿਸੇ ਦਾ ਦਿਲੋਂ ਸਤਿਕਾਰ ਸਭ ਤੋਂ ਪਹਿਲਾਂ ਕਰਦੇ ਹਾਂ, ਉਹਨੂੰ ਚਾਹ ਕੇ ਵੀ ਮਾੜਾ ਨਹੀਂ ਬੋਲ ਸਕਦੇ ਜਿਸਨੂੰ ਪਿਆਰ ਕਰਦੇ ਹਾਂ।

ਪਿਆਰ ਇਕਤਰਫ਼ਾ ਵੀ ਹੁੰਦਾ ਹੈ ਤੇ ਪਿਆਰ ਦੋ ਤਰਫ਼ਾ ਵੀ ਹੁੰਦਾ ਹੈ। ਦੋ ਤਰਫ਼ਾ ਪਿਆਰ ਮਿਲ ਜਾਵੇ ਤਾਂ ਇਸਤੋਂ ਵੱਡੀ ਖੁਸ਼ੀ ਕੋਈ ਜਾਪਦੀ ਹੀ ਨਹੀਂ। ਪਰ ਪਿਆਰ ਇਕਤਰਫ਼ਾ ਹੋਵੇ ਤਾਂ ਕੁਦਰਤ ਵੀ ਇਸ ਦਿਲ ਦੇ ਦਰਦ ਨੂੰ ਦੇਖ ਕੇ ਕੁਰਲਾ ਉਠਦੀ ਹੈ । ਇਕਤਰਫ਼ਾ ਪਿਆਰ ਰੱਖਣਾ ਜਾਂ ਪ੍ਰਾਪਤ ਹੋਣਾ ਕੋਈ ਬਦਕਿਸਮਤੀ ਨਹੀਂ, ਇਹ ਤਾਂ ਤਪੱਸਿਆ ਹੁੰਦੀ ਹੈ, ਇਕ ਜਨਮ ਵਿਚ ਉਸ ਸ਼ਖਸ ਨੂੰ ਆਖਰੀ ਸਾਹ ਤੱਕ ਰਬ ਵਾਂਗ ਦਿਲ ਵਿਚ ਪੂਜਣਾ ਤੇ ਯਾਦ ਕਰ ਰੋਣਾ ਤੇ ਦੁਨੀਆਂ ਤੋਂ ਕੀ ਆਪਣੇ ਪਰਛਾਵੇਂ ਤੱਕ ਤੋਂ ਪਰਦਾ ਕਰ ਲੈਣਾ। ਇਕਤਰਫ਼ਾ ਪਿਆਰ ਤਪੱਸਿਆ ਇਸ ਲਈ ਹੈ ਕਿਉਂਕਿ ਇਕ ਸ਼ਖ਼ਸ ਦੁਸਰੇ ਨੂੰ ਕਿਸੇ ਮਦਬੂਰੀ ਕਰਕੇ ਤੜਫ਼ ਨਹੀਂ ਦੇਣੀ ਚਾਹੁੰਦਾ, ਚਾਹੇ ਇਸ ਲਈ ਉਸਨੂੰ ਖੁਦ ਨੂੰ ਹੀ ਕਿਉਂ ਨਾ ਉਮਰ ਭਰ ਲਈ ਤੜਫ਼ਣਾ ਪੈ ਜਾਵੇ। ਉਹ ਇਸ ਸਿਲਸਿਲੇ ਦੇ ਅੰਤਰਗਤ ਅਗਲੇ ਜਨਮ ਵਿਚ ਉਸਦੇ ਮੇਲ ਨੂੰ ਪ੍ਰਾਪਤ ਕਰਨ ਦੀ ਆਸ ਰਖਦਾ ਹੋਇਆ ਇਹ ਤਪੱਸਿਆ ਹਰ ਸਾਹ ਦੇ ਨਾਲ ਜੀਵਨ ਦੀ ਹਰ ਘੜੀ ਵਿਚ ਕਰਦਾ ਜਾਂਦਾ ਹੈ ।



ਕਲਮਾਂ ਦੇ ਜਜ਼ਬਾਤ

ਪਿਆਰ ਵਿਚ ਜੇ ਸਾਥੀ ਧੋਖਾ ਕਰਦਾ ਹੈ ਤਾਂ ਉਸਨੂੰ ਮਾੜੇ ਬੋਲ ਨਹੀਂ ਕਹਿਣੇ ਚਾਹੀਦੇ, ਨਾ ਹੀ ਉਸਤੇ ਕ੍ਰੋਧਿਤ ਹੋਣਾ ਚਾਹੀਦਾ ਹੈ। ਜ਼ਰੂਰੀ ਤਾਂ ਨਹੀਂ ਜਿਸਨੂੰ ਤੁਸੀਂ ਪਿਆਰ ਕਰਦੇ ਹੋ ਉਹ ਤੁਹਾਨੂੰ ਹੀ ਪਿਆਰ ਕਰੇ, ਜ਼ਰੂਰੀ ਨਹੀਂ ਕਿ ਜਿਸਨੂੰ ਤੁਸੀਂ ਪਿਆਰ ਕਰਦੇ ਹੋ ਉਹ ਤੁਹਾਡੀ ਮਰਜੀ ਮੁਤਾਬਿਕ ਚੱਲੇ, ਜ਼ਰੂਰੀ ਤਾਂ ਨਹੀਂ ਕਿ ਉਹ ਹਮੇਸ਼ਾ ਹੀ ਧੋਖਾ ਕਰਦਾ ਰਹੇ, ਜ਼ਰੂਰੀ ਤਾਂ ਨਹੀਂ ਕਿ ਉਹ ਤੁਹਾਡੇ ਪਿਆਰ ਤੇ ਅੰਨੇ ਵਿਸ਼ਵਾਸ ਦਾ ਚੀਰ-ਹਰਣ ਕਰ ਦਏ, ਜ਼ਰੂਰੀ ਤਾਂ ਨਹੀਂ ਕਿ ਉਹ ਗਲਤ ਹੋਵੇ । ਉਹ ਨਾਦਾਨ ਹੋ ਸਕਦੈ, ਉਹ ਲਾਪ੍ਰਵਾਹ ਹੋ ਸਕਦੈ, ਉਹਦਾ ਅੰਦਰੂਨ ਸੁੱਤਾ ਹੋ ਸਕਦੈ, ਦਿਸ਼ਾ ਨਾ ਸਹੀ ਉਸਦੀ ਦਸ਼ਾ ਸਹੀ ਹੋ ਸਕਦੀ ਹੈ, ਉਹ ਤੁਹਾਨੂੰ ਸਮਝਦਾ ਤੇ ਕਿਸੇ ਹੋਰ ਨੂੰ ਚਾਹੁੰਦਾ ਹੋ ਸਕਦੈ। ਜੇਕਰ ਅਜਿਹਾ ਸਾਥੀ ਜੀਵਨ ਸਾਥੀ ਬਣਦਾ ਹੈ ਤਾਂ ਉਹ ਗਲਤ ਜੀਵਨ ਸਾਥੀ ਨਹੀਂ, ਜੇਕਰ ਤੁਸੀਂ ਸੱਚਾ ਪਿਆਰ ਕਰਦੇ ਹੋ ਤਾਂ ਆਪਣੇ ਪਿਆਰ ਦੀ ਹਿੱਕ ਥਾਪੜ ਕੇ ਆਪਣੇ ਆਪ ਨਾਲ ਚੁਣੌਤੀ ਲੜੋ, ਉਸ ਸਾਥੀ ਨੂੰ ਤੁਸੀਂ ਪਿਆਰ ਕਰਦੇ ਹੋ ਤੇ ਪਿਆਰ ਦਿਨ-ਬ-ਦਿਨ ਵਧੇਗਾ, ਘਟੇਗਾ ਨਹੀਂ ਪਰ ਤੁਸੀਂ ਉਸਦੀਆਂ ਗਲਤੀਆਂ ਨੂੰ ਨੰਗਾ ਕਰਨ ਦੀ ਬਜਾਏ ਉਸ 'ਤੇ ਪਰਦਾ ਪਾ ਕੇ ਆਪਣੇ ਪਿਆਰ ਦੀ ਇੱਜਤ ਢੱਕ ਕੇ ਉਸਤੇ ਵਿਸ਼ਵਾਸ ਰੱਖੋ ਕਿ ਉਹ ਇਕ ਦਿਨ ਤੁਹਾਡੇ ਇਸ਼ਕ ਦੇ ਵਿਹੜੇ ਜ਼ਰੂਰ ਆਵੇਗਾ, ਸਿਰਫ਼ ਤੁਹਾਡੀ ਖਾਤਿਰ।

ਕਿਸੇ ਨੂੰ ਪਿਆਰ ਕਰੋ ਤਾਂ ਏਦਾਂ ਜਿਵੇਂ ਇਕ ਮਾਂ ਆਪਣੇ ਬੱਚੇ ਨੂੰ ਕਰਦੀ ਹੈ। ਉਸਦੀ ਹਰ ਗਲਤੀ ਹਰ ਗੁਨਾਹ ਲੁਕੋਂਦੀ ਹੈ, ਇਥੋਂ ਤੱਕ ਕਿ ਆਪਣੇ ਬੱਚੇ ਤੱਕ ਨੂੰ ਅਹਿਸਾਸ ਨਹੀਂ ਹੋਣ ਦਿੰਦੀ ਕਿ ਉਸਨੂੰ ਕੁਝ ਪਤਾ ਚਲਿਆ ਹੈ ਜਾਂ ਕਦੇ ਕੁਝ ਹੋਇਆ ਵੀ ਸੀ। ਮਾਂ ਬੱਚੇ ਬਿਨਾਂ ਨਹੀਂ ਰਹਿ ਸਕਦੀ, ਬੱਚਾ ਮਾਂ ਬਿਨਾਂ ਰਹਿ ਲੈਂਦਾ ਹੈ, ਬੱਚੇ ਨੂੰ ਜਿਹੜਾ ਸੰਭਾਲੇ ਉਸਦੇ ਲਈ ਉਹੀ ਮਾਂ।

# ਜ਼ਮੀਨੀ ਹਿੱਸੇ ਦੀਆਂ ਹਕੀਕਤਾਂ

ਹਰਪ੍ਰੀਤ ਬਰਾੜ ਸਿੱਧੂ

ਉਹ ਢਿੱਲਾ ਜਿਹਾ ਮੂੰਹ ਲੈ ਕੇ ਕਚਹਿਰੀ ਵੜਿਆ। ਕਿੰਨੇ ਹੀ ਕਮਰੇ ਅਤੇ ਅਣਗਿਣਤ ਵਕੀਲ, ਕਿਸ ਕੋਲ ਜਾਵੇ। ਅੰਤ ਇੱਕ ਵੱਡੀ ਉਮਰ ਦੇ ਸਰਦਾਰ ਵਕੀਲ ਨੂੰ ਦੇਖ ਕੇ ਉੱਧਰ ਤੁਰ ਪਿਆ।

'ਕੀ ਮਾਮਲਾ ਹੈ ?' ਵਕੀਲ ਨੇ ਉਸਨੂੰ ਬਿਠਾ ਕੇ ਪੁੱਛਿਆ।

'ਭੈਣ ਜ਼ਮੀਨ ਵਿੱਚੋਂ ਆਵਦਾ ਹਿੱਸਾ ਮੰਗਦੀ ਹੈ', ਉਸਨੇ ਨਜ਼ਰਾਂ ਝੁਕਾ ਕੇ ਕਿਹਾ।

ਵਕੀਲ ਨੇ ਵੀ ਦੁਨੀਆ ਦੇਖੀ ਹੋਈ ਸੀ। ਬਹੁਤ ਸੁਲਝਿਆ ਇਨਸਾਨ ਸੀ। ਉਸ ਬਾਰੇ ਮਸ਼ਹੂਰ ਸੀ ਕਿ ਬਹੁਤੇ ਕੇਸ ਤਾਂ ਉਹ ਆਵਦੇ ਕਮਰੇ ਵਿੱਚ ਹੀ ਨਿਬੇੜ ਦਿੰਦਾ ਸੀ।

'ਕੋਈ ਗੱਲ ਤਾਂ ਕਾਕਾ ਹੋਈ ਹਊ', ਵਕੀਲ ਨੇ ਫੇਰ ਪੁੱਛਿਆ ਪਰ ਉਹ ਚੁੱਪ ਰਿਹਾ।

'ਚੱਲ ਪਰਸੋਂ ਆਵਦੀ ਭੈਣ ਨੂੰ ਲੈ ਕੇ ਆ ਜਾਵੀਂ। ਕਹਿ ਦੇਵੀਂ ਕਿ ਵਕੀਲ ਨੇ ਸੱਦਿਆ।

ਮਿੱਥੇ ਦਿਨ ਉੱਤੇ ਦੋਵੇਂ ਭੈਣ ਭਰਾ ਵਕੀਲ ਦੇ ਦਫਤਰ ਪਹੁੰਚ ਗਏ। ਉਸਦਾ ਭਾਈਆ ਤਾਂ ਉਸਦੀ ਭੈਣ ਨੂੰ ਛੱਡ ਕੇ ਹੀ ਮੁੜ ਗਿਆ। ਨਰਾਜ਼ ਤਾਂ ਭੈਣ ਹੀ ਸੀ। ਵਕੀਲ ਦੋਵਾਂ ਨੂੰ ਦਫਤਰ ਵਿੱਚ ਬਿਠਾ ਆਪ ਕਿਸੇ ਕੰਮ ਬਾਹਰ ਚਲਾ ਗਿਆ। ਕਮਰੇ ਵਿੱਚ ਦੋਵੇਂ ਆਹਮਣੇ ਸਾਹਮਣੇ ਬੈਠੇ ਸਨ ਪਰ ਕੋਈ ਵੀ ਇੱਕ ਦੂਜੇ ਵੱਲ ਦੇਖ ਨਹੀਂ ਰਿਹਾ ਸੀ। ਕਿੰਨੀ ਅਜੀਬ ਗੱਲ ਸੀ ਕਿ ਇੱਕ ਕੁੱਖੋਂ ਪੈਦਾ ਹੋਏ, ਇੱਕ ਥਾਂ 'ਤੇ ਵੱਡੇ ਹੋਏ, ਇਕੱਠੇ ਖਾਣ-ਪੀਣ, ਸੌਣ, ਖੇਡਣ ਵਾਲੇ ਇੱਕ ਕਮਰੇ ਵਿੱਚ ਓਪਰਿਆਂ ਵਾਂਗ ਬੈਠੇ ਸਨ। ਚਾਹ ਵਾਲਾ ਮੁੰਡਾ ਆ ਕੇ



ਹਰਫਾਂ ਦੇ ਨੂਰ

ਚਾਹ ਰੱਖ ਗਿਆ ਸੀ ਪਰ ਦੋਵੇਂ ਉਵੇਂ ਹੀ ਬੈਠੇ ਸਨ।

ਭੈਣ ਦੇ ਦਿਮਾਗ ਵਿੱਚ ਸੋਚਾਂ ਦੀ ਲੜੀ ਚੱਲ ਰਹੀ ਸੀ। ਚਾਰ ਕੁ ਸਾਲ ਦੀ ਸੀ ਜਦੋਂ ਛੋਟਾ ਹੋਇਆ ਸੀ। ਕਿੰਨਾ ਚਾਅ ਚੜਿਆ ਸੀ ਉਸਨੂੰ, ਭੱਜ ਭੱਜ ਆਂਢ-ਗੁਆਂਢ ਦੱਸ ਕੇ ਆਈ ਸੀ। ਵੀਰ ਕੀ ਉਸਨੂੰ ਤਾਂ ਕੋਈ ਖਿਡੌਣਾ ਮਿਲ ਗਿਆ ਸੀ। ਸਾਰਾ ਦਿਨ ਉਸਦਾ ਭੋਰਾ ਵਿਸਾਹ ਨਾ ਕਰਦੀ। ਇੱਕ ਵਾਰ ਜਦੋਂ ਛੋਟੇ ਨੂੰ ਤਾਪ ਚੜ ਗਿਆ ਸੀ ਤਾਂ ਦੋ ਦਿਨ ਰੋਟੀ ਉਸਨੇ ਵੀ ਨਾ ਖਾਧੀ ਸੀ। ਉਹ ਵੀ ਤਾਂ ਉਸਦਾ ਕਿੰਨਾ ਕਰਦਾ ਸੀ ਜਦੋਂ ਛੁੱਟੀਆਂ ਵਿੱਚ ਉਹ ਨਾਨਕੇ ਚਲੀ ਗਈ ਸੀ ਤਾਂ ਸਾਰਾ ਦਿਨ ਰੋਂਦਾ ਰਿਹਾ ਸੀ, ਫੇਰ ਮਾਂ ਉਸਨੂੰ ਲੈ ਕੇ ਆਈ ਤਾਂ ਉਹ ਚੁੱਪ ਕੀਤਾ। ਜਦੋਂ ਉਸਦਾ ਵਿਆਹ ਵੀ ਕਰਨਾ ਸੀ ਤਾਂ ਛੋਟੇ ਦੀ ਇੱਕ ਹੀ ਸ਼ਰਤ ਸੀ ਕਿ ਦੱਸ-ਬਾਰਾਂ ਕਿਲੋਮੀਟਰ ਦੇ ਘੇਰੇ ਵਿੱਚ ਹੀ ਵਿਆਹ ਕਰਨਾ, ਮੈਂ ਆਵਦੀ ਭੈਣ ਦੂਰ ਨਹੀਂ ਭੇਜ ਸਕਦਾ ਤੇ ਫੇਰ ਉਸਦੇ ਵਿਆਹ ਵੇਲੇ ਉੱਚੀ ਉੱਚੀ ਰੋਇਆ ਸੀ, ਬਰਾਤ ਵਾਲੇ ਵੀ ਰੋਣ ਲਗਾ ਦਿੱਤੇ ਸਨ। ਹਰ ਸ਼ਨੀਵਾਰ ਕਾਲਜ ਤੋਂ ਸਿੱਧਾ ਉਸ ਕੋਲ ਹੀ ਚਲਾ ਜਾਂਦਾ ਸੀ। ਜੇ ਪੰਦਰਾਂ ਦਿਨ ਵੀ ਭੈਣ ਨੂੰ ਨਾ ਮਿਲਦਾ ਤਾਂ ਓਦਰ ਜਾਂਦਾ ਸੀ। ਫੇਰ ਜਦੋਂ ਹਰਕੀਰਤ ਹੋਇਆ ਸੀ ਤਾਂ ਉਸਨੂੰ ਚੁੱਕ ਕੇ ਸਾਰਾ ਸਾਰਾ ਦਿਨ ਖਿਡਾਉਂਦਾ ਰਹਿੰਦਾ। ਆਵਦੀ ਜਾਨ ਤੋਂ ਵੀ ਵੱਧ ਮੋਹ ਕਰਦਾ ਹਰਕੀਰਤ ਦਾ। ਫੇਰ ਚੰਦਰਾ ਹੁਣ ਅਜਿਹਾ ਕੀ ਹੋ ਗਿਆ ਕਿ ਉਸੇ ਭਾਣਜੇ ਦੇ ਬਾਹਰ ਭੇਜਣ ਨੂੰ ਪੈਸੇ ਮੰਗੇ ਸਨ ਅਤੇ ਇਹਨੇ ਇਨਕਾਰ ਕਰ ਦਿੱਤਾ। ਚੱਲ ਜੇ ਨਾ ਹੋਣ ਤਾਂ ਗੱਲ ਵੱਖਰੀ ਹੈ ਪਰ ਘਰੇ ਪਏ ਪੈਸਿਆਂ ਤੋਂ ਨਾਂਹ ਕਰ ਦੇਣਾ, ਇਹ ਕਿਹੜੀ ਗੱਲ ਹੋਈ। ਇਹਦੇ ਕਰਕੇ ਸਾਨੂੰ ਸ਼ਰੀਕਾਂ ਮੂਹਰੇ ਹੱਥ ਅੱਡਣੇ ਪਏ ਅਤੇ ਸਹੁਰਿਆਂ ਅੱਗੇ ਹੇਠੀ ਅੱਡ ਹੋਈ। ਜੇ ਕਿਤੇ ਪਿਛਲਾ ਏਜੰਟ ਪੈਸੇ ਨਾ ਮਾਰਦਾ ਅਤੇ ਜੇ ਕਿਤੇ ਫਸਲ ਤੇ ਕਰੋਪੀ ਨਾ ਆਉਂਦੀ ਤਾਂ ਸਾਨੂੰ ਵੀ ਕੀ ਲੋੜ ਪਈ ਸੀ ਹੱਥ ਅੱਡਣ ਦੀ।

ਉਧਰ ਉਸਦੀ ਸੋਚਾਂ ਵਾਲੀ ਸੂਈ ਵੀ ਹਿਸਾਬ ਕਿਤਾਬ ਵਿੱਚ ਹੀ ਅਟਕੀ ਪਈ ਸੀ। ਮੈਨੂੰ ਵੀ ਤਾਂ ਪੈਸਿਆਂ ਦੀ ਲੋੜ ਸੀ। ਵੱਡੀ ਕੁੜੀ ਦਾ ਦਾਖਲਾ ਕਾਲਜ ਵਿੱਚ ਕਰਾਉਣਾ, ਸਾਰੇ ਛੇ ਤਾਂ ਮਹੀਨੇ ਰਹਿ ਗਏ। ਪਰ ਜੇ ਕਿਤੇ ਤਾਈ ਮੇਰੇ ਕੰਨ ਨਾ ਭਰਦੀ ਤਾਂ ਇਹ ਨੌਬਤ ਨਹੀਂ ਆਉਣੀ ਸੀ। ਮੈਂ ਕਾਹਨੂੰ ਨਾਂਹ ਕਰਨੀ ਸੀ, ਹਰਕੀਰਤ ਕੋਈ ਓਪਰਾ ਥੋੜੀ ਆ ਅਤੇ ਉਸਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਸਨੇ ਅੱਖ ਬਚਾ ਕੇ ਕਮੀਜ਼ ਦੇ ਕਫ਼ਾਂ ਨਾਲ ਹੰਝੂ ਪੂੰਝ ਲਏ। ਸ਼ਾਇਦ ਭੈਣ ਨੇ ਦੇਖ ਲਿਆ ਸੀ ਪਰ ਅਣਦੇਖਿਆ ਕਰ ਗਈ। ਚਾਹ ਉਵੇਂ ਗਿਲਾਸਾਂ ਵਿੱਚ ਪਈ ਠੰਡੀ ਹੋ ਰਹੀ ਸੀ। ਕਮਰੇ ਵਿੱਚ ਕਬਰਾਂ ਜਿਹੀ ਚੁੱਪ ਛਾਈ ਸੀ। ਅੰਤ ਉਸਨੇ ਹੌਂਸਲਾ ਕਰ ਕੇ ਚੁੱਪ ਨੂੰ ਤੋੜਿਆ, 'ਭੈਣੇ ਚਾਹ ਪੀ ਲਾ'।

ਬੱਸ ਇਨਾਂ ਸ਼ਬਦਾਂ ਨੇ ਹੀ ਭੈਣ ਨੂੰ ਵੀ ਪਤਲਿਆਂ ਪਾ ਦਿੱਤਾ। ਦੋਵਾਂ ਦੀਆਂ ਅੱਖਾਂ ਵਿੱਚੋਂ ਪਰਲ ਪਰਲ ਹੰਝੂ ਵੱਗਣ ਲੱਗੇ। ਭੈਣ ਦਾ ਗੁੱਸਾ ਅਤੇ ਉਸਦਾ ਪਛਤਾਵਾ ਸਭ ਵਹਿ ਗਏ। ਦੋਵੇਂ ਚਾਹ ਪੀ ਕੇ ਬਿਨਾ ਵਕੀਲ ਨੂੰ ਉਡੀਕੇ ਇਕੱਠੇ ਘਰ ਚਲੇ ਗਏ।


Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us




## ਪਾਠਕਾਂ ਦਾ ਨਜ਼ਰੀਆ

### ਬਾਦਲ ਦੀ ਪਰਿਵਾਰ ਪ੍ਰਸਤੀ ਨੇ ਅਕਾਲੀ ਦਲ ਦਾ ਭੋਗ ਪਾ ਦਿੱਤਾ ਹੈ

ਸ਼੍ਰੋਮਣੀ ਅਕਾਲੀ ਦਲ ਦੀ ਰੂਹ ਪੰਥ ਅਤੇ ਕਿਸਾਨੀ ਵਿੱਚ ਵਸਦੀ ਹੈ, ਸ਼੍ਰੋਮਣੀ ਅਕਾਲੀ ਦਲ ਦਾ ਸੰਘਰਸ਼ ਅਤੇ ਪ੍ਰਾਪਤੀਆਂ ਤੇ ਹਰ ਪੰਜਾਬੀ ਮਾਣ ਮਹਿਸੂਸ ਕਰਦਾ ਹੈ। ਪ੍ਰੰਤੂ ਜਦੋਂ ਦਾ ਸ਼੍ਰੋਮਣੀ ਅਕਾਲੀ ਦਲ 'ਬਾਦਲ ਦਲ' ਬਣਿਆ ਹੈ ਉਦੋਂ ਤੋਂ ਅਕਾਲੀ ਸਿਆਸਤ ਦਾ ਪਰਿਵਾਰੀਕਰਨ, ਵਪਾਰੀਕਰਨ, ਕਾਂਗਰਸੀਕਰਨ ਅਤੇ ਅਪਰਾਧੀਕਰਨ ਹੋਣਾ ਸ਼ੁਰੂ ਹੋ ਗਿਆ ਸੀ। ਪੰਥ ਅਤੇ ਪੰਜਾਬ ਦੀ ਖਾਤਿਰ ਮਰ ਮਿਟਣ ਦਾ ਅਕਾਲੀ ਜਜ਼ਬਾ ਕੇਵਲ ਰਾਜਸੱਤਾ ਦੇ ਸੁੱਖ ਮਾਨਣ ਤੱਕ ਸੀਮਤ ਹੋ ਕੇ ਰਹਿ ਗਿਆ।

ਬਾਦਲ ਦਲ ਨੇ 2007 ਤੋਂ 2017 ਤੱਕ ਲਗਾਤਾਰ 10 ਸਾਲ ਪੰਜਾਬ ਵਿੱਚ ਰਾਜ ਕੀਤਾ ਹੈ ਇਸ ਦੌਰਾਨ ਅਕਾਲੀ ਦਲ ਵਿੱਚ ਪਰਿਵਾਰਵਾਦ ਭਾਰੂ ਹੋਇਆ, ਜੇ ਸਰਕਾਰ ਬਣੀ ਤਾਂ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ 'ਬਾਦਲ', ਉੱਪ ਮੁੱਖ ਮੰਤਰੀ ਸੁਖਬੀਰ ਬਾਦਲ, ਬਿਕਰਮ ਮਜੀਠੀਆ ਮੰਤਰੀ ਤੇ ਬਾਦਲ ਸਾਹਿਬ ਦੇ ਜਵਾਈ ਆਦੇਸ਼ਪ੍ਰਤਾਪ ਸਿੰਘ ਕੈਰੋਂ ਮੰਤਰੀ ਆਦਿ ਰਿਸ਼ਤੇਦਾਰਾਂ ਨੇ ਵੰਡੀਆਂ ਪਾ ਲਈਆਂ ਅਤੇ ਕੁੱਝ ਹਿੱਸਾ ਆਪਣੇ ਚਾਪਲੂਸਾਂ ਲਈ ਛੱਡ ਦਿੱਤਾ, ਪੰਥਕ ਅਕਾਲੀਆਂ ਨੂੰ ਨੇੜੇ ਵੀ ਨਾ ਫੜਕਣ ਦਿੱਤਾ ਅਤੇ ਅਕਾਲੀ ਦਲ ਦੇ ਅਹੁਦਿਆਂ ਉੱਤੇ ਵੀ ਆਪਣੇ ਪਰਿਵਾਰ ਦਾ ਹੀ ਕੰਟਰੋਲ ਸਥਾਪਿਤ ਕੀਤਾ ਗਿਆ। ਅਕਾਲੀ ਦਲ ਦਾ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਵੀਰ ਸਿੰਘ ਬਾਦਲ, ਜਨਰਲ ਸਕੱਤਰ ਵਿਕਰਮ ਮਜੀਠੀਆ ਅਤੇ ਸੀਨੀਅਰ ਮੀਤ ਪ੍ਰਧਾਨ ਆਦੇਸ਼ਪ੍ਰਤਾਪ ਕੈਰੋਂ ਆਦਿ। ਦੂਜੀਆਂ ਪੰਥ ਵਿਰੋਧੀ ਪਾਰਟੀਆਂ ਵਿਚੋਂ ਬੰਦੇ ਤੋੜ ਤੋੜ ਕੇ ਉਨ੍ਹਾਂ ਨੂੰ ਐਮਐਲਏ ਅਤੇ ਐਮ ਪੀ ਬਣਾਇਆ ਗਿਆ ਅਤੇ ਕਿਸੇ ਨੂੰ ਅਕਾਲੀ ਵਰਕਰਾਂ ਦੇ ਸਿਰ ਤੇ ਹਲਕਾ ਇੰਚਾਰਜ ਬਣਾ ਕੇ ਬਿਠਾ ਦਿੱਤਾ ਗਿਆ। ਸਿੱਖਾਂ ਦੇ ਕਾਤਲਾਂ ਨੂੰ ਅਹੁਦੇਦਾਰੀਆਂ ਪੇਸ਼ ਕੀਤੀਆਂ ਗਈਆਂ, ਗਰੀਬ ਅਕਾਲੀ ਵਰਕਰਾਂ ਨੂੰ ਧੱਕੇ ਖਾਣੇ ਪਏ। ਕੁੱਝ ਕੁ ਨੇ ਬੋਲਣ ਦੀ ਕੋਸ਼ਿਸ਼ ਕੀਤੀ ਜਿਨਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਅਤੇ ਬਾਕੀ ਚਾਪਲੂਸ ਲਾਣਾ ਤਮਾਸ਼ਬੀਨ ਬਣ ਕੇ ਜੀ ਹਜ਼ੂਰੀ ਕਰਦਿਆਂ ਕੁਰਸੀਆਂ ਦਾ ਨਿੱਘ ਮਾਣਦਾ ਰਿਹਾ। ਜਦੋਂ ਉਨਾਂ ਦੀ ਆਪਣੀ ਵਾਰੀ ਆਈ ਫਿਰ ਕਿਸ ਨੇ ਹਾਅ ਦਾ ਨਾਹਰਾ ਮਾਰਨਾ ਸੀ?

ਅਸੰਬਲੀ ਚੋਣ 2012 ਆਈਆਂ, ਬਾਦਲ ਦਲ ਨੇ ਪੰਥਕ ਮੁੱਦੇ ਛੱਡ ਕੇ ਕੇਵਲ ਵਿਕਾਸ ਦੇ ਮੁੱਦੇ 'ਤੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ, ਮਤਲਬ ਸਾਫ ਸੀ ਕਿ ਹੁਣ ਬਾਦਲ ਦਲ ਨੂੰ ਸਿਰਫ ਚੋਣਾਂ ਜਿੱਤਣ ਨਾਲ ਮਤਲਬ ਹੈ, ਉਹ ਜਿਵੇਂ ਮਰਜੀ ਜਿੱਤਣ। ਪਾਰਟੀ ਅਤੇ ਪੰਥ ਪ੍ਰਤੀ ਸਮਰਪਤ ਵਰਕਰਾਂ ਦੀ ਅਣਦੇਖੀ ਕਰਕੇ, ਬਹੁਤੇ ਥਾਂਈਂ ਸਿੱਖ ਸਿਧਾਂਤਾਂ ਦੇ ਵਿਰੋਧੀ ਵੀ ਟਿਕਟਾਂ ਲੈਣ ਵਿੱਚ ਸਫਲ ਹੋ ਗਏ ਅਤੇ ਐਮਐਲਏ ਵੀ ਬਣ ਗਏ। ਸਰਕਾਰ ਬਣ ਗਈ, ਜਿਸ ਨੇ ਬਾਦਲ ਦਲ ਦਾ ਹੰਕਾਰ ਹੋਰ ਵਧਾ ਦਿੱਤਾ, ਉਹ ਪੰਥ ਨੂੰ ਟਿੱਚ ਜਾਨਣ ਲੱਗ ਪਏ।

ਕੁੱਝ ਸਮੇਂ ਬਾਅਦ ਹੀ 29 ਮਾਰਚ 2012 ਨੂੰ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਖਤਮ ਕਰਾਉਣ ਲਈ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਖਾਲਸਾ ਪੰਥ ਨੂੰ ਫਾਂਸੀ ਦਾ ਵਿਰੋਧ ਕਰਨ ਲਈ ਸੜਕਾਂ ਤੇ ਰੋਸ ਪ੍ਰਗਟਾਉਣ ਦਾ ਆਦੇਸ਼ ਦੇ ਦਿੱਤਾ ਜਿਸ ਦੌਰਾਨ ਅੰਦੋਲਨਕਾਰੀ ਸਿੱਖਾਂ ਦਾ ਟਕਰਾਰ ਕੁੱਝ ਸ਼ਿਵ ਸੈਨਿਕਾਂ ਨਾਲ ਹੋ ਗਿਆ ਕਿਉਂਕਿ ਸ਼ਿਵ ਸੈਨਿਕ ਭਾਈ ਰਾਜੋਆਣਾ ਨੂੰ ਅੱਤਵਾਦੀ ਦੱਸ ਕੇ ਅੰਦੋਲਨ ਦਾ ਵਿਰੋਧ ਕਰ ਰਹੇ ਸਨ, ਇਸ ਦੌਰਾਨ ਬਾਦਲ ਸਰਕਾਰ ਦੀ ਪੁਲਿਸ ਨੇ ਗੋਲੀ ਚਲਾ ਦਿੱਤੀ ਜਿਸ ਕਾਰਨ ਭਾਈ ਜਸਪਾਲ ਸਿੰਘ 'ਚੌੜ ਸਿੱਧਵਾਂ' ਦੀ ਸ਼ਹਾਦਤ ਹੋ ਗਈ। ਕੁੱਝ ਸਿੱਖ ਨੌਜਵਾਨਾਂ ਵਲੋਂ ਇਸ ਸ਼ਹਾਦਤ ਦਾ ਕਾਰਨ ਸਮਝੇ ਜਾਂਦੇ ਇੱਕ ਸ਼ਿਵ ਸੈਨਕ ਦੀ ਪਠਾਨਕੋਟ ਵਿੱਚ ਖਿੱਚ ਧੂਹ ਕੀਤੀ ਗਈ ਜਿਸ ਕਾਰਨ ਉਹ ਕੁਝ ਜ਼ਖਮੀ ਵੀ ਹੋ ਗਿਆ। ਪ੍ਰੰਤੂ ਬਾਦਲ ਸਰਕਾਰ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਸ਼ਿਵ ਸੈਨਕ ਦੀ ਖ਼ਬਰ ਲੈਣ ਤਾਂ ਗਏ ਪਰ ਭਾਈ ਜਸਪਾਲ ਸਿੰਘ ਨੂੰ ਅੱਜ ਤੱਕ ਕੋਈ ਇਨਸਾਫ ਨਾ ਦੇ ਸਕੇ। ਪੰਥ ਵੇਖਦਾ ਰਿਹਾ ਪਰ ਇਨ੍ਹਾਂ ਨੂੰ ਕਾਹਦੀ ਪ੍ਰਵਾਹ ਸੀ, ਇਨਾਂ ਤਾਂ ਰਾਜ ਕਰਨਾ ਸੀ, 2013 ਵਿੱਚ ਭਾਈ ਗੁਰਬਖਸ਼ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਜੱਦੋ-ਜਹਿਦ ਆਰੰਭ ਕੀਤੀ ਅਤੇ ਆਪਣੇ ਆਖਰੀ ਸਵਾਸਾਂ ਤੱਕ ਡਟਿਆ ਰਿਹਾ ਅਤੇ ਭਾਈ ਸੂਰਤ ਸਿੰਘ ਦਾ ਸੰਘਰਸ਼ ਅੱਜ ਵੀ ਜਾਰੀ ਹੈ। ਬਾਦਲ ਦਲ ਉਨਾਂ ਦੇ ਸੰਘਰਸ਼ ਨੂੰ ਮਖੌਲ ਕਰਦਾ ਰਿਹਾ, ਅੱਜ ਇਨਾਂ ਨੂੰ ਬੰਦੀ ਸਿੰਘਾਂ ਦੇ ਮੁੱਦੇ ਤੇ ਪੰਥ ਕਿਉਂ ਵੋਟਾਂ ਪਾਉਂਦਾ? ਥਾਂ-ਥਾਂ ਸਿੱਖ ਬੱਚਿਆਂ ਦੇ ਕਕਾਰ ਉੱਤਰਵਾਏ ਗਏ ਇਨਾਂ ਮੋਨ ਧਾਰੀ ਰੱਖੀ, ਕਿਉਂਕਿ ਇਹ ਤਾਂ ਵਿਕਾਸ ਦੇ ਮੁੱਦੇ 'ਤੇ ਜਿੱਤ ਕੇ ਆਏ ਸੀ। ਇਨਾਂ ਨੂੰ ਕੀ ਲੋੜ ਸੀ ਪੰਥ ਦੀ, ਇਨਾਂ ਨੇ ਤਾਂ ਡੇਰੇਦਾਰਾਂ ਨਾਲ ਸਾਂਝ ਪਾ ਕੇ ਪੰਥ ਵੱਲ ਪਿੱਠ ਕਰ ਲਈ ਸੀ।

ਬਾਦਲਾਂ ਦੀ ਪੰਥਪ੍ਰਤੀ ਬੇਮੁੱਖਤਾ ਦਾ ਫਾਇਦਾ ਆਮ ਆਦਮੀ ਪਾਰਟੀ ਨੂੰ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਮਿਲਿਆ, ਕਾਂਗਰਸ ਵੱਲ ਪੰਥ ਜਾ ਨਹੀਂ ਸਕਦਾ ਸੀ। ਉਨਾਂ ਆਮ ਆਦਮੀ ਪਾਰਟੀ ਦੇ ਚਾਰ ਐਮਪੀ ਜਿੱਤਾ ਕੇ ਅਤੇ ਬਾਦਲਾਂ ਦੀ ਸਫ਼ ਵਲੇਟ ਕੇ ਪੰਥਕ ਸ਼ਕਤੀ ਦਿਖਾ ਦਿੱਤੀ। ਇਨਾਂ ਫਿਰ ਵੀ ਆਪਣੀਆਂ ਨੀਤੀਆਂ ਨਾ ਬਦਲੀਆਂ।

ਜੂਨ 2014 ਵਿੱਚ ਬੁਰਜ ਜਵਾਹਰ ਸਿੰਘ ਵਾਲਾ, ਬਹਿਬਲ ਅਤੇ ਬਰਗਾੜੀ ਦੀਆਂ ਦੁਖਦ ਘਟਨਾਵਾਂ ਵਾਪਰੀਆਂ, ਇਨਾਂ ਦੇ ਰਾਜ ਵਿੱਚ, ਦੋਸ਼ੀ ਤਾਂ ਕੀ ਫੜੇ ਜਾਣੇ ਸਨ ਸਗੋਂ ਇਹ ਪਾਵਨ ਸਰੂਪ ਚੋਰੀ ਕਰਨ ਅਤੇ ਇਸ਼ਤਿਆਰ ਲਾ ਕੇ ਕੌਮ ਨੂੰ ਵੰਗਾਰਨ ਵਾਲਿਆਂ ਨੂੰ ਬਚਾਉਂਦੇ ਰਹੇ, ਕਿਉਂਕਿ ਉਨਾਂ ਦੀਆਂ ਪੈੜਾਂ ਇਨਾਂ ਦੇ ਮਿੱਤਰ ਦੇ ਡੇਰੇ ਵੱਲ ਨੂੰ ਜਾਂਦੀਆਂ ਸਨ, ਜਿਸ ਨੂੰ ਬਚਾਉਣ ਲਈ ਇਨਾਂ ਨੇ ਅਕਾਲ ਤਖ਼ਤ ਸਾਹਿਬ ਦੀ ਦੁਰਵਰਤੋਂ ਕਰਦਿਆਂ ਉਸ ਨੂੰ 24 ਸਤੰਬਰ 2015 ਨੂੰ ਅਖੌਤੀ ਮੁਆਫੀ ਦੁਆਉਣ ਦਾ ਨਾਟਕ ਰਚਿਆ। ਪੰਥ ਕਿੱਥੇ ਚੇਤੇ ਸੀ ਇਨਾਂ ਨੂੰ? 12 ਅਕਤੂਬਰ 2015 ਨੂੰ ਗੁਰਬਾਣੀ ਦੀ ਬੇਅਦਬੀ ਕੀਤੀ ਗਈ। ਰੋਹ ਵਿੱਚ ਪੰਥ ਇਨਸਾਫ ਲੈਣ ਲਈ ਸੜਕਾਂ 'ਤੇ ਆ ਗਿਆ, ਇਨਸਾਫ ਦੇਣ ਦੀ ਬਜਾਏ ਇਹ ਪੰਥ ਨੂੰ ਵੇਹਲੜ ਆਖ ਆਖ ਟਿੱਚਰਾਂ ਕਰਦੇ ਰਹੇ। 14 ਅਕਤੂਬਰ ਨੂੰ ਇਨਾਂ ਦੀ ਪੁਲਿਸ ਨੇ ਸ਼ਾਂਤਮਈ ਧਰਨਾ ਦੇ ਰਹੇ ਗੁਰੂ ਪਿਆਰਿਆਂ ਤੇ ਅੰਧਾਧੁੰਦ ਗੋਲੀ ਚਲਾ ਕੇ ਦੋ ਸਿੰਘ ਸ਼ਹੀਦ ਅਤੇ ਸੈਂਕੜੇ ਹੋਰ ਜ਼ਖਮੀ ਕਰ ਦਿੱਤੇ। ਇਨਾਂ ਦੀਆਂ ਅੱਖਾਂ ਖੋਲਣ ਲਈ ਮੈਂ ਅਕਾਲੀ ਦਲ ਦੀ ਮੁਢਲੀ ਮੈਂਬਰਸ਼ਿਪ ਅਤੇ ਅਹੁਦਿਆਂ ਤੋਂ ਅਸਤੀਫਾ 16 ਅਕਤੂਬਰ ਨੂੰ ਦੇ ਦਿੱਤਾ, ਕੁੱਝ ਹੋਰ ਪੰਥ ਦਰਦੀ ਵੀਰਾਂ ਨੇ ਵੀ ਅਸਤੀਫੇ ਦਿੱਤੇ ਪ੍ਰੰਤੂ ਇਨਾਂ ਨੂੰ ਤਾਂ ਕੇਵਲ ਰਾਜ ਹੀ ਚਾਹੀਦਾ ਸੀ ਪੰਥ ਤੋਂ ਇਨਾਂ ਕੀ ਲੈਣਾ ਸੀ?

ਇਨਾ ਸਭ ਕੁੱਝ ਬੀਤਣ ਤੋਂ ਬਾਅਦ ਵੀ ਇਨਾਂ ਦਾ ਇੱਕ ਮੈਂਬਰ ਪਾਰਲੀਮੈਂਟ ਵਿੱਚ ਚੀਕਾਂ ਮਾਰ ਰਿਹਾ ਸੀ 'ਕਿ ਰੋਸ ਪ੍ਰਗਟਾਉਂਦੇ ਸਿੱਖਾਂ ਨੂੰ ਰਾਜ ਸਰਕਾਰ ਨੇ ਪੀਣ ਵਾਲੇ ਪਾਣੀ ਅਤੇ ਪਖਾਨਿਆਂ ਦੀ ਸਹੂਲਤ ਕਿਉਂ ਦਿੱਤੀ ਹੈ?'

ਇਨਾਂ ਨੂੰ ਜਗਾਉਣ ਲਈ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਆਪਣੀਆਂ ਨੌਕਰੀਆਂ ਦੀ ਪ੍ਰਵਾਹ ਕੀਤੇ ਵਗੈਰ ਸੜਕਾਂ 'ਤੇ ਨਿਕਲ ਕੇ ਰੋਸ ਮੁਜ਼ਾਹਰਾ ਕੀਤਾ। ਮੰਜੀ ਸਾਹਿਬ ਵਿਖੇ ਮੁਲਾਜ਼ਮਾਂ ਵਲੋਂ ਪਸ਼ਚਾਤਾਪ ਸਮਾਗਮ ਦੌਰਾਨ ਤੁਹਾਡੇ ਜਥੇਦਾਰ ਨੂੰ ਧੱਕੇ ਮਾਰ ਕੇ ਬਾਹਰ ਕੱਢਿਆ, ਪਰ ਇਹ ਨਾ ਜਾਗੇ।

ਇਨਾਂ ਤੋਂ ਅੱਕ ਕੇ 10 ਨਬੰਬਰ 2015 ਨੂੰ ਖਾਲਸਾ ਪੰਥ ਨੇ ਚੱਬੇ ਦੀ ਧਰਤੀ ਤੇ ਪੰਥਕ ਇਕੱਠ ਬੁਲਾਇਆ ਜਿਸ ਵਿੱਚ ਇਨਾਂ ਦੇ ਬਾਈਕਾਟ ਦਾ ਮਤਾ ਕੀਤਾ ਗਿਆ ਅਤੇ ਮੁਤਵਾਜ਼ੀ ਜਥੇਦਾਰ ਨਿਯੁਕਤ ਕਰ ਦਿੱਤੇ ਗਏ ਪਰ ਇਨਾਂ ਦੀ ਅੱਖ ਨਾ ਖੁੱਲੀ। 2017 ਵਿੱਚ ਇਨਾਂ ਤੋਂ ਅੱਕੇ ਪੰਥ ਨੇ ਕੈਪਟਨ ਦੀ ਸਰਕਾਰ ਬਣਾ ਕੇ ਇਨਾਂ ਨੂੰ ਜਗਾਉਣ ਦਾ ਯਤਨ ਕੀਤਾ ਪਰ ਇਹ ਨਾ ਜਾਗੇ।

2019 ਦੀਆਂ ਲੋਕ ਸਭਾ ਚੋਣਾਂ ਸਮੇਂ ਪੰਥ ਨੇ ਫਿਰ ਇਨਾਂ ਦੀਆਂ ਅੱਖਾਂ ਖੋਲਣੀਆਂ ਚਾਹੀਆਂ ਪਰ ਕੁੰਭਕਰਨੀ ਨੀਂਦ ਕਿੱਥੇ ਖੁੱਲਦੀ ਆ, 2022 ਵਿੱਚ ਇਨਾਂ ਨੂੰ ਸਿਰਫ ਤਿੰਨ ਸੀਟਾਂ ਮਿਲੀਆਂ, ਵੱਡੇ ਬਾਦਲ ਅਤੇ ਛੋਟੇ ਬਾਦਲ ਵੀ ਹਾਰ ਗਏ, ਪਰਿਵਾਰ ਦੇ ਦੂਜੇ ਜੀਅ ਅਤੇ ਚਾਪਲੂਸ ਮੰਡਲੀ ਵੀ ਹਾਰ ਗਈ, ਫਿਰ ਆਇਆ ਪੰਥ ਚੇਤੇ, ਸੰਗਰੂਰ ਦੀ ਜਿਮਨੀ ਚੋਣ ਵਿੱਚ ਬੰਦੀ ਸਿੰਘ ਚੇਤੇ ਆ ਗਏ। ਇਸ ਵੇਲੇ ਤੱਕ ਵੇਲਾ ਲੰਘ ਚੁੱਕਾ ਸੀ, ਹੁਣ ਪੰਥ ਇਨਾਂ ਨੂੰ ਹੋਰ ਮੌਕਾ ਨਹੀਂ ਦੇਣਾ ਚਾਹੁੰਦਾ ਸੀ, ਕਿਉਂਕਿ ਪੰਥ ਇਨਾਂ ਨੂੰ ਵਾਰ ਵਾਰ ਮੌਕੇ ਦੇ ਚੁੱਕਾ ਸੀ।

ਪੰਥ ਦੀ ਨੌਜਵਾਨੀ ਨੇ ਅੰਗੜਾਈ ਲਈ, ਆਪਣੇ ਫਰਜ਼ ਪਛਾਣੇ ਅਤੇ ਸ੍ਰ. ਸਿਮਰਨਜੀਤ ਸਿੰਘ ਮਾਨ ਪਿੱਛੇ ਚਟਾਨ ਵਾਂਗ ਡੱਟ ਗਏ। ਇਨਾਂ ਦੇ ਹਰ ਪਾਖੰਡ ਦਾ ਪਰਦਾਫਾਸ਼ ਕਰਦਿਆਂ ਪੰਥ ਨੇ ਸ੍ਰ. ਸਿਮਰਨਜੀਤ ਸਿੰਘ ਮਾਨ ਦੀ ਝੋਲੀ ਜਿੱਤ ਪਾ ਦਿੱਤੀ। ਹੁਣ ਕੁੱਝ ਬਾਦਲ ਦਲੀਏ ਇਨਾਂ ਤੋਂ ਅਸਤੀਫੇ ਮੰਗ ਰਹੇ ਹਨ, ਹੁਣ ਅਸਤੀਫੇ ਲੈ ਕੇ ਕੀ ਕਰੋਗੇ? ਹੁਣ ਇਨਾਂ ਨੂੰ ਆਪਣੇ ਕਾਰੋਬਾਰਾਂ ਵੱਲ ਧਿਆਨ ਦੇਣ ਦਿਓ, ਪਸ਼ਚਾਤਾਪ ਕਰਨ ਦਿਓ। ਪੰਥ ਪ੍ਰਸਤ ਅਤੇ ਪੰਜਾਬ ਪ੍ਰਸਤ ਨੌਜਵਾਨੀ ਨੂੰ ਅੱਗੇ ਲਾ ਕੇ ਨਵੀਆਂ ਸੰਭਾਵਨਾਵਾਂ ਨੂੰ ਮੌਕਾ ਦਿਓ ਤਾਂਕਿ ਪੰਜਾਬ ਅਤੇ ਪੰਥਪ੍ਰਸਤ ਮਿਲ ਕੇ ਕੌਮੀ ਪਹਿਰੇਦਾਰੀ ਦੀ ਸੇਵਾ ਨਿਭਾ ਸਕਣ।

**ਸੁਖਦੇਵ ਸਿੰਘ 'ਭੌਰ'**

### ਕੰਵਰ ਗਰੇਵਾਲ ਦਾ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਗੀਤ ਬੈਨ ਕਿਉਂ?

ਯੂ ਟਿਊਬ ਤੋਂ ਬੈਨ 'ਕੰਵਰ ਗਰੇਵਾਲ ਦਾ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਗੀਤ ਯੂ ਟਿਊਬ ਤੋਂ ਬੈਨ ਕਰ ਦਿੱਤਾ, ਮਤਲਬ ਜਮਹੂਰੀਅਤ ਦਾ ਢਿੰਡੋਰਾ ਪਿੱਟਣ ਵਾਲੀ ਸਰਕਾਰ ਹੁਣ ਗੀਤਾਂ ਤੋਂ ਵੀ ਡਰ ਲੱਗਣ ਲੱਗ ਪਈ। ਮਤਲਬ ਸਿੱਖਾਂ ਦੀ ਹਰ ਤਰਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਹੁਣ ਪਿਛਲੀ ਰਾਤ ਦੀ ਸੂਚਨਾ ਹੈ ਕਿ ਅੰਮ੍ਰਿਤਸਰ ਜ਼ਿਲੇ ਵਿੱਚ ਇਸਾਈਆਂ ਦੇ ਇੱਕ ਗਰੁੱਪ ਨੇ ਸਿੱਖਾਂ 'ਤੇ ਗੋਲੀ ਚਲਾਈ। ਪਿੰਡ ਵਾਲਿਆਂ ਨੇ ਗੋਲੀ ਚਲਾਉਣ ਵਾਲੇ ਨੂੰ ਫੜ ਲਿਆ ਅਤੇ ਪੁਲਿਸ ਦੇ ਹਵਾਲੇ ਕਰ ਦਿੱਤਾ। ਇਹ ਇਸਾਈਆਂ ਵੱਲੋਂ ਸਿੱਖਾਂ ਨਾਲ ਟਕਰਾਉ ਦੀ ਸ਼ੁਰੂਆਤੀ ਨਿਸ਼ਾਨੀ ਹੈ। ਪਿਛਲੇ ਦਿਨੀਂ ਅੰਕਤ ਨਰੂਲਾ ਵੱਲੋਂ ਅੰਮ੍ਰਿਤਸਰ ਦੀ ਧਰਤੀ 'ਤੇ ਲੱਖਾਂ ਦੀ ਹਾਜ਼ਰੀ ਵਿੱਚ ਇਸਾਈਆਂ ਵਲੋਂ ਕਰੂਸੇਡ ਦਾ ਐਲਾਨ ਕੀਤਾ ਗਿਆ। ਮਤਲਬ ਇਸਾਈਆਂ ਦਾ ਧਾਰਮਿਕ ਹਥਿਆਰਬੰਦ ਜੇਹਾਦ। (ਗਿਆਰਵੀਂ ਸਦੀ ਵਿੱਚ ਹਥਿਆਰਬੰਦ ਇਸਾਈ ਲੜਾਕਿਆਂ ਦੀ ਫੌਜ ਕਰੂਸੇਡ ਦੇ ਨਾਅਰੇ ਥੱਲੇ ਯੇਰੋਸ਼ਲਮ ਨੂੰ ਮੁਸਲਮਾਨਾਂ ਤੋਂ ਆਜ਼ਾਦ ਕਰਾਉਣ ਲਈ ਲੜਾਈ ਕਰਨ ਜਾਂਦੇ ਸਨ ਜੋ ਇਹ ਲੜਾਈਆਂ ਕਰੂਸੇਡ ਵਾਰ ਦੇ ਨਾਂ ਨਾਲ ਇਤਿਹਾਸ ਵਿੱਚ ਪ੍ਰਚੱਲਤ ਹੋਈਆਂ। ਅੰਮ੍ਰਿਤਸਰ ਤੋਂ ਕਰੂਸੇਡ ਦੇ ਐਲਾਨ ਦਾ ਮਤਲਬ ਸਿੱਖਾਂ ਦੇ ਖ਼ਿਲਾਫ਼ ਇਸਾਈਆਂ ਦਾ ਹਥਿਆਰਬੰਦ ਸੰਘਰਸ਼)। ਹੈਰਾਨੀ ਦੀ ਗੱਲ ਹੈ ਕਿਸੇ ਵੀ ਸਿੱਖ ਲੀਡਰ ਨੇ ਇਸ ਸਬੰਧੀ ਕੋਈ ਬਿਆਨ ਨਹੀਂ ਦਿੱਤਾ। ਕਰੂਸੇਡ ਕਿਸ ਖ਼ਿਲਾਫ਼ ਐਲਾਨਿਆ ਗਿਆ ਹੈ (ਰਣਜੀਤ ਸਿੰਘ ਢੱਡਰੀਆਂ ਵਾਲੇ ਦੀ ਵੀਡਿਓ ਆਈ ਹੈ) ਸਭ ਕਾਸੇ ਦਾ ਕਸੂਰਵਾਰ ਕੌਣ ਹੈ? ਕੀ ਕਸੂਰਵਾਰ ਮਿਸ਼ਨਰੀ ਹਨ? ਜਿਨਾਂ ਨੇ ਸਿੱਖਾਂ ਦੀਆਂ ਸਾਖੀਆਂ ਅਤੇ ਪ੍ਰੰਪਰਾਵਾਂ ਖ਼ਿਲਾਫ਼ ਅੰਨੇਵਾਹ ਡਾਂਗ ਚੁੱਕੀ ਹੈ। ਅੰਨੇਵਾਹ ਬਾਬਾਵਾਦ ਦਾ ਵਿਰੋਧ ਕੀਤਾ ਹੈ ਜਾਂ ਇਸਦੇ ਕਸੂਰ ਪਰ ਸਾਧ ਬਾਬੇ ਹਨ ਜਿਹੜੇ ਅੱਜ ਕੱਲ ਲੁੱਟਮਾਰ ਬਦਮਾਸ਼ਾਂ ਦੀ ਤਰਾਂ ਵਿਚਰ ਰਹੇ ਹਨ। ਪਰ ਇਸਾਈਆਂ ਦੇ ਮਾਮਲੇ ਵਿਚ ਚੁੱਪ ਕਰ ਗਏ। ਬਹੁਤੇ ਸਾਧ ਬਾਬੇ ਵੀ ਆਪਣੇ ਪਹਿਲੇ ਬਾਬਿਆਂ ਦੀਆਂ ਬਰਸੀਆਂ ਮਨਾਉਣ ਤੱਕ ਸੀਮਤ ਰਹਿ ਗਏ ਤੇ ਆਮ ਸਿੱਖ ਸਿੱਖੀ ਤੋਂ ਟੁੱਟਣਾ ਸ਼ੁਰੂ ਹੋ ਗਿਆ। ਮੈਂ ਇਸ ਵਿੱਚ ਦੋਨਾਂ ਨੂੰ ਹੀ ਕਸੂਰਵਾਰ ਮੰਨਦਾ ਹਾਂ। ਨਾਲ ਹੀ ਵੇਖਣ ਵਾਲੀ ਗੱਲ ਹੈ ਕਿ ਇਨਾਂ ਈਸਾਈ ਪਾਦਰੀਆਂ ਨੂੰ ਪੰਜਾਬ ਵਿੱਚ ਇੰਨੀ ਖੁੱਲ ਕੌਣ ਦੇ ਰਿਹਾ ਹੈ। ਭਾਰਤੀ ਸਟੇਟ, ਪੰਜਾਬ ਨੂੰ ਇੱਕ ਵਾਰ ਫਿਰ ਅੱਗ ਵਿੱਚ ਝੋਕੇਗੀ। ਚਾਰ ਕੁ ਮਹੀਨੇ ਪਹਿਲਾਂ ਭਾਰਤੀ ਸਟੇਟ ਦੇ ਕਰਿੰਦਿਆਂ ਨੇ ਜਲੰਧਰ ਵਾਲੇ ਡੇਰੇ ਨੂੰ ਅੰਦਰਖਾਤੇ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ 'ਚੋਂ ਅਲੱਗ ਕਰਕੇ ਛਾਪਣ ਲਈ ਦਬਾਅ ਪਾਇਆ ਸੀ, ਪਰ ਉਨਾਂ ਨੇ ਇਨਕਾਰ ਕਰ ਦਿੱਤਾ (ਇਸ ਮਾਮਲੇ ਤੇ ਉਨਾਂ ਦਾ ਧੰਨਵਾਦ ਕਰਨਾ ਬਣਦਾ ਹੈ, ਕਿ ਉਹ ਸਟੇਟ ਦੀ ਟੂਲ ਨਹੀਂ ਬਣੇ) ਤੇ ਹੁਣ ਈਸਾਈ ਪਾਦਰੀਆਂ ਵੱਲੋਂ ਅੰਮ੍ਰਿਤਸਰ ਦੀ ਧਰਤੀ 'ਤੇ ਕਰੂਸੇਡ ਦਾ ਐਲਾਨ ਕਰ ਦਿੱਤਾ। ਇਸ ਐਲਾਨ ਦਾ ਮਤਲਬ ਸਿੱਖਾਂ ਨਾਲ ਹਥਿਆਰਬੰਦ ਸੰਘਰਸ਼ ਕਰਕੇ ਸਿੱਖਾਂ ਨੂੰ ਇਸ ਧਰਤੀ ਤੋਂ ਨਿਖੇੜਨਾ, ਇੱਥੇ ਇਸਾਈਆਂ ਦਾ ਕਬਜ਼ਾ ਕਰਵਾਉਣਾ। (ਕਰੂਸੇਡ ਦਾ ਮਤਲਬ ਇਹੀ ਹੈ)। ਸਿੱਖਾਂ ਲਈ ਏ ਗਾੜੀ ਕਾਲੀ ਰਾਤ ਹੈ, ਸਵੇਰ ਹੋਣ ਤੋਂ ਪਹਿਲਾਂ ਹਾਲੇ ਪਤਾ ਨਹੀਂ ਕੀ ਕੀ ਵੇਖਣਾ ਪਵੇਗਾ। ਵਾਹਿਗੁਰੂ ਮਿਹਰ ਕਰੇ।

**ਕੇ ਐਸ ਚੱਠਾ**

### ਸਿੱਖਾਂ ਦੇ ਈਸਾਈਕਰਨ ਦਾ ਚੈਲਿੰਜ

ਇਸਾਈ ਮਿਸ਼ਨਰੀਆਂ ਵੱਲੋਂ ਅੰਮ੍ਰਿਤਸਰ ਵਿਖੇ ਕੀਤਾ ਗਿਆ ਇਕੱਠ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਹੋਇਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਕੰਮ ਲਈ ਉਨਾਂ ਨੇ ਕਈ ਸਾਲ ਮਿਹਨਤ ਕੀਤੀ ਹੈ ਤੇ ਇਸ ਇਕੱਠ ਰਾਹੀਂ ਆਪਣੀ ਮਿਹਨਤ ਦਾ ਰੰਗ ਉਨਾਂ ਲੋਕਾਂ ਨੂੰ ਵਿਖਾਇਆ ਹੈ, ਜਿਹੜੇ ਇਸ ਪ੍ਰਚਾਰ ਲਈ ਪੈਸਾ ਖਰਚ ਕਰਦੇ ਹਨ। ਨਿਰਸੰਦੇਹ ਪਿਛਲੇ ਇੱਕ ਦਹਾਕੇ ਦੌਰਾਨ ਪੰਜਾਬ ਅੰਦਰ ਇਸਾਈਅਤ ਦਾ ਪੱਲਾ ਫੜਨ ਵਾਲਿਆਂ ਵਿੱਚ ਸਭ ਤੋਂ ਵੱਧ ਗਿਣਤੀ ਸਿੱਖੀ ਪਿਛੋਕੜ ਵਾਲੇ ਪਰਿਵਾਰਾਂ ਦੀ ਰਹੀ ਹੈ। ਪਰ ਇਸ ਲਈ ਦੋਸ਼ੀ ਈਸਾਈ ਪ੍ਰਚਾਰਕ ਨਹੀਂ ਬਲਕਿ ਸਿੱਖ ਭਾਈਚਾਰਾ ਖੁਦ ਹੈ। ਇੱਕ ਦੂਜੇ 'ਤੇ ਦੋਸ਼ ਲਾਉਣ ਦੀ ਬਜਾਏ ਸਾਨੂੰ ਸਾਰਿਆਂ ਨੂੰ ਤੇ ਖਾਸ ਕਰ ਪ੍ਰਚਾਰਕ ਵਰਗ ਅਤੇ ਧਾਰਮਿਕ ਸੰਸਥਾਵਾਂ ਨੂੰ ਆਪਣੀ ਗਲਤੀ ਕਬੂਲ ਕਰਨੀ ਚਾਹੀਦੀ ਹੈ। ਕਈ ਸੱਜਣਾਂ ਦਾ ਵਿਚਾਰ ਹੈ ਕਿ ਸਿੱਖਾਂ ਨੂੰ ਇਸ ਇਕੱਠ ਦੇ ਜਵਾਬ ਵਿੱਚ ਇਸ ਤੋਂ ਵੱਡਾ ਇਕੱਠ ਕਰ ਕੇ ਸ਼ਕਤੀ ਪ੍ਰਦਰਸ਼ਨ ਕਰਨਾ ਚਾਹੀਦਾ, ਪਰ ਮੈਂ ਨਿੱਜੀ ਤੌਰ 'ਤੇ ਅਜਿਹੇ ਪ੍ਰਤੀਕਰਮ ਨਾਲ ਸਹਿਮਤ ਨਹੀਂ ਹਾਂ। ਜਿੱਥੋਂ ਤੱਕ ਵੱਡੇ ਇਕੱਠ ਦੀ ਗੱਲ ਹੈ, ਸਿੱਖੀ ਦੇ ਵਿਹੜੇ ਵਿੱਚ ਕਈ ਸੰਸਥਾਵਾਂ ਤੇ ਸੰਪਰਦਾਵਾਂ ਮੌਜੂਦ ਹਨ, ਜਿਹੜੀਆਂ ਆਪਣੇ ਦਮ 'ਤੇ ਇਸ ਤੋਂ ਵੱਡੇ ਇਕੱਠ ਕਰ ਸਕਦੀਆਂ ਹਨ, ਪਰ ਇਹ ਮਸਲੇ ਦਾ ਹੱਲ ਨਹੀਂ ਹੋਵੇਗਾ।

ਸਾਡੇ ਕੋਲ ਤਾਂ ਇਤਿਹਾਸ ਅਤੇ ਗੁਰਦੁਆਰਿਆਂ ਦੇ ਰੂਪ ਵਿੱਚ ਏਨਾ ਸ਼ਾਨਦਾਰ ਢਾਂਚਾ ਮੌਜੂਦ ਹੈ ਕਿ ਇਤਿਹਾਸਕ ਦਿਹਾੜਿਆਂ 'ਤੇ ਜੋੜ ਮੇਲਿਆਂ ਦੇ ਰੂਪ ਵਿੱਚ ਅਜਿਹੇ ਅਨੇਕਾਂ ਇਕੱਠ ਲੰਮੇ ਸਮੇਂ ਤੋਂ ਹਰ ਸਾਲ ਹੁੰਦੇ ਆ ਰਹੇ ਹਨ। ਵੈਸੇ ਵੀ ਅੰਮ੍ਰਿਤਸਰ ਵਾਲੇ ਉਪਰੋਕਤ ਇਕੱਠ ਤੋਂ ਕਈ ਗੁਣਾਂ ਵਧੇਰੇ ਸੰਗਤ ਬਿਨਾਂ ਕਿਸੇ ਸੱਦੇ ਤੋਂ ਰੋਜ਼ਾਨਾ ਗੁਰਦੁਆਰਿਆਂ ਵਿੱਚ ਨਤਮਸਤਕ ਹੋਣ ਲਈ ਪਹੁੰਚਦੀ ਹੈ।

ਅੱਜ ਸਾਡੇ ਲਈ ਸੋਚਣ ਦਾ ਵਿਸ਼ਾ ਇਹ ਹੈ ਕਿ ਏਨੇ ਵੱਡੇ ਗੁਰਦੁਆਰਾ ਪ੍ਰਬੰਧ ਦੇ ਬਾਵਜੂਦ ਸਿੱਖੀ ਦੇ ਪ੍ਰਚਾਰ, ਪ੍ਰਸਾਰ ਵਿੱਚ ਖੜੋਤ ਦੇ ਕੀ ਕਾਰਨ ਹਨ? ਇਸ ਤ੍ਰਾਸਦੀ ਦੇ ਕਾਰਨ ਅਤੇ ਹੱਲ ਲੱਭਣੇ ਕੋਈ ਔਖਾ ਕੰਮ ਨਹੀਂ, ਇਸ ਲਈ ਸੰਗਤਾਂ ਦਾ ਇਕੱਠ ਕਰਨ ਦੀ ਬਜਾਏ ਸਿਰਫ਼ ਸਾਡੇ ਧਾਰਮਿਕ ਆਗੂਆਂ ਤੇ ਪ੍ਰਚਾਰਕਾਂ ਨੂੰ ਇਕੱਠੇ ਮਿਲ ਕੇ ਬਹਿਣਾ ਪਵੇਗਾ ਤੇ ਸਾਂਝੀ ਸਫ 'ਤੇ ਬਹਿਣ ਤੋਂ ਪਹਿਲਾਂ ਆਪਣੇ ਹੰਕਾਰ ਦੇ ਘੋੜਿਆਂ ਤੋਂ ਉਤਰਕੇ ਆਪਣੀਆਂ ਨਿੱਜੀ ਡਫ਼ਲੀਆਂ ਨੂੰ ਲਾਂਭੇ ਰੱਖਣਾ ਪਵੇਗਾ।

ਸ਼੍ਰੋਮਣੀ ਕਮੇਟੀ ਦਾ ਫ਼ਰਜ਼ ਬਣਦਾ ਹੈ ਕਿ ਉਹ ਬਿਨਾ ਕਿਸੇ ਭੇਦ-ਭਾਵ ਦੇ ਸਾਰੀਆਂ ਸਿੱਖ ਧਿਰਾਂ ਨੂੰ ਸੱਦਾ ਦੇਵੇ ਅਤੇ ਅਜਿਹੀ ਇਕੱਤਰਤਾ ਸੁਚੱਜੇ ਢੰਗ ਨਾਲ ਸਿਰੇ ਚਾੜਨ ਲਈ ਵਚਨਬੱਧ ਹੋਵੇ।

**ਸੁਖਦੇਵ ਸਿੰਘ ਜਰਮਨੀ**

# ਟਿੱਬੇ ਪਾੜ ਕੇ ਉੱਗਿਆ, ਅਸਾਧਾਰਨ ਖਿਲਾੜੀ-ਰਵੀ ਬਿਸ਼ਨੋਈ

**ਅਸ਼ੋਕ ਸੋਨੀ, ਕਾਲਮਨਵੀਸ**
**ਮੋ. 9872705078**

ਜੋਧਪੁਰ ਦੇ ਗਰਮ ਰੇਤੀਲੇ ਟਿੱਬਿਆਂ ਆਲੇ ਖੇਤਰ ਦੇ ਪਿੰਡ 'ਬਿਰਾਮੀ' ਦੇ ਮੱਧਵਰਗੀ ਕਿਸਾਨ ਪਰਿਵਾਰ ਦੇ ਅਧਿਆਪਕ ਪਿਤਾ ਮਾਂਗੀਲਾਲ ਬਿਸ਼ਨੋਈ ਤੇ ਮਾਂ ਸ਼ਿਵਰੀ ਬਿਸ਼ਨੋਈ ਦੀ ਕੁੱਖੋਂ 'ਚ ਜੰਮੇ, ਛੋਟੇ ਕੱਦ ਦੇ ਬੇਹੱਦ ਸੋਹਣੇ-ਸੁਣੱਖੇ ਮੁੰਡੇ ਬਾਰੇ ਕਿੰਨੇ ਸੋਚਿਆ ਸੀ ਕਿ ਆਉਣ ਵਾਲੇ ਸਮੇਂ 'ਚ, ਕਈ ਵਾਰ ਰਿਜੈਕਟ ਹੋਣ ਤੋਂ ਬਾਅਦ ਵੀ, ਅਖੀਰ ਇਹੀ 'ਬਿਸ਼ਨੋਈ' ਜਦੋਂ ਆਪਣੀ ਗੁਗਲੀ ਤੇ 'ਧੋਨੀ' ਵਰਗੇ ਇੰਟਰਨੈਸ਼ਨਲ ਧੁਰੰਧਰਾਂ ਦੀਆਂ ਗਿਲੀਆਂ ਬਿਖੇਰੇਗਾ ਤਾਂ ਪੂਰੀ ਦੁਨੀਆ ਲਾਈਵ ਟੀਵੀ ਦੇਖਦੀ ਵਾਹ-ਵਾਹ ਕਰ ਉਠੇਗੀ। ਦੇਸ਼ ਦੇ ਹਰੇਕ ਮੁੰਡੇ ਵਾਂਗ, ਉਸ ਦਾ ਸੁਪਨਾ ਵੀ ਵੱਡਾ ਕ੍ਰਿਕਟ ਖਿਡਾਰੀ ਬਣਨਾ ਸੀ, ਜਿਸ ਵਿੱਚ ਲੱਖਾਂ 'ਚੋਂ ਕੋਈ ਇਕ ਹੀ ਆਪਣੀ ਮੰਜ਼ਿਲ ਤੱਕ ਅਪੜਨ ਵਾਲੇ ਹੁੰਦੇ ਨੇ, ਪਰ ਬਿਸ਼ਨੋਈ ਦਾ ਟੈਲੇਂਟ, ਮਿਹਨਤ, ਸਿਰੜ, ਸਿਦਕ ਤੇ ਕ੍ਰਿਕਟ ਲਈ ਜੋ ਪਾਗਲਪਨ ਸੀ, ਉਹ ਅਸਾਧਾਰਣ ਸੀ। ਭਰਾ ਅਸ਼ੋਕ ਤੇ ਦੋਵੇਂ ਭੈਣਾਂ ਅਨੀਤਾ ਤੇ ਰਿੰਕੂ ਤੋਂ ਛੋਟਾ ਹੋਣ ਕਾਰਨ ਲਾਡਲਾ ਬਹੁਤ ਸੀ ਪਰ ਕ੍ਰਿਕਟ ਵਰਗੀ ਮਹਿੰਗੀ ਖੇਡ ਵੱਡੇ ਪਰਿਵਾਰ ਵਿਚ ਪਿਤਾ ਮਾਂਗੀਲਾਲ ਦੀ ਪਹੁੰਚ ਤੋਂ ਬਾਹਰ ਦੀ ਗੱਲ ਸੀ। ਮਾਸਟਰ ਪਿਓ ਦਾ ਸੁਪਨਾ ਸੀ ਕਿ ਮੁੰਡਾ ਸਰਕਾਰੀ ਨੌਕਰ ਬਣੇ ਪਰ ਬਿਸ਼ਨੋਈ ਵਰਗੇ ਸ਼ਖਸ ਨੌਕਰੀ ਕਰਨ ਲਈ ਨਹੀਂ, ਨੌਕਰੀ ਦੇਣ ਲਈ ਜਨਮ ਲੈਂਦੇ ਨੇ, ਸੋ ਬਿਸ਼ਨੋਈ ਦੇ ਧੁਰ-ਅੰਦਰ ਤੱਕ ਰਚੀ ਹੋਈ ਕ੍ਰਿਕਟ ਨੇ ਉਸਨੂੰ ਟਿਕਣ ਹੀ ਨਹੀਂ ਦਿੱਤਾ। ਵੱਡੇ ਭਰਾ ਅਸ਼ੋਕ ਨਾਲ ਉਹ ਰੋਜ ਜੰਮ ਕੇ ਕ੍ਰਿਕਟ ਖੇਡਦਾ, ਕਈ ਵਾਰ ਜਮਾਤਾਂ ਛੱਡਣ ਕਾਰਨ ਝਿੜਕਾਂ ਵੀ ਸੁਣਦਾ ਪਰ ਉਸਦੇ ਸੁਪਨੇ ਹੋਰ ਸਨ। ਜੋਧਪੁਰ ਤੋਂ ਈ ਉਸਦੇ ਸੀਨੀਅਰ ਖਿਲਾੜੀ ਤੇ ਕੋਚ ਪਰਦੂਤ ਸਿੰਘ ਤੇ ਸ਼ਾਹਰੁਖ ਖਾਨ ਦੇ ਸਾਥ ਨੇ, ਉਸਦੇ ਟੈਲੇਂਟ ਨੂੰ ਨਿਖਾਰਨ ਵਿਚ ਪ੍ਰਮੁੱਖ ਭੂਮਿਕਾ ਨਿਭਾਈ, ਇਨਾਂ ਦੀ ਸਪਾਰਟਨ ਅਕੈਡਮੀ ਦੀ ਸ਼ੁਰੂਆਤ ਦੌਰਾਨ ਬਿਸ਼ਨੋਈ ਆਪ ਸਾਈਕਲ ਤੇ ਸੀਮੇਂਟ ਦੇ ਗੱਟੇ ਲੈ ਕੇ ਜਾਂਦਾ ਰਿਹਾ ਏ, ਪਰਦੂਤ ਨੇ ਈ ਬਿਸ਼ਨੋਈ ਦੇ ਛੋਟੇ ਕੱਦ ਕਾਰਨ ਉਸਨੂੰ ਮੀਡੀਅਮ ਪੇਸਰ ਦੀ ਥਾਂ ਸਪਿਨਰ ਬਣਾਇਆ, ਇਸੇ ਅਕੈਡਮੀ ਨੇ ਰਵਿ ਦੀ ਸਫਲਤਾ ਦੀ ਨੀਂਹ ਰੱਖੀ ਸੀ। 15 ਸਾਲ ਦੇ ਹੁੰਦਿਆਂ ਤੱਕ, ਉਸਦੀ ਖੇਡ ਇੰਨੇ ਜਬਰਦਸਤ ਪੱਧਰ 'ਤੇ ਪਹੁੰਚ ਗਈ ਕਿ ਉਹ ਜਿਹੜਾ ਵੀ ਮੈਚ ਖੇਡਦਾ ਛਾ ਜਾਂਦਾ ਸੀ ਪਰ ਉਹ ਰਾਜਸਥਾਨ ਦੀ ਕਿਸੇ ਵੀ ਅੰਡਰ 16 ਜਾਂ ਅੰਡਰ 19 ਟੀਮ 'ਚ ਸਿਲੈਕਟ ਨਾ ਹੋ ਸਕਿਆ।

ਲਗਾਤਾਰ ਨਜ਼ਰਅੰਦਾਜ਼ ਹੋਣ ਕਾਰਨ ਅਖੀਰ ਪਿਤਾ ਮਾਂਗੀਲਾਲ ਨੇ ਉਸਨੂੰ ਕ੍ਰਿਕਟ ਛੱਡ ਚੁੱਪਚਾਪ ਪੜਾਈ ਕਰਨ ਦੇ ਸਖਤ ਆਦੇਸ਼ ਦੇ ਦਿੱਤੇ ਪਰ ਪਰਦੂਤ ਸਿੰਘ ਤੇ ਸ਼ਾਹਰੁਖ ਖਾਨ ਨੇ ਪਿਤਾ ਮਾਂਗੀਲਾਲ ਨੂੰ, ਰਵੀ ਨੂੰ ਇਕ ਆਖਰੀ ਮੌਕਾ ਦੇਣ ਲਈ ਕਿਹਾ। ਹੁਣ ਫੇਰ ਔਖੇ ਹਾਲਾਤ ਆਏ, 12ਵੀਂ ਦੇ ਪੱਕੇ ਪੇਪਰ ਸੀ, ਆਈ ਪੀ ਐਲ ਦੀ 'ਰਾਜਸਥਾਨ ਰਾਇਲਸ' ਟੀਮ ਦੇ ਖਿਡਾਰੀਆਂ ਨੂੰ ਨੈਟ ਤੇ ਬੋਲਿੰਗ ਕਰਨ ਲਈ ਬਿਸ਼ਨੋਈ ਨੂੰ ਮੌਕਾ ਸੀ, ਉਸਦੀ ਜਿੱਦ, ਜਨੂੰਨ ਤੇ ਜਜ਼ਬਾ ਦੇਖੋ, ਪੇਪਰ ਛੱਡ ਉਹ ਲੰਘ ਗਿਆ ਨੈਟ ਤੇ ਬੋਲਿੰਗ ਕਰਨ ਹਾਲਾਂਕਿ ਇੱਥੇ ਵੀ ਉਸਨੂੰ ਦੋ ਦਿਨ ਅੰਦਰ ਹੀ ਨੀਂ ਵੜਨ ਦਿੱਤਾ ਗਿਆ ਸੀ, ਪਰ ਅਖੀਰ ਉਸਨੇ ਉੱਥੇ ਬਹੁਤ ਕੁੱਝ ਸਿਖਿਆ ਤੇ ਇਸੇ ਸਮੇਂ ਉਸਦੀ ਚੋਣ ਰਾਜਸਥਾਨ ਦੀ ਜੂਨੀਅਰ ਟੀਮ ਲਈ ਚੈਲੰਜਰ ਟਰਾਫੀ ਲਈ ਹੋ ਗਈ, ਪਹਿਲਾ ਮੌਕਾ ਤੇ ਬਿਸ਼ਨੋਈ ਨੇ ਹਨੇਰੀ ਲਿਆ ਦਿੱਤੀ, 7 ਮੈਚਾਂ 'ਚ 22 ਵਿਕਟਾਂ ਤੇ ਇਕ ਸੈਂਕੜਾ ਠੋਕ ਉਹ ਛਾ ਗਿਆ, ਫੇਰ ਉਸਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਵੀਨੂ ਮਾਂਕਡ ਟਰਾਫੀ ਤੇ ਮੁਸ਼ਤਾਕ ਅਲੀ ਟਰਾਫੀ ਵਿਚ ਉਸਨੇ ਜਬਰਦਸਤ ਪ੍ਰਦਰਸ਼ਨ ਕੀਤਾ। ਅਖੀਰ ਵਿਜੈ ਹਜ਼ਾਰੇ ਟ੍ਰਾਫੀ ਲਈ ਉਸਨੂੰ ਰਾਜਸਥਾਨ ਵੱਲੋਂ ਦਿੱਤੇ ਮੌਕੇ 'ਤੇ ਕੀਤੀ ਜਬਰਦਸਤ ਬੋਲਿੰਗ ਕਾਰਨ ਉਸਨੂੰ 2020 ਦੇ ਵਰਲਡ ਕੱਪ ਲਈ ਭਾਰਤ ਦੀ ਅੰਡਰ 19 ਟੀਮ 'ਚ ਸਿਲੈਕਟ ਕੀਤਾ ਗਿਆ ਤੇ ਇਸ ਵਰਲਡ ਕੱਪ ਵਿਚ ਉਸਨੇ ਇਤਿਹਾਸ ਰੱਚਦਿਆਂ ਸਭ ਤੋਂ ਵੱਧ 17 ਵਿਕਟਾਂ ਲੈ ਕੇ ਸਭ ਨੂੰ ਤੇ ਖਾਸਕਰ ਆਈ ਪੀ ਐਲ 'ਚ ਕਿੰਗਸ ਇਲੈਵਨ ਪੰਜਾਬ ਦੇ ਬੋਲਿੰਗ ਕੋਚ ਅਨਿਲ ਕੁੰਬਲੇ ਨੂੰ




ਬਹੁਤ ਪ੍ਰਭਾਵਿਤ ਕੀਤਾ। ਉਸੇ ਸਾਲ 2020 'ਚ ਆਈ ਪੀ ਐੱਲ ਦੀ ਨਿਲਾਮੀ ਵਿਚ ਜਦੋਂ ਰਵੀ ਬਿਸ਼ਨੋਈ ਦਾ ਨਾਂ, ਰਾਖਵੀਂ ਕੀਮਤ 20 ਲੱਖ 'ਤੇ ਆਇਆ ਤਾਂ ਉਹੀ ਖਿਲਾੜੀ, ਜਿਸ ਨੂੰ ਇਕ ਸੂਬੇ ਦੀ ਜੂਨੀਅਰ ਟੀਮਾਂ ਵਿਚ ਚੋਣ ਤੋਂ ਲਗਾਤਾਰ ਰਿਜੈਕਟ ਕੀਤਾ ਜਾਂਦਾ ਰਿਹਾ ਸੀ, ਉਸੇ ਰਵੀ ਬਿਸ਼ਨੋਈ ਨੂੰ ਆਪਣੀ ਟੀਮ 'ਚ ਲੈਣ ਲਈ ਦੁਨੀਆ ਦੀ ਸਭ ਤੋਂ ਵੱਡੀ ਕ੍ਰਿਕਟ ਲੀਗ ਦੀਆਂ ਇੰਟਰਨੈਸ਼ਨਲ ਫ੍ਰੈਂਚਾਈਜ਼ੀਆਂ ਤਰਲੋ ਮੱਛੀ ਹੋਈਆਂ ਤੇ ਅਖੀਰ ਆਪਣੀ ਪਹਿਲੇ ਆਈ ਪੀ ਐੱਲ 'ਚ ਹੀ, ਬਿਸ਼ਨੋਈ ਨੂੰ 20 ਲੱਖ ਦੀ ਥਾਂ ਤੇ 2 ਕਰੋੜ ਵਿਚ ਪੰਜਾਬ ਨੇ ਖਰੀਦ ਲਿਆ।

ਆਈ ਪੀ ਐਲ ਵਿਚ ਵੱਡੇ-ਵੱਡੇ ਇੰਟਰਨੈਸ਼ਨਲ ਖਿਲਾੜੀਆਂ ਨੂੰ ਬਾਲ ਕਰਦੇ ਸਮੇਂ ਵੀ ਇਸ ਨੌਜਵਾਨ ਦੀਆਂ ਲੱਤਾਂ ਕਦੇ ਨੀਂ ਕੰਬੀਆਂ ਤੇ ਇਸਨੇ ਆਪਣੇ ਜਬਰਦਸਤ ਪ੍ਰਦਰਸ਼ਨ ਨਾਲ ਪੂਰੀ ਦੁਨੀਆ 'ਚ ਬਿਸ਼ਨੋਈ-ਬਿਸ਼ਨੋਈ ਕਰਵਾ ਦਿੱਤੀ। ਦੂਜੇ ਸਾਲ ਵੀ ਇਸਨੂੰ ਪੰਜਾਬ ਨੇ 2 ਕਰੋੜ 'ਚ ਲੈ ਲਿਆ ਤੇ ਇਸਨੇ ਫੇਰ ਤੋਂ ਅਸਾਧਾਰਣ ਖੇਡ ਦਿਖਾਈ। ਪਿਛਲੇ ਸਾਲ ਨਵੀਂ ਬਣੀ ਲਖਨਊ ਟੀਮ ਨੇ ਰਵੀ ਬਿਸ਼ਨੋਈ ਨੂੰ ਜਦੋਂ 4 ਕਰੋੜ ਵਿਚ ਆਪਣੇ ਨਾਲ ਜੋੜਿਆ ਤਾਂ ਕਿਸੇ ਨੂੰ ਵੀ ਹੈਰਾਨੀ ਨਾ ਹੋਈ ਕਿਉਂਕਿ ਹੁਣ ਪੂਰਾ ਦੇਸ਼ ਇਸ ਸ਼ਖਸ ਦੀ ਕਾਬਲੀਅਤ, ਸਮਰੱਥਾ, ਯੋਗਤਾ ਤੇ ਆਤਮਵਿਸ਼ਵਾਸ਼ ਤੋਂ ਜਾਣੂ ਹੋ ਚੁੱਕਾ ਸੀ ਤੇ ਅਖੀਰ ਇਸ ਖਿਲਾੜੀ ਦਾ, ਕੋਚ ਦਾ, ਪਰਿਵਾਰ ਦਾ ਤੇ ਉਸਦੇ ਦੋਸਤਾਂ ਦਾ ਉਹ ਸੁਪਨਾ ਪੂਰਾ ਹੋਇਆ, ਜਿਸ ਲਈ ਰਵੀ ਮਈ-ਜੂਨ ਦੀਆਂ ਗਰਮੀਆਂ ਵਿਚ ਗਰਮ ਟਿੱਬਿਆਂ ਦੀ ਰੇਤ 'ਚ ਅੱਡੀ ਤੋਂ ਚੋਟੀ ਤੱਕ ਮੁੜਕੋ-ਮੁੜਕੀ ਹੋਇਆ, ਸ਼ੁਦਾਈਆਂ ਵਾਂਗ ਲਗਾਤਾਰ ਬਾਲਾਂ ਸੁੱਟਦਾ ਰਹਿੰਦਾ ਸੀ, ਭਾਰਤ ਦੀ ਟੀਮ 'ਚ ਰਵੀ ਬਿਸ਼ਨੋਈ ਦੀ ਚੋਣ ਹੋ ਗਈ ਸੀ। ਵੈਸਟਇੰਡੀਜ ਖਿਲਾਫ ਆਪਣੇ ਦੇਸ਼ ਲਈ ਖੇਡਦਿਆਂ, ਚਮਤਕਾਰੀ ਬਾਲ ਤੇ ਵਿਰੋਧੀ ਖਿਡਾਰੀ ਨੂੰ ਆਊਟ ਕਰਦਿਆਂ, ਮੈਨ ਆਫ ਦੀ ਮੈਚ ਬਣੇ ਦੇ, ਜਦੋਂ ਉਸਦੀ ਸ਼ਰਟ ਦੇ ਪਿੱਛੇ ਲਿਖਿਆ ਆਰ ਐਮ ਬਿਸ਼ਨੋਈ (ਰਵੀ ਮਾਂਗੀਲਾਲ ਬਿਸ਼ਨੋਈ) ਦਿਸਦਾ ਏ ਤਾਂ ਪੂਰਾ ਪਰਿਵਾਰ ਹੀ ਨਹੀਂ, ਪੂਰਾ ਰਾਜਸਥਾਨ, ਪੂਰਾ ਦੇਸ਼ ਭਾਵੁਕ ਹੋ ਜਾਂਦਾ ਹੈ। ਰਵੀ ਬਿਸ਼ਨੋਈ ਮਾਣ ਏ ਤੇਰੇ ਤੇ, ਸ਼ਾਲਾ, ਇਹ ਸਿਤਾਰਾ, ਇਸੇ ਤਰਾਂ ਆਪਣੀ ਚਮਕ ਬਿਖੇਰਦਾ ਰਹੇ, ਜੁਗ-ਜੁਗ ਜੀਓ..।

## ਸ਼ੋਸ਼ਣ ਦਾ ਸ਼ਿਕਾਰ ਹੋ ਰਹੀਆਂ ਨੇ ਭਾਰਤੀ ਖਿਡਾਰਨਾਂ

**ਜਗਮੋਹਨ ਸਿੰਘ ਲੱਕੀ**

ਭਾਰਤ ਦੀ ਇਕ ਸਾਈਕਲ ਚਾਲਕ ਖਿਡਾਰਨ ਵਲੋਂ ਆਪਣੇ ਕੋਚ 'ਤੇ ਲਗਾਏ ਗਏ ਕਮਰਾ ਸ਼ੇਅਰ ਕਰਨ, ਬਦਸਲੂਕੀ ਅਤੇ ਜ਼ਬਰਦਸਤੀ ਕਰਨ ਦੇ ਦੋਸ਼ਾਂ ਨੇ ਇਕ ਵਾਰ ਫਿਰ ਅਨੇਕਾਂ ਖਿਡਾਰਨਾਂ ਦੇ ਹੋ ਰਹੇ ਸ਼ੋਸ਼ਣ ਜਾਂ ਯੌਨ ਸ਼ੋਸ਼ਣ ਦਾ ਮਾਮਲਾ ਉਭਾਰ ਦਿੱਤਾ ਹੈ। ਖਿਡਾਰਨਾਂ ਨਾਲ ਇਸ ਤਰਾਂ ਦੇ ਸ਼ੋਸ਼ਣ ਜਾਂ ਯੌਨ ਸ਼ੋਸ਼ਣ ਦਾ ਇਹ ਪਹਿਲਾ ਮਾਮਲਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਖਿਡਾਰਨਾਂ ਨਾਲ ਕੋਚਾਂ ਜਾਂ ਮਰਦ ਖਿਡਾਰੀਆਂ ਜਾਂ ਦਰਸ਼ਕਾਂ ਵਲੋਂ ਜਾਂ ਕਿਸੇ ਹੋਰ ਵਲੋਂ ਬਦਸਲੂਕੀ ਅਤੇ ਬਦਕਲਾਮੀ ਕਰਨ ਦੇ ਮਾਮਲੇ ਵਾਪਰ ਚੁੱਕੇ ਹਨ।

ਵੱਡੀ ਗਿਣਤੀ ਖਿਡਾਰਨਾਂ ਅਜਿਹੀਆਂ ਵੀ ਹਨ, ਜੋ ਕਿ ਆਪਣੇ ਨਾਲ ਹੁੰਦੇ ਸ਼ੋਸ਼ਣ ਬਾਰੇ ਕਿਸੇ ਨੂੰ ਕੁਝ ਨਹੀਂ ਦਸਦੀਆਂ, ਕਿਉਂਕਿ ਉਨਾਂ ਨਾਲ ਸ਼ੋਸ਼ਣ ਕਰਨ ਵਾਲਿਆਂ ਨੇ ਉਨਾਂ ਨੂੰ ਧਮਕੀ ਦਿੱਤੀ ਹੁੰਦੀ ਹੈ ਕਿ ਜੇ ਉਨਾਂ ਨੇ ਇਸ ਸੰਬੰਧੀ ਕਿਸੇ ਨੂੰ ਕੁਝ ਦੱਸਿਆ ਤਾਂ ਉਹ ਉਸ ਦਾ ਖੇਡ ਕੈਰੀਅਰ ਬਰਬਾਦ ਕਰ ਦੇਣਗੇ। ਇਸ ਤਰਾਂ ਆਪਣੇ ਕੈਰੀਅਰ ਨੂੰ ਬਰਬਾਦ ਹੋਣ ਤੋਂ ਰੋਕਣ ਲਈ ਵੱਡੀ ਗਿਣਤੀ ਖਿਡਾਰਨਾਂ ਆਪਣੇ ਨਾਲ ਹੁੰਦੇ ਸ਼ੋਸ਼ਣ ਸੰਬੰਧੀ ਚੁੱਪ ਰਹਿੰਦੀਆਂ ਹਨ ਅਤੇ ਇਹ ਮਾਮਲੇ ਸਾਹਮਣੇ ਨਹੀਂ ਆਉਂਦੇ।

ਵੱਡੀ ਗਿਣਤੀ ਖਿਡਾਰਨਾਂ ਬਾਲ ਉਮਰੇ ਖੇਡਾਂ ਦੀ ਸਿਖਲਾਈ ਦੌਰਾਨ ਹੀ ਅਕਸਰ ਕਿਸੇ ਨਾ ਕਿਸੇ ਤਰਾਂ ਸ਼ੋਸ਼ਣ ਜਾਂ ਯੌਨ ਸ਼ੋਸ਼ਣ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਇਸੇ ਕਾਰਨ ਵੱਡੀ ਗਿਣਤੀ ਬਾਲ ਖਿਡਾਰਨਾਂ ਖੇਡਾਂ ਵਿਚ ਕੋਈ ਤਮਗਾ ਜਿੱਤਣ ਦੀ ਥਾਂ ਖੇਡਾਂ ਤੋਂ ਕਿਸੇ ਨਾ ਕਿਸੇ ਬਹਾਨੇ ਦੂਰ ਹੋ ਜਾਂਦੀਆਂ ਹਨ। ਖਿਡਾਰਨਾਂ ਨਾਲ ਅਜਿਹੇ ਮਾਮਲਿਆਂ ਦੀ ਵਧ ਰਹੀ ਗਿਣਤੀ ਕਾਰਨ ਅਕਸਰ ਮਾਪੇ ਵੀ ਆਪਣੀਆਂ ਧੀਆਂ ਨੂੰ ਖੇਡਾਂ ਤੋਂ ਦੂਰ ਰੱਖਣ ਵਿਚ ਭਲਾਈ ਸਮਝਦੇ ਹਨ ਅਤੇ ਸੋਚਦੇ ਹਨ ਕਿ ਬਚਾਓ ਵਿਚ ਹੀ ਬਚਾਓ ਹੈ। ਗੋਲਡਨ ਪੰਚ ਮਾਰਨ ਵਾਲੀ ਭਾਰਤੀ ਮੁੱਕੇਬਾਜ਼ ਜਰੀਨ, ਟੈਨਿਸ ਸਨਸਨੀ ਸਾਨੀਆ ਮਿਰਜ਼ਾ ਨੂੰ ਵਿਸ਼ਵ ਜੇਤੂ ਹੋਣ ਦੇ ਬਾਵਜੂਦ ਆਪਣੇ ਖੇਡ ਕੈਰੀਅਰ ਦੌਰਾਨ ਛੋਟੇ ਕੱਪੜੇ ਪਾਉਣ ਕਰਕੇ ਅਨੇਕਾਂ ਲੋਕਾਂ ਵਲੋਂ ਮਾਰੇ ਗਏ ਤਾਅਨੇ-ਮਿਹਣੇ ਸੁਣਨੇ ਪਏ। ਅਜਿਹੇ ਲੋਕਾਂ ਨੇ ਉਨਾਂ ਦੀ ਖੇਡ ਕਲਾ ਵੱਲ



ਅਤੇ ਉਨਾਂ ਵਲੋਂ ਅੰਤਰਰਾਸ਼ਟਰੀ ਪੱਧਰ 'ਤੇ ਸੋਨ ਤਮਗੇ ਜਿੱਤਣ ਵੱਲ ਕੋਈ ਧਿਆਨ ਨਹੀਂ ਦਿੱਤਾ, ਸਿਰਫ਼ ਉਨਾਂ ਦੇ ਖੇਡਣ ਦੌਰਾਨ ਪਾਏ ਹੋਏ ਕੱਪੜਿਆਂ ਉਪਰ ਕਿੰਤੂ-ਪ੍ਰੰਤੂ ਕਰਕੇ ਉਨਾਂ ਦਾ ਹੌਸਲਾ ਘਟਾਉਣ ਦਾ ਯਤਨ ਕੀਤਾ ਗਿਆ ਪਰ ਇਨਾਂ ਖਿਡਾਰਨਾਂ ਨੂੰ ਸ਼ਾਬਾਸ਼ ਦੇਣੀ ਬਣਦੀ ਹੈ, ਜਿਨਾਂ ਨੇ ਅਜਿਹੇ ਲੋਕਾਂ ਦੀ ਪ੍ਰਵਾਹ ਨਾ ਕਰਦਿਆਂ ਦੇਸ਼ ਲਈ ਸੋਨ ਤਮਗੇ ਜਿੱਤ ਕੇ ਦੇਸ਼ ਦਾ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਮੁੱਕੇਬਾਜ਼ ਜ਼ਰੀਨ ਅਤੇ ਟੈਨਿਸ ਸਨਸਨੀ ਸਾਨੀਆ ਮਿਰਜ਼ਾ ਤੋਂ ਦੇਸ਼ ਦੀਆਂ ਹੋਰਨਾਂ ਖਿਡਾਰਨਾਂ ਨੂੰ ਵੀ ਪ੍ਰੇਰਨਾ ਲੈਣੀ ਚਾਹੀਦੀ ਹੈ ਤੇ ਲੋਕਾਂ ਵਲੋਂ ਮਾਰੇ ਜਾਂਦੇ ਤਾਅਨੇ ਮਿਹਣਿਆਂ ਵੱਲ ਕੋਈ ਧਿਆਨ ਨਾ ਦੇ ਕੇ ਆਪਣੀ ਖੇਡ ਕਲਾ ਵੱਲ ਧਿਆਨ ਦੇਣਾ ਚਾਹੀਦਾ ਹੈ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਇਕ ਪਾਸੇ ਭਾਰਤ ਦੀ ਕੇਂਦਰ ਸਰਕਾਰ ਅਤੇ ਵੱਖ ਵੱਖ ਸੂਬਿਆਂ ਦੀ ਸਰਕਾਰਾਂ ਖੇਡਾਂ ਵਿਚ ਖਿਡਾਰਨਾਂ ਨੂੰ ਅਨੇਕਾਂ ਸਹੂਲਤਾਂ ਦੇਣ ਦੇ ਦਾਅਵੇ ਕਰਦੀਆਂ ਨਹੀਂ ਥੱਕਦੀਆਂ ਜਦੋਂਕਿ ਅਸਲੀਅਤ ਇਹ ਹੈ ਕਿ ਅੱਜ ਵੀ ਭਾਰਤ ਵਿਚ ਵੱਖ ਵੱਖ ਖਿਡਾਰਨਾਂ ਵੱਖ ਵੱਖ ਥਾਵਾਂ 'ਤੇ ਸ਼ੋਸ਼ਣ ਜਾਂ ਯੌਨ ਸ਼ੋਸ਼ਣ ਦਾ ਸ਼ਿਕਾਰ ਹੋ ਰਹੀਆਂ ਹਨ ਜੋ ਕਿ ਬਹੁਤ ਗੰਭੀਰ ਮਸਲਾ ਹੈ।

ਖਿਡਾਰਨਾਂ ਨੂੰ ਹਰ ਤਰਾਂ ਦੇ ਸ਼ੋਸ਼ਣ ਤੋਂ ਬਚਾਉਣ ਲਈ ਕੇਂਦਰ ਸਰਕਾਰ ਸਮੇਤ ਹਰ ਜ਼ਿੰਮੇਵਾਰ ਅਥਾਰਿਟੀ ਅਤੇ ਭਾਰਤੀ ਖੇਡਾਂ ਦੇ ਕਰਤਿਆਂ ਧਰਤਿਆਂ ਨੂੰ ਜ਼ਰੂਰੀ ਕਦਮ ਤੁਰੰਤ ਚੁੱਕਣੇ ਚਾਹੀਦੇ ਹਨ ਤਾਂ ਕਿ ਭਾਰਤੀ ਖਿਡਾਰਨਾਂ ਕਿਸੇ ਵੀ ਤਰਾਂ ਦੇ ਸ਼ੋਸ਼ਣ ਦਾ ਸ਼ਿਕਾਰ ਨਾ ਹੋ ਸਕਣ ਅਤੇ ਉਹ ਆਪਣੀ ਸੁਰੱਖਿਆ ਪ੍ਰਤੀ ਪੂਰੀ ਤਰਾਂ ਨਿਸ਼ਚਿੰਤ ਹੋ ਕੇ ਦੇਸ਼ ਲਈ ਤਗਮੇ ਜਿੱਤ ਸਕਣ।

## ਵਿਸ਼ਵ ਕੱਪ ਹਾਕੀ 2023 'ਚ ਭਾਰਤ ਲਈ ਤਮ.ਗਾ ਜਿੱਤਣਾ ਜ਼ਰੂਰੀ

1980 ਤੱਕ ਭਾਰਤ ਦੀ ਹਾਕੀ ਦੀ ਚੜਤ ਰਹੀ। 1975 'ਚ ਵਿਸ਼ਵ ਕੱਪ ਹਾਕੀ ਜਿੱਤੀ। 1980 ਦੀਆਂ ਮਾਸਕੋ ਉਲੰਪਿਕ ਖੇਡਾਂ ਭਾਰਤ ਦੀ ਹਾਕੀ ਦੇ ਨਾਂ ਰਹੀਆਂ। ਚੈਂਪੀਅਨ ਟਰਾਫੀ ਹਾਕੀ ਭਾਰਤ ਕਦੇ ਨਾ ਜਿੱਤ ਸਕਿਆ। ਜ਼ਿਕਰਯੋਗ ਹੈ ਕਿ ਭਾਰਤੀ ਹਾਕੀ ਦੀ ਸਰਦਾਰੀ ਜਦੋਂ ਖੁਸ ਗਈ, ਫਿਰ ਹੱਥ ਨਾ ਆਈ, ਬਥੇਰਾ ਭਾਰਤੀ ਹਾਕੀ ਤਰਲੋਮੱਛੀ ਹੁੰਦੀ ਰਹੀ। ਕੋਈ ਵੇਲਾ ਸੀ ਉਲੰਪਿਕ ਹਾਕੀ, ਵਿਸ਼ਵ ਕੱਪ ਹਾਕੀ ਅਤੇ ਚੈਂਪੀਅਨ ਟਰਾਫੀ ਹਾਕੀ ਇਹ ਤਿੰਨ ਵਿਸ਼ਵ ਪੱਧਰੀ ਟੂਰਨਾਮੈਂਟ ਹੀ ਹਾਕੀ



ਦੀ ਸਰਦਾਰੀ ਦੇ ਮਾਪਦੰਡ ਸਨ। ਜਰਮਨੀ, ਆਸਟ੍ਰੇਲੀਆ, ਹਾਲੈਂਡ ਤਿੰਨ ਦੇਸ਼ ਹੀ ਦਹਾਕਿਆਂ ਤੱਕ ਇਨਾਂ ਟੂਰਨਾਮੈਂਟਾਂ ਦੇ ਆਧਾਰ 'ਤੇ ਹਾਕੀ ਦੀ ਸਰਦਾਰੀ ਦਾ ਪਰਚਮ ਲਹਿਰਾਉਂਦੇ ਰਹੇ। ਭਾਰਤ ਵੱਡੇ-ਵੱਡੇ ਟੂਰਨਾਮੈਂਟਾਂ 'ਚ ਜਿੱਤ ਲਈ ਤਰਲੇ ਹੀ ਲੈਂਦਾ ਰਿਹਾ। ਦੂਜੀਆਂ ਟੀਮਾਂ ਦੇ ਹਾਰ ਜਿੱਤਾਂ ਦੇ ਸਮੀਕਰਨਾਂ ਵਿਚ ਸੈਮੀਫਾਈਨਲ ਤੱਕ ਪਹੁੰਚਣ ਦਾ ਰਾਹ ਤਲਾਸ਼ਦਾ ਰਿਹਾ, ਵਿਚ-ਵਿਚਾਲੇ ਜਦੋਂ ਭਾਰਤ ਨੇ ਕਦੇ ਕਿਸੇ ਤਾਕਤਵਰ ਟੀਮ ਨੂੰ ਹਰਾਇਆ। ਕਿਸੇ ਟੂਰਨਾਮੈਂਟ 'ਚ ਚੰਗਾ ਪ੍ਰਦਰਸ਼ਨ ਕੀਤਾ ਤਾਂ ਇੰਜ ਲੱਗਾ ਕਿ ਸਾਡੀ ਹਾਕੀ ਦੇ ਸੁਨਹਿਰੀ ਦਿਨ ਸ਼ੁਰੂ ਹੋ ਗਏ। ਪਰ ਇਹ ਸਾਰਾ ਕੁਝ ਮ੍ਰਿਗ ਤ੍ਰਿਸ਼ਨਾ ਹੀ ਸੀ। ਅਗਲੇ ਟੂਰਨਾਮੈਂਟ ਵਿਚ ਫੇਰ ਭਾਰਤ ਢਹਿ-ਢੇਰੀ ਹੋ ਗਿਆ, ਦਹਾਕਿਆਂ ਤੱਕ ਇਹੀ ਸਿਲਸਿਲਾ ਚਲਦਾ ਰਿਹਾ ਪਰ ਸਾਡੀ ਹਾਕੀ ਦੇ ਦਿਨ ਨਾ ਬਦਲੇ। ਪਰ ਹਾਕੀ ਖੇਡਣ ਵਾਲੇ ਕਾਫੀ ਕਮਾਈ ਕਰ ਗਏ। ਵੱਡੀਆਂ-ਵੱਡੀਆਂ ਨੌਕਰੀਆਂ ਅਤੇ ਤਰੱਕੀਆਂ ਮਿਲਦੀਆਂ ਗਈਆਂ। ਜੂਨੀਅਰ ਵਿਸ਼ਵ ਕੱਪ ਦੀ ਜਿੱਤ ਹੋਈ ਤਾਂ ਇੰਜ ਲੱਗਾ ਹੁਣ ਵਿਸ਼ਵ ਕੱਪ ਮੈਦਾਨ 'ਤੇ ਉਲੰਪਿਕ ਹਾਕੀ ਪਿੰਡ ਹੁਣ ਸਾਡੇ ਹੋ ਜਾਣਗੇ। ਪਰ ਕੀ ਵੇਖਦੇ ਹਾਂ, ਜੂਨੀਅਰ ਵਿਸ਼ਵ ਕੱਪ ਵਿਜੇਤਾ ਅਗਲੇ ਟੂਰਨਾਮੈਂਟਾਂ ਦੇ ਕਿਤੇ ਚੈਂਪੀਅਨ ਤੇਵਰ ਵਿਖਾਉਂਦੇ ਨਹੀਂ ਮਿਲੇ। ਇਹ ਹੀ ਸਾਡੀ ਹਾਕੀ ਦਾ ਦੁਖਾਂਤ ਰਿਹਾ। ਭਲਿਓ ਮਾਣਸੋ, ਸਬਕ ਸਿੱਖੋ ਜਰਮਨੀ, ਹਾਲੈਂਡ ਤੇ ਆਸਟ੍ਰੇਲੀਆ ਤੋਂ ਜਿਨਾਂ ਹਾਕੀ ਜੁਝਾਰੂ ਦੇਸ਼ਾਂ ਨੇ ਲਗਾਤਾਰ ਵਿਸ਼ਵ ਪੱਧਰੀ ਹਾਕੀ ਮੁਕਾਬਲਿਆਂ ਵਿਚ ਆਪਣਾ ਦਬਦਬਾ ਕਾਇਮ ਰੱਖਿਆ। ਸਬਕ ਸਿੱਖੋ ਬੈਲਜੀਅਮ ਤੋਂ ਜੋ ਪਿੱਛੋਂ ਆਣ ਕੇ ਅੱਗੇ ਨਿਕਲ ਗਿਆ। ਕੋਈ ਦੇਸ਼ ਵਿਚ ਜੇ ਉਲੰਪਿਕ ਹਾਕੀ ਵਿਚ ਕਾਂਸੀ ਦਾ ਤਮਗਾ ਜਿੱਤਦਾ ਤਾਂ ਵਿਸ਼ਵ ਕੱਪ ਹਾਕੀ ਵਿਚ ਸੋਨੇ ਦਾ ਤਮਗ਼ਾ ਜਿੱਤ ਕੇ ਫਤਹਿਯਾਬ ਹੁੰਦਾ। ਕੋਈ ਦੇਸ਼ ਜੇ ਚੈਂਪੀਅਨ ਟਰਾਫੀ ਵਿਚ ਚਾਂਦੀ ਦਾ ਤਮਗਾ ਜਿੱਤਦਾ ਤਾਂ ਅਗਲੇ ਉਲੰਪਿਕ ਹਾਕੀ ਵਿਚ ਸੋਨੇ ਦਾ। ਕਹਿਣ ਦਾ ਭਾਵ ਕਿ ਵਿਸ਼ਵ ਪੱਧਰੀ ਟੂਰਨਾਮੈਂਟਾਂ ਵਿਚ ਅਹਿਮ ਜਿੱਤਾਂ ਇਨਾਂ ਦੀ ਝੋਲੀ 'ਚ ਪੈਂਦੀਆਂ ਰਹੀਆਂ, ਉਹ ਵੀ ਲਗਾਤਾਰ। ਇਹ ਹੁੰਦੀ ਹੈ ਚੈਂਪੀਅਨਾਂ ਵਾਂਗ ਜਿੱਤਣ ਦੀ ਆਦਤ। ਇਸ ਨੂੰ ਆਖਦੇ ਨੇ ਸਹੀ ਮਾਅਨਿਆਂ ਵਿਚ ਜੇਤੂ/ਚੈਂਪੀਅਨ ਜਾਂ ਹਾਕੀ ਦੇ ਸਰਦਾਰ। ਭਾਰਤ, ਪਾਕਿਸਤਾਨ, ਦੱਖਣੀ ਕੋਰੀਆ ਵਰਗੇ ਦੇਸ਼ ਕਦੇ-ਕਦੇ ਏਸ਼ੀਅਨ ਚੈਂਪੀਅਨ ਵੀ ਨਹੀਂ ਸਨ ਹੁੰਦੇ ਪਰ ਫੜਾਂ ਸੰਸਾਰ ਜਿੱਤਣ ਦੀਆਂ ਮਾਰਦੇ ਰਹੇ। ਅਸੀਂ ਸਮਝਦੇ ਹਾਂ ਕਿ ਸਾਡੀ ਕੌਮੀ ਟੀਮ ਨੂੰ ਲਗਾਤਾਰ ਜਰਮਨੀ, ਆਸਟ੍ਰੇਲੀਆ, ਹਾਲੈਂਡ ਵਾਂਗ ਹਰ ਟੂਰਨਾਮੈਂਟ ਵਿਚ ਪ੍ਰਦਰਸ਼ਨ ਕਰਨ ਦੀ ਜ਼ਰੂਰਤ ਹੈ। ਉਲੰਪਿਕ 'ਚ ਤੁਸੀਂ ਕਾਂਸੀ ਦਾ ਤਮਗ਼ਾ ਜਿੱਤੋ ਤੇ ਅਗਲੇ ਮਹੀਨੇ ਤੁਸੀਂ ਜਾਪਾਨ, ਮਲੇਸ਼ੀਆ ਤੋਂ ਹਾਰ ਜਾਓ, ਇਹ ਤਾਂ ਕੋਈ ਗੱਲ ਨਾ ਹੋਈ। ਸਾਰੀ ਗੱਲ ਨੂੰ ਘੁਮਾ-ਫਿਰਾ ਕੇ ਅਸੀਂ ਵਿਸ਼ਵ ਕੱਪ ਹਾਕੀ 2023 'ਤੇ ਲਿਆਉਣਾ ਚਾਹੁੰਦੇ ਹਾਂ। ਠੀਕ ਹੈ ਸਾਡੀ ਟੀਮ ਨੇ ਟੋਕੀਓ ਉਲੰਪਿਕ ਹਾਕੀ ਵਿਚ ਚੰਗਾ ਪ੍ਰਦਰਸ਼ਨ ਕਰਕੇ ਕਈ ਦਹਾਕਿਆਂ ਬਾਅਦ ਕਾਂਸੀ ਦਾ ਤਮਗ਼ਾ ਜਿੱਤਿਆ ਹੈ। ਪਰ ਹੁਣ ਵਿਸ਼ਵ ਕੱਪ ਹਾਕੀ 2023 'ਚ ਜੋ ਭਾਰਤ ਵਿਚ ਹੋ ਰਿਹਾ ਹੈ, ਵਿਚ ਵੀ ਭਾਰਤ ਦੀ ਝੋਲੀ ਵਿਚ ਕੋਈ ਨਾ ਕੋਈ ਤਮਗ਼ਾ ਜ਼ਰੂਰ ਪੈਣਾ ਚਾਹੀਦਾ ਹੈ। ਫਿਰ ਹੀ ਸਿੱਧ ਹੋਵੇਗਾ ਕਿ ਭਾਰਤੀ ਟੀਮ ਸੁਨਹਿਰੀ ਰਾਹਾਂ 'ਤੇ ਤੁਰ ਪਈ ਹੈ, ਨਹੀਂ ਤਾਂ ਫਿਰ ਉਹੀ ਕਹਾਣੀ, ਉਹੀ ਸਿਰਲੇਖ ਰਹੇਗਾ।

**ਪ੍ਰੋਫੈਸਰ ਪਰਮਜੀਤ ਸਿੰਘ ਰੰਧਾਵਾ**

## ਹਰਿਮੰਦਰ ਸਾਹਿਬ ਵਿਖੇ...

ਇਹ ਹੁਕਮ ਜਾਰੀ ਕੀਤਾ ਕਿ ਰੋਜ਼ਾਨਾ ਦੀ ਅਰਦਾਸ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੀ ਸਦਾ ਸਲਾਮਤੀ ਵਾਲੀ ਸਤਰ ਕੱਟ ਦਿਓ।

ਇਸ ਗੱਲ ਦਾ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਤਾਂ ਜਥੇਦਾਰ ਅਕਾਲੀ ਫੂਲਾ ਸਿੰਘ ਨਾਲ ਉਨਾਂ ਨੇ ਰਾਬਤਾ ਕਾਇਮ ਕੀਤਾ ਅਤੇ ਅੱਗੇ ਤੋਂ ਇਸ ਤਰਾਂ ਦੀ ਗ਼ਲਤੀ ਨਾ ਕਰਨ ਦੀ ਗੱਲ ਕਹੀ ਪਰ ਅਕਾਲੀ ਫੂਲਾ ਸਿੰਘ ਨੇ ਕਿਹਾ ਭਾਈ ਸਾਬ ਹੁਣ ਇਹ ਮਸਲਾ ਆਪਣੇ ਦੋਹਾਂ ਦਾ ਨਹੀਂ ਰਿਹਾ। ਇਹ ਮਸਲਾ ਤੁਹਾਡੇ ਅਤੇ ਸ੍ਰੀ ਅਕਾਲ-ਤਖ਼ਤ ਸਾਹਿਬ ਦਰਮਿਆਨ ਹੈ, ਇਸ ਲਈ ਜਿਹੜੀ ਵੀ ਗੱਲ ਕਰਨੀ ਹੈ ਉੱਥੇ ਪੇਸ਼ ਹੋ ਕੇ ਕਰੋ। ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਕਰਾਰ ਦੇ ਦਿੱਤਾ ਗਿਆ। ਜਦੋਂ ਮਹਾਰਾਜਾ ਰਣਜੀਤ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਚ ਦਰਸ਼ਨ ਕਰਨ ਲਈ ਅੰਦਰ ਜਾਣ ਲੱਗੇ ਤਾਂ ਦਰਸ਼ਨੀ ਦਰਵਾਜ਼ੇ ਜਥੇ: ਅਕਾਲੀ ਫੂਲਾ ਸਿੰਘ ਤਲਵਾਰ ਲੈ ਕੇ ਆਪ ਖਲੋ ਗਏ ਤੇ ਕਹਿਣ ਲੱਗੇ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਭੁੱਲ ਬਖਸ਼ਾਉਣ। ਓਨਾ ਚਿਰ ਤਨਖਾਈਏ ਮਹਾਰਾਜੇ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਨਹੀਂ ਕਰਨ ਦਿੱਤੇ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਕਾਲ ਤਖ਼ਤ ਅੱਗੇ ਪੇਸ਼ ਹੋਏ ਅਤੇ ਜਥੇ: ਅਕਾਲੀ ਫੂਲਾ ਸਿੰਘ ਦੇ ਕਹਿਣ 'ਤੇ ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰਨ ਵਾਸਤੇ ਇਮਲੀ ਦੇ ਦਰੱਖਤ ਨਾਲ ਬੰਨ ਦਿੱਤਾ ਗਿਆ। ਮਹਾਰਾਜਾ ਰਣਜੀਤ ਸਿੰਘ ਇਮਲੀ ਦੇ ਦਰੱਖਤ ਨਾਲ ਬੰਨਿਆ ਸਿਰ ਝੁਕਾਈ ਖੜੇ ਸਨ। ਸੰਗਤਾਂ ਦੀ ਬੇਨਤੀ ਕਰਨ 'ਤੇ ਕੋੜੇ ਨਹੀਂ ਮਾਰੇ ਗਏ। ਪਰ ਜਦੋਂ ਸ਼ਾਹੀ ਮਾਇਆ ਵਿਚੋਂ ਕੜਾਹ ਪ੍ਰਸ਼ਾਦਿ ਲਈ ਅਤੇ ਸਦਾ ਸਲਾਮਤੀ ਦੀ ਅਰਦਾਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਜਥੇ: ਅਕਾਲੀ ਫੂਲਾ ਸਿੰਘ ਨੂੰ ਬੇਨਤੀ ਕੀਤੀ ਤਾਂ ਅਕਾਲੀ ਫੂਲਾ ਸਿੰਘ ਨੇ ਕਿਹਾ : 'ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਕਦੇ ਵਾਪਸ ਨਹੀਂ ਲਏ ਜਾਂਦੇ' ਇਸ ਲਈ ਹੁਣ ਸੰਗਤਾਂ ਹੀ ਸ਼ਰਧਾ ਅਤੇ ਹੈਸੀਅਤ ਮੁਤਾਬਿਕ ਮਾਇਆ ਦੇਣਗੀਆਂ ਤੇ ਪਰਚੀ ਲੈਣਗੀਆਂ। ਉਸ ਤੋਂ ਬਾਅਦ ਅੱਜ ਤੱਕ ਹਰ ਗੁਰੂ ਘਰ ਵਿਚ ਕੜਾਹ ਪ੍ਰਸ਼ਾਦਿ ਪਰਚੀ ਦੀ ਰਸਮ ਚਲਦੀ ਆ ਰਹੀ ਹੈ।

## ਪਿਛਲੇ ਦਿਨੀਂ ਸਿੱਖ...

ਜਿੱਥੇ ਕਿਸੇ ਨੂੰ ਝੂਠੇ ਦੋਸ਼ਾਂ ਵਿੱਚ ਫਸਾਇਆ ਜਾਂਦਾ ਹੈ, ਉੱਥੇ ਸਮੁੱਚੇ ਭਾਈਚਾਰੇ ਦਾ ਸਿਰ ਵੀ ਨੀਵਾਂ ਹੁੰਦਾ ਹੈ। ਇੱਥੇ ਇਹ ਕਹਿਣਾ ਜ਼ਰੂਰੀ ਹੈ ਕਿ ਹਰ ਬੰਦਾ ਜੋ ਪੱਗ ਬੰਨਦਾ, ਉਹ ਪੰਜਾਬੀ ਨਹੀਂ ਹੁੰਦਾ। ਇਸੇ ਤਰਾਂ ਹਰ ਉਹ ਬੰਦਾ ਜੋ ਪੱਗ ਨਹੀਂ ਬੰਨਦਾ (ਮੋਨਾ), ਉਹ ਕਿਸੇ ਹੋਰ ਭਾਈਚਾਰੇ ਨਹੀਂ ਹੋ ਸਕਦਾ, ਕਿਉਂਕਿ ਬਹੁਗਿਣਤੀ ਪੰਜਾਬੀ ਭਾਈਚਾਰੇ ਦੇ ਲੋਕ ਵੀ ਮੋਨੇ ਹਨ। ਇਸੇ ਤਰਾਂ ਅਸੀਂ ਪਿਛਲੇ ਵਿਦੇਸ਼ਾਂ ਵਿੱਚ ਪ੍ਰਮਾਤਮਾ ਦੀ ਕ੍ਰਿਪਾ ਨਾਲ, ਗੁਰੂ ਦੇ ਲੰਗਰਾਂ ਦੇ ਨਾਲ-ਨਾਲ ਦਸਤਾਰਾਂ ਦੇ ਲੰਗਰ ਵੀ ਬਹੁਤ ਲਾਏ। ਜਿੱਥੇ ਆਪਣੇ ਭਾਈਚਾਰੇ ਦੇ ਦਸਤਾਰਾਂ ਬੰਨੀਆਂ, ਉੱਥੇ ਇੱਥੇ ਦੇ ਲੋਕਾਂ ਦੇ ਵੀ ਦਸਤਾਰਾਂ ਅਸੀਂ ਸਜਾਈਆਂ। ਪੱਗ ਦੇ ਅਧਾਰ 'ਤੇ ਕਿਸੇ ਇਕ ਭਾਈਚਾਰੇ ਨੂੰ ਨਿਸ਼ਾਨੇ ਉੱਤੇ ਲੈਣਾ ਗਲਤ ਹੈ।

ਰਾਜ ਕਿਸ਼ਨਪੁਰਾ ਦੀ ਪੁਲਿਸ ਅੱਗੇ ਸੱਚੀ ਗੱਲ ਕਰਨ ਕਰਕੇ ਜਿੱਥੇ ਸਮੁੱਚੇ ਪੰਜਾਬੀ ਭਾਈਚਾਰੇ ਦਾ ਨਾਂ ਸ਼ਰਮਸਾਰ ਹੋਣ ਤੋਂ ਬਚ ਗਿਆ, ਉੱਥੇ ਅਖੌਤੀ ਪੱਤਰਕਾਰੀ ਲਈ ਵੀ ਸਬਕ ਹੈ ਕਿ ਸੁਣੀਆਂ-ਸੁਣਾਈਆਂ ਗੱਲਾਂ ਨੂੰ ਮੀਡੀਏ ਵਿੱਚ ਲਿਆਉਣ ਤੋਂ ਪਹਿਲਾ ਘੋਖ ਪੜਤਾਲ ਜ਼ਰੂਰ ਕਰ ਲਿਆ ਕਰਨ।

## ਮੀਂਹ ਜਾਵੇ ਅਨੇਰੀ ਜਾਵੇ

'ਹਾਂ, ਦੇਖੀ ਤਾਂ ਸੀ ਮੈਂ ਇਕ ਦੋ ਵਾਰੀ। ਕੋਈ ਚੂੜਾ-ਚੱਪੜਾ ਲਾ ਜਾਣਾ ਸੀ', ਗੁਰਦੇਵ ਸਿੰਘ ਨੇ ਸ਼੍ਰੇਣੀ ਭਾਵ ਵਾਲੀ ਹਮਦਰਦੀ ਦਿਖਾ ਕੇ ਆਖਿਆ।

'ਏਨੀ ਪਹੁੰਚ ਹੋਵੇ ਤਾਂ ਫੌਜ ਵਿਚ ਧੱਕੇ ਖਾਣ ਜਾਈਏ ਸਰਦਾਰ ਗੁਰਦੇਵ ਸਿਆਂ! ਕੋਈ ਨੀ, ਬਸੰਤ ਕੁਰ ਦਾ ਕੁਝ ਨਹੀਂ ਘਸ ਗਿਐ ਪੱਠੇ ਲਿਜਾਣ ਨਾਲ!'

ਗੁਰਦੇਵ ਸਿੰਘ ਹੱਸ ਪਿਆ। "ਘਸਣਾ ਕੀ ਸੀ ਤੇਰੇ ਪਿਛੋਂ!" ਉਸ ਨੇ ਮਖੌਲ ਵਿਚ ਆਖਿਆ। ਮੰਗਲ ਸਿੰਘ ਨੇ ਵੀ ਉਤਰ ਵਿਚ ਹੱਸ ਦਿੱਤਾ। ਗੁਰਦੇਵ ਸਿੰਘ ਉਸ ਨੂੰ ਪੱਠੇ ਵੱਢਦਾ ਛੱਡ ਕੇ ਅੱਗੇ ਲੰਘ ਗਿਆ।

'ਵੇ ਮੁੰਡਿਆ, ਹਾਲੇ ਹੋਰ ਕਿੰਨਾ ਕੁ ਚਿਰ ਫੌਜ ਵਿਚ ਰਹੇਂਗਾ?' ਮਹਾਂ ਕੌਰ ਨੇ ਇਕ ਦਿਨ ਮੰਗਲ ਸਿੰਘ ਨੂੰ ਪੁਛਿਆ।

'ਹਾਲੇ ਤਾਂ ਨਹੀਂ ਮਾਂ, ਮੇਰੀ ਪਿਨਸ਼ਨ ਲਗ ਜਾਣੀਂ ਛਿਆਂ ਹੀ ਮਹੀਨਿਆਂ ਪਿਛੋਂ!' ਮੰਗਲ ਸਿੰਘ ਨੇ ਜਵਾਬ ਦਿੱਤਾ।

'ਪਿਲਸਣ ਤਾਂ ਪੁੱਤ, ਵੱਡੇ ਹੋਏ ਦੀ ਜਾ ਕੇ ਹੋਊ। ਪਿਛੋਂ ਘਰ ਦਾ ਕੀ ਬਣੂੰ? ਮੈਂ ਤਾਂ ਨਦੀ ਕਿਨਾਰੇ ਰੁੱਖੜਾ ਹਾਂ। ਜਾਂ ਤੂੰ ਬਸੰਤ ਕੁਰ ਨੂੰ ਨਾਲ ਈ ਲੈ ਜਾ।'

'ਜਿੰਨਾ ਚਿਰ ਤੂੰ ਬੈਠੀ ਐਂ, ਓਨਾ ਚਿਰ ਮਾਂ ਮੈਨੂੰ ਕੀ ਫ਼ਿਕਰ ਐ ਘਰ ਦਾ ਜਾਂ ਬਸੰਤ ਕੁਰ ਦਾ?'

'ਫਿਕਰ ਤਾਂ ਤੈਨੂੰ ਕੋਈ ਨਹੀਂ। ਬਸੰਤ ਕੌਰ ਵੀ, ਮੂੰਹ 'ਤੇ ਸਲਾਹੁਣਾ ਚੰਗਾ ਨਹੀਂ ਹੁੰਦਾ, ਤੇਰੀ ਭਾਈ ਕੁਠਾਲੀ 'ਚੋਂ ਕਢਿਆ ਹੋਇਆ ਸੋਨਾ ਏਂ, ਪਰ ਪੁੱਤ ਸਮੇਂ ਬੜੀ ਬੁਰੀ ਐ।'

'ਪਈ ਹੋਵੇ ਬੁਰੀ ਸਮੇਂ', ਮੰਗਲ ਸਿੰਘ ਨੇ ਜਾਣੋਂ ਸਮੇਂ ਨੂੰ ਆਪਣੀ ਮਾਂ ਅਤੇ ਬਸੰਤ ਕੌਰ ਦੀ ਤਕੜਾਈ ਦੇ ਸਹਾਰੇ ਵੰਗਾਰ ਦਿੱਤੀ।

'ਵੇ ਪੁੱਤ, ਉਂ ਤਾਂ ਘਰ ਵੀ ਕੋਈ ਘਾਟਾ ਨੀ ਸੀ। ਡੂਢ ਸੌ ਰੁਪਈਆ ਤੂੰ ਹੁਣ ਲਿਆ ਕੇ ਸ਼ਾਹੂਕਾਰ ਦਾ ਮੋੜ ਦਿੱਤਾ ਏ। ਚਾਰ ਕੁ ਸੌ ਸਾਰਾ ਰਹਿ ਗਿਆ। ਅਸੀਂ ਮਹਿੰ ਬੇਚ ਦੇਈਏ ਤਾਂ ਉਹ ਵੀ ਉਤਰ ਜਾਂਦੈ।'

'ਫੇਰ ਮੈਂ ਕਰੂੰ ਕੀ?'

'ਤੂੰ ਖੇਤੀ ਕਰ, ਹੋਰ ਕੀ ਕਰਨੈਂ।'

'ਪੰਜ ਸੌ ਦੇ ਬਲਦ ਨਹੀਂ ਫੇਰ ਲੈਣੇ ਪੈਣਗੇ?' ਮਹਾਂ ਕੌਰ ਇਸ ਲੋੜ ਨੂੰ ਭੁਲਾਈ ਬੈਠੀ ਸੀ।

'ਮਹਿੰ ਤਾਂ ਅਸੀਂ ਹੁਣ ਬੇਚ ਈ ਦੇਣੀ ਐਂ", ਬਸੰਤ ਕੌਰ ਨੇ ਗੱਲਬਾਤ ਵਿਚ ਸ਼ਾਮਲ ਹੋ ਕੇ ਆਖਿਆ। 'ਛਿਆਂ ਮਹੀਨਿਆਂ ਨੂੰ ਮੇਰੀ ਝੋਟੀ ਨੇ ਸੂ ਪੈਣਾ ਏਂ।' ਇਹ ਝੋਟੀ ਉਹ ਸੀ ਜੋ ਬਸੰਤ ਕੌਰ ਦੇ ਪਿਉ ਨੇ ਕੱਟੀ ਹੋਣ ਸਮੇਂ ਤੋਂ ਬਸੰਤ ਕੌਰ ਦੀ ਬਣਾ ਦਿੱਤੀ ਸੀ ਅਤੇ ਹੁਣ ਤੱਕ ਉਸ ਦੇ ਪੇਕੇ ਘਰ ਹੀ ਪਲ ਰਹੀ ਸੀ।

'ਪਰ ਬਲਦ ਹੁਣ ਕਿਥੋਂ ਆਉਣਗੇ?' ਮੰਗਲ ਸਿੰਘ ਨੇ ਆਪਣਾ ਸਵਾਲ ਦੁਹਰਾਇਆ।

'ਬਲਦ?' ਬਸੰਤ ਕੌਰ ਕੁਝ ਸੋਚਣ ਲੱਗ ਪਈ। ਫਿਰ ਉਹ ਬੋਲੀ, 'ਆਹ ਜਿਹੜਾ ਮੇਰੇ ਕੋਲ ਕੁਛ ਟੂਮ-ਛੱਲਾ ਏ, ਇਹ ਬੇਚ ਦਿੰਨੇ ਆਂ। ਫੇਰ ਬਣਾ ਲਵਾਂਗੇ ਜੇ ਰੱਬ ਫਸਲ ਚੰਗੀ ਲਾਊ ਤਾਂ।'

'ਨਾ ਧੀਏ, ਤੈਨੂੰ ਨੀ ਅਸੀਂ ਸੁੱਖੀਂ ਸਾਂਦੀਂ ਬੁੱਚੀ ਕਰਨਾ', ਮਹਾਂ ਕੌਰ ਦ੍ਰਿੜਤਾ ਨਾਲ ਬੋਲੀ, 'ਫਸਲ ਲੱਗੂ ਤਾਂ ਬਲਦਾਂ ਵਾਲਾ ਪੰਜ ਸੌ ਵੀ ਉਤਰ ਈ ਜਾਊ।'

'ਦੇਖ ਮਾਂ', ਮੰਗਲ ਸਿੰਘ ਫਿਰ ਬੋਲਿਆ, 'ਖੇਤੀ ਦਾ ਕੋਈ ਭਰੋਸਾ ਨਹੀਂ। ਜੇ ਫਸਲ ਦੋ ਸਾਲ ਲੱਗ ਪਈ ਤਾਂ ਭਵਾਂ ਕਰਜ਼ਾ ਉਤਰ ਜਾਵੇ। ਜੇ ਨਾ ਲਗੀ ਤਾਂ ਸਵਾਂ ਹੋਰ ਚੜ ਜਾਊ। ਫੇਰ ਆਪਾਂ ਕਿਧਰੇ ਜੋਗੇ ਨੀ ਰਹਿਣਾ। ਹੁਣ ਮੈਂ ਪਚਵੰਜਾ ਰੁਪਈਏ ਚੜੇ ਮਹੀਨੇ ਲੈ ਲੈਨਾਂ। ਮੀਂਹ ਜਾਵੇ, ਨੇਰੀ ਜਾਵੇ, ਮਹੀਨੇ ਦੀ ਪੰਜ ਤਰੀਕ ਨੂੰ ਪਚਵੰਜਾ ਮਿਲ ਜਾਂਦੇ ਐ। ਰਸਦ ਪਾਣੀ ਸਰਕਾਰੀ ਐ। ਮੈਂ ਮਹੀਨੇ ਦੇ ਪੈਂਤੀ ਚਾਲੀ ਸਹਿਜੇ ਈ ਬਚਾ ਲੈਨਾਂ। ਤੁਸੀਂ ਮੇਰਾ ਪਿੱਛਾ ਪੂਰੋ, ਦਿਲ ਨਾ ਤੋੜੋ।'

ਇਸ ਉਤੇ ਦੋਵੇਂ ਜਣੀਆਂ ਚੁੱਪ ਕਰ ਗਈਆਂ। ਦੋਹਾਂ ਦੇ ਜ਼ੋਰ ਦੇਣ ਉਤੇ ਮੰਗਲ ਸਿੰਘ ਨੇ ਮੱਝ ਸਾਢੇ ਤਿੰਨ ਸੌ ਨੂੰ ਵੇਚ ਕੇ ਕਰਜ਼ੇ ਤੋਂ ਮੁਕਤੀ ਪ੍ਰਾਪਤ ਕਰ ਲਈ।

ਘਰ ਵਿਚ ਵੀਹ ਕੁ ਸੇਰ ਘਿਉ ਜੁੜਿਆ ਪਿਆ ਸੀ। ਮੰਗਲ ਸਿੰਘ ਦੇ ਛਾਉਣੀ ਨੂੰ ਮੁੜਨ ਤੋਂ ਇਕ ਦਿਨ ਪਹਿਲਾਂ ਬਸੰਤ ਕੌਰ ਇਸ ਘਿਉ ਨੂੰ ਤੱਤਾ ਕਰਨ ਲੱਗੀ ਤਾਂ ਮੰਗਲ ਸਿੰਘ ਨੇ ਇਸ ਦਾ ਕਾਰਨ ਪੁੱਛਿਆ। 'ਕਿਉਂ ਤੈਂ ਇਹ ਲੈ ਕੇ ਜਾਣਾ?' ਬਸੰਤ ਕੌਰ ਨੇ ਪ੍ਰਸ਼ਨ ਵਿਚ ਉਤਰ ਦਿੱਤਾ।

'ਲੈ, ਮੈਂ ਕੀ ਕਰਨਾ ਏਂ ਘਿਉ? ਉਥੇ ਮਿਲ ਜਾਂਦੈ ਸਾਨੂੰ ਘਿਉ ਵੀ ਸਰਕਾਰੀ', ਮੰਗਲ ਸਿੰਘ ਨੇ ਆਖਿਆ।

'ਸੁਆਹ ਹੁੰਦਾ ਹੋਊ ਉਹ ਘਿਉ', ਬਸੰਤ ਕੌਰ ਆਪਣੇ ਜੁੜੇ ਹੋਏ ਖਰੇ ਘਿਉ ਦੇ ਅਭਿਮਾਨ ਵਿਚ ਬੋਲੀ। ਖਬਰਾਂ ਕੀ ਕੁਝ ਪਾਉਂਦੇ ਹੋਣਗੇ ਉਸ ਘਿਉ ਵਿਚ।'

'ਵੇ ਉਹ ਘਿਉ ਤਾਂ ਬਨਾਸਪਤੀ ਹੁੰਦਾ ਹੋਊ ਪੁੱਤ', ਮਹਾਂ ਕੌਰ ਨੇ ਵੀ ਆਖਿਆ।

'ਮੈਂ ਕੋਈ ਮਾੜਾ ਤਾਂ ਨਹੀਂ ਹੋ ਕੇ ਆਇਆ ਉਹ ਘਿਉ ਖਾਂਦਾ, ਬਸੰਤ ਕੁਰੇ', ਮੰਗਲ ਸਿੰਘ ਨੇ ਹਲਕੇ ਜਿਹੇ ਵਿਅੰਗ ਨਾਲ ਆਖਿਆ। ਨਾਲੇ ਹੁਣ ਥੋਡੇ ਕੋਲ ਦੁੱਧ ਨੀ ਹੋਣਾ, ਮਾਂ ਤੁਸੀਂ ਇਸ ਘਿਉ ਨਾਲ ਛੇ ਮਹੀਨੇ ਰੋਟੀ ਚੋਪੜੋਂਗੇ, ਜਦ ਤਾਈਂ ਬਸੰਤ ਕੌਰ ਦੀ ਝੋਟੀ ਨਹੀਂ ਸੂੰਦੀ।' ਦੋਹਾਂ ਦੇ ਨਾਂਹ-ਨਾਂਹ ਕਰਦਿਆਂ ਮੰਗਲ ਸਿੰਘ ਨੇ ਉਸ ਘਿਉ ਨੂੰ ਅੱਗ ਤੋਂ ਲਾਹ ਦਿੱਤਾ। 'ਸਾਨੂੰ ਇਹ ਤੱਤਾ ਤਾਂ ਕਰ ਲੈਣ ਦੇ', ਬਸੰਤ ਕੌਰ ਕਹਿਣ ਲੱਗੀ।

'ਮੇਰੇ ਗਏ ਤੋਂ ਕਰ ਲਿਓ ਤੱਤਾ', ਮੰਗਲ ਸਿੰਘ ਨੇ ਸਲਾਹ ਬਦਲਣ ਦੀ ਗੁੰਜਾਇਸ਼ ਨਾਲ ਛਡਦਿਆਂ ਆਖਿਆ।

ਤਾਂ ਵੀ ਮੰਗਲ ਸਿੰਘ ਲਈ ਦੋ ਕੁ ਸੇਰ ਘਿਉ ਦੀ ਪੰਜੀਰੀ ਰਲਾ ਦਿੱਤੀ ਗਈ।

'ਮੈਨੂੰ ਵੀ ਹੁਣ ਛੇਤੀ ਬੁਲਾ ਲਈਂ ਛਾਉਣੀ', ਬਸੰਤ ਕੌਰ ਨੇ ਰਾਤ ਦੀ ਇਕੱਲ ਵਿਚ ਮੰਗਲ ਸਿੰਘ ਪਾਸ ਬੇਨਤੀ ਕੀਤੀ।

'ਮਾਂ ਦੀ ਸੰਭਾਲ ਕੌਣ ਕਰੂ?' ਮੰਗਲ ਸਿੰਘ ਨੇ ਪੁਛਿਆ।

ਬਸੰਤ ਕੌਰ ਪਾਸ ਇਸ ਦਾ ਕੋਈ ਉਤਰ ਨਹੀਂ ਸੀ। 'ਮੇਰਾ ਨੀ ਇਥੇ ਜੀ ਲਗਦਾ', ਆਖ ਕੇ ਉਹ ਹਉਕੇ ਭਰਦੀ ਮੰਗਲ ਸਿੰਘ ਨੂੰ ਚੰਬੜ ਗਈ ਜਿਵੇਂ ਮੀਂਹ ਝੱਖੜ ਦਾ ਮਾਰਿਆ ਪੰਛੀ ਆਪਣੇ ਆਲਣੇ ਵਿਚ ਆ ਡਿਗਦਾ ਹੈ।

## ਸੂਚਨਾ ਦੇ ਅਧਿਕਾਰ 'ਤੇ...

ਪੀਐੱਸਆਈਸੀ ਨੇ ਇਹ ਸਾਧਾਰਨ ਜਿਹੀ ਸੂਚਨਾ ਦੇਣ ਤੋਂ ਇਨਕਾਰ ਕਰ ਦਿੱਤਾ। ਗੱਲ ਸਪਸ਼ਟ ਹੈ ਕਿ ਕਮਿਸ਼ਨ ਨੇ ਕਦੇ ਕਿਸੇ ਨੂੰ ਜੁਰਮਾਨਾ ਲਾਇਆ ਹੀ ਨਹੀਂ ਜਾਂ ਕਦੇ-ਕਦਾਈਂ ਨਾਮਾਤਰ ਲਾਇਆ ਹੋਵੇਗਾ। ਭਲਾ ਇਹ ਸੂਚਨਾ ਦੇਣ 'ਚ ਕਮਿਸ਼ਨ ਦਾ ਕੀ ਨੁਕਸਾਨ ਹੋਣਾ ਸੀ? ਜੇ ਪੀਐੱਸਆਈਸੀ ਖ਼ੁਦ ਏਨੀ ਸੂਚਨਾ ਨਹੀਂ ਦੇ ਸਕਦਾ ਕਿ ਕਮਿਸ਼ਨ ਨੇ ਵੱਖ-ਵੱਖ ਵਿਭਾਗਾਂ ਦੇ ਸੂਚਨਾ ਅਧਿਕਾਰੀਆਂ ਨੂੰ ਕਿੰਨਾ ਫਾਈਨ ਕੀਤਾ ਹੈ, ਉਹ ਅਜਿਹੀ ਸੂਚਨਾ ਦੇਣ ਲਈ ਹੋਰ ਦਫ਼ਤਰਾਂ ਨੂੰ ਕਹਿਣ ਤੋਂ ਗੁਰੇਜ਼ ਕਰੇਗਾ। ਕੀ ਅਜਿਹੀ ਕਾਰਵਾਈ ਆਰਟੀਆਈ ਐਕਟ ਦੀ ਦੁਰਵਰਤੋਂ ਹੈ? ਜੇ ਹੈ ਤਾਂ ਕਿਸ ਦੇ ਪੱਧਰ 'ਤੇ ਹੈ। ਆਰਟੀਆਈ ਐਕਟ ਨੂੰ ਬਾਬੂਆਂ ਨੇ ਲਾਗੂ ਕਰਨਾ ਸੀ ਪਰ ਉਹ ਤਾਂ ਹਮੇਸ਼ਾ ਆਪਣੀਆਂ ਗ਼ਲਤੀਆਂ ਢੱਕਣ ਵਿਚ ਯਤਨਸ਼ੀਲ ਰਹਿੰਦੇ ਹਨ। ਇਕ ਆਰਟੀਆਈ ਤਹਿਤ ਜਲੰਧਰ ਦੇ ਡੀਸੀ ਦਫ਼ਤਰ 'ਚੋਂ ਵਿਜੀਲੈਂਸ ਵਾਲਿਆਂ ਨੇ ਕਿੰਨੇ ਪਟਵਾਰੀ ਅਤੇ ਬਾਬੂ ਰਿਸ਼ਵਤ ਲੈਂਦੇ ਫੜੇ, ਇਹ ਸੂਚਨਾ ਮੰਗੀ ਸੀ। ਕੁਰੱਪਸ਼ਨ ਦਾ ਇਹ ਮਾਮਲਾ ਜਨਤਕ ਸੀ ਪਰ ਡੀਸੀ ਦਫ਼ਤਰ ਵਾਲਿਆਂ ਨੇ ਇਹ ਜਾਣਕਾਰੀ ਦੇਣ ਤੋਂ ਮਨਾ ਕਰ ਦਿੱਤਾ ਪਰ ਹੁਣ ਪੀਐੱਸਆਈਸੀ ਦੀਆਂ ਹਦਾਇਤਾਂ 'ਤੇ ਜਿਹੜੀ ਜਾਣਕਾਰੀ ਮਿਲੀ ਹੈ, ਉਹ ਸਨਸਨੀਖੇਜ਼ ਹੈ। ਕੁੱਲ ਗਿਆਰਾਂ ਕਰਮਚਾਰੀਆਂ ਨੂੰ ਵਿਜੀਲੈਂਸ ਵਾਲਿਆਂ ਫੜਿਆ (9 ਪਟਵਾਰੀ ਤੇ ਦੋ ਕਲਰਕ)। ਗਿਆਰਾਂ 'ਚੋਂ ਤਿੰਨ ਰਿਟਾਇਰ ਹੋ ਗਏ ਹਨ। ਭ੍ਰਿਸ਼ਟ ਵਿਅਕਤੀ ਨੂੰ ਪੈਂਡਿੰਗ ਇਨਕੁਆਇਰੀ ਜਾਂ ਕੋਰਟ ਕੇਸ ਬਹਾਲ ਕਰਨਾ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਦੇਣ ਵਾਲੀ ਗੱਲ ਹੈ।

ਆਰਟੀਆਈ ਐਕਟ ਨੂੰ ਇਸ ਦੀ ਭਾਵਨਾ ਮੁਤਾਬਿਕ ਲਾਗੂ ਹੀ ਨਹੀਂ ਕੀਤਾ ਗਿਆ। ਕਿਸ ਨੇ ਕਰਨਾ ਸੀ। ਸੀਆਈਸੀ ਜਾਂ ਪੀਐੱਸਆਈਸੀ ਦੇ ਬਾਕੀ ਮੈਂਬਰਾਂ ਨੇ। ਸੀਆਈਸੀ ਜਾਂ ਬਾਕੀ ਮੈਂਬਰ ਇਹ ਦੱਸਣ ਤੋਂ ਇਨਕਾਰੀ ਹੀ ਨਹੀਂ ਬਲਕਿ ਉਹ ਸੂਚਨਾ ਮੰਗਣ ਵਾਲਿਆਂ ਨੂੰ ਬਲੈਕ ਮੇਲਰ ਦੱਸਦੇ ਹਨ। ਇਕ ਸਨਮਾਨਿਤ ਮੈਂਬਰ ਜਲੰਧਰ ਆ ਕੇ ਇਹ ਗੱਲ ਬੜੇ ਫ਼ਖਰ ਨਾਲ ਪ੍ਰੈੱਸ ਰਿਪੋਰਟਰਾਂ ਸਾਹਮਣੇ ਕਹਿੰਦੇ ਗਏ ਕਿ 30 ਫ਼ੀਸਦੀ ਸੂਚਨਾ ਮੰਗਣ ਵਾਲੇ ਸੂਚਨਾ ਦੀ ਦੁਰਵਰਤੋਂ ਕਰਦੇ ਹਨ। ਪ੍ਰੰਤੂ ਮੈਂਬਰ ਸਾਹਿਬਾਨ ਤਾਂ ਪੁਲਿਸ ਵਾਲੀ ਭੂਮਿਕਾ ਨਿਭਾ ਰਹੇ ਹਨ। ਫਿਰ ਆਰਟੀਆਈ ਐਕਟ ਦੀ ਦੁਰਵਰਤੋਂ ਕਿੱਥੇ ਹੈ? ਜੇਕਰ ਕੋਈ ਵੀ ਕੰਮ ਨਿਯਮਾਂ ਮੁਤਾਬਿਕ ਨਾਪ-ਤੋਲ ਕੇ ਠੀਕ ਹੋਇਆ ਹੈ ਤਾਂ ਸੂਚਨਾ ਦੇਣ ਤੋਂ ਡਰ ਕਿਉਂ ਹੈ, ਡਰ ਤਾਂ ਉੱਥੇ ਹੋਵੇਗਾ ਜਿੱਥੇ ਕੋਈ ਵੀ ਫ਼ੈਸਲਾ ਲੀਕ ਤੋਂ ਹਟ ਕੇ ਹੋਇਆ ਹੈ।

ਅਪੀਲ ਨੰ. 4988/2021 ਰਾਹੀਂ ਡੀਸੀ ਦਫ਼ਤਰ ਜਲੰਧਰ ਤੋਂ ਭ੍ਰਿਸ਼ਟ ਕਰਮਚਾਰੀਆਂ ਬਾਰੇ ਸੂਚਨਾ ਮਿਤੀ 09.02.2021 ਨੂੰ ਮੰਗੀ ਸੀ। ਪੀਆਈਓ ਵੱਲੋਂ ਚੁੱਪ ਰਹਿਣ 'ਤੇ ਪਹਿਲੀ ਅਪੀਲ 5.3.21 ਨੂੰ ਪਾਈ ਅਤੇ ਦੂਸਰੀ ਅਪੀਲ 10.9.2021 ਨੂੰ ਪਾਈ। ਦੂਸਰੀ ਅਪੀਲ ਦਾ ਅਧੂਰਾ ਨਿਪਟਾਰਾ ਮਿਤੀ 24.06.22 ਨੂੰ ਕੀਤਾ। ਕਿਉਂਕਿ ਮਾਮਲਾ ਡੀਸੀ ਦਫ਼ਤਰ ਜਲੰਧਰ ਨਾਲ ਸਬੰਧਤ ਸੀ। ਇਵੇਂ ਹੀ ਇਕ ਸੂਚਨਾ ਤਹਿਸੀਲਦਾਰ ਜਲੰਧਰ ਦੇ ਦਫ਼ਤਰ ਪਾਸੋਂ ਮਿਤੀ 10.02.2021 ਨੂੰ ਮੰਗੀ ਸੀ। ਪਹਿਲੀ ਅਪੀਲ 16.03.2021 ਨੂੰ ਪਾਈ ਤੇ ਦੂਜੀ ਅਪੀਲ 14.09.2021 ਨੂੰ ਪੀਐੱਸਆਈਸੀ ਕੋਲ ਪਾਈ। ਅਪੀਲ ਨੰ. 4987/2021 ਅਜੇ ਵੀ ਪੀਐੱਸਆਈਸੀ ਦੇ ਦਫ਼ਤਰ ਵਿਚ ਮਿਤੀ 20.01.2022 ਵਾਸਤੇ ਪੈਂਡਿੰਗ ਹੈ। ਤਹਿਸੀਲਦਾਰ ਸਾਹਿਬ ਨੇ ਮੰਗੀ ਗਈ ਸੂਚਨਾ ਨਹੀਂ ਦਿੱਤੀ। ਮੰਗੀ ਗਈ ਸੂਚਨਾ ਬੜੀ ਸਰਲ ਤੇ ਸਾਧਾਰਨ ਸੀ। ਮੰਗੀ ਗਈ ਸੂਚਨਾ 30 ਦਿਨਾਂ ਦੇ ਅੰਦਰ ਦੇਣੀ ਹੁੰਦੀ ਹੈ। ਪਹਿਲੀ ਅਪੀਲ ਦਾ ਨਿਪਟਾਰਾ ਵੀ 30 ਦਿਨਾਂ 'ਚ ਕਰਨਾ ਹੁੰਦਾ ਹੈ। ਫਿਰ ਦੂਜੀ ਅਪੀਲ। ਹੈਰਾਨੀ ਇਸ ਗੱਲ ਦੀ ਹੈ ਕਿ ਦੂਜੀ ਅਪੀਲ ਦੇ ਨਿਪਟਾਰੇ ਦੀ ਸ਼ਰਤ 30 ਦਿਨਾਂ ਵਾਲੀ ਲਾਗੂ ਕਿਉਂ ਨਹੀਂ ਹੋ ਰਹੀ? ਪੀਐੱਸਆਈਸੀ ਦੁਆਰਾ ਤਰੀਕਾਂ ਪਾਈਆਂ ਜਾ ਰਹੀਆਂ ਹਨ। ਸਖ਼ਤੀ ਨਹੀਂ ਦਿਖਾਈ ਜਾ ਰਹੀ ਹੈ, ਕੀ ਇਹ ਆਰਟੀਆਈ ਐਕਟ ਦੀ ਦੁਰਵਰਤੋਂ ਹੈ? ਜਵਾਬ ਆਉਣਾ ਬਾਕੀ ਹੈ।

ਆਰਟੀਆਈ ਐਕਟ ਨੂੰ ਸਮਝਣ ਦੀ ਲੋੜ ਹੈ। ਅੱਗੇ ਸਮਝਾਉਣ ਦੀ ਲੋੜ ਹੈ। ਇਹ ਕਹਿ ਦੇਣਾ ਗ਼ਲਤ ਹੈ ਕਿ ਇਸ ਦੀ ਦੁਰਵਰਤੋਂ ਹੋ ਰਹੀ ਹੈ। ਜੇਕਰ ਪੀਐੱਸਆਈਸੀ ਦੇ ਮੈਂਬਰ ਹੀ ਕਹਿਣਗੇ ਕਿ ਸੂਚਨਾ ਮੰਗਣ ਵਾਲੇ (ਇਨਫਰਮੇਸ਼ਨ ਸੀਕਰ) ਬਲੈਕਮੇਲਰ ਹਨ ਤਾਂ ਇਹ ਵਾਜਿਬ ਨਹੀਂ ਹੋਵੇਗਾ। ਪੀਐੱਸਆਈਸੀ ਦੇ ਮੈਂਬਰ ਦੀ ਡਿਊਟੀ ਆਰਟੀਆਈ ਐਕਟ 2005 ਦੀ ਰੱਖਿਆ ਕਰਨਾ ਹੈ। ਐਕਟ ਨੂੰ ਲਾਗੂ ਕਰਨਾ ਤੇ ਕਰਾਉਣਾ ਹੈ। ਕੀ ਇਹ ਕਹਿਣਾ ਠੀਕ ਹੈ ਕਿ ਇਨਫਰਮੇਸ਼ਨ ਸੀਕਰ ਤਾਂ ਬਲੈਕਮੇਲਰ ਹਨ। ਸੂਚਨਾ ਦਾ ਮਿਸਯੂਜ਼ ਕਰਦੇ ਹਨ। ਆਰਟੀਆਈ ਐਕਟ ਦਾ ਮੁੱਖ ਉਦੇਸ਼ ਭ੍ਰਿਸ਼ਟਾਚਾਰ ਰੋਕਣਾ ਸੀ/ਹੈ ਪਰ ਇਸ ਨੂੰ ਬਾਬੂਗਿਰੀ ਅਤੇ ਅਫ਼ਸਰਸ਼ਾਹੀ ਨੇ ਹੀ ਢੰਗ ਨਾਲ ਲਾਗੂ ਨਹੀਂ ਕੀਤਾ ਜਿਸ ਦੇ ਸਿੱਟੇ ਵਜੋਂ ਪੰਜਾਬ ਵਿਚ ਭ੍ਰਿਸ਼ਟਾਚਾਰ ਵਧਿਆ ਹੈ।

## 2014 ਤੋਂ ਹੁਣ ਤੱਕ...

ਕੌਮਾਂਤਰੀ ਪਰਵਾਸ ਸੰਗਠਨ ਮੁਤਾਬਕ 2014 ਤੋਂ ਲੈ ਕੇ ਇਸ ਰਾਹ ਵਿੱਚ ਤਿੰਨ ਹਜ਼ਾਰ ਮੌਤਾਂ ਹੋ ਚੁੱਕੀਆਂ ਹਨ। ਆਈਓਐਮ ਦੇ ਬੁਲਾਰੇ ਮਸਹੈਲੀ ਮੁਤਾਬਕ ਪਿਛਲੇ ਸਮੇਂ ਦੌਰਾਨ ਅਮਰੀਕਾ ਜਾਂਦੇ ਪਰਵਾਸ ਦੇ ਰਾਹਾਂ ਉੱਪਰ ਹੋਣ ਵਾਲੀਆਂ ਮੌਤਾਂ ਵਿੱਚ ਵਾਧਾ ਹੋਇਆ ਹੈ।

ਲੈਟਿਨ ਅਮਰੀਕੀ ਮੁਲਕਾਂ ਤੋਂ ਅਮਰੀਕਾ ਜਾਣ ਵਾਲਿਆਂ ਦੀ ਜਾਨ ਨੂੰ ਦਰਪੇਸ਼ ਖ਼ਤਰਿਆਂ ਤੋਂ ਆਈਓਐਮ ਫਿਕਰਮੰਦ ਹੈ। ਇਨਾਂ ਵਿੱਚੋਂ ਜ਼ਿਆਦਾਤਰ ਮਰਨ ਵਾਲਿਆਂ ਵਿੱਚ ਰੋਹਿੰਗਿਆਂ ਅਤੇ ਬੰਗਲਾਦੇਸ਼ੀ ਪਰਵਾਸੀ ਸਨ। ਇਹ ਲੋਕ ਸਮੁੰਦਰੀ ਰਸਤੇ ਰਾਹੀਂ ਬੰਗਾਲ ਦੀ ਖਾੜੀ ਰਾਹੀਂ ਅਤੇ ਅੰਡੇਮਾਨ ਸਾਗਰ ਰਾਹੀਂ ਸੁਰੱਖਿਆ ਲਈ ਗੁਆਂਢੀ ਦੇਸਾਂ ਵਿੱਚ ਜਾਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ। ਇਸ ਤੋਂ ਬਾਅਦ ਅੰਤਿਮ ਮੰਜ਼ਿਲ ਦੇ ਰੂਪ ਵਿੱਚ ਇਹ ਲੋਕ ਯੂਰਪ ਜਾਣ ਦੀ ਕੋਸ਼ਿਸ਼ ਕਰਦੇ ਹਨ।

ਹੋਰ ਰਾਹਾਂ ਜ਼ਰੀਏ ਪਰਵਾਸ ਕਰਨ ਵਾਲਿਆਂ ਵਾਂਗ ਇਹ ਯਾਤਰੀ ਵੀ ਗਿਰੋਹਾਂ ਅਤੇ ਮਨੁੱਖੀ ਤਸਕਰਾਂ ਦੇ ਸ਼ੋਸ਼ਣ ਦਾ ਸ਼ਿਕਾਰ ਬਣਦੇ ਹਨ।

ਦੂਜਾ ਸੰਕਟਪੂਰਨ ਰਾਹ ਹੈ ਈਰਾਨ ਅਤੇ ਤੁਰਕੀ ਦੀ ਸਰਹੱਦ। ਜਦੋਂ ਤੋਂ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਨੇ ਮੁੜ ਸੱਤਾ ਸੰਭਾਲੀ ਹੈ ਇਸ ਰਾਹ ਉੱਪਰ ਅਫ਼ਗਾਨ ਰਫਿਊਜੀਆਂ ਦੀ ਆਮਦ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਸੰਯੁਕਤ ਰਾਸ਼ਟਰ ਦੀ ਰਫਿਊਜੀ ਏਜੰਸੀ ਦਾ ਕਹਿਣਾ ਹੈ ਕਿ ਈਰਾਨ ਅਤੇ ਇਸ ਦੇ ਗੁਆਂਢੀ ਦੇਸ਼ਾਂ ਵਿੱਚ ਪਿਛਲੇ ਸਾਲ ਅਗਸਤ ਤੋਂ ਬਾਅਦ ਲਗਭਗ 20 ਲੱਖ ਅਫ਼ਗਾਨ ਰਫਿਊਜੀਆਂ ਨੇ ਪੰਜੀਕਰਨ ਕਰਵਾਇਆ ਹੈ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

## ਆਪ ਸਰਕਾਰ ਦੇ...

ਸਿਆਸੀ ਧਿਰਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਮਾਮਲੇ ’ਤੇ ਸਰਬ ਪਾਰਟੀ ਮੀਟਿੰਗ ਸੱਦੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿਤਾਵਨੀ ਦਿੱਤੀ ਕਿ ਉਹ ਚੰਡੀਗੜ ਬਾਰੇ ਆਪਣਾ ਉਹ ਬਿਆਨ ਵਾਪਸ ਲੈਣ, ਜਿਸ ਰਾਹੀਂ ਪੰਜਾਬ ਦੇ ਚੰਡੀਗੜ ’ਤੇ ਹੱਕ ਸਰੰਡਰ ਕੀਤੇ ਗਏ ਹਨ ਜਾਂ ਫਿਰ ਉਹ ਪੰਜਾਬੀਆਂ ਦੇ ਵੱਡੇ ਪੱਧਰ ’ਤੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ।

ਇਉਂ ਲੱਗਦਾ ਹੈ ਜਿਵੇਂ ਕੇਂਦਰ ਸਰਕਾਰ ਤੇ ਆਪ ਸਰਕਾਰ ਮਿਲਕੇ ਚੰਡੀਗੜ ਦਾ ਮਸਲਾ ਸੁਲਝਾਉਣ ਦੀ ਥਾਂ ਇਸ ਨੂੰ ਹੋਰ ਉਲਝਾਉਣਾ ਚਾਹੁੰਦੇ ਹੋਣ। ਇਤਿਹਾਸਕ-ਸੱਭਿਆਚਾਰਕ-ਭਾਸ਼ਾਈ-ਖੇਤਰੀ-ਸਿਆਸੀ ਸੰਦਰਭ ਵਿਚ ਜਦੋਂ ਕੋਈ ਮਸਲਾ ਸੰਵੇਦਨਸ਼ੀਲ ਤੇ ਜਲਦੀ ਸੁਲਝਾਏ ਜਾਣ ਵਾਲਾ ਨਾ ਹੋਵੇ ਤਾਂ ਸਿਆਣਪ ਇਹ ਹੁੰਦੀ ਹੈ ਕਿ ਉਸ ਨਾਲ ਛੇੜ-ਛਾੜ ਨਾ ਕੀਤੀ ਜਾਵੇ। ਕੇਂਦਰ ਸਰਕਾਰ ਚੰਡੀਗੜ, ਭਾਖੜਾ ਬਿਆਸ ਮੈਨੇਜਮੈਂਟ ਬੋਰਡ, ਪੰਜਾਬ ਯੂਨੀਵਰਸਿਟੀ ਅਤੇ ਅਜਿਹੇ ਹੋਰ ਸੰਵੇਦਨਸ਼ੀਲ ਮਸਲਿਆਂ ਨਾਲ ਲਗਾਤਾਰ ਛੇੜ-ਛਾੜ ਕੀਤੀ ਜਾ ਰਹੀ ਹੈ। ਕੇਂਦਰ ਦੇ ਪੰਜਾਬ ਵਿਰੋਧੀ ਫੈਸਲਿਆਂ ਦੀ ਆਪ ਵਲੋਂ ਹਮਾਇਤ ਤੇ ਪੰਜਾਬ ਦੇ ਹਕ ਵਿਚ ਢਿਲਾ ਸਟੈਂਡ ਪੰਜਾਬੀਆਂ ਅੰਦਰ ਰੋਸ ਪੈਦਾ ਕਰ ਰਿਹਾ ਹੈ।

ਪੰਜਾਬੀਆਂ ਦੇ ਮਨ ਵਿਚ ਪੱਕੀ ਛਾਪ ਹੈ ਕਿ ਚੰਡੀਗੜ ਪੰਜਾਬ ਦੀ ਰਾਜਧਾਨੀ ਹੈ। ਹਰਿਆਣਾ ਨਵਾਂ ਪ੍ਰਾਂਤ ਹੈ ਅਤੇ ਉਸ ਨੂੰ ਆਪਣੀ ਨਵੀਂ ਰਾਜਧਾਨੀ ਬਣਾਉਣੀ ਚਾਹੀਦੀ ਹੈ। ਭਾਰਤ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਇਸ ਮੁੱਦੇ ’ਤੇ ਸਹਿਮਤ ਲੱਗਦੀਆਂ ਹਨ ਕਿ ਚੰਡੀਗੜ ਪੰਜਾਬ ਨੂੰ ਕਦੇ ਨਾ ਮਿਲੇ। ਇਹ ਮੰਗ ਵੀ ਉੱਠਦੀ ਰਹੀ ਹੈ ਕਿ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਣਾ ਦਿੱਤਾ ਜਾਵੇ। ਪ੍ਰਮੁੱਖ ਸਵਾਲ ਇਹ ਹੈ ਕਿ ਸਦੀਆਂ ਦੀ ਇਤਿਹਾਸਕ ਹੋਂਦ ਵਾਲੇ ਪੰਜਾਬ ਦੀ ਆਪਣੀ ਰਾਜਧਾਨੀ ਕਿਉਂ ਖੋਹੀ ਗਈ। ਹਰਿਆਣੇ ਦੀ ਵਿਧਾਨ ਸਭਾ ਲਈ ਨਵੀਂ ਇਮਾਰਤ ਬਣਾਉਣ ਲਈ ਜ਼ਮੀਨ ਦੇਣ ਦਾ ਫ਼ੈਸਲਾ ਕੇਂਦਰ ਸਰਕਾਰ ਨੇ ਇਕਪਾਸੜ ਰੂਪ ਵਿਚ ਕੀਤਾ ਹੈ। ਇਸ ਦਾ ਆਪ ਸਰਕਾਰ ਵਲੋਂ ਵਿਰੋਧ ਹੋਣਾ ਚਾਹੀਦਾ ਸੀ। ਆਪ ਤੇ ਕੇਂਦਰ ਸਰਕਾਰ ਨੂੰ ਪੰਜਾਬ ਨਾਲ ਜੁੜੇ ਅਜਿਹੇ ਮੁੱਦਿਆਂ ਬਾਰੇ ਆਪਣੀ ਪਹੁੰਚ ਸਪੱਸ਼ਟ ਕਰਨੀ ਚਾਹੀਦੀ ਹੈ। ਤਾਕਤਾਂ ਦੇ ਕੇਂਦਰੀਕਰਨ ਦਾ ਰੁਝਾਨ ਜ਼ਿਆਦਾ ਜ਼ੋਰ ਫੜਦਾ ਜਾ ਰਿਹਾ ਹੈ। ਅਜਿਹੀ ਖ਼ਾਮੋਸ਼ੀ ਸੂਬਿਆਂ ਦੇ ਹਿੱਤਾਂ ਦੀ ਰਾਖੀ ਨਹੀਂ ਕਰ ਸਕਦੀ। ਇਸ ਲਈ ਪੰਜਾਬ ਵਿਚ ਅਕਾਲੀ ਦਲ ਨੂੰ ਨਵੇਂ ਸਿਰਿਉਂ ਲਾਮਬੰਧ ਕਰਨ ਦੀ ਲੋੜ ਹੈ।

## ਆਪ ਸਰਕਾਰ ਪੰਜਾਬੀਆਂ...

ਬਾਕੀ ਰਹਿੰਦੀ ਜ਼ਮੀਨ ਵੀ ਜਲਦ ਹੀ ਲੈ ਲਈ ਜਾਵੇਗੀ।ਇਸ ਪ੍ਰੋਜੈਕਟ ਲਈ ਜ਼ਮੀਨ ਗੜੀ ਫਜ਼ਲ, ਹੈਦਰ ਨਗਰ, ਗਰਚਾ, ਸੇਖੋਂਵਾਲ, ਸੈਲਕਿਆਨਾ ਅਤੇ ਸਲੇਮਪੁਰ ਪਿੰਡ ਤੋਂ ਲਈ ਗਈ ਸੀ। ਮੱਤੇਵਾੜਾ ਜੰਗਲ ਅਤੇ ਸਤਲੁਜ ਦਰਿਆ ਨਾਲ ਇਸ ਪ੍ਰੋਜੈਕਟ ਨੂੰ ਜੋੜ ਕੇ ਕਿਉਂ ਦੇਖਿਆ ਜਾ ਰਿਹਾ ਸੀ।

ਜਿੱਥੇ ਇਹ ਪ੍ਰੋਜੈਕਟ ਸਥਾਪਿਤ ਹੋ ਰਿਹਾ ਹੈ ਉਸ ਦੇ ਨੇੜੇ ਹੈ ਮੱਤੇਵਾੜਾ ਜੰਗਲ ਅਤੇ ਸਤਲੁਜ ਦਰਿਆ

ਇੱਕ ਹੋਰ ਧਿਆਨ ਦੇਣ ਵਾਲੀ ਗੱਲ ਹੈ ਕਿ ਭਾਰਤ ਸਰਕਾਰ ਦੀ ਫਾਰੈਸਟ ਸਰਵੇਅ ਰਿਪੋਰਟ 2021 ਮੁਤਾਬਕ 17 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 33 ਫੀਸਦ ਜ਼ਮੀਨ ਉੱਤੇ ਜੰਗਲ ਹੈ।

ਪੰਜਾਬ ਵਿੱਚ ਜੰਗਲ ਹੇਠ ਜ਼ਮੀਨ 3.67 ਫੀਸਦ ਹੈ

ਵਾਤਾਵਰਨ ਪ੍ਰੇਮੀਆਂ ਦਾ ਡਰ ਹੈ ਕਿ ਇਸ ਪ੍ਰੋਜੈਕਟ ਨਾਲ ਜੈਵ ਵਿਭਿੰਨਤਾ ਨੂੰ ਖ਼ਤਰਾ ਹੈ ਅਤੇ ਡਰ ਇਹ ਵੀ ਹੈ ਕਿ ਇੰਡਸਟਰੀ ਵਿੱਚੋਂ ਨਿਕਲਣ ਵਾਲਾ ਕੈਮੀਕਲ ਸਤਲੁਜ ਦਰਿਆ ਨੂੰ ਦੂਸ਼ਿਤ ਕਰੇਗਾ। ਤਕਰੀਬਨ 2300 ਏਕੜ ਵਿੱਚ ਫੈਲਿਆ ਮੱਤੇਵਾੜਾ ਜੰਗਲ ਵਾਤਾਵਰਨ ਦੇ ਲਿਹਾਜ਼ ਨਾਲ ਬੇਹੱਦ ਮਹੱਤਵਪੂਰਨ ਹੈ। ਇਸ ਜੰਗਲ ਵਿੱਚ ਪਸ਼ੂ ਅਤੇ ਪੰਛੀਆਂ ਦੀਆਂ ਕਈ ਪ੍ਰਜਾਤੀਆਂ ਹਨ।ਇਸ ਪ੍ਰੋਜੈਕਟ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਖ਼ਤਰੇ ਦਾ ਖਦਸ਼ਾ ਲੈ ਕੇ ਪੰਜਾਬੀਆਂ ਨੇ ਪੰਜਾਬ ਸਰਕਾਰ ਵਿਰੁੱਧ ਅੰਦੋਲਨ ਖੜਾ ਕੀਤਾ ਸੀ। ਲੁਧਿਆਣਾ ਦੇ ਕੁਝ ਵਸਨੀਕਾਂ ਵੱਲੋਂ ਇਸ ਪ੍ਰੋਜੈਕਟ ਦੇ ਵਿਰੋਧ ਵਿੱਚ ਐੱਨਜੀਟੀ ਯਾਨੀ ਨੈਸ਼ਨਲ ਗਰੀਨ ਟ੍ਰਿਬਿਊਨਲ ਵਿੱਚ ਪਟੀਸ਼ਨ ਪਾਈ ਗਈ ਸੀ।ਜਦੋਂ ਪੰਜਾਬ ਵਿੱਚ ਕੈਪਟਨ ਸਰਕਾਰ ਸੀ ਉਸ ਵੇਲੇ ਇਹ ਪ੍ਰੋਜੈਕਟ ਆਇਆ, ਉਸ ਵੇਲੇ ਭਗਵੰਤ ਮਾਨ ਸਣੇ, ਹਰਪਾਲ ਸਿੰਘ ਚੀਮਾ, ਸਰਵਜੀਤ ਕੌਰ ਮਾਣੂਕੇ ਅਤੇ ਕੁਲਤਾਰ ਸਿੰਘ ਸੰਧਵਾਂ ਨੇ ਵਿਰੋਧ ਕੀਤਾ ਸੀ।ਹੁਣ ਸਰਕਾਰ ਆਈ ਹੈ ਤਾਂ ਮੁੱਖ ਮੰਤਰੀ ਭਗਵੰਤ ਮਾਨ ਉਸ ਪ੍ਰੋਜੈਕਟ ਨੂੰ ਅੱਗੇ ਤੋਰਨ ਦੀ ਕੋਸ਼ਿਸ਼ ਕੀਤੀ। ਲੋਕਾਂ ਦੇ ਵਿਰੋਧ ਕਾਰਣ ਆਪ ਸਰਕਾਰ ਨੂੰ ਫੈਸਲਾ ਵਾਪਸ ਲੈਣਾ ਪਿਆ।




ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD — sling

CREDIBILITY — RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com